ਸਿੱਖ ਨਸਲਕੁਸ਼ੀ 1984

ਸੰਪਾਦਕ

ਸਿਮਰਜੀਤ ਸਿੰਘ

ਸਿੱਖ ਨਸਲਕੁਸ਼ੀ 1984

ਸੰਪਾਦਕ
ਸਿਮਰਜੀਤ ਸਿੰਘ

ਧਰਮ ਪ੍ਰਚਾਰ ਕਮੇਟੀ,
(ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ।

Sikh Nasalkushi 1984

Edited By

Simerjeet Singh

Editor, Gurmat Parkash/Gurmat Gyan

Published By :

Secretary, Dharam Parchar Committee

(Shiromani Gurdwara Parbandhak Committee) Sri Amritsar.

Printer : Golden Offset Press, Gurdwara Ramsar Sahib, Sri Amritsar.

ਪਹਿਲੀ ਵਾਰ ਜਨਵਰੀ ੨੦੧੧ ੩੦੦੦

ਪ੍ਰਕਾਸ਼ਕ :

ਸਕੱਤਰ, ਧਰਮ ਪ੍ਰਚਾਰ ਕਮੇਟੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬

ਛਾਪਕ :

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਦੋ-ਸ਼ਬਦ

ਸਤਿਗੁਰੂ ਪਾਤਸ਼ਾਹ ਦੀ ਅਪਾਰ ਕਿਰਪਾ ਬਖਸ਼ਿਸ਼ ਦਾ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਲੰਬੇ ਅਰਸੇ ਤੋਂ ਸਿੱਖ ਸੰਗਤਾਂ ਦੀ ਹਰਮਨ ਪਿਆਰੀ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਨੂੰ ਪ੍ਰਕਾਸ਼ਤ ਕਰ ਰਹੀ ਹੈ। ਸਿੱਖ ਸੰਗਤਾਂ ਅਤੇ ਪੰਜਾਬੀ ਪਾਠਕਾਂ ਵੱਲੋਂ ਦੇਸ਼-ਵਿਦੇਸ਼ਾਂ ਤੋਂ ਇਸ ਪੱਤ੍ਰਿਕਾ ਨੂੰ ਬੜਾ ਭਰਪੂਰ ਹੁੰਗਾਰਾ ਮਿਲਦਾ ਆ ਰਿਹਾ ਹੈ। 'ਗੁਰਮਤਿ ਪ੍ਰਕਾਸ਼' ਗੁਰਮਤਿ ਵਿਚਾਰਧਾਰਾ, ਸਰਬਸਾਂਝੀ ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਨਵੇਂ ਨਿਵੇਕਲੇ ਮਾਨਵਤਾਵਾਦੀ ਧਰਮ ਸਿੱਖ ਧਰਮ ਦੀ ਮਹਿਕ ਸੰਸਾਰ ਵਿਚ ਫੈਲਾਉਣ ਹਿਤ ਜਤਨਸ਼ੀਲ ਹੈ। ਸਮੇਂ-ਸਮੇਂ ਪ੍ਰਕਾਸ਼ਤ ਕੀਤੇ ਜਾਂਦੇ ਇਸ ਦੇ ਵਿਸ਼ੇਸ਼ ਅੰਕਾਂ ਨੂੰ ਖਾਸ ਚਾਅ ਤੇ ਉਮਾਹ ਨਾਲ ਪੜ੍ਹਿਆ, ਸੁਣਿਆ ਤੇ ਸੰਭਾਲਿਆ ਜਾਂਦਾ ਹੈ।

੨੦੦੮ ਦਾ ਵਰ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾਗੱਦੀ ਸ਼ਤਾਬਦੀ ਨਾਲ ਸੰਬੰਧਿਤ ਵਰ੍ਹਾ ਹੋਣ ਕਰਕੇ ਇਸ ਸਾਲ ਫਰਵਰੀ ੨੦੦੮ ਤੋਂ ਅਰੰਭ ਕਰਕੇ ਨਵੰਬਰ ੨੦੦੮ ਤਕ ਦਸ ਵਿਸ਼ੇਸ਼ ਅੰਕ ਨਿਰੰਤਰ ਪ੍ਰਕਾਸ਼ਤ ਕੀਤੇ ਗਏ। ਜੂਨ ਅਤੇ ਨਵੰਬਰ ੮੪ ਦੇ ਘੱਲੂਘਾਰਿਆਂ ਦੀ ਦੁਖਦਾਇਕ ਯਾਦ 'ਚ ਜੂਨ ੨੦੦੯ ਦਾ ਵਿਸ਼ੇਸ਼ ਅੰਕ ਅਤੇ ਨਾਮਵਰ ਪੰਥਕ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਹੋਰਾਂ ਦੀ ੨੦੦੯ 'ਚ ਜਨਮ ਸ਼ਤਾਬਦੀ ਦੇ ਵਰ੍ਹੇ ਅਗਸਤ ੨੦੦੯ ਦਾ ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ ਸੰਗਤਾਂ ਦੀ ਝੋਲੀ ਪਾਏ ਗਏ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ 'ਚ ਖਾਲਸਾ ਪੰਥ ਦੇ ੩੦੦ ਸਾਲਾ ਸਰਹਿੰਦ ਫ਼ਤਿਹ ਦਿਵਸ ਨੂੰ ਸਮਰਪਿਤ 'ਗੁਰਮਤਿ ਪ੍ਰਕਾਸ਼' ਦੇ ਦੋ ਵਿਸ਼ੇਸ਼ ਅੰਕ ਮਈ ੨੦੧੦ ਅਤੇ ਜੂਨ ੨੦੧੦ ਪ੍ਰਕਾਸ਼ਤ ਕੀਤੇ ਗਏ।

ਇਨ੍ਹਾਂ ਸਾਰੇ ਅੰਕਾਂ ਨੂੰ ਸਿੱਖ ਸੰਗਤਾਂ ਅਤੇ ਪਾਠਕਾਂ ਵੱਲੋਂ ਬਹੁਤ ਹੀ ਭਰਪੂਰ ਹੁੰਗਾਰਾ ਮਿਲਿਆ ਜਿਸ ਵਾਸਤੇ ਸੰਸਥਾ ਆਪ ਸਭ ਦਾ ਹਾਰਦਿਕ ਧੰਨਵਾਦ ਕਰਦੀ ਹੈ। ਸੂਝਵਾਨ ਪਾਠਕਾਂ ਅਤੇ ਵਿਦਵਾਨਾਂ ਵੱਲੋਂ ਇਨ੍ਹਾਂ ਸਾਰੇ ਵਿਸ਼ੇਸ਼ ਅੰਕਾਂ ਦੇ ਚੋਣਵੇਂ ਲੇਖਾਂ ਨੂੰ ਪੁਸਤਕ ਦੇ ਰੂਪ 'ਚ ਵੀ ਪ੍ਰਕਾਸ਼ਤ ਕਰਨ ਲਈ ਪੱਤਰਾਂ ਅਤੇ ਫੋਨਾਂ ਰਾਹੀਂ ਵਾਰ-ਵਾਰ ਲਿਖਿਆ ਤੇ ਕਿਹਾ ਜਾ ਰਿਹਾ ਸੀ। ਧਰਮ ਪ੍ਰਚਾਰ ਕਮੇਟੀ ਨੇ ਇਸ ਅਨੁਕੂਲ ਮੰਗ ਨੂੰ ਵਿਚਾਰ ਕੇ ਸੰਬੰਧਿਤ ਪੁਸਤਕਾਂ ਨੂੰ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ। ਸਿੱਟੇ ਵਜੋਂ ਇਹ ਹਥਲੀ ਪੁਸਤਕ ਸੰਗਤਾਂ ਨੂੰ ਭੇਟ ਕਰਕੇ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਮੈਨੂੰ ਅਥਾਹ ਪ੍ਰਸੰਨਤਾ ਮਹਿਸੂਸ ਹੋ ਰਹੀ ਹੈ। ਆਸ ਕਰਦਾ ਹਾਂ ਕਿ ਸੰਗਤਾਂ ਇਸ ਪੁਸਤਕ ਤੋਂ ਭਰਪੂਰ ਲਾਹਾ ਲੈਣਗੀਆਂ।

ਸਿੱਖ-ਪੰਥ ਦਾ ਦਾਸ,

ਅਵਤਾਰ ਸਿੰਘ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਪ੍ਰਸਤਾਵਨਾ

ਸਿੱਖ-ਪੰਥ ਨੂੰ ਹੋਂਦ ਵਿਚ ਆਉਣ ਦੇ ਵੇਲੇ ਤੋਂ ਹੀ ਵੱਡੀਆਂ ਚੁਣੌਤੀਆਂ ਅਤੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ ਹੈ ਪਰੰਤੂ ਗੁਰੂ-ਬਖ਼ਸੇ ਸਿਦਕ, ਭਰੋਸੇ, ਹੌਸਲੇ ਤੇ ਧੀਰਜ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਜਿਆ ਸਿੱਖ-ਪੰਥ ਹਰ ਯੁੱਗ, ਹਰ ਸਦੀ ਵਿਚ ਹੱਕ-ਸੱਚ ਦਾ ਪੱਲਾ ਪਕੜ ਕੇ ਰੱਖਦਿਆਂ ਕੂੜ-ਕੁਸੱਤ ਤੇ ਜ਼ੁਲਮ ਵਿਰੁੱਧ ਡਟਿਆ ਆ ਰਿਹਾ ਹੈ। ਇੱਕੀਵੀਂ ਸਦੀ ਵਿਚ ਸਿੱਖ-ਪੰਥ ਨੂੰ ਸਿਖਰਤਮ ਚੁਣੌਤੀਆਂ ਦੇ ਰੂ-ਬ-ਰੂ ਹੋਣਾ ਪਿਆ। ਜੂਨ ਅਤੇ ਨਵੰਬਰ ੧੯੮੪ ਦੀ ਸਿੱਖ ਨਸਲਕੁਸ਼ੀ ਨੂੰ ਪੰਥ ਦੀ ਹੋਂਦ-ਹਸਤੀ ਨੂੰ ਮਿਟਾਉਣ ਦੀ ਮੰਦ-ਭਾਵਨਾ 'ਚੋਂ ਪੈਦਾ ਹੋਇਆ ਇਕ ਘੋਰ ਬੁਰਾ ਵਰਤਾਰਾ ਕਹਿਣਾ ਪੂਰੀ ਤਰ੍ਹਾਂ ਵਾਜਿਬ ਹੈ। ਆਪਣਿਆਂ ਵੱਲੋਂ ਦਿੱਤੇ ਗਏ ਜ਼ਖ਼ਮਾਂ ਦੀ ਪੀੜ ਅਸਹਿ ਹੁੰਦੀ ਹੈ। ਸਿੱਖ-ਪੰਥ ਅੱਜ ਵੀ ਇਸ ਪੀੜ ਨੂੰ ਭੋਗ ਰਿਹਾ ਹੈ।

ਆਪਣੇ ਹੀ ਮੁਲਕ ਵਿਚ ਸਰਬੱਤ ਦਾ ਭਲਾ ਮੰਗਣ ਅਤੇ ਅਮਲੀ ਰੂਪ ਵਿਚ ਕਰਨ ਵਾਲੇ ਸਿੱਖ-ਪੰਥ ਨੂੰ ਇੱਕੀਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਖ਼ਤਮ ਕਰਨ ਦੀਆਂ ਸ਼ਾਤਰ ਅਤੇ ਕੋਝੀਆਂ ਚਾਲਾਂ ਚੱਲੀਆਂ ਗਈਆਂ। ਸਿੱਖ-ਪੰਥ ਉੱਪਰ ਬਿਲਕੁਲ ਨਜਾਇਜ਼ ਦਮਨ-ਚੱਕਰ ਚਲਾ ਕੇ, ਇਸ ਦੀ ਨੌਜਵਾਨੀ ਨੂੰ ਅਤਿਵਾਦੀ ਵੱਖਵਾਦੀ ਐਲਾਨ ਕੇ, ਮੁਲਕ ਦੀ ਤਤਕਾਲੀਨ ਕੇਂਦਰੀ ਸਰਕਾਰ ਨੇ ਇਸ ਦੇ ਪਰਮ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੋ ਕਿ ਸਭ ਧਰਮਾਂ ਦਾ ਸਰਬਸਾਂਝਾ ਰੂਹਾਨੀ ਸਥਾਨ ਵੀ ਹੈ, ਮੁਲਕ ਦੀ ਫੌਜ ਦੁਆਰਾ ਇਸ ਉੱਪਰ ਗੋਲੀਆਂ ਦੀਆਂ ਬੁਛਾੜਾਂ ਕੀਤੀਆਂ; ਮੀਰੀ-ਪੀਰੀ ਦੇ ਪ੍ਰਤੀਕ ਮਹਾਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਤੇ ਟੈਂਕਾਂ ਨਾਲ ਢਹਿ-ਢੇਰੀ ਕੀਤਾ ਗਿਆ। ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਹਿਤ ਇਕੱਤਰ ਹੋਈਆਂ ਸਿੱਖ-ਸੰਗਤਾਂ ਨੂੰ ਕੋਹ-ਕੋਹ ਕੇ ਮਾਰਨ ਦਾ ਘੋਰ ਅਣਚਾਹਿਆ ਵਰਤਾਰਾ ਚਲਾਇਆ ਗਿਆ। ਇਹ ਸਪਸ਼ਟ ਰੂਪ ਵਿਚ ਨਸਲਕੁਸ਼ੀ ਸੀ।

'ਸਿੱਖ ਨਸਲਕੁਸ਼ੀ ੧੯੮੪' ਪੁਸਤਕ ਸਮੇਂ-ਸਮੇਂ ਵੱਖ-ਵੱਖ ਸਿੱਖ ਲੇਖਕਾਂ ਦੁਆਰਾ ਇਸ ਨਸਲਕੁਸ਼ੀ ਦੇ ਅੱਖੀਂ ਵੇਖੇ ਅਤੇ ਹੱਡੀਂ ਹੰਢਾਏ ਬਿਰਤਾਂਤਕ ਤੇ ਚਿੰਤਨ-ਭਰਪੂਰ ਲੇਖਾਂ ਦਾ ਇਕ ਸੰਗ੍ਰਹਿ ਹੈ। ਸਿੱਖ-ਪੰਥ ਦੀ ਚੁਣੀ ਹੋਈ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਮਾਸਿਕ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਵਿਚ ਵੱਖ-ਵੱਖ ਲੇਖਕਾਂ ਦੁਆਰਾ ਭੇਜੇ ਅਤੇ ਸਮੇਂ-ਸਮੇਂ ਪ੍ਰਕਾਸ਼ਤ ਹੋਏ ਲੇਖਾਂ ਨੂੰ ਇਕ ਪੁਸਤਕ ਰੂਪ ਵਿਚ ਸੰਭਾਲਣ ਦਾ ਫੈਸਲਾ ਸਿੱਖ ਸੰਸਥਾ ਦੇ ਮੌਜੂਦਾ ਸਤਿਕਾਰਯੋਗ ਪ੍ਰਧਾਨ ਸਾਹਿਬ ਦੁਆਰਾ ਲਿਆ ਗਿਆ ਇਕ ਯੋਗ ਫੈਸਲਾ ਹੈ। ਇਸ ਫੈਸਲੇ ਨੂੰ ਅਮਲ ਵਿਚ ਲਿਆਉਣ ਨਾਲ ਇਸ ਮਹੱਤਵਪੂਰਨ ਵਿਸ਼ੇ ਜਾਂ ਘਟਨਾਵਲੀ ਉੱਪਰ ਆਪਣੀ ਤਰ੍ਹਾਂ ਦੀ ਇਕ ਭਾਵਪੂਰਤ ਤੇ ਦਸਤਾਵੇਜ਼ੀ ਕੀਮਤ ਰੱਖਣ ਵਾਲੀ ਇਕ ਗੰਭੀਰ ਤੇ

ਸੁਹਿਰਦ ਸਾਹਿਤਕ ਕਿਰਤ ਸਾਕਾਰ ਹੋਈ ਹੈ।

੧੯੮੪ ਦੀ ਸਿੱਖ ਨਸਲਕੁਸ਼ੀ ਕਿਸ ਪ੍ਰਕਾਰ ਸਮੇਂ ਦੀ ਸਰਕਾਰ ਦਾ ਇਕ ਯੋਜਨਾਬੱਧ ਕਾਰਾ ਸੀ ਇਸ ਤੱਥ ਨੂੰ ਵਿਭਿੰਨ ਖੋਜਾਂ ਸੰਸਥਾਗਤ ਪੱਧਰ 'ਤੇ ਉਜਾਗਰ ਕਰ ਚੁੱਕੀਆਂ ਹਨ। ਕੁਝ ਵਿਅਕਤੀਗਤ ਲੇਖਕਾਂ ਦੁਆਰਾ ਇਸ ਵਿਸ਼ੇ 'ਤੇ ਸਮੇਂ-ਸਮੇਂ ਵਿਭਿੰਨ ਭਾਸ਼ਾਵਾਂ ਤੇ ਲਿੱਪੀਆਂ ਵਿਚ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇਨ੍ਹਾਂ ਸਭ ਪੁਸਤਕਾਂ ਦੀ ਆਪਣੀ-ਆਪਣੀ ਪ੍ਰਸੰਗਿਕਤਾ ਤੇ ਮਹੱਤਤਾ ਹੈ। ਇਹ ਮੌਜੂਦਾ ਪੁਸਤਕ ਭਾਵੇਂ ਇਕ ਸੰਪਾਦਿਤ ਪੁਸਤਕ ਹੈ ਪਰ ਇਕ ਸੰਪਾਦਿਤ ਪੁਸਤਕ ਹੋਣ ਦੇ ਬਾਵਜੂਦ ਇਹ ਮੌਲਿਕ ਪੁਸਤਕ ਤੋਂ ਘੱਟ ਅਹਿਮੀਅਤ ਨਹੀਂ ਰੱਖਦੀ। ਇਸ ਪੁਸਤਕ ਦੇ ਬਹੁਤੇ ਲੇਖਕਾਂ ਨੇ ਖੁਦ ਹੰਢਾਏ ਤਜਰਬੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੇ ਹਨ। ਪੜ੍ਹੇ ਜਾਂ ਸੁਣੇ ਨਾਲੋਂ ਹੱਡੀਂ ਹੰਢਾਏ ਜੀਵਨ-ਤਜਰਬਿਆਂ ਦੀ ਨਿਸਚੇ ਹੀ ਵੱਧ ਮਹੱਤਤਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਗਿਆਨੀ ਸਾਹਿਬ ਸਿੰਘ, ਗਿਆਨੀ ਪ੍ਰੀਤਮ ਸਿੰਘ, ਗਿਆਨੀ ਮੋਹਨ ਸਿੰਘ, ਗਿਆਨੀ ਜੋਗਿੰਦਰ ਸਿੰਘ, ਭਾਈ ਹਰਪਾਲ ਸਿੰਘ, ਸ. ਗੁਰਦਰਸ਼ਨ ਸਿੰਘ, ਗਿਆਨੀ ਕਿਰਪਾਲ ਸਿੰਘ, ਭਾਈ ਛੋਟਾ ਸਿੰਘ, ਭਾਈ ਗੁਰਚਰਨ ਸਿੰਘ ਰਾਗੀ ਅਤੇ ਭਾਈ ਜਸਵੰਤ ਸਿੰਘ ਆਦਿ ਲੇਖਕਾਂ ਨੇ ਸ਼ਤ-ਪ੍ਰਤੀਸ਼ਤ ਉਹ ਕੁਝ ਲਿਖਿਆ ਹੈ ਜੋ ਕੁਝ ਉਨ੍ਹਾਂ ਆਪਣੀ ਅੱਖੀਂ ਵੇਖਿਆ ਅਤੇ ਆਪਣੇ ਉੱਪਰ ਇਸ ਫੌਜੀ ਹਮਲੇ ਦੌਰਾਨ ਸਹਿਣ ਕੀਤਾ ਅਤੇ ਮਹਿਸੂਸਿਆ। ਬਾਕੀ ਲੇਖਕਾਂ ਨੇ ਵੀ ਨਾ ਸਿਰਫ ਸੱਚੇ ਪੰਥਕ ਦਰਦ ਨਾਲ ਪਰੁੱਚ ਕੇ ਲਿਖਿਆ ਹੈ ਸਗੋਂ ਪ੍ਰਮਾਣਿਕ ਤੱਥਾਂ ਤੇ ਸੱਚਾਈਆਂ ਨੂੰ ਵੀ ਪਾਠਕਾਂ ਦੇ ਸਨਮੁੱਖ ਰੱਖਣ ਦਾ ਹਰ ਸੁਹਿਰਦ ਜਤਨ ਕੀਤਾ ਹੈ।

ਇੱਕੋ ਵਿਸ਼ੇ ਨਾਲ ਸੰਬੰਧਿਤ ਹੋ ਕੇ ਵੀ ਇਸ ਪੁਸਤਕ ਦੇ ਵਿਭਿੰਨ ਲੇਖ ਇਸ ਵਿਸ਼ੇ ਦੇ ਅਲੱਗ-ਅਲੱਗ ਪਹਿਲੂਆਂ ਨੂੰ ਉਜਾਗਰ ਕਰਨ ਵਾਲੇ ਹਨ ਜਿਸ ਕਰਕੇ ਇਹ ਪੁਸਤਕ ਦੁਹਰਾਉ ਤੋਂ ਵੀ ਬਹੁਤ ਹੱਦ ਤਕ ਬਚੀ ਹੋਈ ਹੈ ਤੇ ਇਵੇਂ ਇਹ ਆਪਣੇ ਸੰਭਾਵੀ ਪਾਠਕਾਂ ਨੂੰ ਜ਼ਰੂਰ ਹੀ ਇਕ ਮੌਲਿਕ ਪੁਸਤਕ ਨੂੰ ਪੜ੍ਹਨ ਜਿਹਾ ਅਨੁਭਵ ਪ੍ਰਦਾਨ ਕਰਨ ਦੀ ਸੰਭਾਵਨਾ ਰੱਖਦੀ ਹੈ।

ਜੂਨ ੧੯੮੪ ਦੀ ਸਿੱਖ ਨਸਲਕੁਸ਼ੀ 'ਤੇ ਹੀ ਸੀਮਿਤ ਨਾ ਰਹਿ ਕੇ ਇਸੇ ਵਰ੍ਹੇ ਨਵੰਬਰ ੧੯੮੪ ਦੀ ਸਿੱਖ ਨਸਲਕੁਸ਼ੀ ਦਾ ਇਕ ਹੋਰ ਅਣਚਾਹਿਆ ਵਰਤਾਰਾ ਵੀ ਵਰਤਿਆ। ਇਸ ਵਰਤਾਰੇ ਨੂੰ ਬਹੁਤੀ ਵਾਰ ਦਿੱਲੀ ਦੰਗੇ ਜਾਂ ਕਾਨ੍ਹਪੁਰ ਦੰਗੇ ਆਖ/ਲਿਖ ਦਿੱਤਾ ਜਾਂਦਾ ਹੈ ਜੋ ਕਿ ਗ਼ਲਤ ਹੈ। ਸਾਨੂੰ ਸਾਰਿਆਂ ਨੂੰ ਇਸ ਸਬੰਧੀ ਪੂਰਨ ਸੁਚੇਤਨਤਾ ਰੱਖਣੀ ਚਾਹੀਦੀ ਹੈ।

ਇਸ ਵਿਸ਼ੇ ਉੱਪਰ ਪ੍ਰਾਪਤ ਹੋਏ ਕੁਝ ਕੁ ਚੰਗੇ ਲੇਖਾਂ ਨੂੰ ਇਸ ਪੁਸਤਕ ਵਿਚ ਜਗ੍ਹਾ ਦੇਣ ਦਾ ਮੋਹ ਛੱਡਿਆ ਨਹੀਂ ਜਾ ਸਕਦਾ। ਪਰ ਇਹ ਲੇਖ ਗਿਣਤੀ ਵਿਚ ਜ਼ਿਆਦਾ ਨਾ ਹੋਣ ਕਰਕੇ ਸਿਰਫ਼ ਇਕ ਪ੍ਰਵੇਸ਼-ਮਾਤਰ ਹੀ ਹਨ। ਫਿਰ ਵੀ ਇਹ ਬਹੁਤ ਪ੍ਰਭਾਵਸ਼ਾਲੀ ਕਿਰਤਾਂ ਜ਼ਰੂਰ ਹਨ। ਸੰਸਥਾ ਇਕ ਸਨਿਮਰ ਇਕਰਾਰ ਕਰਦੀ ਹੈ ਕਿ ਇਸ ਵਿਸ਼ੇ 'ਤੇ ਆਉਣ ਵਾਲੇ ਸਮੇਂ ਵਿਚ ਇਕ ਅਲੱਗ ਪੁਸਤਕ ਜਾਂ 'ਗੁਰਮਤਿ ਪ੍ਰਕਾਸ਼' ਦਾ ਇਕ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਦਾ ਉਪਰਾਲਾ ਆਪਣੀਆਂ ਸੀਮਾ ਤੇ ਸਮਰੱਥਾ ਮੁਤਾਬਿਕ ਜ਼ਰੂਰ ਕਰੇਗੀ।

ਧਰਮ ਪ੍ਰਚਾਰ ਕਮੇਟੀ ਦਾ ਹਾਰਦਿਕ ਧੰਨਵਾਦ ਹੈ ਜਿਨ੍ਹਾਂ ਨੇ ਪਾਠਕਾਂ ਦੀ ਪੁਰਜ਼ੋਰ ਮੰਗ 'ਤੇ ਇਸ ਪੁਸਤਕ ਨੂੰ ਤਤਕਾਲ ਹੀ ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ। ਸਤਿਕਾਰਯੋਗ ਪ੍ਰਧਾਨ

ਸਾਹਿਬ ਜਥੇਦਾਰ ਅਵਤਾਰ ਸਿੰਘ ਹੋਰਾਂ ਦਾ ਖਾਸ ਧੰਨਵਾਦ ਜਿਹੜੇ ਅਜਿਹੇ ਕਾਰਜਾਂ ਨੂੰ ਵਿੱਢਣ ਅਤੇ ਸਾਕਾਰ ਕਰਨ 'ਚ ਸਦਾ ਹੀ ਉਤਸ਼ਾਹ ਪ੍ਰਦਾਨ ਕਰਦੇ ਹਨ। ਮੈਂ ਇਸ ਪੁਸਤਕ ਦੀ ਸੰਪਾਦਨਾ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਮੇਰੇ ਸਾਥੀ ਸ. ਸੁਰਿੰਦਰ ਸਿੰਘ ਨਿਮਾਣਾ, ਪੁਸਤਕ ਦੀ ਸਮੱਗਰੀ ਨੂੰ ਟਾਈਪ ਕਰਕੇ ਤੇ ਟਾਈਟਲ ਡਿਜ਼ਾਇਨ ਕਰਨ ਵਾਲੇ ਬੀਬਾ ਮਨਮੋਹਨ ਕੌਰ, ਪਰੂਫ ਰੀਡਰ ਸ. ਜਗਜੀਤ ਸਿੰਘ ਅਤੇ ਸ. ਜਸਪਾਲ ਸਿੰਘ ਅਤੇ ਗੋਲਡਨ ਆਫਸੈੱਟ ਪ੍ਰੈਸ ਦੇ ਸਮੂਹ ਮੁਲਾਜ਼ਮਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਡਿਊਟੀ ਪੂਰੀ ਮਿਹਨਤ ਅਤੇ ਲਗਨ ਨਾਲ ਨਿਭਾਈ ਹੈ।

ਸਮੂਹ ਲੇਖਕ ਵੀਰਾਂ ਤੇ ਭੈਣਾਂ ਨੂੰ ਹਾਰਦਿਕ ਬੇਨਤੀ ਤੇ ਸੁਝਾਅ ਵੀ ਹੈ ਕਿ ਜੇਕਰ ਉਨ੍ਹਾਂ ਕੋਲ ਇਨ੍ਹਾ ਦੋਨਾਂ ਵਿਸ਼ਿਆਂ 'ਤੇ ਕੁਝ ਜ਼ਾਹਰ ਕਰਨ ਯੋਗ ਹੈ ਤਾਂ ਉਹ ਜ਼ਰੂਰ ਇਸ ਦਿਸ਼ਾ ਵਿਚ ਉਪਰਾਲਾ ਕਰਨ। ਸਮਕਾਲੀ ਪੰਜਾਬੀ ਕਵੀ ਸੁਰਜੀਤ ਸਿੰਘ ਪਾਤਰ ਦੇ ਬੋਲ ਹਨ:

ਮੇਰੇ ਯਾਰ ਜੋ ਇਸ ਆਸ 'ਤੇ ਮਰ ਗਏ, ਕਿ ਮੈਂ ਉਨ੍ਹਾਂ ਦੇ ਗ਼ਮ ਦਾ ਬਣਾਵਾਂਗਾ ਗੀਤ;
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ, ਬਣ ਕੇ ਰੂਹਾਂ ਭਟਕਦੇ ਸਦਾ ਰਹਿਣਗੇ!

ਹਿਤੂ

(ਸਿਮਰਜੀਤ ਸਿੰਘ)

ਦਸੰਬਰ, ੨੦੧੦

ਤਤਕਰਾ

ਸ੍ਰੀ ਹਰਿਮੰਦਰ ਸਾਹਿਬ ਅਤੇ ਜੂਨ ੧੯੮੪

-ਸ. ਵਰਿਆਮ ਸਿੰਘ

ਸ੍ਰੀ ਹਰਿਮੰਦਰ ਸਾਹਿਬ ਜੀ ਅਰੰਭ ਤੋਂ ਹੀ ਜਗਿਆਸੂਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਬੇਅੰਤ ਜਿਊੜੇ ਇੱਥੋਂ ਦੀ ਅੰਮ੍ਰਿਤ-ਬੂੰਦ ਪ੍ਰਾਪਤ ਕਰ ਕੇ ਅਮਰ ਹੋਏ, ਅਨੇਕਾਂ ਜਗਿਆਸੂਆਂ ਨੇ ਆਪਣੇ ਹਿਰਦੇ ਅੰਦਰ ਗੁਪਤ ਵੱਸ ਰਹੇ ਨਾਮ ਨੂੰ ਇਸ ਥਾਂ ਤੋਂ ਜਾਗ ਲਾ ਕੇ ਪ੍ਰਗਟ ਕੀਤਾ। ਗੁਰੂ ਜੀ ਦਾ ਨਿਸ਼ਾਨਾ ਹੀ ਇਹ ਸੀ ਕਿ ਇਕ ਐਸੇ ਅਸਥਾਨ ਦੀ ਰਚਨਾ ਕਰਨੀ ਹੈ ਜਿੱਥੋਂ ਦੇ ਦਰਸ਼ਨ ਕਰ ਕੇ ਪ੍ਰਾਣੀ ਆਪਣੇ ਆਪੇ ਦੀ ਪਹਿਚਾਣ ਕਰ ਸਕੇ। ਮਨੁੱਖ ਦਾ ਸਰੀਰ ਵੀ ਹਰੀ ਦਾ ਮੰਦਰ ਹੈ। ਹਰ ਪ੍ਰਾਣੀ ਦੇ ਅੰਦਰ ਹਰੀ ਵੱਸਦਾ ਹੈ। ਇਸ ਸਰੀਰ ਰੂਪੀ ਮੰਦਰ ਵਿਚ ਬ੍ਰਹਮ ਵਿਚਾਰ ਦਾ ਜਵਾਹਰ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨ ਹਨ:

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥

(ਪੰਨਾ ੧੩੪੬)

ਹਰਿਮੰਦਰ ਵਿਚ ਵੱਸ ਰਹੇ ਹਰੀ ਦੀ ਸੂਝ ਸਿਆਣ ਲਈ ਹੀ ਗੁਰਦੇਵ ਜੀ ਦਾ ਮਨੁੱਖਤਾ ਉੱਪਰ ਇਹ ਪਰਉਪਕਾਰ ਹੈ ਕਿ ਉਨ੍ਹਾਂ ਇਸ ਧਰਤੀ 'ਪੁਰ ਐਸਾ ਹਰਿਮੰਦਰ ਸਾਹਿਬ ਪ੍ਰਗਟ ਕਰ ਦਿੱਤਾ ਜਿਸ ਦੇ ਦਰਸ਼ਨ ਕਰ, ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾ, ਅਲਾਹੀ ਬਾਣੀ ਦਾ ਕੀਰਤਨ ਸੁਣ ਅਤੇ ਪੰਗਤ-ਸੰਗਤ ਦੀ ਹੱਥੀਂ ਸੇਵਾ ਕਰ ਜਗਿਆਸੂ ਨੇ ਇੱਥੇ ਹਰੀ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਅੰਦਰ ਵੀ ਹਰੀ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰ ਲੈਣਾ ਹੈ ਅਤੇ ਫਿਰ ਨਾਮ, ਦਾਨ, ਇਸ਼ਨਾਨ ਦੀ ਇਹ ਬਖਸ਼ਿਸ਼ ਜੋ ਹਰਿਮੰਦਰ ਸਾਹਿਬ ਆ ਕੇ ਪ੍ਰਾਣੀ ਨੇ ਪ੍ਰਾਪਤ ਕੀਤੀ ਹੁੰਦੀ ਹੈ, ਉਸ ਉੱਪਰ ਅਮਲ ਜਾਰੀ ਰੱਖਦਿਆਂ ਪ੍ਰਭੂ-ਪਰਮਾਤਮਾ ਨਾਲ ਸਦੀਵ ਜੁੜੇ ਰਹਿਣਾ ਹੈ।

ਸੋ ਮਾਨਵਤਾ ਦੇ ਭਲੇ ਲਈ ਗੁਰਦੇਵ ਜੀ ਨੇ ਰਾਮਦਾਸਪੁਰ ਵਿਖੇ ਹਰਿਮੰਦਰ ਸਾਹਿਬ ਪ੍ਰਗਟ ਕਰ ਦਿੱਤਾ, ਜਿੱਥੇ ਬਿਨਾਂ ਕਿਸੇ ਊਚ-ਨੀਚ, ਛੂਆ-ਛੂਤ ਜਾਂ ਭਿੰਨ-ਭੇਦ ਦੀ ਰੋਕ-ਟੋਕ ਦੇ ਹਰ ਜਗਿਆਸੂ ਨੇ ਜਾ ਕੇ ਹਰੀ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਹਿਰਦੇ ਵਿਚ ਵੱਸਦੇ ਹਰੀ ਨੂੰ ਪ੍ਰਗਟ ਕਰ ਕੇ ਵਿਸਮਾਦਤ ਹੋ, ਅਨੰਦ ਮਾਣਨਾ ਹੈ। ਇੱਥੋਂ ਦਾ ਮਾਹੌਲ, ਨਾਮ ਦਾ ਨਿਰੰਤਰ ਪ੍ਰਵਾਹ, ਅੰਮ੍ਰਿਤ-ਸਰੋਵਰ, ਲੰਗਰ-ਪੰਗਤ ਪ੍ਰਬੰਧ, ਇਹ ਸਭ ਮਨੁੱਖ ਨੂੰ ਆਪਣੇ ਪਰਮ ਸੋਮੇ ਨਾਲ ਜੁੜਨ ਲਈ ਸਹਾਈ ਹੁੰਦੇ ਹਨ। ਇਸ ਦਾ ਸਿੱਟਾ ਕੀ ਨਿਕਲਦਾ ਹੈ? ਪ੍ਰਾਪਤੀ ਕੀ ਹੁੰਦੀ ਹੈ? ਭਾਵ ਇਸ ਹਰਿਮੰਦਰ ਦੇ ਦਰਸ਼ਨ ਨਾਲ ਮਨੁੱਖ ਦੇ ਜੀਵਨ ਵਿਚ ਕੀ ਤਬਦੀਲੀ ਆਉਂਦੀ ਹੈ? ਉਹ ਤਬਦੀਲੀ ਇਹ ਹੈ ਕਿ ਮਨੁੱਖ ਇਕ ਸਰਬ-ਵਿਆਪਕ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹੈ, ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਵੀ ਉਸੇ ਪਰਮਾਤਮਾ ਦੀ ਅੰਸ਼ ਵਿਦਮਾਨ ਹੈ ਅਤੇ ਉਹ ਅੰਸ਼ ਸਦੀਵ ਹੈ ਭਾਵ ਕਿ ਮਰਦੀ ਨਹੀਂ, ਅਮਰ ਹੈ। ਇਸ ਤਰ੍ਹਾਂ ਮਨੁੱਖ ਉੱਪਰ ਛਾਇਆ ਸਭ ਤੋਂ ਵੱਡਾ ਮੌਤ ਦਾ ਡਰ

ਸਦਾ ਲਈ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਚਾਈ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਾ ਹੈ; ਝੂਠ ਵਿਰੁੱਧ ਡਟ ਜਾਣ ਦੀ ਉਸ ਵਿਚ ਦਲੇਰੀ ਆ ਜਾਂਦੀ ਹੈ। ਉਹ ਨਾ ਕਿਸੇ ਉੱਪਰ ਜ਼ੁਲਮ ਕਰਦਾ ਹੈ, ਨਾ ਕਿਸੇ ਦਾ ਜ਼ੁਲਮ ਸਹਾਰਦਾ ਹੈ। ਉਹ ਗਰੀਬ ਮਜ਼ਲੂਮ ਦੀ ਰੱਖਿਆ ਲਈ ਢਾਲ ਬਣ ਜਾਂਦਾ ਹੈ ਅਤੇ ਦੁਸ਼ਟ ਬਿਰਤੀ ਵਾਲਿਆਂ ਨਾਲ ਟੱਕਰ ਲੈਣ ਲਈ ਮੈਦਾਨ ਵਿਚ ਵੀ ਨਿੱਤਰ ਪੈਂਦਾ ਹੈ। ਜਗਿਆਸੂ ਦੀ ਸ਼ਖ਼ਸੀਅਤ ਵਿਚ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਨਾਲ ਇਹ ਤਬਦੀਲੀ ਆਉਣੀ ਕੁਦਰਤੀ ਹੈ ਅਤੇ ਇਹ ਤਬਦੀਲੀ ਹੈ ਵੀ ਉਸਾਰੂ, ਭਾਵ ਮਨੁੱਖ ਨੂੰ ਉਚੇਰੇ ਪਾਸੇ ਲਿਜਾਣ ਵਾਲੀ। ਪਰ ਹਕੂਮਤਾਂ, ਸਰਕਾਰਾਂ, ਸਮੇਂ ਦੇ ਹਾਕਮਾਂ ਉਨ੍ਹਾਂ ਦੇ ਮੁਕੱਦਮਾਂ ਜਾਂ ਹਮਲਾਵਰਾਂ, ਜਰਵਾਣਿਆਂ ਸਭਨਾਂ ਨੂੰ ਮਨੁੱਖੀ ਸੁਭਾਅ ਵਿਚ ਆਈ ਇਹ ਤਬਦੀਲੀ, ਮਨੁੱਖ ਦੀ ਸ਼ਖ਼ਸੀਅਤ ਵਿਚ ਚੰਗੇ ਗੁਣਾਂ ਦਾ ਹੋਇਆ ਵਾਧਾ ਕਦਾਚਿਤ ਨਹੀਂ ਭਾਇਆ।

ਇਤਿਹਾਸ ਗਵਾਹ ਹੈ ਕਿ ਐਸਾ ਵਾਪਰਦਾ ਜਗਤ ਨੇ ਇਕ ਤੋਂ ਵੱਧ ਵਾਰ ਡਿੱਠਾ ਹੈ। ਮਨੁੱਖਤਾ ਨੂੰ ਨਵਾਂ ਜੀਵਨ ਦਾਨ ਦੇਣ ਵਾਲੇ ਇਸ ਸੋਮੇ ਨੂੰ ਖ਼ਤਮ ਕਰਨ ਦੇ ਘਿਨਾਉਣੇ ਜਤਨ ਜਰਵਾਣਿਆਂ ਵੱਲੋਂ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਸਨ। ਸੁਲਹੀ ਖਾਂ, ਸੁਲਬੀ ਖਾਂ ਤੇ ਬੀਰਬਲ ਵਰਗਿਆਂ ਵੱਲੋਂ ਹਰਿਮੰਦਰ ਸਾਹਿਬ ਵੱਲ ਹਮਲਾਵਰ ਬਣ, ਚੜ੍ਹ ਆਉਣ ਦੇ ਮਨਸੂਬੇ ਬਣਾਉਣੇ ਤੇ ਫਿਰ ਚੜ੍ਹ ਵੀ ਆਉਣਾ; ਇਹ ਵੱਖਰੀ ਗੱਲ ਹੈ ਕਿ ਉਹ ਇੱਥੇ ਪਹੁੰਚਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੇ ਰਹੇ, ਪਰ ਇਹ ਇਤਿਹਾਸਕ ਘਟਨਾਵਾਂ ਪ੍ਰਗਟ ਕਰਦੀਆਂ ਹਨ ਕਿ ਇਹ ਲੋਕ ਇਸ ਅੰਮ੍ਰਿਤ ਦੇ ਸੋਮੇ ਨੂੰ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਸਨ। ਕੇਵਲ ਇਤਨਾ ਹੀ ਨਹੀਂ ਬਲਕਿ ਹਕੂਮਤ ਵੱਲੋਂ ਕੁਝ ਲੋਕਾਂ ਨੂੰ ਸ਼ਹਿ ਦੇ ਕੇ ਹਰਿਮੰਦਰ ਸਾਹਿਬ ਦੀ ਤਰਜ਼ ਦਾ ਹੋਰ ਅਸਥਾਨ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਜਤਨ ਵੀ ਹੋਏ ਸਨ। ਪ੍ਰਿਥੀ ਚੰਦ ਨੇ ਹੇਹਰੀਂ ਇਸ ਬਦਨੀਅਤੀ ਨਾਲ ਹੀ ਐਸਾ ਕੀਤਾ ਸੀ, ਪਰ ਉਹ ਵੀ ਅਸਫਲ ਹੋਇਆ। ਸੱਚ ਦੀ ਹੀ ਹਮੇਸ਼ਾਂ ਜਿੱਤ ਹੁੰਦੀ ਹੈ।

੧੮ਵੀਂ ਸਦੀ ਵਿਚ ਤਾਂ ਹਮਲਾਵਰਾਂ ਤੇ ਹਾਕਮਾਂ ਦੀ ਨਿਗ੍ਹਾ ਵਿਸ਼ੇਸ਼ ਤੌਰ 'ਤੇ ਇਸ ਅਸਥਾਨ ਉੱਪਰ ਹੀ ਰਹੀ। ਜਦ ਵਾਪਸ ਜਾਂਦੇ ਨਾਦਰ ਸ਼ਾਹ ਨੂੰ ਸਿੰਘਾਂ ਨੇ ਆਪਣੇ ਕਰੜੇ ਹੱਥ ਦਿਖਾਏ ਤਾਂ ਨਾਦਰ ਸ਼ਾਹ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਨੇ ਸਿੰਘਾਂ ਦੇ ਇਸ ਬਹਾਦਰੀ ਤੇ ਦਲੇਰਾਨਾ ਕਾਰਨਾਮੇ ਨੂੰ ਦੇਖ ਜ਼ਕਰੀਆ ਖਾਨ ਤੋਂ ਸਿੱਖਾਂ ਬਾਰੇ ਪੁੱਛਿਆ ਤਾਂ ਜ਼ਕਰੀਆ ਖਾਨ ਨੇ ਸਿੰਘਾਂ ਦੇ ਆਚਰਨ ਤੇ ਬਾਕੀ ਗੁਣਾਂ ਬਾਰੇ ਵਿਸਥਾਰ ਨਾਲ ਦੱਸਿਆ। ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਸੁਚੇਤ ਕੀਤਾ ਕਿ ਜ਼ਕਰੀਆ ਖਾਨ! ਖ਼ਿਆਲ ਰੱਖ, ਇਹ ਲੋਕ ਇਕ ਦਿਨ ਜ਼ਰੂਰ ਰਾਜ-ਭਾਗ ਦੇ ਮਾਲਕ ਬਣਨਗੇ। ਜ਼ਕਰੀਆ ਖਾਨ ਪਹਿਲਾਂ ਵੀ ਕਾਫ਼ੀ ਸੁਚੇਤ ਸੀ। ਪਰ ਨਾਦਰ ਸ਼ਾਹ ਦੀ ਇਹ ਭਵਿੱਖ- ਬਾਣੀ ਉਸ ਨੇ ਪੱਲੇ ਬੰਨ੍ਹ ਲਈ ਅਤੇ ਸਿੱਖਾਂ ਨੂੰ ਖ਼ਤਮ ਕਰਨ ਦੀ ਪੱਕੀ ਧਾਰ ਲਈ। ਸਿੰਘਾਂ ਉੱਪਰ ਸਭ ਤਰ੍ਹਾਂ ਦੀਆਂ ਸਖ਼ਤੀਆਂ ਕਰ ਦਿੱਤੀਆਂ ਗਈਆਂ ਪਰ ਸਖ਼ਤੀਆਂ ਦੇ ਬਾਵਜੂਦ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਜ਼ਕਰੀਆ ਖਾਨ ਬਹੁਤ ਘਬਰਾ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਸਿੰਘਾਂ ਨਾਲ ਕਿਵੇਂ ਨਜਿੱਠਿਆ ਜਾਵੇ? ਇਸ 'ਤੇ ਕੁਝ ਮੌਲਵੀਆਂ, ਕਾਜ਼ੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਸਿੰਘਾਂ ਦੀ ਸ਼ਕਤੀ ਦਾ ਰਾਜ਼ ਹਰਿਮੰਦਰ ਸਾਹਿਬ ਅਤੇ ਉੱਥੋਂ ਦੇ ਸਰੋਵਰ ਦਾ ਜਲ ਉਨ੍ਹਾਂ

ਨੂੰ ਵੀ ਕੁਝ ਨਹੀਂ ਸਮਝਦੇ। ਇਸ ਲਈ ਜ਼ਕਰੀਆ ਖਾਨ! ਜੇ ਤੂੰ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈਂ ਤਾਂ ਪਹਿਲਾਂ ਇਨ੍ਹਾਂ ਦੀ ਸ਼ਕਤੀ ਦੇ ਸੋਮੇ ਨੂੰ ਬੰਦ ਕਰ। ਮੌਲਵੀਆਂ ਦੀ ਇਸ ਸਲਾਹ 'ਤੇ ਯਕੀਨ ਕਰ ਕੇ ਜ਼ਕਰੀਆ ਖਾਨ ਨੇ ਕਾਜ਼ੀ ਅਬਦੁਲ ਰਜ਼ਾਕ ਤੇ ਮੁਹੰਮਦ ਬਖਸ਼ ਨੂੰ ਦੋ ਹਜ਼ਾਰ ਦੀ ਫੌਜ ਦੇ ਕੇ ਹਰਿਮੰਦਰ ਸਾਹਿਬ ਦੇ ਚੁਫੇਰੇ ਚੌਂਕੀਆਂ ਬਣਾਉਣ ਲਈ ਇਹ ਆਦੇਸ਼ ਦੇ ਕੇ ਭੇਜਿਆ ਸੀ ਕਿ ਕਿਸੇ ਵੀ ਸੂਰਤ ਵਿਚ ਇਸ ਸਰੋਵਰ ਵਿੱਚੋਂ ਨਾ ਕਿਸੇ ਸਿੰਘ ਨੂੰ ਇਸ਼ਨਾਨ ਕਰਨ ਦਿੱਤਾ ਜਾਵੇ ਅਤੇ ਨਾ ਹੀ ਇੱਥੇ ਇਕੱਠੇ ਹੋਣ ਦਿੱਤਾ ਜਾਵੇ।

ਮਿ. ਮੈਲਕਮ ਆਪਣੀ ਪੁਸਤਕ 'ਸਕੈਚ ਆਫ਼ ਦੀ ਸਿੱਖਜ਼' ਵਿਚ ਲਿਖਦਾ ਹੈ: "ਇਤਨੀਆਂ ਸਖ਼ਤੀਆਂ ਅਤੇ ਹਰਿਮੰਦਰ ਸਾਹਿਬ ਦੁਆਲੇ ਇਤਨੇ ਸਖ਼ਤ ਘੇਰੇ ਦੇ ਬਾਵਜੂਦ, 'ਸਿੱਖ ਸਵਾਰ ਆਪਣੇ ਤੇਜ਼ ਤਰਾਰ ਘੋੜਿਆਂ 'ਤੇ ਅਸਵਾਰ ਹੋ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਤੇ ਸਰੋਵਰ ਦੇ ਇਸ਼ਨਾਨ ਲਈ ਆਉਂਦੇ ਸਨ। ਇਸ ਕੋਸ਼ਿਸ਼ ਵਿਚ ਉਹ ਕਈ ਵਾਰ ਸ਼ਹੀਦ ਵੀ ਹੋ ਜਾਂਦੇ ਸਨ, ਕਈ ਵੇਰ ਫੜੇ ਵੀ ਜਾਂਦੇ ਸਨ ਪਰ ਅਜਿਹੇ ਮੌਕਿਆਂ 'ਤੇ ਆਪਣੀ ਜਾਨ ਬਚਾਉਣ ਦੀ ਥਾਂ ਉਹ ਸ਼ਹੀਦੀ ਨੂੰ ਹੱਸ-ਹੱਸ ਪ੍ਰਵਾਨ ਕਰਦੇ ਸਨ।" ਖੁਸ਼ਵਕਤ ਰਾਇ ਵੀ ਲਿਖਦਾ ਹੈ: "ਜ਼ਕਰੀਆ ਖਾਨ ਦੀ ਇਤਨੀ ਸਖ਼ਤੀ ਅਤੇ ਅੰਮ੍ਰਿਤਸਰ ਦੇ ਦੁਆਲੇ ਸਖ਼ਤ ਪਹਿਰੇ ਦੇ ਬਾਵਜੂਦ ਸਿੰਘ ਜਿਸ ਵੇਲੇ ਵੀ ਸਮਾਂ ਲੱਗੇ ਸਰੋਵਰ ਵਿਚ ਛੇਤੀ-ਛੇਤੀ ਇਸ਼ਨਾਨ ਕਰ ਜਾਂਦੇ ਸਨ। ਇਸ ਨੱਠ-ਭੱਜ ਵਿਚ ਜਿਹੜਾ ਵੀ ਮੰਦਭਾਗਾ ਕਿਸੇ ਸਿੰਘ ਨੂੰ ਰੋਕਣ ਦਾ ਜਤਨ ਕਰਦਾ ਸੀ, ਉਹ ਆਪਣੀ ਜਾਨ ਗੁਆ ਬੈਠਦਾ ਸੀ।"

ਇਸ ਉਪਰੰਤ ਇਸ ਪਵਿੱਤਰ ਅਸਥਾਨ ਨੂੰ ਢਾਹੁਣ ਤੇ ਅਪਵਿੱਤਰ ਕਰਨ ਦੇ ਲਈ ਕਈ ਜਤਨ ਹੋਏ, ਪਰ ਉਹ ਸਿੰਘਾਂ ਨੂੰ ਇਸ ਅਸਥਾਨ ਤੋਂ ਸ਼ਕਤੀ ਪ੍ਰਾਪਤ ਕਰਨ ਤੋਂ ਰੋਕ ਨਾ ਸਕੇ, ਬਲਕਿ ਸਿੰਘ ਹਰ ਹਮਲੇ ਦੌਰਾਨ ਪਹਿਲਾਂ ਤੋਂ ਵੱਧ ਸ਼ਕਤੀ ਨਾਲ ਉੱਠੇ, ਦੂਣੇ-ਚੌਣੇ ਹੋ ਵਿਚਰਦੇ ਰਹੇ ਅਤੇ ਉਨ੍ਹਾਂ ਇਸ ਅਸਥਾਨ ਦੀ ਬੇਹੁਰਮਤੀ ਕਰਨ ਵਾਲੇ ਹਰ ਪਾਪੀ ਨੂੰ ਸਬਕ ਵੀ ਸਿਖਾਇਆ। ਜੂਨ ੧੯੮੪ ਦੇ ਮਨਹੂਸ ਦਿਨ, ਜਦ ਇਸ ਧਰਤੀ ਦੇ ਸਭ ਜੀਵਾਂ ਨੂੰ ਆਤਮਿਕ ਸ਼ਾਂਤੀ ਅਤੇ ਅੰਮ੍ਰਿਤ ਜੀਵਨ ਪ੍ਰਦਾਨ ਕਰਨ ਵਾਲੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਲੱਗੀਆਂ, ਤਾਂ ਹਰ ਸਿੱਖ ਅਤੇ ਹਰ ਧਰਮੀ ਪੁਰਖ ਦਾ ਸਰੀਰ ਪੱਛਿਆ ਗਿਆ, ਆਤਮਾ ਵਿੰਨ੍ਹੀ ਗਈ ਅਤੇ ਫਿਰ ਇਸ ਸਾਲ ਦਾ ਹਰ ਪਲ ਇੰਞ ਬੀਤਿਆ ਜਿਵੇਂ ਵੱਢੇ-ਫੱਟੇ ਸਰੀਰ ਨੂੰ ਕਿਸੇ ਲੂਣ ਦੀ ਖਾਨ ਵਿਚ ਘੜੀਸਿਆ ਜਾਂਦਾ ਰਿਹਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਆਰਥਿਕ ਹਾਲਤ ਨੂੰ ਬਿਹਤਰ ਬਣਾਉਣ ਲਈ ਜੋ ਧਰਮ ਯੁੱਧ ਮੋਰਚਾ ਚਲਾਇਆ ਸੀ ਉਸ ਵਿਚ ਦੋ ਲੱਖ ਤੋਂ ਉੱਪਰ ਸ਼ਾਂਤਮਈ ਗ੍ਰਿਫ਼ਤਾਰੀਆਂ ਅਤੇ ਦੋ ਸੌ ਤੋਂ ਉੱਪਰ ਸ਼ਹਾਦਤਾਂ ਦੇ ਕੇ ਦੁਨੀਆਂ ਦੇ ਇਤਿਹਾਸ ਵਿਚ ਇਕ ਐਸੀ ਉਦਾਹਰਣ ਕਾਇਮ ਕੀਤੀ ਗਈ ਸੀ ਕਿ ਲੋਕਤੰਤਰੀ ਵਿਧਾਨਾਂ ਦੀਆਂ ਕਦਰਾਂ-ਕੀਮਤਾਂ ਜਾਣਨ ਵਾਲੇ ਲੋਕ ਦੰਗ ਰਹਿ ਗਏ। ਮੋਰਚੇ ਦਾ ਹਰ ਪੜਾਅ ਬੇਸ਼ੱਕ ਉਹ ਰੇਲ ਰੋਕੋ, ਸੜਕ ਰੋਕੋ, ਕੰਮ ਰੋਕੋ ਆਦਿ ਸੀ, ਇਤਨੇ ਸ਼ਾਂਤਮਈ ਅਤੇ ਸਫਲ ਹੋਏ ਕਿ ਮੌਕੇ ਦੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਪਰ ਸਰਕਾਰ ਨੇ ਹਰ ਮੁਹਾਜ਼ 'ਤੇ ਪੰਜਾਬ ਦਾ ਮਸਲਾ ਹੱਲ ਕਰਨ ਦੀ ਬਜਾਏ ਬਦਨੀਅਤੀ ਵਰਤੀ। ਸਰਕਾਰੀ ਪ੍ਰਚਾਰ-ਪ੍ਰਸਾਰ ਸਾਧਨਾਂ ਰਾਹੀਂ ਅਤੇ ਨੈਸ਼ਨਲ ਪ੍ਰੈਸ ਰਾਹੀਂ ਸਿੱਖਾਂ ਵਿਰੁੱਧ ਪ੍ਰਚਾਰ ਕੀਤਾ ਗਿਆ। ਸਿੱਖਾਂ ਉੱਪਰ

'ਅੱਤਵਾਦੀ' ਅਤੇ 'ਵੱਖਵਾਦੀ' ਹੋਣ ਦੇ ਗ਼ਲਤ ਇਲਜ਼ਾਮ ਲਗਾ ਕੇ ਦੇਸ਼ ਦੀ ਬਹੁਗਿਣਤੀ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ, ਈਰਖਾ ਅਤੇ ਸਾੜੇ ਦੇ ਐਸੇ ਬੀਜ, ਬੀਜ ਦਿੱਤੇ ਗਏ ਕਿ ਸਦੀਆਂ ਤੋਂ ਇਕੱਠੇ ਰਹਿ ਰਹੇ ਲੋਕ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣ ਬੈਠੇ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਸ ਦੇਸ਼ ਦੀ ਰੱਖਿਆ ਤੇ ਅਜ਼ਾਦੀ ਲਈ ਬਹਾਦਰ ਸਿੱਖ ਕੌਮ ਨੇ ਸਦੀਆਂ ਕੁਰਬਾਨੀਆਂ ਕੀਤੀਆਂ, ਘਰ-ਘਾਟ ਛੱਡ ਪਹਿਲਾਂ ਮੁਗ਼ਲਾਂ ਅਤੇ ਫਿਰ ਅੰਗਰੇਜ਼ਾਂ ਨਾਲ ਟੱਕਰਾਂ ਲਈਆਂ, ਜਿਨ੍ਹਾਂ ਨੂੰ ਅੰਗਰੇਜ਼ ਇੱਥੋਂ ਜਾਣ ਵੇਲੇ ਵੱਖਰਾ ਦੇਸ਼ ਲੈਣ ਦੀਆਂ ਖੁੱਲ੍ਹੀਆਂ ਪੇਸ਼ਕਸ਼ਾਂ ਕਰਦੇ ਰਹੇ, ਪਰ ਉਨ੍ਹਾਂ ਠੁਕਰਾ ਕੇ ਹਮੇਸ਼ਾਂ ਦੇਸ਼- ਭਗਤੀ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਨਾਲ ਜੋ ਸਲੂਕ ਕੀਤਾ ਗਿਆ ਉਹ ਬਹੁਤ ਦੁਖਦਾਈ ਅਤੇ ਮੰਦਭਾਗਾ ਹੋ ਨਿੱਬੜਿਆ। ਜੂਨ ੮੪ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀ ਘਟਨਾ ਦੁਨੀਆਂ ਭਰ ਦੇ ਅਮਨ-ਪਸੰਦ ਲੋਕਾਂ ਦੇ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸੀ। ਇਸ ਹਮਲੇ ਦੌਰਾਨ ਜੋ ਕਤਲੋਗ਼ਾਰਤ ਕੀਤੀ ਗਈ, ਧਾਰਮਿਕ ਅਸਥਾਨ ਤੋਪਾਂ, ਟੈਂਕਾਂ ਨਾਲ ਢਾਹੇ ਗਏ, ਸਭਿਆਚਾਰਕ ਵਿਰਸਾ, ਧਾਰਮਿਕ ਗ੍ਰੰਥ ਅਗਨ ਭੇਂਟ ਕੀਤੇ ਗਏ, ਲੁੱਟਮਾਰ ਕੀਤੀ ਗਈ, ਇਹ ਸਿੱਖਾਂ ਨੂੰ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਰਹੀ ਸੀ। ਐਸਾ ਤਾਂ ਹੁਕਮਰਾਨ ਦੇਸ਼ ਦੀ ਫੌਜ ਵੀ ਆਪਣੇ ਅਧੀਨ ਮੁਲਕ ਉੱਪਰ ਨਹੀਂ ਕਰਦੀ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਘਟਨਾ ਸੀ ਜਦੋਂ ਆਪਣੇ ਹੀ ਦੇਸ਼ ਦੀ ਫੌਜ ਆਪਣੇ ਦੇਸ਼ਵਾਸੀਆਂ 'ਤੇ ਚੜ੍ਹ ਆਈ ਸੀ ਜਿਵੇਂ ਕਿਸੇ ਦੁਸ਼ਮਣ ਦੇਸ਼ 'ਤੇ ਜਿੱਤ ਪ੍ਰਾਪਤ ਕਰਦੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਸਰਕਾਰ ਨੇ ਆਪਣੀ ਇਸ ਨਾਦਰਸ਼ਾਹੀ ਕਾਰਗੁਜ਼ਾਰੀ ਨੂੰ ਆਪਣੀ ਗਲਤੀ ਮੰਨਣ ਦੀ ਬਜਾਏ ਇਸ ਨੂੰ ਬੜੀ ਵੱਡੀ ਜਿੱਤ ਸਮਝਿਆ। ਸ੍ਰੀ ਦਰਬਾਰ ਸਾਹਿਬ 'ਤੇ ਮਹੀਨਿਆਂ ਬੱਧੀ ਫੌਜੀ ਕਬਜ਼ਾ ਰੱਖਿਆ ਗਿਆ ਅਤੇ ਇਸ ਕਬਜ਼ੇ ਨੂੰ ਹਟਾਉਣ ਲਈ ਵੀ ਮੋਰਚਾ ਲਾਉਣਾ ਪਿਆ। ਫੌਜੀ ਹਮਲੇ ਤੋਂ ਬਾਅਦ ਫੌਜ, ਨੀਮ-ਫੌਜੀ ਦਸਤਿਆਂ ਅਤੇ ਰਾਜ ਦੀ ਪੁਲੀਸ ਨੇ ਸ਼ਹਿਰਾਂ ਅਤੇ ਵਿਸ਼ੇਸ਼ ਤੌਰ 'ਤੇ ਪਿੰਡਾਂ ਵਿਚ ਜੋ ਦਮਨਕਾਰੀ ਚੱਕਰ ਚਲਾਇਆ ਇਸ ਨੇ ਅੰਗਰੇਜ਼, ਅਬਦਾਲੀ, ਜਸਪਤ, ਲਖਪਤ ਅਤੇ ਮੀਰ ਮਨੂੰ, ਜ਼ਕਰੀਆ ਆਦਿ ਸਭ ਦੇ ਜ਼ੁਲਮਾਂ ਨੂੰ ਮਾਤ ਕਰ ਦਿੱਤਾ। ਰਾਤ ਸਮੇਂ ਪਿੰਡ ਨੂੰ ਘੇਰਾ ਪਾਇਆ ਜਾਂਦਾ, ਸਾਰੇ ਪਿੰਡ ਵਿਚ ਦਹਿਸ਼ਤ ਪਾਉਣ ਲਈ ਇਕ ਦੋ ਨੌਜੁਆਨ ਅੰਮ੍ਰਿਤਧਾਰੀ ਸਿੱਖਾਂ ਨੂੰ ਪਕੜਿਆ ਜਾਂਦਾ, ਨੇੜੇ ਹੀ ਕਿਤੇ ਬਣਾਈ ਕਤਲਗਾਹ ਬੁੱਚੜਖਾਨਾ (ਇੰਟੈਰੋਗੇਸ਼ਨ ਸੈਂਟਰ) ਵਿਚ ਲਿਜਾਇਆ ਜਾਂਦਾ। ਫਿਰ ਬੇਹੱਦ ਜ਼ੁਲਮ ਤਸ਼ੱਦਦ ਕਰ ਕੇ, ਚਰਖੜੀ ਚਾੜ੍ਹਨ ਦੀ ਤਰ੍ਹਾਂ ਹੱਡੀ-ਹੱਡੀ, ਅੰਗ-ਅੰਗ ਤੋੜ ਦਿੱਤਾ ਜਾਂਦਾ। ਜੇ ਕੋਈ ਫੇਰ ਵੀ ਬਚ ਗਿਆ ਤਾਂ ਸੱਤ-ਅੱਠ ਕੇਸ ਬਣਾ ਜੇਲ੍ਹ ਭੇਜ ਦਿੱਤਾ ਜਾਂਦਾ, ਜੇ ਚੜ੍ਹਾਈ ਕਰ ਜਾਂਦਾ ਤਾਂ ਕਿਸੇ ਨਹਿਰ ਦੇ ਕੰਢੇ ਜਾਂ ਚੌਂਕ ਵਿਚ ਮੁਕਾਬਲਾ ਬਣਾ ਕੇ ਮਰਿਆ ਪ੍ਰਗਟ ਕਰ ਦਿੱਤਾ ਜਾਂਦਾ। ਇਨ੍ਹਾਂ ਜ਼ੁਲਮਾਂ-ਤਸ਼ੱਦਦਾਂ ਦੀਆਂ ਕਹਾਣੀਆਂ ਸੁਣ, ਅਨੇਕਾਂ ਨੌਜਵਾਨ ਘਬਰਾ ਕੇ ਘਰਾਂ ਤੋਂ ਭੱਜ ਗਏ, ਲੁਕ-ਛਿਪ ਗਏ। ਜੇਲ੍ਹੀਂ ਡੱਕੇ ਨਿਰਦੋਸ਼ ਸਿੱਖ ਨੌਜੁਆਨਾਂ ਨੂੰ ਵੱਧ ਤੋਂ ਵੱਧ ਕੈਦ ਅਤੇ ਮੌਤ ਆਦਿ ਦੀਆਂ ਸਜ਼ਾਵਾਂ ਦੇਣ ਲਈ ਨਿਤ-ਦਿਹਾੜੇ ਨਵੇਂ ਤੋਂ ਨਵੇਂ ਕਾਨੂੰਨ ਬਣਾਏ ਜਾਂਦੇ ਰਹੇ, ਜਿਵੇਂ ਰਾਸ਼ਟਰੀ ਸੁਰੱਖਿਆ ਕਾਨੂੰਨ, ਇਸ ਵਿਚ ਕੀਤੀਆਂ ਸੋਧਾਂ, ਗੜਬੜੀ ਵਾਲਾ ਖੇਤਰ, ਵਿਸ਼ੇਸ਼ ਅਦਾਲਤਾਂ ਬਣਾਉਣ ਦਾ ਕਾਨੂੰਨ ਅਤੇ ਆਤੰਕਵਾਦ ਵਿਰੋਧੀ ਕਾਨੂੰਨ। ਇਨ੍ਹਾਂ ਕਾਨੂੰਨਾਂ ਅਨੁਸਾਰ ਪਕੜੇ ਗਏ ਸਿੱਖ ਨੌਜਆਨਾਂ ਨੂੰ ਅੱਤਵਾਦੀ ਗਰਦਾਨਦਿਆਂ ਉਮਰ

ਕੈਦ ਜਾਂ ਫਾਂਸੀ ਦੀਆਂ ਸਜ਼ਾਵਾਂ ਤਕ ਦਿੱਤੀਆਂ ਗਈਆਂ। ਦੋਸ਼ੀ ਕੌਣ ਹੈ ਅਤੇ ਨਿਰਦੋਸ਼ ਕੌਣ, ਇਸ ਦਾ ਫੈਸਲਾ ਵਿਸ਼ੇਸ਼ ਅਦਾਲਤਾਂ ਵਿਚ ਹੋਣਾ ਸੀ ਜਿਨ੍ਹਾਂ ਦੀ ਕਾਰਵਾਈ ਤਕਰੀਬਨ ਇਕ-ਪਾਸੜ ਅਤੇ ਗੁਪਤ ਹੋਇਆ ਕਰਦੀ ਸੀ। ੧੯੮੪ ਦੇ ਸਾਲ ਦੀਆਂ ਘਟਨਾਵਾਂ ਵਿਚ ਅਤਿਆਚਾਰ ਤੇ ਜ਼ੁਲਮ ਦੀ ਕੋਈ ਹੱਦ ਨਹੀਂ ਸੀ ਰਹੀ। ਸਿੱਖ ਇਤਿਹਾਸ ਮੁਗ਼ਲਾਂ ਦੇ ਅੱਤਿਆਚਾਰਾਂ ਨਾਲ ਭਰਿਆ ਪਿਆ ਹੈ, ਪਰ ਇਸ ਵਿਚ ਜੂਨ ੧੯੮੪ ਦੇ ਇਸ ਘੱਲੂਘਾਰੇ ਨਾਲ ਜਿਸ ਚੈਪਟਰ ਦਾ ਵਾਧਾ ਹੋਇਆ ਹੈ, ਇਹ ਪਹਿਲੇ ਜ਼ੁਲਮਾਂ, ਅਤਿਆਚਾਰਾਂ ਨੂੰ ਮਾਤ ਪਾਉਣ ਵਾਲਾ ਸਾਬਤ ਹੋਇਆ। ਇਸ ਦੇ ਨਾਲ ਹੀ ਇਸ ਘੱਲੂਘਾਰੇ ਦੌਰਾਨ ਜਿਨ੍ਹਾਂ ਗੁਰਸਿੱਖ ਪਰਵਾਨਿਆਂ ਨੇ ਆਪਣੇ ਪਵਿੱਤਰ ਗੁਰਧਾਮਾਂ ਦੀ ਰੱਖਿਆ ਲਈ ਸ਼ਹਾਦਤਾਂ ਪ੍ਰਾਪਤ ਕਰ ਕੇ ਸੂਰਮਗਤੀ ਦੇ ਜੌਹਰ ਦਿਖਾਏ, ਇਹ ਸਾਰੀ ਲੋਕਾਈ ਨੂੰ ਅਚੰਭਤ ਕਰ ਦੇਣ ਵਾਲੇ ਹਨ।

■

ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੇ ੨੫ ਸਾਲ

-ਸ. ਹਰਬੀਰ ਸਿੰਘ ਭੰਵਰ

ਸਿੱਖਾਂ ਨੇ ਕਦੀ ਸੁਪਨੇ ਵਿਚ ਵੀ ਇਹ ਨਹੀਂ ਸੋਚਿਆ ਹੋਏਗਾ ਕਿ ਅਜ਼ਾਦ ਭਾਰਤ ਵਿਚ ਫੌਜ ਵੱਲੋਂ ਉਨ੍ਹਾਂ ਦੇ ਸਰਬ-ਉੱਚ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਉਤੇ ਹਮਲਾ ਕੀਤਾ ਜਾਏਗਾ। ਜੂਨ ੧੯੮੪ ਵਿਚ ਟੈਂਕਾਂ, ਤੋਪਾਂ ਅਤੇ ਹੋਰ ਆਧੁਨਿਕ ਹਥਿਆਰਾਂ ਨਾਲ ਲੈਸ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉੱਪਰ ਕੀਤਾ ਗਿਆ ਹਮਲਾ ਵੀਹਵੀਂ ਸਦੀ ਦੌਰਾਨ ਵਿਸ਼ਵ-ਭਰ ਦੇ ਸਿੱਖਾਂ ਲਈ ਸਭ ਤੋਂ ਵੱਡਾ ਦੁਖਾਂਤ ਹੈ। ਇਹ ਹਮਲਾ ਲੱਗਭਗ ੨੨੨ ਵਰ੍ਹੇ ਪਿੱਛੋਂ ਕੀਤਾ ਗਿਆ ਸੀ। ਇਸ ਤੋਂ ਪਹਿਲੋਂ ਅਕਤੂਬਰ ੧੭੬੨ 'ਚ ਅਹਿਮਦ ਸ਼ਾਹ ਅਬਦਾਲੀ ਨੇ ਇਸ ਪਾਵਨ ਅਸਥਾਨ ਉਤੇ ਚੜ੍ਹਾਈ ਕੀਤੀ ਸੀ। ਉਹ ਤਾਂ ਇਕ ਵਿਦੇਸ਼ੀ ਧਾੜਵੀ ਸੀ, ਜਦੋਂਕਿ ਇਹ ਹਮਲਾ ਦੇਸ਼ ਦੇ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਨੇ ਕੀਤਾ ਸੀ। ਇਸ ਹਮਲੇ ਨਾਲ ਦੇਸ਼-ਵਿਦੇਸ਼ ਵਿਚ ਰਹਿੰਦੇ ਸਿੱਖਾਂ ਦੇ ਹਿਰਦੇ ਬੁਰੀ ਤਰ੍ਹਾਂ ਵਲੂੰਧਰੇ ਗਏ।

ਹਿੰਦੁਸਤਾਨ ਵਿਚ ਪੰਜਾਬ ਸਭ ਤੋਂ ਪਿੱਛੋਂ ਅੰਗਰੇਜ਼ੀ ਸਾਮਰਾਜ ਦਾ ਗ਼ੁਲਾਮ ਬਣਿਆ, ਉਹ ਵੀ ਮੱਕਾਰ ਡੋਗਰਿਆਂ ਦੀ ਗਦਾਰੀ ਤੇ ਕੁਝ ਸਿੱਖ ਆਗੂਆਂ ਦੀ ਆਪਸੀ ਫੁੱਟ ਕਾਰਨ। ਫਿਰ ਵੀ ਇਕ ਬਹੁਤ ਹੀ ਛੋਟੀ ਘੱਟ-ਗਿਣਤੀ ਹੋਣ ਦੇ ਬਾਵਜੂਦ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ੮੦ ਫੀਸਦੀ ਯੋਗਦਾਨ ਪਾਇਆ ਅਤੇ ਅਨੇਕ ਕੁਰਬਾਨੀਆਂ ਕੀਤੀਆਂ। ਮਹਾਤਮਾ ਗਾਂਧੀ ਤੇ ਪੰਡਤ ਜਵਾਹਰ ਲਾਲ ਨਹਿਰੂ ਸਮੇਤ ਕਾਂਗਰਸ ਦੇ ਕੌਮੀ ਆਗੂਆਂ ਨੇ ਇਸ ਸੁਤੰਤਰਤਾ ਸੰਗਰਾਮ ਦੌਰਾਨ ਸਿੱਖਾਂ ਨੂੰ ਵਾਰ-ਵਾਰ ਵਿਸ਼ਵਾਸ ਦੁਆਇਆ ਸੀ ਕਿ ਅਜ਼ਾਦੀ ਮਿਲ ਜਾਣ 'ਤੇ ਹਿੰਦੁਸਤਾਨ ਵਿਚ ਉਨ੍ਹਾਂ (ਤੇ ਹੋਰ ਘੱਟ-ਗਿਣਤੀਆਂ) ਦੇ ਹਿੱਤਾਂ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਏਗੀ। ਕਲਕੱਤਾ ਵਿਖੇ ੬ ਜੁਲਾਈ, ੧੯੪੬ ਨੂੰ ਪੰਡਤ ਨਹਿਰੂ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਸੀ, "ਮੈਨੂੰ ਇਸ ਵਿਚ ਕੋਈ ਗ਼ਲਤ ਗੱਲ ਨਹੀਂ ਲੱਗਦੀ ਕਿ ਉੱਤਰੀ ਭਾਰਤ ਵਿਚ ਇਕ ਅਜਿਹਾ ਇਲਾਕਾ ਤੇ ਪ੍ਰਬੰਧ ਹੋਵੇ ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣ।" ਸਰਬ-ਹਿੰਦ ਕਾਂਗਰਸ ਦੇ ਅਨੇਕ ਸੈਸ਼ਨਾਂ ਵਿਚ ਇਹ ਮਤਾ ਪਾਸ ਕੀਤਾ ਸੀ ਕਿ ਅਜ਼ਾਦ ਭਾਰਤ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣਗੇ।

੧੫ ਅਗਸਤ, ੧੯੪੭ ਨੂੰ ਜਦੋਂ ਹਿੰਦੁਸਤਾਨ ਆਪਣੀ ਅਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ, ਫਿਰਕੂ ਆਧਾਰ 'ਤੇ ਦੇਸ਼-ਵੰਡ ਕਾਰਨ ਪੰਜਾਬ ਲਹੂ-ਲੁਹਾਣ ਹੋ ਕੇ ਹੰਝੂਆਂ ਦਾ ਦਰਿਆ ਵਹਾ ਰਿਹਾ ਸੀ। ਵਿਸ਼ਵ-ਭਰ ਦੇ ਇਤਿਹਾਸ ਵਿਚ ਕਤਲੋਗ਼ਾਰਤ ਹੋ ਕੇ ਅਬਾਦੀ ਦਾ ਤਬਾਦਲਾ ਇਤਨੇ ਵੱਡੇ ਪੈਮਾਨੇ 'ਤੇ ਕਦੀ ਨਹੀਂ ਹੋਇਆ, ਜਿਤਨਾ ਪੰਜਾਬ ਵਿਚ ਹੋਇਆ। ਆਪਣੀ ਅੱਡਰੀ ਪਛਾਣ ਕਾਰਨ ਸਿੱਖਾਂ ਦਾ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਬਹੁਤ ਹੀ ਵੱਧ ਨੁਕਸਾਨ ਹੋਇਆ। ਫਿਰਕੂ ਫਸਾਦਾਂ ਵਿਚ ਲੱਖਾਂ ਹੀ ਸਿੱਖਾਂ ਦਾ ਵਹਿਸ਼ੀ ਢੰਗ ਨਾਲ ਕਤਲੇਆਮ

ਕੀਤਾ ਗਿਆ, ਧੀਆਂ-ਭੈਣਾਂ ਦੀ ਬੇਪਤੀ ਹੋਈ। ਲੱਗਭਗ ੪੦ ਫੀਸਦੀ ਸਿੱਖ ਵੱਸੋਂ ਨੂੰ ਆਪਣੇ ਜੱਦੀ-ਪੁਸ਼ਤੀ ਘਰ- ਬਾਰ, ਜ਼ਮੀਨਾਂ-ਜਾਇਦਾਦ, ਕਾਰੋਬਾਰ ਆਦਿ ਛੱਡ ਕੇ ਖਾਲੀ ਹੱਥ ਸ਼ਰਨਾਰਥੀ ਬਣ ਕੇ ਇੱਧਰ ਭਾਰਤ ਆਉਣਾ ਪਿਆ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਕਿਸੇ ਅੱਗੇ ਹੱਥ ਨਹੀਂ ਅੱਡਿਆ ਅਤੇ ਖ਼ੁਦ ਆਪਣੀ ਕਰੜੀ ਮਿਹਨਤ, ਲਗਨ ਤੇ ਹਿੰਮਤ ਨਾਲ ਆਪਣੇ ਪੈਰਾਂ 'ਤੇ ਖੜ੍ਹੇ ਹੋਏ। ਅਜ਼ਾਦੀ-ਪ੍ਰਾਪਤੀ ਤੋਂ ਬਾਅਦ ਭਾਰਤ ਸਰਕਾਰ ਨੇ ਸੂਬਿਆਂ ਦਾ ਪੁਨਰਗਠਨ ਭਾਸ਼ਾ ਦੇ ਆਧਾਰ 'ਤੇ ਕੀਤਾ, ਪਰ ਪੰਜਾਬੀ ਸੂਬੇ ਦੀ ਮੰਗ ਨੂੰ ਪਰਵਾਨ ਨਾ ਕੀਤਾ। ਇਸ ਲਈ ਪੰਜਾਬੀਆਂ ਵਿਸ਼ੇਸ਼ ਕਰਕੇ ਪੰਥ ਤੇ ਪੰਜਾਬ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਬੜਾ ਲੰਬਾ ਸੰਘਰਸ਼ ਕੀਤਾ। ਆਖਰ ੧੯੬੬ ਈ: ਵਿਚ ਇਹ ਮੰਗ ਪਰਵਾਨ ਹੋਈ ਤਾਂ 'ਬੱਕਰੀ ਦੁੱਧ ਦਿੰਦੀ ਹੈ ਪਰ ਮੇਂਗਣਾਂ ਪਾ ਕੇ' ਦੇ ਅਖਾਣ ਅਨੁਸਾਰ ਉਸ ਸਮੇਂ ਦੇ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਐਂਟੀ-ਪੰਜਾਬ ਲਾਬੀ ਨਾਲ ਮਿਲ ਕੇ ਇਸ ਨੂੰ ਵੱਧ ਤੋਂ ਵੱਧ ਕਮਜ਼ੋਰ ਬਣਾਉਣ ਦਾ ਜਤਨ ਕੀਤਾ, ਇਸ ਦੀ ਰਾਜਧਾਨੀ ਚੰਡੀਗੜ੍ਹ ਅਤੇ ਅਨੇਕਾਂ ਪੰਜਾਬੀ ਬੋਲਦੇ ਇਲਾਕੇ ਇਸ ਤੋਂ ਬਾਹਰ ਰੱਖੇ ਗਏ, ਪੰਜਾਬ ਦੇ ਡੈਮਾਂ ਉਤੇ ਕੇਂਦਰ ਨੇ ਆਪਣਾ ਅਧਿਕਾਰ ਜਮਾ ਲਿਆ। ਇਸ ਲੰਗੜੇ ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਫਿਰ ਨਵਾਂ ਸੰਘਰਸ਼ ਸ਼ੁਰੂ ਕੀਤਾ। ਇਸੇ ਲੜੀ ਵਿਚ ਸ਼੍ਰੋਮਣੀ ਅਕਾਲੀ ਦਲ ਨੇ ੪ ਅਗਸਤ ੧੯੮੨ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਸਮੂਹ ਤੋਂ 'ਧਰਮ ਯੁੱਧ ਮੋਰਚਾ' ਸ਼ੁਰੂ ਕੀਤਾ, ਜਿਸ ਨੂੰ ਸਮੂਹ ਪੰਜਾਬੀਆਂ ਦਾ ਭਰਵਾਂ ਹੁੰਗਾਰਾ ਮਿਲਿਆ ਅਤੇ ਲੱਗਭਗ ਢਾਈ ਲੱਖ ਪੰਜਾਬੀਆਂ ਨੇ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ। ਪੰਜਾਬ ਤੇ ਸਿੱਖਾਂ ਦੀਆਂ ਹੱਕੀ ਮੰਗਾਂ ਪਰਵਾਨ ਕਰਨ ਦੀ ਬਜਾਏ ਕੇਂਦਰ ਸਰਕਾਰ ਨੇ ਮੋਰਚੇ ਨੂੰ ਕੁਚਲਣ ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਇਹ ਫੌਜੀ ਹਮਲਾ ਕਰਵਾ ਦਿੱਤਾ।

ਸ੍ਰੀ ਦਰਬਾਰ ਸਾਹਿਬ ਉਤੇ ਇਸ ਹਮਲੇ ਲਈ ਸਮਾਂ, ਕੇਂਦਰ ਸਰਕਾਰ ਵੱਲੋਂ ਅਮਨ ਤੇ ਸ਼ਾਂਤੀ ਦੇ ਪੁੰਜ ਅਤੇ ਇਸ ਪਾਵਨ ਅਸਥਾਨ ਦੇ ਸਿਰਜਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਚੁਣਿਆ। ਪੇਂਡੂ ਖੇਤਰਾਂ ਸਮੇਤ ਸਾਰੇ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਕੇ ਅਤੇ ਅਣਮਿੱਥੇ ਸਮੇਂ ਲਈ ਕਰਫਿਊ ਲਗਾ ਕੇ ਰੇਲ, ਸੜਕ ਅਤੇ ਹਵਾਈ ਆਵਾਜਾਈ ਬੰਦ ਕਰ ਕੇ ਤੇ ਹਰ ਤਰ੍ਹਾਂ ਦੇ ਵਾਹਨ ਬੈਲ-ਗੱਡੀਆਂ ਅਤੇ ਸਾਈਕਲ ਚਲਾਉਣ ਉਤੇ ਪਾਬੰਦੀ ਲਗਾ ਕੇ, ਬਿਜਲੀ ਦੀ ਸਪਲਾਈ ਤੇ ਟੈਲੀਫੋਨ ਕੱਟ ਕੇ ਅਤੇ ਪ੍ਰੈਸ ਉਤੇ ਸੈਂਸਰ ਲਗਾ ਕੇ ਇਹ ਵਹਿਸ਼ੀਆਨਾ ਹਮਲਾ ਕੀਤਾ ਗਿਆ ਜਿਸ ਦੀ ਹੁਣ ਤਕ ਦੇ ਵਿਸ਼ਵ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਦੇਸ਼ ਦੀ ਸਰਕਾਰ ਨੇ ਆਪਣੇ ਹੀ ਲੋਕਾਂ ਵਿਸ਼ੇਸ਼ ਕਰਕੇ ਘੱਟ-ਗਿਣਤੀ ਕੌਮ ਦੇ ਪ੍ਰਮੁੱਖ ਧਾਰਮਿਕ ਅਸਥਾਨ 'ਤੇ ਇਸ ਤਰ੍ਹਾਂ ਫੌਜੀ ਹਮਲਾ ਕੀਤਾ ਹੋਵੇ। ਸ਼ਹੀਦੀ ਪੁਰਬ ਕਾਰਨ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਆਈਆਂ ਸ਼ਰਧਾਲੂ ਸੰਗਤਾਂ, ਧਰਮ ਯੁੱਧ ਮੋਰਚੇ ਵਿਚ ਜ਼ਿਲ੍ਹਾ ਸੰਗਰੂਰ ਤੇ ਮਾਨਸਾ ਤੋਂ ਆਏ ਅਕਾਲੀ ਵਰਕਰਾਂ ਅਤੇ ਕੰਪਲੈਕਸ ਅੰਦਰ ਰਿਹਾਇਸ਼ੀ ਕੁਆਰਟਰਾਂ ਵਿਚ ਰਹਿ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਬਾਹਰ ਆਉਣ ਦਾ ਕੋਈ ਸਮਾਂ ਨਾ ਦਿੱਤਾ ਗਿਆ ਅਤੇ ਨਾ ਹੀ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਵਿੱਚੋਂ ਸੈਂਕੜੇ ਹੀ ਮਾਰੇ ਗਏ।

ਸੈਂਕੜੇ ਹੀ ਲੰਮਾ ਸਮਾਂ ਅਕਾਰਨ ਹੀ ਜੇਲ੍ਹਾਂ ਵਿਚ ਬੰਦ ਰਹੇ।

ਫੌਜੀ ਹਮਲੇ ਦੌਰਾਨ ਸਿੱਖਾਂ ਦਾ ਸਰਬੋਤਮ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ ਗਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਕੰਪਲੈਕਸ ਅੰਦਰ ਸਥਿਤ ਇਮਾਰਤਾਂ ਨੂੰ ਢੇਰ ਸਾਰਾ ਨੁਕਸਾਨ ਪੁੱਜਾ ਅਤੇ ਦਰਸ਼ਨੀ ਡਿਓੜ੍ਹੀ ਉੱਪਰਲੀ ਛੱਤ ਉਤੇ ਸੁਸ਼ੋਭਿਤ ਇਤਿਹਾਸਿਕ ਤੋਸ਼ਾਖਾਨਾ ਨੂੰ ਵੀ ਭਾਰੀ ਨੁਕਸਾਨ ਹੋਇਆ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਨਿਜ਼ਾਮ ਹੈਦਰਾਬਾਦ ਵੱਲੋਂ ਭੇਂਟ ਕੀਤੀ ਹੀਰੇ-ਜਵਾਹਰਾਤ ਨਾਲ ਜੜੀ ਇਤਿਹਾਸਕ ਚਾਨਣੀ ਜੋ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੜ੍ਹਾ ਦਿੱਤੀ ਸੀ, ਸੜ ਕੇ ਸੁਆਹ ਹੋ ਗਈ। ਕੰਪਲੈਕਸ ਉਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਉਪਰੰਤ ਸਿੱਖਾਂ ਦੇ ਧਾਰਮਿਕ, ਇਤਿਹਾਸਕ ਅਤੇ ਅਕਾਦਮਿਕ ਅਮੀਰ ਵਿਰਸੇ ਸਿੱਖ ਰੈਫਰੈਂਸ ਲਾਇਬ੍ਰੇਰੀ ਜਿਸ ਵਿਚ ਗੁਰੂ ਸਾਹਿਬਾਨ ਦੇ ਹਸਤ-ਕਮਲਾਂ ਦੁਆਰਾ ਜਾਰੀ ਅਨੇਕ ਹੁਕਮਨਾਮੇ, ਜਨਮ ਸਾਖੀਆਂ, ਹੱਥਲਿਖਤ ਧਾਰਮਿਕ ਸਾਹਿਤ, ਗੁਰਬਾਣੀ ਦੀਆਂ ਪੋਥੀਆਂ, ਇਤਿਹਾਸਕ ਪੁਸਤਕਾਂ ਆਦਿ ਸ਼ਾਮਲ ਸਨ, ਨੂੰ ਅੱਗ ਲਗਾ ਦਿੱਤੀ ਗਈ, ਜਿਸ ਦੀ ਪੂਰਤੀ ਹੋ ਹੀ ਨਹੀਂ ਸਕਦੀ।

ਗੱਲ ਇਸ ਹਮਲੇ ਉਤੇ ਹੀ ਨਹੀਂ ਮੁੱਕੀ। ਪੰਜਾਬ ਦੇ ਅਨੇਕਾਂ ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਫੌਜੀ ਕਾਰਵਾਈ ਕੀਤੀ ਗਈ। 'ਅਪਰੇਸ਼ਨ ਵੁੱਡਰੋਜ਼' ਅਧੀਨ ਪੰਜਾਬ ਦੇ ਪਿੰਡਾਂ ਵਿਚ ਜ਼ੁਲਮ-ਤਸ਼ੱਦਦ, ਦਹਿਸ਼ਤ ਅਤੇ ਵਹਿਸ਼ਤ ਦਾ ਇਕ ਦੌਰ ਸ਼ੁਰੂ ਕੀਤਾ ਗਿਆ ਅਤੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਕੀਤਾ ਜਾਣ ਲੱਗਾ। ਕਥਿਤ ਅਤਿਵਾਦ ਨੂੰ ਕਾਬੂ ਕਰਨ ਦੇ ਨਾਂ ਹੇਠ ਟਾਡਾ ਵਰਗੇ ਕਾਲੇ ਕਾਨੂੰਨ ਬਣਾਏ ਗਏ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਜਿਸ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦਾ ਦਿੱਲੀ ਤੇ ਕਈ ਹੋਰ ਸ਼ਹਿਰਾਂ ਵਿਚ ਕਈ ਸਿਆਸੀ ਲੀਡਰਾਂ ਦੀ ਅਗਵਾਈ ਹੇਠ ਹਿੰਸਕ ਭੀੜਾਂ ਵੱਲੋਂ ਕਤਲੇਆਮ ਕੀਤਾ ਗਿਆ; ਘਰਾਂ, ਦੁਕਾਨਾਂ ਤੇ ਹੋਰ ਕਾਰੋਬਾਰੀ ਅਦਾਰਿਆਂ ਨੂੰ ਅੱਗਾਂ ਲਗਾਈਆਂ ਗਈਆਂ; ਬੀਬੀਆਂ ਦੀ ਬੇਪਤੀ ਕੀਤੀ ਗਈ ਤੇ ਸਮੂਹਿਕ ਬਲਾਤਕਾਰ ਕੀਤੇ ਗਏ; ਬੱਚਿਆਂ ਤਕ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਉਸ ਦੀ ਮਿਸਾਲ ਸਭਿਅਕ ਸਮਾਜ ਵਿਚ ਕਿਧਰੇ ਨਹੀਂ ਮਿਲਦੀ। ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸਿੱਖਾਂ ਦੇ ਇਸ ਵਹਿਸ਼ੀਆਨਾ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ "ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ।" ਇਨ੍ਹਾਂ ਸਾਰੀਆਂ ਹਿੰਸਕ ਘਟਨਾਵਾਂ ਅਤੇ ਜ਼ੁਲਮ-ਤਸ਼ੱਦਦ ਵਿਰੁੱਧ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੇ ਭਾਰਤੀ ਸ਼ਫਾਰਤਖਾਨਿਆਂ ਅੱਗੇ ਪੁਰਅਮਨ ਰੋਸ ਮੁਜ਼ਾਹਰੇ ਕੀਤੇ। ਉਨ੍ਹਾਂ ਦੇ ਨਾਂ 'ਕਾਲੀ ਸੂਚੀ' ਵਿਚ ਦਰਜ ਕਰ ਲਏ ਅਤੇ ਉਨ੍ਹਾਂ 'ਤੇ ਭਾਰਤ 'ਚ ਆਪਣੀ ਜਨਮ ਭੂਮੀ 'ਤੇ ਆਉਣ 'ਤੇ ਪਾਬੰਦੀ ਲਗਾ ਦਿੱਤੀ ਗਈ। ਫੌਜੀ ਹਮਲੇ ਅਤੇ ਕਤਲੇਆਮ ਦੀ ਪ੍ਰਤੀਕ੍ਰਿਆ ਵਜੋਂ ਪੰਜਾਬ ਵਿਚ ਲੱਗਭਗ ਇਕ ਦਹਾਕਾ ਖਾੜਕੂ ਲਹਿਰ ਚੱਲੀ, ਜਿਸ ਕਾਰਨ ਸਮੂਹ ਪੰਜਾਬੀਆਂ ਨੇ ਸੰਤਾਪ ਭੋਗਿਆ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਨੇ ਸਿੱਖ ਮਾਨਸਿਕਤਾ ਨੂੰ ਗਹਿਰੀ ਠੇਸ ਪਹੁੰਚਾਈ। ਪਤਿਤ ਤੇ ਮੋਨੇ ਸਿੱਖਾਂ ਨੇ ਦਾੜ੍ਹੀ-ਕੇਸ ਰੱਖ ਲਏ ਅਤੇ ਅਤੇ ਅਨੇਕਾਂ ਦਾੜ੍ਹੀ-ਕੇਸਾਂ ਵਾਲਿਆਂ ਨੇ ਅੰਮ੍ਰਿਤਪਾਨ ਕਰ ਲਿਆ। ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸਰਕਾਰ ਵੱਲੋਂ ਮਿਲੇ 'ਪਦਮ ਭੂਸ਼ਣ' ਤੇ 'ਪਦਮ ਸ੍ਰੀ' ਵਰਗੇ ਖ਼ਿਤਾਬ ਵਾਪਸ ਕਰ ਦਿੱਤੇ। ਕਈ

ਸਰਕਾਰੀ ਅਫ਼ਸਰ ਅਹੁਦੇ ਤਿਆਗ ਕੇ ਘਰ ਆ ਗਏ। ਫੌਜ ਵਿਚ ਕਈ ਥਾਵਾਂ 'ਤੇ ਸਿੱਖ ਜਵਾਨਾਂ ਨੇ ਬਗਾਵਤ ਕਰ ਦਿੱਤੀ। ਸੰਨ ੧੯੮੪ ਦੇ ਘੱਲੂਘਾਰੇ ਨੂੰ ਜ਼ੁਲਮ-ਤਸ਼ੱਦਦ ਤੇ ਦਹਿਸ਼ਤ ਅਤੇ ਵਹਿਸ਼ਤ ਦੇ ਦੌਰ ਨੂੰ ਆਮ ਸਿੱਖਾਂ ਨੇ ਆਪਣੇ ਪਿੰਡੇ ਉਤੇ ਹੰਢਾਇਆ ਹੈ। ਇੱਥੋਂ ਤਕ ਕਿ ਜਿਹੜੇ ਬੱਚੇ ਆਪਣੀ ਮਾਂ ਦੇ ਪੇਟ ਵਿਚ ਸਨ, ਉਨ੍ਹਾਂ ਵੀ ਇਸ ਦਾ ਸੇਕ ਮਹਿਸੂਸ ਕੀਤਾ ਹੋਏਗਾ।

ਸਿੱਖ ਤਾਂ ਹਾਲੇ ਤਕ ਮੀਰ ਮਨੂੰ, ਜ਼ਕਰੀਆ ਖਾਨ ਆਦਿ ਵਰਗਿਆਂ ਦੇ ਜ਼ੁਲਮ ਅਤੇ ਮੱਸੇ ਰੰਗੜ ਅਤੇ ਅਹਿਮਦ ਸ਼ਾਹ ਅਬਦਾਲੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਦੀਆਂ ਘਟਨਾਵਾਂ ਵੀ ਨਹੀਂ ਭੁੱਲੇ, ਉਹ ਇਸ ਫੌਜੀ ਹਮਲੇ ਨੂੰ ਕਦੀ ਵੀ ਨਹੀਂ ਭੁਲਾ ਸਕਦੇ।

■

ਫੌਜੀ ਹਮਲਾ ਜੂਨ ੧੯੮੪ : ਰਿਸਦਾ ਨਾਸੂਰ

-ਗਿਆਨੀ ਮੋਹਨ ਸਿੰਘ

ਸਿੱਖ ਕੌਮ ਨੂੰ ਹੋਂਦ ਵਿਚ ਆਉਂਦਿਆਂ ਹੀ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੋ ਸਿੱਖਾਂ ਲਈ ਰੂਹਾਨੀ ਮੁਜੱਸਮਾ ਹੈ, ਜਿੱਥੋਂ ਦੇ ਪਵਿੱਤਰ ਅੰਮ੍ਰਿਤ-ਸਰੋਵਰ ਦੀ ਇਕ ਟੁੱਭੀ ਲਾਉਣ ਨਾਲ ਹਰ ਆਉਣ ਵਾਲੇ ਸ਼ਰਧਾਲੂ ਦੀ ਆਤਮਾ ਤ੍ਰਿਪਤ ਹੋ ਜਾਂਦੀ ਹੈ ਤੇ ਪਵਿੱਤਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਨਾਲ ਜੀਵ ਨੂੰ ਆਪਣੇ ਅੰਦਰ ਵੱਸ ਰਹੇ ਪਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ ਤੇ ਉਹ ਸਮਝ ਲੈਂਦਾ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ *(ਪੰਨਾ ੧੪੨੭)*

ਜਿੱਥੇ ਇਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤ-ਸਰੋਵਰ ਆਮ ਜੀਵਾਂ ਲਈ ਆਤਮਿਕ ਤ੍ਰਿਪਤੀ ਦਾ ਕੇਂਦਰ-ਬਿੰਦੂ ਹੈ ਉੱਥੇ ਵਿਦੇਸ਼ੀ ਹਮਲਾਵਰਾਂ ਲਈ ਇਸ ਸੋਮੇ ਨੂੰ ਖ਼ਤਮ ਕਰਨ ਦਾ ਸਦਾ ਜਤਨ ਹੁੰਦਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਜੋ ਵੀ ਹਮਲਾਵਰ ਸਿੱਖੀ ਅਤੇ ਸਿੱਖਾਂ ਦੇ ਇਸ ਪਵਿੱਤਰ ਅਸਥਾਨ ਦੇ ਦੁਸ਼ਮਣ ਬਣ ਕੇ ਆਏ, ਇਸ ਦੀ ਬੇਅਦਬੀ ਕਰਨ ਅਤੇ ਢਾਹੁਣ ਦੇ ਜਤਨ ਕਰਦੇ, ਸਿੱਖਾਂ ਹੱਥੋਂ ਮਾਰੇ ਗਏ। ਸੁਲਹੀ ਖਾਨ, ਸੁਲਬੀ ਖਾਨ, ਜ਼ਕਰੀਆ ਖਾਨ, ਨਾਦਰ ਸ਼ਾਹ, ਮੀਰ ਮਨੂੰ, ਅਹਿਮਦ ਸ਼ਾਹ, ਮੱਸਾ ਰੰਗੜ ਵਰਗੇ ਅਨੇਕਾਂ ਸ਼ਾਸਕਾਂ ਅਤੇ ਅਹਿਲਕਾਰਾਂ ਨੇ ਸਿੱਖੀ ਦਾ ਖੁਰਾ-ਖੋਜ ਮਿਟਾਉਣ ਦੀ ਅਣਥੱਕ ਕੋਸ਼ਿਸ਼ ਕੀਤੀ ਪਰ ਉਹ ਜਾਂ ਤਾਂ ਮਾਰੇ ਗਏ ਜਾਂ ਮੂੰਹ ਦੀ ਖਾ ਕੇ ਵਾਪਸ ਚਲੇ ਗਏ।

ਜਿਸ ਤਰ੍ਹਾਂ ਉਨ੍ਹਾਂ ਜਰਵਾਣਿਆਂ ਨੂੰ ਸਿੱਖਾਂ ਦਾ ਨਿਰਲੇਪ ਭਾਵ ਵਿਚ ਰਹਿਣਾ, ਕਿਸੇ ਨਾਲ ਬੁਰਾ ਨਾ ਕਰਨਾ, ਝੂਠ ਨਾ ਬੋਲਣਾ, ਸਭ ਦਾ ਭਲਾ ਕਰਨਾ ਆਦਿ ਗੁਣ ਪਸੰਦ ਨਹੀਂ ਸਨ, ਉਸੇ ਤਰ੍ਹਾਂ ਅਜ਼ਾਦ ਹਿੰਦੁਸਤਾਨ ਦੀ ਸਰਕਾਰ ਨੂੰ ਵੀ ਸਿੱਖਾਂ ਦਾ, ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਆਰਥਿਕ ਹਾਲਤ ਨੂੰ ਵਧੀਆ ਬਣਾਉਣ, ਮਾੜੇ ਤੇ ਗਰੀਬ ਲੋਕਾਂ ਨੂੰ ਉਤਾਂਹ ਚੁੱਕਣ ਲਈ ਲਾਇਆ 'ਧਰਮ-ਯੁੱਧ ਮੋਰਚਾ' ਜੋ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਪੰਜਾਬ ਦੇ ਲੋਕਾਂ ਵੱਲੋਂ ਲਾਇਆ ਗਿਆ ਸੀ, ਹਜ਼ਮ ਨਾ ਹੋਇਆ ਤੇ ਉਨ੍ਹਾਂ ਨੇ ਸਿੱਖਾਂ ਨੂੰ ਡਰਾਉਣ, ਧਮਕਾਉਣ ਤੇ ਵੱਖਵਾਦੀ ਪ੍ਰਚਾਰ ਕੇ ਆਮ ਲੋਕਾਂ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਤੇ ਅੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਅਜ਼ਾਦ ਭਾਰਤ ਦੀ ਹੁਕਮਰਾਨ ਸਰਕਾਰ ਨੇ ਜੂਨ ੧੯੮੪ ਵਿਚ ਬਹੁਤ ਭਾਰੀ ਤੋਪਖਾਨਾ ਜਿਸ ਵਿਚ ੨੫ ਪਾਊਡਰ ਤੋਪਾਂ, ਹੋਵਿਟਜ਼ ਗੰਨਾਂ, ਮਾਰਟਰ ਗੰਨਾਂ, ੩੨ ਹਾਵਲ ਗੰਨਾਂ, ਬਖ਼ਤਰਬੰਦ ਗੱਡੀਆਂ ਦੇ ਨਾਲ ਪੋਲੈਂਡ ਦੀਆਂ ਬਣੀਆਂ ਅੱਠ ਪਹੀਆ ਓ.ਟੀ.੬੪ ਬਖ਼ਤਰਬੰਦ ਗੱਡੀਆਂ, ਹੈਲੀਕਾਪਟਰ, ੧੦੫ ਐਮ.ਐਮ. ਦੀਆਂ ਭਾਰੀ ਤੋਪਾਂ ਨਾਲ ਬੀੜੇ ਹੋਏ ੩੮ ਟਨ ਦੇ ਵਿਜੰਤਾ ਨਾਮੀ ਟੈਂਕਾਂ ਨਾਲ ਹੱਲਾ ਕਰ ਕੇ ਸਿੱਖਾਂ 'ਤੇ ਹੁੰਦੇ ਆ ਰਹੇ ਜ਼ੁਲਮਾਂ ਦੀ ਕਿਤਾਬ ਦਾ ਇਕ ਹੋਰ ਕਾਲਾ ਪੰਨਾ ਲਿਖ ਦਿੱਤਾ ਜਿਸ ਦਾ ਨਾਂ 'ਅਪ੍ਰੇਸ਼ਨ ਨੀਲਾ ਤਾਰਾ' ਰੱਖਿਆ। ਉਹ ਸਿੱਖ ਜੋ ਕਦੇ

ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸ਼ਹੀਦੀਆਂ ਪਾਉਂਦੇ ਰਹੇ, ਦੇਸ਼ ਖ਼ਾਤਰ ਸਾਰਾਗੜ੍ਹੀ ਦੀ ਚੌਕੀ ਵਿਖੇ ੧੨ ਸਤੰਬਰ, ੧੮੯੭ ਨੂੰ ੩੬ ਸਿੱਖ ਰੈਜਮੈਂਟ (ਅੱਜਕਲ੍ਹ ੪ ਸਿੱਖ ਰੈਜਮੈਂਟ) ਦੇ ੨੨ ਜਵਾਨ ਸ਼ਹਾਦਤ ਦੇ ਜਾਮ ਪੀ ਗਏ, ਉਹੀ ਸਿੱਖ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋ ਗਏ। ਦੁਨੀਆਂ ਦੇ ਇਤਿਹਾਸ ਵਿਚ ਅਜਿਹੀ ਘਟਨਾ ਨਾ ਕਿਸੇ ਨੇ ਵੇਖੀ ਹੋਵੇਗੀ ਅਤੇ ਨਾ ਹੀ ਸੁਣੀ ਹੋਵੇਗੀ ਕਿ ਆਪਣੇ ਹੀ ਦੇਸ਼ ਦੀ ਫੌਜ ਆਪਣੇ ਹੀ ਲੋਕਾਂ 'ਤੇ ਚੜ੍ਹਾਈ ਕਰ ਕੇ ਬੇਗੁਨਾਹ ਲੋਕਾਂ ਨੂੰ ਮਾਰ ਦੇਵੇ।

ਦਾਸ ਵੀ ੧੯੮੪ ਦੇ ਫੌਜੀ ਹਮਲੇ ਦਾ ਚਸ਼ਮਦੀਦ ਗਵਾਹ ਹੈ ਜਿਸ ਨੇ ਇਹ ਭਾਣਾ ਵਰਤਦਿਆਂ ਅੱਖੀਂ ਡਿੱਠਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਬਤੌਰ ਗ੍ਰੰਥੀ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸੇਵਾ ਨਿਭਾ ਰਿਹਾ ਹੋਣ ਕਰਕੇ ਦਾਸ ਨੂੰ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਕਮਰਾ ਨੰ: ੮੭ ਵਿਚ ਰਿਹਾਇਸ਼ ਮਿਲੀ ਹੋਈ ਸੀ ਜੋ ਕਿ ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਦੂਸਰੀ ਮੰਜ਼ਲ 'ਤੇ ਹੈ। ੧ ਜੂਨ ਨੂੰ ਸਵੇਰ ਦੀ ਸੇਵਾ ਨਿਭਾਉਣ ਉਪਰੰਤ ਮੈਂ ਆਪਣੇ ਕਮਰੇ ਵਿਚ ਆਰਾਮ ਕਰ ਰਿਹਾ ਸੀ ਕਿ ਅਚਾਨਕ ਸਾਢੇ ਬਾਰ੍ਹਾਂ ਵਜੇ ਦੇ ਕਰੀਬ ਗੋਲੀ ਚੱਲਣ ਦੀ ਅਵਾਜ਼ ਨੇ ਮੈਨੂੰ ਜਗਾ ਦਿੱਤਾ, ਕਮਰੇ ਦੇ ਬਾਹਰ ਜਾ ਕੇ ਵੇਖਣ 'ਤੇ ਪਤਾ ਲੱਗਾ ਕਿ ਨੀਮ ਫੌਜੀ ਦਲਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ, ਚਾਰੇ ਪਾਸੇ ਅਫਰਾ-ਤਫਰੀ ਵਾਲਾ ਮਾਹੌਲ ਬਣਿਆ ਹੋਇਆ ਸੀ। ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ ਜੋ ਤਕਰੀਬਨ ਸੱਤ ਘੰਟੇ ਚਾਲੂ ਰਹੀ ਜਿਸ ਵਿਚ ਤਕਰੀਬਨ ਗਿਆਰਾਂ ਸਿੱਖਾਂ ਦੇ ਮਰਨ ਅਤੇ ਅਨੇਕਾਂ ਦੇ ਫੱਟੜ ਹੋਣ ਦੀ ਖ਼ਬਰ ਸੀ। ਇਸ ਕਾਰਵਾਈ ਵਿਚ ਐਮ.ਐਮ.ਜੀ. ਅਤੇ ਐਲ.ਐਮ.ਜੀ. ਰਾਈਫਲਾਂ ਦੀ ਵਰਤੋਂ ਕੀਤੀ ਗਈ, ਜਿਨ੍ਹਾਂ ਵਿੱਚੋਂ ਨਿਕਲੀਆਂ ਗੋਲੀਆਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦੂਜੀ ਛੱਤ ਦੇ ਉੱਤਰੀ ਤੇ ਦੱਖਣੀ ਦੋਵਾਂ ਪਾਸਿਆਂ ਦੀਆਂ ਬਾਰੀਆਂ ਵਿਚ ਲੱਗੀਆਂ। ਉਪਰੰਤ ੩੨ ਘੰਟੇ ਦਾ ਕਰਫਿਊ ਲਾਗੂ ਕਰ ਦਿੱਤਾ ਗਿਆ। ੩ ਜੂਨ, ੧੯੮੪ ਨੂੰ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ, ਇਸ ਦਿਹਾੜੇ 'ਤੇ ਥਾਂ-ਥਾਂ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ ਤੇ ਲੰਗਰਾਂ ਦਾ ਵੀ ਪ੍ਰਬੰਧ ਹੁੰਦਾ ਹੈ। ਲੱਗੇ ਕਰਫਿਊ ਵਿਚ ਸਵੇਰੇ ੬ ਵਜੇ ਤੋਂ ਢਿੱਲ ਦੇਣ ਕਾਰਨ ਸੰਗਤਾਂ ਦੂਰੋਂ-ਨੇੜਿਓਂ ਇਸ ਦਿਹਾੜੇ 'ਤੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੋਣ ਅਤੇ ੧ ਜੂਨ ਨੂੰ ਸੀ.ਆਰ.ਪੀ.ਐਫ. ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੀ ਫਾਈਰਿੰਗ ਦੇ ਲੱਗੇ ਨਿਸ਼ਾਨ ਵੇਖਣ ਖ਼ਾਤਰ ਸ੍ਰੀ ਹਰਿਮੰਦਰ ਸਾਹਿਬ ਆਈਆਂ ਹੋਈਆਂ ਸਨ ਕਿ ਅਚਾਨਕ ਫਿਰ ਕਰਫਿਊ ਦਾ ਐਲਾਨ ਹੋ ਗਿਆ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚੁਫੇਰੇ ਫੌਜ ਦਾ ਸਖ਼ਤ ਪਹਿਰਾ ਸੀ ਤੇ ਬਾਹਰ ਨਿਕਲਣ ਵਾਲੇ ਨੂੰ ਗੋਲੀ ਮਾਰਨ ਦਾ ਹੁਕਮ ਸੀ ਜਿਸ ਕਾਰਨ ਸੰਗਤਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਰਹਿ ਗਈਆਂ। ਅੰਮ੍ਰਿਤਸਰ ਸ਼ਹਿਰ ਦੀ ਬਿਜਲੀ, ਪਾਣੀ ਤੇ ਟੈਲੀਫੋਨ ਦੀ ਸਪਲਾਈ ਕੱਟ ਦਿੱਤੀ ਗਈ। ਰਾਤ ਨੌਂ ਵਜੇ ਟੀ.ਵੀ. ਅਤੇ ਰੇਡੀਓ 'ਤੇ ਇਹ ਖ਼ਬਰ ਸੁਣਾਈ ਗਈ ਕਿ ਨੌਂ ਵਜੇ ਤੋਂ ਸਾਰੇ ਪੰਜਾਬ ਵਿਚ ਫੌਜੀ ਰਾਜ ਹੋ ਗਿਆ ਹੈ ਤੇ ੩੬ ਘੰਟੇ ਦਾ ਕਰਫਿਊ ਲਾਇਆ ਗਿਆ ਹੈ। ਇਸ ਦੌਰਾਨ ਰੇਲ ਗੱਡੀ ਤੋਂ ਲੈ ਕੇ ਬੈਲ ਗੱਡੀ ਤੇ ਸਾਈਕਲ ਚਲਾਉਣ

'ਤੇ ਵੀ ਪਾਬੰਦੀ ਹੋ ਗਈ। ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤੀ ਗਈ ਤਾਂ ਜੋ ਕਿਸੇ ਤਰ੍ਹਾਂ ਦੀ ਖ਼ਬਰ ਬਾਹਰ ਨਾ ਨਿਕਲ ਸਕੇ। ਸਭ ਨੂੰ ਇਹੀ ਅੰਦੇਸ਼ਾ ਸੀ ਕਿ ਸ਼ਾਇਦ ਬੇਹੋਸ਼ ਕਰਨ ਵਾਲੀ ਗੈਸ ਛੱਡ ਕੇ ਖਾੜਕੂਆਂ ਨੂੰ ਗ੍ਰਿਫ਼ਤਰ ਕਰ ਲਿਆ ਜਾਵੇਗਾ। ਕਿਸੇ ਨੂੰ ਇਹ ਪਤਾ ਹੀ ਨਹੀਂ ਸੀ ਕਿ ਖਾੜਕੂਆਂ ਨੂੰ ਮਾਰਨ ਜਾਂ ਫੜਨ ਦੇ ਨਾਲ-ਨਾਲ ਸਰਕਾਰ ਦਾ ਮੰਤਵ ਸਿੱਖਾਂ ਦੇ ਇਸ ਪਵਿੱਤਰ ਅਸਥਾਨ, ਸਰੋਵਰ ਦੀ ਬੇਅਦਬੀ ਕਰਨਾ ਤੇ ਢਾਹੁਣਾ ਵੀ ਹੈ।

ਕਰਫਿਊ ਲੱਗਣ ਕਾਰਨ ਮੇਰਾ ਸਾਂਢੂ ਭਾਈ ਦਰਸ਼ਨ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮੇਰੇ ਕੋਲ ਹੀ ਸਰਾਂ ਵਿਚ ਠਹਿਰ ਗਿਆ। ਗਰਮੀ ਬਹੁਤ ਜ਼ਿਆਦਾ ਹੋਣ ਕਾਰਨ ਅਸੀਂ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਬਰਾਂਡੇ ਵਿਚ ਸੁੱਤੇ ਹੋਏ ਸਾਂ। ਭਾਈ ਦਰਸ਼ਨ ਸਿੰਘ ਅੰਮ੍ਰਿਤ ਵੇਲੇ ਤਿਆਰ ਹੋ ਕੇ ਆਪਣੀ ਡਿਊਟੀ 'ਤੇ ਚਲੇ ਗਏ ਤੇ ਦਾਸ ਆਪਣੀ ਡਿਊਟੀ 'ਤੇ ਮੰਜੀ ਸਾਹਿਬ ਦੀਵਾਨ ਹਾਲ ਜਾਣ ਲਈ ਤਿਆਰ ਹੋਣ ਲੱਗਾ ਕਿ ਵੇਖਿਆ ਕਿ ਸਵੇਰੇ ੪:੪੦ 'ਤੇ ਭਾਰੀ ਤੋਪ ਦਾ ਗੋਲਾ ਚੱਲਿਆ ਜੋ ਸਿੱਧਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਵੱਜਾ। ਉਸ ਤੋਂ ਬਾਅਦ ਮੇਰੇ ਵੇਖਦਿਆਂ-ਵੇਖਦਿਆਂ ਗੋਲਿਆਂ ਦੀ ਬੁਛਾੜ ਹੀ ਸ਼ੁਰੂ ਹੋ ਗਈ ਤੇ ਅਸੀਂ ਆਪਣੇ ਕਮਰੇ ਦੇ ਅੰਦਰ ਚਲੇ ਗਏ। ਉਸ ਵਕਤ ਮੇਰੇ ਪਿਤਾ ਭਾਈ ਇੰਦਰ ਸਿੰਘ ਜੀ ਜੋ ਲੰਗਰ ਵਿਚ ਮੌਜੂਦ ਸਨ, ਉੱਥੇ ਹੀ ਸ਼ਹੀਦ ਹੋ ਗਏ। ਸਾਰਾ ਦਿਨ ਫਾਇਰਿੰਗ ਹੁੰਦੀ ਰਹੀ। ਰੋਟੀ-ਪਾਣੀ ਦਾ ਕੋਈ ਪ੍ਰਬੰਧ ਨਾ ਵੇਖ ਬਾਗ ਵਾਲੀ ਗਲੀ ਦੇ ਕੁਝ ਕੁ ਨੌਜਵਾਨਾਂ ਨੇ ਹੌਸਲਾ ਕਰ ਕੇ ਆਪਣੇ ਘਰਾਂ ਤੋਂ ਰੋਟੀ ਪਕਾ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ ਦੇ ਪਿਛਲੇ ਪਾਸਿਓਂ ਅੰਦਰ ਲਿਆਂਦੀ ਅਤੇ ਜਿੰਨੀ ਵੀ ਕਿਸੇ ਦੇ ਹਿੱਸੇ ਆਈ ਖਾਣ ਲਈ ਦਿੱਤੀ। ਸਾਰੀ ਰਾਤ ਲਗਾਤਾਰ ਗੋਲੀ ਚਲਦੀ ਰਹੀ। ਸਰਾਂ ਦੇ ਬਾਹਰ ਵਾਲੇ ਕਮਰਿਆਂ ਵਿੱਚੋਂ ਮੁਲਾਜ਼ਮ ਤੇ ਯਾਤਰੂ ਸਿੱਧੀਆਂ ਗੋਲੀਆਂ ਵੱਜਣ ਕਾਰਨ ਕਮਰਿਆਂ ਵਿੱਚੋਂ ਨਿਕਲ ਕੇ ਅੰਦਰਲੇ ਪਾਸੇ ਵਾਲੇ ਕਮਰਿਆਂ ਦੇ ਬਰਾਮਦੇ ਵਿਚ ਆ ਗਏ।

੫ ਜੂਨ ਨੂੰ ਦੁਪਹਿਰੋਂ ਬਾਅਦ ਕੁਝ ਜਾਂਬਾਜ਼ ਸਿੰਘ ਹਿੰਮਤ ਕਰ ਕੇ ਫ਼ੌਜ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਸਿੰਘਾਂ ਅਤੇ ਯਾਤਰੂਆਂ ਦੇ ਸਰੀਰਾਂ ਨੂੰ ਇਕੱਠਾ ਕਰ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ ਦੀਆਂ ਟੂਟੀਆਂ ਕੋਲ ਦਾਹ-ਸੰਸਕਾਰ ਲਈ ਲੈ ਕੇ ਆਏ। ਅਜੇ ਸਸਕਾਰ ਹੋਣਾ ਸ਼ੁਰੂ ਹੀ ਹੋਇਆ ਸੀ ਕਿ ਫੌਜ ਵੱਲੋਂ ਚਲਾਏ ਗੋਲਿਆਂ ਨਾਲ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਚ ਸਥਿਤ ਪਾਣੀ ਦੀ ਟੈਂਕੀ ਵਿਚ ਵੱਡੇ-ਵੱਡੇ ਮਘੋਰੇ ਹੋ ਗਏ ਤੇ ਪਾਣੀ ਵਗਣਾ ਸ਼ੁਰੂ ਹੋ ਗਿਆ ਜਿਸ ਨਾਲ ਸਸਕਾਰ ਹੋ ਰਹੀਆਂ ਲਾਸ਼ਾਂ ਅਤੇ ਪਾਣੀ ਦੀ ਟੈਂਕੀ 'ਤੇ ਬੈਠੇ ਰਖਵਾਲੇ ਸਿੰਘਾਂ ਦੇ ਸਰੀਰਾਂ ਦੇ ਟੁਕੜਿਆਂ ਵਿੱਚੋਂ ਭਿਆਨਕ ਬਦਬੂ ਆਉਣੀ ਸ਼ੁਰੂ ਹੋ ਗਈ। ਸਰਾਂ ਵਿਚ ਲੋਕਾਂ ਦਾ ਖਲੋਣਾ ਵੀ ਔਖਾ ਹੋ ਗਿਆ। ਗੋਲਾਬਾਰੀ ਜਾਰੀ ਰਹੀ। ਉਸ ਵਕਤ ਭਾਈ ਮਨਜੀਤ ਸਿੰਘ ਜੋ ਮੀਤ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੀ ਡਿਊਟੀ ਨਿਭਾ ਰਹੇ ਸਨ ਦੇ ਨਾਲ ਭਾਈ ਹਰਮਿੰਦਰ ਸਿੰਘ (ਸੰਧੂ) ਅਤੇ ਭਾਈ ਰਾਜਿੰਦਰ ਸਿੰਘ (ਮਹਿਤਾ) ਨੇ ਉੱਥੇ ਸਾਰਿਆਂ ਨੂੰ ਮੁਖਾਤਿਬ ਹੋ ਕੇ ਕਿਹਾ ਕਿ ਕਿਸੇ ਵੇਲੇ ਵੀ ਫੌਜ ਸਰਾਂ ਅੰਦਰ ਦਾਖਲ ਹੋ ਸਕਦੀ ਹੈ। ਇਸ ਕਰਕੇ ਜੋ ਕੋਈ ਆਪਣਾ ਬਚਾਅ ਕਰ ਸਕਦਾ ਹੈ, ਕਰ ਲਵੇ। ਉਨ੍ਹਾਂ ਦੇ ਕਹਿਣ 'ਤੇ ਕੁਝ ਕੁ ਯਾਤਰੂ ਅਤੇ ਮੁਲਾਜ਼ਮ ਜੋ ਕਿਸੇ ਵੀ ਪਾਸੇ ਲੁਕ-ਛਿਪ ਕੇ ਜਾ ਸਕਦੇ ਸਨ, ਨਿਕਲ ਗਏ। ਉਨ੍ਹਾਂ ਵਿੱਚੋਂ ਪਤਾ ਨਹੀਂ ਕੋਈ ਮਰਿਆ ਜਾਂ ਬਚਿਆ।

ਮੈਂ ਵੀ ਆਪਣੇ ਪਰਵਾਰ ਨੂੰ ਨਾਲ ਲੈ ਕੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਅੱਗੋਂ ਦੀ ਵਰ੍ਹਦੀ ਗੋਲੀ ਵਿਚ ਆਪਣਾ ਸਾਰਾ ਸਾਮਾਨ ਸਰਾਂ ਦੇ ਕਮਰੇ ਵਿਚ ਛੱਡ ਕੇ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਪਿਛਲੇ ਪਾਸੇ ਬਣੇ ਮੁਲਾਜ਼ਮਾਂ ਦੇ ਕੁਆਰਟਰਾਂ ਵਿਚ ਚਲਾ ਗਿਆ। ਉੱਥੇ ਜਾ ਕੇ ਵੇਖਿਆ ਕਿ ਸਾਰੇ ਕੁਆਰਟਰ ਖਾਲੀ ਸਨ ਤੇ ਜਿੱਧਰ ਵੀ ਕੋਈ ਜਾ ਸਕਦਾ ਸੀ, ਚਲਿਆ ਗਿਆ। ਗਿਆਨੀ ਦਲੀਪ ਸਿੰਘ ਜੀ ਕਥਾਵਾਚਕ ਗੁਰਦੁਆਰਾ ਮੰਜੀ ਸਾਹਿਬ ਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਵੇਖ ਕੇ ਮੈਂ ਉੱਥੇ ਚਲਾ ਗਿਆ। ਉਨਾਂ ਦੇ ਪਰਵਾਰ ਵਿੱਚੋਂ ਕੋਈ ਵੀ ਉੱਥੇ ਨਹੀਂ ਸੀ। ਪਰ ਦੋ ਬੀਬੀਆਂ ਜਿਨ੍ਹਾਂ ਵਿੱਚੋਂ ਇਕ ਭਾਈ ਹਰਮਿੰਦਰ ਸਿੰਘ ਦੀ ਪਤਨੀ ਬੀਬੀ ਪਰਮਜੀਤ ਕੌਰ ਅਤੇ ਦੂਜੀ ਲੜਕੀ ਬੀਬੀ ਉਪਕਾਰ ਕੌਰ ਉੱਥੇ ਸਨ। ਮੈਂ ਵੀ ਸਮੇਤ ਪਰਵਾਰ ਉਨ੍ਹਾਂ ਕੋਲ ਹੀ ਠਹਿਰ ਗਿਆ। ੫-੬ ਜੂਨ ਦੀ ਦਰਮਿਆਨੀ ਰਾਤ ਅਸੀਂ ਉੱਥੇ ਕੱਟੀ ਜੋ ਬੜੀ ਦਿਲ-ਕੰਬਾਊ ਅਤੇ ਭਿਆਨਕ ਸੀ। ਸਾਰੀ ਰਾਤ ਗੋਲੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ 'ਤੇ ਵੱਜਦੇ ਰਹੇ। ਪਤਾ ਲੱਗਾ ਕਿ ਸਾਡੇ ਸਰਾਂ ਵਿੱਚੋਂ ਨਿਕਲ ਆਉਣ ਤੋਂ ਬਾਅਦ ਫੌਜ ਸ੍ਰੀ ਗੁਰੂ ਰਾਮਦਾਸ ਨਿਵਾਸ ਦਾ ਪਿਛਲਾ ਦਰਵਾਜ਼ਾ ਤੋੜ ਕੇ ਸਰਾਂ ਅੰਦਰ ਦਾਖ਼ਲ ਹੋਈ ਅਤੇ ਅੰਦਰ ਜਿਤਨੇ ਵੀ ਯਾਤਰੂ ਸਨ, ਉਨ੍ਹਾਂ ਨੂੰ ਗੋਲੀਆਂ ਨਾਲ ਮਾਰ-ਮੁਕਾਇਆ।

੬ ਜੂਨ ਨੂੰ ਦਿਨ ਚੜ੍ਹੇ ਗਿਆਨੀ ਭਗਵਾਨ ਸਿੰਘ ਜੀ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆ ਕੇ ਦੱਸਿਆ ਕਿ ਰਾਤ ੧੦ ਵਜੇ ਦੇ ਕਰੀਬ ਡੋਗਰਾ ਕਮਾਊ, ਗਰਨੇਡੀਅਰ, ਰਾਜਪੂਤ, ਬਿਹਾਰੀ ਤੇ ਮਦਰਾਸੀ ਰੈਜਮੈਂਟ ਨੇ ਟੈਂਕਾਂ ਨਾਲ ਲੈਸ ਹੋ ਕੇ ਸਰਾਵਾਂ ਵਾਲੇ ਪਾਸਿਓਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋ ਕੇ ਸਾਂਝੇ ਤੌਰ 'ਤੇ ਹਮਲਾ ਕੀਤਾ ਅਤੇ ਦੁੱਖਭੰਜਨੀ ਬੇਰੀ ਵਾਲੇ ਪਾਸਿਓਂ ਪਰਕਰਮਾ ਵਿਚ ਬ੍ਰਹਮ ਬੂਟਾ ਅਖਾੜਾ ਅਤੇ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ ਅੱਗੇ ਟੈਂਕ ਖੜ੍ਹੇ ਕੀਤੇ ਗਏ। ਇਨ੍ਹਾਂ ਟੈਂਕਾਂ ਨਾਲ ਸਿੱਖਾਂ ਦੀ ਮੁਕੱਦਸ ਇਮਾਰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੋਲਿਆਂ ਦਾ ਮੀਂਹ ਵਰਸਾਇਆ ਗਿਆ, ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕਾਫੀ ਜ਼ਿਆਦਾ ਢੱਠ ਕੇ ਤੇ ਬਾਕੀ ਗੋਲਿਆਂ ਦੇ ਵਿੱਚੋਂ ਨਿਕਲੀ ਅੱਗ ਨਾਲ ਝੁਲਸ ਗਈ ਹੈ। ਉਨ੍ਹਾਂ ਦੱਸਿਆ ਕਿ ਫੌਜ ਨੇ ਸਰਾਵਾਂ, ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਫਿਰ ਪਤਾ ਲੱਗਾ ਕਿ ਬਹੁਤ ਸਾਰੇ ਸਿੰਘ ਤੇ ਸ਼ਰਧਾਲੂ ਇਸਤਰੀਆਂ ਤੇ ਬੱਚੇ ਮਾਰੇ ਗਏ ਹਨ; ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਭਾਈ ਹਰਮਿੰਦਰ ਸਿੰਘ, ਭਾਈ ਰਾਜਿੰਦਰ ਸਿੰਘ (ਮਹਿਤਾ), ਭਾਈ ਮਨਜੀਤ ਸਿੰਘ ਤੇ ਹੋਰ ਅਨੇਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਤੋਂ ਬਾਅਦ ਉਨ੍ਹਾਂ ਨੂੰ ਪਹਿਲਾਂ ਫੌਜੀ ਕੈਂਪ ਵਿਚ ਰੱਖਿਆ ਗਿਆ ਤੇ ਫਿਰ ਨਾਭਾ ਤੇ ਹੋਰ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਉਸ ਤੋਂ ਬਾਅਦ ਜੋਧਪੁਰ ਦੀ ਜੇਲ੍ਹ ਵਿਚ ਘੱਲ ਦਿੱਤਾ ਗਿਆ, ਜਿੱਥੇ ਸਾਰੇ ਕੈਦੀਆਂ ਨੂੰ ਬਹੁਤ ਜ਼ਿਆਦਾ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਗਏ।

ਇਹ ਵੀ ਪਤਾ ਲੱਗਾ ਕਿ ਇਸ ਧਰਮ ਯੁੱਧ ਵਿਚ ਅਨੇਕਾਂ ਸਿੰਘ-ਸਿੰਘਣੀਆਂ ਤੇ ਮਰਜੀਵੜੇ ਧਰਮ ਦੀ ਰਾਖੀ ਲਈ ਸ਼ਹਾਦਤ ਦੇ ਜਾਮ ਪੀ ਗਏ ਹਨ। ੬ ਜੂਨ ਸ਼ਾਮ ਨੂੰ ਕਰਫਿਊ ਵਿਚ ਇਕ ਘੰਟੇ ਦੀ ਢਿੱਲ ਦਿੱਤੀ ਗਈ ਤੇ ਮੈਂ ਆਪਣੇ ਪਰਵਾਰ ਸਮੇਤ ਸੰਗਲ ਵਾਲੀ

ਗਲੀ ਰਾਹੀਂ ਚੌਂਕ ਬਾਬਾ ਸਾਹਿਬ ਵਿੱਚੋਂ ਨਿਕਲ ਕੇ, ਭਾਈ ਕਰਨੈਲ ਸਿੰਘ ਜੀ ਜੋ ਕਿ ਪੰਜੂ ਹਲਵਾਈ ਵਾਲੀ ਗਲੀ ਵਿਚ ਰਹਿੰਦੇ ਸਨ ਤੇ ਭਾਰਤ ਸਰਕਾਰ ਦੇ ਟੈਲੀਫੋਨ ਵਿਭਾਗ ਵਿਚ ਨੌਕਰੀ ਕਰਦੇ ਸਨ ਅਤੇ ਗੁਰੂ-ਘਰ ਦੇ ਸ਼ਰਧਾਲੂ ਸਨ, ਦੇ ਘਰ ਆ ਗਿਆ, ਜਿਨ੍ਹਾਂ ਨੇ ਫੌਜੀ ਹਮਲੇ ਦੇ ਰੋਸ ਵਜੋਂ ਬਾਅਦ ਵਿਚ ਇਸ ਮਹਿਕਮੇ ਤੋਂ ਅਸਤੀਫਾ ਦੇ ਦਿੱਤਾ ਸੀ, ਨੇ ਹਰ ਤਰ੍ਹਾਂ ਨਾਲ ਸਾਡੀ ਸਹਾਇਤਾ ਕੀਤੀ।

ਬਾਅਦ ਵਿਚ ਪਤਾ ਲੱਗਾ ਕਿ ਸਾਡੇ, ਗਿਆਨੀ ਦਲੀਪ ਸਿੰਘ ਜੀ ਹੁਰਾਂ ਦੇ ਘਰ ਵਿੱਚੋਂ ਚਲੇ ਜਾਣ ਤੋਂ ਮਗਰੋਂ ਉਨ੍ਹਾਂ ਦੋ ਬੀਬੀਆਂ ਨੂੰ ਵੀ ਫੌਜ ਨੇ ਇਹ ਕਹਿ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ ਕਿ ਇਹ ਅੱਤਵਾਦੀਆਂ ਦੀਆਂ ਸਾਥਣਾਂ ਸਨ ਤੇ ਇਨ੍ਹਾਂ ਕੋਲ ਅਸਲਾ ਸੀ।

੧੦ ਜੂਨ ਨੂੰ ਕਰਫਿਊ ਵਿਚ ਢਿੱਲ ਮਿਲਣ 'ਤੇ ਮੈਂ ਆਪਣੇ ਸਹੁਰੇ-ਘਰ, ਸ਼ਿਵ ਨਗਰ ਕਾਲੋਨੀ ਨਜ਼ਦੀਕ ਮੁਹੱਲਾ ਇਸਲਾਮਾਬਾਦ ਚਲਿਆ ਗਿਆ। ਅਸੀਂ ਸਾਰੇ ਭਾਈ ਦਰਸ਼ਨ ਸਿੰਘ ਸੇਵਾਦਾਰ ਜੋ ਹਰਿਮੰਦਰ ਸਾਹਿਬ ੪ ਜੂਨ ਦੀ ਸਵੇਰ ਨੂੰ ਸਾਡੇ ਕੋਲੋਂ ਹੀ ਸ੍ਰੀ ਗੁਰੂ ਰਾਮਦਾਸ ਨਿਵਾਸ ਵਿੱਚੋਂ ਅੰਦਰ ਡਿਊਟੀ 'ਤੇ ਗਏ ਸਨ, ਦੇ ਜਿਊਂਦੇ ਰਹਿਣ ਦੀ ਆਸ ਲਾਹ ਬੈਠੇ ਸਾਂ ਪਰ ਸ਼ਾਇਦ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਤੋਂ ਅਜੇ ਹੋਰ ਸੇਵਾ ਲੈਣੀ ਸੀ, ਇਸ ਲਈ ਉਹ ਘਰ ਵਾਪਸ ਆ ਗਏ। ਉਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਸੀ। ਕੁਝ ਕੁ ਸੁਧਾਰ ਹੋਣ 'ਤੇ ਉਨ੍ਹਾਂ ਨੇ ਦੱਸਿਆ ਕਿ ਫੌਜ ਨੇ ਅੰਦਰ ਦਾਖਲ ਹੋ ਕੇ ਸਾਨੂੰ ਗ੍ਰਿਫ਼ਤਾਰ ਕਰ ਲਿਆ ਤੇ ਬਾਹਾਂ ਬੰਨ੍ਹ ਕੇ ਪਰਕਰਮਾ ਵਿਚ ਬਿਠਾ ਦਿੱਤਾ। ਜੇ ਕੋਈ ਪੇਸ਼ਾਬ ਕਰਨ ਦੀ ਵੀ ਬੇਨਤੀ ਕਰਦਾ ਤਾਂ ਫੌਜੀ ਬੱਟ ਮਾਰ ਕੇ ਕਹਿੰਦੇ ਕਿ ਵਿੱਚੇ ਹੀ ਕਰ ਲਵੋ। ਉਨ੍ਹਾਂ ਨੇ ਦੱਸਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਸੜ ਕੇ ਸੁਆਹ ਹੋ ਚੁੱਕੀ ਹੈ। ਤੋਸ਼ਾਖਾਨੇ ਅੰਦਰ ਪਈਆਂ ਬਹੁਮੁੱਲੀਆਂ ਚਾਨਣੀਆਂ ਤੇ ਹੋਰ ਕੀਮਤੀ ਸਾਮਾਨ ਵੀ ਨਸ਼ਟ ਹੋ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ, ਚੰਦੋਏ ਆਦਿਕ ਵੀ ਅੱਗ ਨਾਲ ਸੜ ਕੇ ਰਾਖ਼ ਹੋ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜਾਏ ਹੋਏ ਇਤਿਹਾਸਕ ਸ਼ਸਤਰਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਜਿਸ ਦਾ ਉਸ ਵਕਤ ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਹੋਇਆ ਸੀ, ਉਸ ਦੇ ਵਿਚ ਵੀ ਗੋਲੀ ਵੱਜੀ, ਜਿਸ ਦਾ ਹੁਣ ਪ੍ਰਕਾਸ਼ ਨਹੀਂ ਕੀਤਾ ਜਾਂਦਾ ਤੇ ਤੋਸ਼ੇਖਾਨੇ ਵਿਚ ਸੁਸ਼ੋਭਿਤ ਹੈ। ਦਾਸ ਨੇ ਉਸ ਪਾਵਨ ਸਰੂਪ ਦੇ ਵਿਚ ਲੱਗੀ ਗੋਲੀ ਦੇ ਨਿਸ਼ਾਨ ਵੇਖੇ ਹਨ।

ਮੁੜ ਫੌਜ ਨੇ ਸਿੰਘ ਸਾਹਿਬਾਨ ਨੂੰ ਕਹਿ ਕੇ ਅੰਦਰ ਦੀ ਮਰਯਾਦਾ ਬਹਾਲ ਕਰਵਾਈ ਅਤੇ ਅੰਦਰਲੀ ਮਰਯਾਦਾ ਦੀ ਬਹਾਲੀ ਦੇ ਕੁਝ ਦਿਨ ਮਗਰੋਂ ਪਰਕਰਮਾ ਦੇ ਨਾਲ ਲੱਗਦੇ ਗੁਰੂ-ਘਰਾਂ ਵਿਚ ਵੀ ਮਰਯਾਦਾ ਬਹਾਲ ਹੋ ਗਈ।

ਟਰੱਕਾਂ ਦੇ ਟਰੱਕ ਭਰ ਕੇ ਲਾਸ਼ਾਂ ਪਰਕਰਮਾ ਵਿਚਲੇ ਕਮਰਿਆਂ ਤੇ ਸਰਾਵਾਂ ਵਿੱਚੋਂ ਲਿਜਾ ਕੇ ਸਾੜ ਦਿੱਤੀਆਂ ਗਈਆਂ। ਸ੍ਰੀ ਦਰਬਾਰ ਸਾਹਿਬ ਸਮੂਹ ਤੇ ਨਾਲ ਲੱਗਦੇ ਬਜ਼ਾਰਾਂ ਤੇ ਘਰਾਂ ਨੂੰ ਲੁੱਟਿਆ ਗਿਆ। ਜੂਨ ੧੯੮੪ ਦਾ ਫੌਜੀ ਹਮਲਾ ਸਿੱਖ ਕੌਮ ਦੇ ਹਿਰਦਿਆਂ 'ਤੇ ਲੱਗਾ ਐਸਾ ਨਾਸੂਰ ਹੈ ਜੋ ਸਦੀਆਂ ਬੀਤਣ ਨਾਲ ਵੀ ਰਾਜ਼ੀ ਨਹੀਂ ਹੋਵੇਗਾ ਤੇ ਸਦਾ ਰਿਸਦਾ ਰਹਿ ਕੇ ਇਸ ਭਿਆਨਕ ਵਹਿਸ਼ੀਆਨਾ ਤੇ ਦਰਿੰਦਗੀ ਭਰੇ ਕਾਲੇ ਪੰਨੇ ਦੀ ਯਾਦ ਤਾਜ਼ਾ ਰੱਖੇਗਾ।

■

ਇੰਵ ਗੁਜ਼ਾਰੇ ਜੂਨ ੧੯੮੪ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਸ ਦਿਨ

-ਭਾਈ ਗੁਰਚਰਨ ਸਿੰਘ (ਰਾਗੀ)

੧ ਜੂਨ, ੧੯੮੪ ਈ. ਨੂੰ ਮੈਂ ਆਪਣੇ ਸਾਥੀਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਡਿਊਟੀ 'ਤੇ ਗਿਆ। ਬਾਰ੍ਹਾਂ ਵਜੇ ਡਿਊਟੀ ਸਮਾਪਤ ਹੋਣ ਤੋਂ ਬਾਅਦ ਮੈਂ ਆਪਣੇ ਸਾਥੀ ਅਵਤਾਰ ਸਿੰਘ (ਚਾਚੇ ਦੇ ਪੁੱਤ ਭਰਾ) ਨੂੰ ਕਿਹਾ ਕਿ ਆਪਾਂ ਘਰ ਚੱਲੀਏ, ਹਾਲਾਤ ਵਿਗੜ ਸਕਦੇ ਹਨ। ਉਹ ਨਹੀਂ ਮੰਨਿਆ ਅਤੇ ਉਹ ਜ਼ਿੱਦ ਕਰ ਕੇ ਸਾਨੂੰ ਗੁਰੂ ਰਾਮਦਾਸ ਲੰਗਰ ਵੱਲ ਲੈ ਗਿਆ ਅਤੇ ਕਹਿਣ ਲੱਗਾ, "ਆਪਾਂ ਲੰਗਰ ਛਕੀਏ।" ਅਸੀਂ ਲੰਗਰ ਦੇ ਬਾਹਰਲੇ ਗੇਟ 'ਤੇ ਹੀ ਸੀ ਤੇ ਪੌਣੇ ਇਕ ਕੁ ਵਜੇ ਦਾ ਸਮਾਂ ਹੋਵੇਗਾ ਕਿ ਗੋਲੀ ਚੱਲਣੀ ਸ਼ੁਰੂ ਹੋ ਗਈ। ਮੇਰੇ ਸਾਥੀ ਦੇ ਪੈਰਾਂ ਵਿਚ ਪਤਾ ਨਹੀਂ ਕੀ ਵੱਜਾ ਕਿ ਖ਼ੂਨ ਵਗਣ ਲੱਗਾ ਪਰ ਉਹ ਪੈਰ ਦੀ ਸੱਟ ਦੀ ਪਰਵਾਹ ਕੀਤੇ ਬਗ਼ੈਰ ਸਾਡੇ ਨਾਲ ਲੰਗਰ ਹਾਲ ਵਿਚ ਚਲਾ ਗਿਆ। ਲੰਗਰ ਛਕ ਕੇ ਬਾਹਰ ਆਏ ਤਾਂ ਹਾਲਾਤ ਐਸੇ ਬਣ ਚੁੱਕੇ ਸਨ ਕਿ ਘਰ ਜਾਣਾ ਵੀ ਮੁਸ਼ਕਲ ਹੋ ਗਿਆ ਸੀ। ਸ਼ਾਮ ਨੂੰ ਅਸੀਂ ਆਪਣੇ ਘਰਾਂ ਨੂੰ ਜਾ ਸਕੇ। ਅਗਲੇ ਦਿਨ ੨ ਜੂਨ ਨੂੰ ਅਸੀਂ ਆਪਣੀਆਂ ਡਿਊਟੀਆਂ 'ਤੇ ਆ ਗਏ ਅਤੇ ੪ ਜੂਨ ਤਕ ਆਪਣੀਆਂ ਡਿਊਟੀਆਂ ਕਰਦੇ ਰਹੇ। ੪ ਜੂਨ ਨੂੰ ਸਵੇਰੇ ਲੱਗਭਗ ਪੌਣੇ ਪੰਜ ਵਜੇ ਪਹਿਲਾ ਵੱਡਾ ਫਾਇਰ ਹੋਇਆ। ਅਸੀਂ ਸਾਰੇ ਅੱਭੜਵਾਹੇ ਉੱਠੇ। ਸਾਨੂੰ ਕੁਝ ਵੀ ਨਾ ਸੁਝਿਆ। ਉਸ ਸਮੇਂ ਸਾਡੇ ਨਾਲ ਭਾਈ ਸੁਰਿੰਦਰ ਸਿੰਘ ਜੋਧਪੁਰੀ ਤੇ ਉੱਥੇ ਡਿਊਟੀ ਕਰ ਰਹੇ ਸੇਵਾਦਾਰ ਵੀ ਮੌਜੂਦ ਸਨ। ਫਾਇਰਿੰਗ ਕੁਝ ਘਟੀ ਤਾਂ ਅਸੀਂ ਅੰਦਰ ਡਿਊਟੀ 'ਤੇ ਚਲੇ ਗਏ।

੫ ਜੂਨ ਨੂੰ ਸਾਰਾ ਦਿਨ ਮੈਂ ਕਦੀ ਸਹਾਇਕ ਰਾਗੀ, ਕਦੇ ਤਬਲੇ ਵਾਲੇ ਦੀ ਜਗ੍ਹਾ ਡਿਊਟੀ ਕਰਦਾ ਰਿਹਾ। ਜ਼ਿਆਦਾ ਡਿਊਟੀ ਮੈਂ ਜਥੇਦਾਰ ਰਾਗੀ ਦੀ ਨਿਭਾਉਂਦਾ ਰਿਹਾ। ੫ ਜੂਨ ਦੀ ਸ਼ਾਮ ੫-੬ ਵਜੇ ਬਾਹਰ ਬਾਥਰੂਮ ਗਿਆ। ਉਸ ਤੋਂ ਬਾਅਦ ਮੈਂ ਦਰਸ਼ਨੀ ਡਿਓਢੀ ਚਲਾ ਗਿਆ। ਫਾਇਰਿੰਗ ਇੰਨੀ ਤੇਜ਼ ਸੀ ਕਿ ਮੈਂ ਹਰਿਮੰਦਰ ਸਾਹਿਬ ਡਿਊਟੀ 'ਤੇ ਨਾ ਜਾ ਸਕਿਆ। ਸਾਰੇ ਪਾਸਿਆਂ ਦੀ ਬੱਤੀ ਬੰਦ ਕਰ ਦਿੱਤੀ ਗਈ। ਗਰਮੀ ਬਹੁਤ ਜ਼ਿਆਦਾ ਪੈ ਰਹੀ ਸੀ। ਹਨੇਰੇ ਵਿਚ ਜਦ ਅਸੀਂ ਪਾਣੀ ਦੀ ਤਲਾਸ਼ ਦੌਰਾਨ ਰੈਬਰ ਵਿਚ ਹੱਥ ਮਾਰਿਆ ਤਾਂ ਰੈਬਰ ਖ਼ਾਲੀ ਸੀ। ਅਸੀਂ ਇਕ ਛੋਟਾ ਜਿਹਾ ਟੱਬ ਜਿਸ ਵਿਚ ਬਰਤਨ ਆਦਿ ਧੋਤੇ ਸਨ, ਵਿੱਚੋਂ ਮੂੰਹ ਗਿੱਲਾ ਕਰ ਕੇ ਗੁਜ਼ਾਰਾ ਕਰਦੇ ਰਹੇ। ੫ ਜੂਨ ਨੂੰ ਫਾਇਰਿੰਗ ਇੰਨੀ ਤੇਜ਼ ਸੀ ਕਿ ਚੱਲ ਰਹੇ ਗੋਲਿਆਂ ਬਾਰੇ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸਿਓਂ ਆ ਰਿਹਾ ਸੀ ਜਾਂ ਸ੍ਰੀ ਦਰਬਾਰ ਸਾਹਿਬ ਵਾਲੇ ਪਾਸਿਓਂ। ਬੰਬਾਂ ਦੇ ਖੜਾਕ ਅਤੇ ਧਮਕ ਕਾਰਨ ਘੱਟਾ-ਮਿੱਟੀ ਬਹੁਤ ਜ਼ਿਆਦਾ ਉੱਡ ਰਿਹਾ ਸੀ। ਗੋਲਿਆਂ ਦੇ ਖੜਾਕ ਦੇ ਭੈਅ ਕਾਰਨ ਸਾਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਰਾਤ ਬਹੁਤ ਲੰਬੀ ਹੋ ਗਈ ਹੋਵੇ। ੬ ਜੂਨ ਨੂੰ ਸਾਢੇ ਕੁ ਚਾਰ ਵਜੇ ਦਿਨ ਦੀ ਲੋਅ ਲੱਗੀ ਤਾਂ ਅਸੀਂ ਮਹਿਸੂਸ ਕੀਤਾ ਕਿ ਦਰਸ਼ਨੀ

ਡਿਉਢੀ ਸਾਡੇ ਲਈ ਹੁਣ ਸੁਰੱਖਿਅਤ ਨਹੀਂ, ਸਾਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ। ਮੇਰੇ ਨਾਲ ਇਕ ਸਾਥੀ ਬਲਵੰਤ ਸਿੰਘ 'ਸੂਰਮਾ ਸਿੰਘ' ਵੀ ਸੀ। ਇਸ 'ਸੂਰਮਾ ਸਿੰਘ' ਨੇ ਮੇਰਾ ਕਮੀਜ਼ ਫੜਿਆ, ਅਸੀਂ ਦਰਸ਼ਨੀ ਡਿਉਢੀ ਤੋਂ ਦੱਖਣੀ ਬਾਹੀ ਦੀ ਡਿਉਢੀ ਵੱਲ ਇੰਨੀ ਤੇਜ਼ੀ ਨਾਲ ਭੱਜੇ ਕਿ ਮੇਰੇ ਸਾਥੀ 'ਸੂਰਮਾ ਸਿੰਘ' ਤੋਂ ਮੇਰਾ ਕਮੀਜ਼ ਛੁੱਟ ਗਿਆ। ਗੋਲੀਆਂ ਦੀ ਬੁਛਾੜ ਇੰਨੀ ਤੇਜ਼ ਸੀ ਕਿ ਸਾਡੇ ਵਿੱਚੋਂ ਕਿਸੇ ਦੀ ਵੀ ਹਿੰਮਤ ਨਾ ਪਈ ਕਿ 'ਸੂਰਮਾ ਸਿੰਘ' ਨੂੰ ਲਿਆ ਸਕਦੇ। ਜਦ ਅਸੀਂ ਦਰਸ਼ਨੀ ਡਿਉਢੀ ਤੋਂ ਭੱਜੇ ਤਾਂ ਮੈਂ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੰਜ-ਛੇ ਲਾਸ਼ਾਂ ਫੌਜੀਆਂ ਦੀਆਂ ਅਤੇ ਇਕ ਲਾਸ਼ ਸਿੰਘ ਦੇ ਬਾਣੇ ਵਿਚ ਪਤਾ ਨਹੀਂ ਕਿਸ ਦੀ ਪਈ ਸੀ। ਜਦ ਅਸੀਂ ਕਮਰੇ ਅੰਦਰ ਪ੍ਰਵੇਸ਼ ਕੀਤਾ ਤਾਂ ਅੰਦਰ ਬੈਠੇ ੧੫-੧੬ ਆਦਮੀਆਂ ਨੇ ਇਸ਼ਾਰੇ ਨਾਲ ਸਮਝਾਇਆ ਕਿ ਥਮ੍ਹਲੇ ਦੇ ਓਹਲੇ ਹੋ ਜਾਓ, ਸਾਹਮਣੇ ਮਿਲਟਰੀ ਵਾਲੇ ਹਮਲਾ ਕਰਦੇ ਆ ਰਹੇ ਹਨ। ਗੋਲੀਆਂ, ਬੰਬਾਂ ਦੀ ਅਵਾਜ਼ ਇੰਨੀ ਭਿਆਨਕ ਸੀ ਕਿ ਦਰਵਾਜ਼ੇ ਕੋਲ ਪਏ ਪੀਪੇ ਵਿੱਚੋਂ ਥੋੜ੍ਹੇ ਜਿਹੇ ਪਾਣੀ ਨੂੰ ਲਿਆਉਣ ਦੀ ਹਿੰਮਤ ਕੋਈ ਨਹੀਂ ਸੀ ਕਰ ਰਿਹਾ। ਸਾਰੇ ਇਕ ਦੂਸਰੇ ਨੂੰ ਕਹਿ ਰਹੇ ਸਨ ਕਿ ਪਾਣੀ ਪਿਲਾਓ। ਪਹਿਲਾਂ ਬੈਠਿਆਂ ਵਿਚ ਮੇਰਾ ਕੋਈ ਵੀ ਵਾਕਿਫ਼ ਨਹੀਂ ਸੀ, ਪਰ ਫਿਰ ਵੀ ਮੈਂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਅਰਕਾਂ ਭਾਰ ਚੱਲਦਾ ਹੋਇਆ ਪਾਣੀ ਵਾਲਾ ਪੀਪਾ ਚੁੱਕ ਲਿਆਇਆ। ਇਸ ਪੀਪੇ ਵਿਚ ਅੱਧੇ ਤੋਂ ਜ਼ਿਆਦਾ ਮਿੱਟੀ-ਘੱਟਾ ਤੇ ਦੋ ਕੁ ਲਿਟਰ ਪਾਣੀ ਮੌਜੂਦ ਸੀ। ਅਸੀਂ ਹਾਲਾਤ ਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਥੋੜ੍ਹਾ-ਥੋੜ੍ਹਾ ਹੀ ਪਾਣੀ ਪੀਤਾ।

੬ ਜੂਨ ਨੂੰ ਸ਼ਾਮੀਂ ੪ ਵਜੇ ਤੋਂ ੪-੩੦ ਵਜੇ ਦੇ ਦਰਮਿਆਨ ਅਨਾਊਂਸਮੈਂਟ ਹੋਈ ਕਿ ਜੋ ਵੀ ਵਿਅਕਤੀ ਅੰਦਰ ਮੌਜੂਦ ਹੈ, ਹੱਥ ਖੜ੍ਹੇ ਕਰ ਕੇ ਬਾਹਰ ਆ ਜਾਓ। ਅਸੀਂ ਸਾਰੇ ਬਾਹਰ ਨਿਕਲਣ ਲੱਗੇ ਤਾਂ ਅੰਦਰ ਬੈਠੇ ਇਕ ਜ਼ਖਮੀ ਸਿੰਘ ਨੇ ਮੈਨੂੰ ਤਰਲੇ ਮਾਰਦਿਆਂ ਕਿਹਾ ਕਿ ਮੈਨੂੰ ਵੀ ਬਾਹਰ ਲੈ ਜਾਓ, ਨਹੀਂ ਤਾਂ ਮੈਨੂੰ ਮਿਲਟਰੀ ਵਾਲੇ ਅੰਦਰ ਦੇਖ ਕੇ ਮਾਰ ਦੇਣਗੇ। ਬੰਦੇ ਦੀ ਜਾਨ ਬਚਾਉਣੀ ਪੁੰਨ ਸਮਝਦਿਆਂ ਮੈਂ ਉਸ ਨੂੰ ਘਨੇੜ ਚੁੱਕ ਲਿਆ। ਬਾਹਰ ਜਾ ਕੇ ਜਦ ਮੈਂ ਹੱਥ ਖੜ੍ਹੇ ਕਰਨ ਲੱਗਾ ਤਾਂ ਫੱਟੜ ਸਿੰਘ ਦਾ ਸਾਰਾ ਭਾਰ ਮੇਰੀ ਗਰਦਨ 'ਤੇ ਆ ਪਿਆ। ਮੈਂ ਬਹੁਤ ਮੁਸ਼ਕਲ ਨਾਲ ਸੰਭਾਲਦਾ ਹੋਇਆ ਉਸ ਨੂੰ ਸ਼ਹੀਦ ਬੁੰਗੇ ਤਕ ਲੈ ਗਿਆ। ਉੱਥੇ ਜਾਂਦਿਆਂ ਹੀ ਸਾਡੀਆਂ ਸਿਰ ਵਾਲੀਆਂ ਦਸਤਾਰਾਂ ਨਾਲ ਬਾਹਾਂ ਨੂੰ ਪਿੱਛੇ ਕਰ ਕੇ ਬੰਨ੍ਹ ਦਿੱਤਾ ਗਿਆ। ਸਾਵਧਾਨ ਬੈਠਣ ਦੀ ਹਦਾਇਤ ਕੀਤੀ ਗਈ। ਸਾਡੇ ਨਾਲੋਂ ਪਹਿਲਾਂ ਬੈਠੇ ਵਿਅਕਤੀ 'ਪਾਣੀ-ਪਾਣੀ' ਕੁਰਲਾ ਰਹੇ ਸਨ। ਮਿਲਟਰੀ ਵਾਲਿਆਂ ਨੇ ਸਾਡੇ ਹੱਥ ਨਹੀਂ ਖੋਲ੍ਹੇ। ਉਹ ਆਪੇ ਹੀ ਪਾਣੀ ਦੇ ਗਿਲਾਸ ਸਾਡੇ ਮੂੰਹ ਨੂੰ ਲਗਾ ਕੇ ਪਾਣੀ ਪਿਲਾ ਰਹੇ ਸਨ। ਜਦ ਸਾਨੂੰ ਪਾਣੀ ਦਿੱਤਾ ਤਾਂ ਉਸ ਵਿੱਚੋਂ ਲਾਸ਼ਾਂ ਦੀ ਬੋ ਆ ਰਹੀ ਸੀ। ਅਸੀਂ ਨਾ ਚਾਹੁੰਦਿਆਂ ਹੋਇਆਂ ਵੀ ਜਾਨ ਬਚਾਉਣ ਦੀ ਖ਼ਾਤਰ ਅੱਧਾ-ਅੱਧਾ ਗਿਲਾਸ ਪਾਣੀ ਪੀਤਾ। ੭ ਜੂਨ ਨੂੰ ਭਾਈ ਦਰਸ਼ਨ ਸਿੰਘ ਸੇਵਾਦਾਰ, ੫ ਵਜੇ ਤੋਂ ੬ ਵਜੇ ਦੇ ਦਰਮਿਆਨ ਬੈਠੇ ਸਿੰਘਾਂ ਕੋਲ ਪਹਿਰਾ ਦੇ ਰਹੇ ਮਿਲਟਰੀ ਵਾਲਿਆਂ ਕੋਲ ਗਿਆ, ਜਿਸ ਕੋਲ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਦੁਆਰਾ ਤਿਆਰ ਕੀਤੀ ਲਿਸਟ ਸੀ। ਉਸ ਸੇਵਾਦਾਰ ਨੇ ਮਿਲਟਰੀ ਵਾਲਿਆਂ ਨੂੰ ਲਿਸਟ ਦਿਖਾਉਂਦੇ ਹੋਏ ਕਿਹਾ ਕਿ ਮਿਲਟਰੀ ਅਫ਼ਸਰ ਆ ਰਹੇ ਹਨ, ਕੀਰਤਨ ਸ਼ੁਰੂ ਕਰਨਾ ਹੈ, ਫਲਾਣੇ-ਫਲਾਣੇ ਬੰਦੇ ਛੱਡ ਦਿਓ। ਮੇਰਾ ਮਿੱਟੀ ਨਾਲ ਮੂੰਹ ਭਰਿਆ ਪਿਆ ਸੀ। ਮੈਂ ਆਪਣਾ

ਮੂੰਹ ਮੋਢੇ ਨਾਲ ਸਾਫ਼ ਕਰਦਿਆਂ ਕਿਹਾ ਕਿ 'ਮੈਂ ਗੁਰਚਰਨ ਸਿੰਘ ਰਾਗੀ ਹਾਂ। ਜੇ ਕੀਰਤਨ ਅਰੰਭ ਕਰਨਾ ਹੈ ਤਾਂ ਮੈਂ ਆਵਾਂ?' ਇੰਨਾ ਕਹਿਣ ਦੀ ਦੇਰ ਸੀ ਕਿ ਮਿਲਟਰੀ ਵਾਲੇ ਨੇ ਮੇਰੇ ਮੋਢੇ 'ਤੇ ਬੱਟ ਕੱਢ ਮਾਰਿਆ। ਸੇਵਾਦਾਰ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਨੂੰ ਛੱਡ ਦਿਓ। ਮੈਂ ਉੱਠ ਕੇ ਉਸ ਸੇਵਾਦਾਰ ਦੇ ਨਾਲ ਚਲਾ ਗਿਆ। ਮਿਲਟਰੀ ਵਾਲੇ ਮੇਰੇ ਵੱਲ ਇਸ ਤਰ੍ਹਾਂ ਦੇਖ ਰਹੇ ਸਨ ਜਿਵੇਂ ਮੈਂ ਉਨ੍ਹਾਂ ਦਾ ਬਹੁਤ ਵੱਡਾ ਗੁਨਾਹਗਾਰ ਹੋਵਾਂ। ਕਾਫ਼ੀ ਦਿਨ ਗਰਮੀ ਵਿਚ ਅਤੇ ਮਿੱਟੀ-ਘੱਟੇ ਵਿਚ ਰਹੇ ਸੀ। ਮੈਂ 'ਹਰਿ ਕੀ ਪੌੜੀ' ਮੂੰਹ-ਹੱਥ ਧੋਤਾ ਅਤੇ ਕਮੀਜ਼ ਪਜਾਮਾ ਪਾਣੀ 'ਚ ਘਚੋਲ ਕੇ ਜੰਗਲੇ 'ਤੇ ਪਾ ਦਿੱਤਾ। ਗਿਆਨੀ ਸਾਹਿਬ ਸਿੰਘ ਅਵਾਜ਼ਾਂ ਮਾਰ ਰਹੇ ਸਨ ਕਿ ਕੀਰਤਨ ਅਰੰਭ ਕਰੋ, ਅਫ਼ਸਰ ਆ ਰਹੇ ਹਨ। ਮੈਂ ਆਉਣ ਹੀ ਲੱਗਾ ਸੀ ਕਿ ਮੇਰਾ ਸੂਟ ਉੱਡ ਕੇ ਸਰੋਵਰ ਵਿਚ ਜਾ ਡਿੱਗਾ। ਫਿਰ ਮੈਂ ਸੇਵਾਦਾਰ ਨੂੰ ਅਵਾਜ਼ ਮਾਰੀ ਤੇ ਕਿਹਾ ਕਿ ਸਿਰ 'ਤੇ ਦਸਤਾਰ ਨਹੀਂ ਹੈ। ਮੈਨੂੰ ਦੋ ਸਿਰੋਪੇ ਲਿਆ ਕੇ ਦਿਉ। ਮੈਂ ਸਿਰੋਪੇ ਸਿਰ 'ਤੇ ਬੰਨ੍ਹ ਲਏ। ਫਿਰ ਮੈਂ ਉਸ ਸੇਵਾਦਾਰ ਨੂੰ ਕਿਹਾ ਕਿ ਮੇਰਾ ਸੂਟ ਸਰੋਵਰ ਵਿਚ ਜਾ ਡਿੱਗਾ ਹੈ, ਮੈਨੂੰ ਥੱਲੇ ਵਿਛਾਉਣ ਵਾਲੀ ਚਿੱਟੀ ਚਾਦਰ ਲਿਆ ਦਿਉ। ਉਸ ਨੇ ਚਾਦਰ ਲਿਆ ਕੇ ਦਿੱਤੀ। ਮੈਂ ਚਾਦਰ ਨੰਗੇ ਸਰੀਰ 'ਤੇ ਲਪੇਟ ਕੇ ਸ੍ਰੀ ਦਰਬਾਰ ਸਾਹਿਬ ਅੰਦਰ ਜਾ ਕੇ ਕੀਰਤਨ ਅਰੰਭ ਕਰ ਦਿੱਤਾ। ਸਾਨੂੰ ਹੁਕਮ ਸੀ ਕਿ ਜਦ ਕੋਈ ਅਫ਼ਸਰ ਆਵੇ, ਕੀਰਤਨ ਅਰੰਭ ਕਰ ਦਿੱਤਾ ਜਾਵੇ। ਅਫ਼ਸਰ ਜਾਣ ਤੋਂ ਬਾਅਦ ਸ਼ਬਦ ਦੀ ਸਮਾਪਤੀ ਜ਼ਰੂਰ ਕਰਨੀ ਹੈ। ਇਕ ਵਾਰ ਇਕ ਅਫ਼ਸਰ ਆਇਆ, ਮੈਂ ਕੀਰਤਨ ਅਰੰਭ ਕਰ ਦਿੱਤਾ। ਕੀਰਤਨ ਕਰਦਿਆਂ-ਕਰਦਿਆਂ ਮੇਰੀ ਐਸੀ ਅੱਖ ਲੱਗੀ ਕਿ ਮੈਨੂੰ ਕੋਈ ਪਤਾ ਨਾ ਲੱਗਾ ਕਿ ਅਫ਼ਸਰ ਕਦੋਂ ਆਏ ਤੇ ਕਦੋਂ ਵਾਪਸ ਚਲੇ ਗਏ? ਮੇਰੇ ਸਾਥੀ ਨੇ ਮੇਰਾ ਗੋਡਾ ਨੱਪ ਕੇ ਕਿਹਾ ਕਿ ਸ਼ਬਦ ਦੀ ਸਮਾਪਤੀ ਕਰੋ।

ਜਦ ਅਸੀਂ ਪੇਸ਼ਾਬ ਆਦਿ ਜਾਣਾ ਹੁੰਦਾ ਤਾਂ ਮਿਲਟਰੀ ਵਾਲੇ ਘੰਟਾ-ਘਰ ਵਾਲੇ ਪਾਸੇ ਸਾਡੇ ਨਾਲ ਜਾਂਦੇ ਅਤੇ ਆਪਣੀ ਖ਼ੁਫ਼ੀਆ ਭਾਸ਼ਾ ਵਿਚ ਅਗਲੇ ਨੂੰ ਪਤਾ ਨਹੀਂ ਕੀ ਸਮਝਾਉਂਦੇ?

੮ ਜੂਨ ਨੂੰ ਮੈਂ ਗਿਆਨੀ ਸਾਹਿਬ ਸਿੰਘ ਨੂੰ ਕਿਹਾ ਕਿ ਕਾਫ਼ੀ ਦਿਨ ਹੋ ਗਏ ਕੁਝ ਖਾਧਾ-ਪੀਤਾ ਨਹੀਂ ਤੇ ਨਾ ਹੀ ਇਸ਼ਨਾਨ ਕੀਤਾ ਹੈ, ਮੈਂ ਗਿਆਨੀ ਪੂਰਨ ਸਿੰਘ ਹੋਰਾਂ ਦੇ ਘਰੋਂ ਕੁਝ ਖਾ ਪੀ ਕੇ ਆਉਂਦਾ ਹਾਂ। ਮੈਂ ਕੱਪੜੇ ਬਦਲ ਕੇ ਅਜੇ ਅੱਧਾ ਫੁਲਕਾ ਹੀ ਖਾਧਾ ਸੀ ਕਿ ਸੁਨੇਹਾ ਪਹੁੰਚ ਗਿਆ ਕਿ ਜਲਦੀ ਪਹੁੰਚੋ, ਕੀਰਤਨ ਅਰੰਭ ਕਰਨਾ ਹੈ। ਮੈਂ ਉਸੇ ਵਕਤ ਉੱਠ ਖਲੋਤਾ ਅਤੇ ਬਚਦਾ ਅੱਧਾ ਫੁਲਕਾ ਜੇਬ ਵਿਚ ਇਹ ਸੋਚ ਕੇ ਪਾ ਲਿਆ ਕਿ ਜੇ ਸਮਾਂ ਲੱਗਾ ਤਾਂ ਖਾ ਲਵਾਂਗੇ। ੧੦ ਜੂਨ ਨੂੰ ਮੈਂ ਸਿੰਘ ਸਾਹਿਬ ਜੀ ਨੂੰ ਕਿਹਾ ਕਿ ਮੈਂ ਘਰੇ ਜਾ ਕੇ ਨਹਾ-ਧੋ ਆਵਾਂ, ਨਾਲੇ ਘਰ ਦੱਸ ਆਵਾਂ, ਘਰ ਵਾਲੇ ਫਿਕਰ ਕਰਦੇ ਹੋਣਗੇ। ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ਕਿਹਾ, "ਤੂੰ ਜਾਹ! ਤੇਰੇ ਨਾਲ ਮਿਲਟਰੀ ਵਾਲੇ ਭੇਜ ਦਿੰਦੇ ਹਾਂ, ਕਿਉਂਕਿ ਹਾਲਾਤ ਬਹੁਤ ਮਾੜੇ ਹਨ, ਨਾ ਤਾਂ ਤੈਨੂੰ ਕਿਸੇ ਨੇ ਜਾਣ ਦੇਣਾ ਹੈ ਅਤੇ ਆਉਣ ਲੱਗਿਆਂ ਵੀ ਮੁਸ਼ਕਲ ਹੋਏਗੀ।" ਮੇਰੇ ਨਾਲ ਮਿਲਟਰੀ ਵਾਲੇ ਗਏ। ਮੈਂ ਇਸ਼ਨਾਨ-ਪਾਣੀ ਕੀਤਾ। ਮਿਲਟਰੀ ਵਾਲੇ ਮੈਨੂੰ ਉਸੇ ਸਮੇਂ ਵਾਪਸ ਸ੍ਰੀ ਹਰਿਮੰਦਰ ਸਾਹਿਬ ਲੈ ਆਏ।

■

ਜੂਨ ੮੪ ਦੇ ਫੌਜੀ ਹਮਲੇ ਦਾ ਅੱਖੀਂ-ਡਿੱਠਾ ਹਾਲ

-ਭਾਈ ਜਸਵੰਤ ਸਿੰਘ

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹੁਣ ਤਕ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਹਮਲੇ ਕੀਤੇ ਗਏ ਜਿਨ੍ਹਾਂ ਵਿੱਚੋਂ ਪਹਿਲਾ ਹਮਲਾ ਮੱਸਾ ਰੰਗੜ ਵਰਗੇ ਦੁਸ਼ਟਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹੱਦੋਂ ਵੱਧ ਬੇ-ਹੁਰਮਤੀ ਕਰ ਕੇ ਕੀਤਾ ਜਿਸ ਕਰਕੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ੧੮੦੯ ਬਿਕ੍ਰਮੀ ਨੂੰ ਉਹ ਦੁਸ਼ਟ ਸੋਧ ਦਿੱਤਾ।

ਸ੍ਰੀ ਦਰਬਾਰ ਸਾਹਿਬ 'ਤੇ ਦੂਸਰਾ ਹਮਲਾ ਇਕ ਸਾਲ ਬਾਅਦ ੧੮੧੦ ਬਿਕ੍ਰਮੀ ਦੇ ਅਖੀਰ ਵਿਚ ਮੀਰ ਮਨੂੰ ਸੂਬਾ ਲਾਹੌਰ ਨੇ ਕੀਤਾ ਅਤੇ ਸਿੱਖੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ।

ਚਾਰ ਸਾਲ ਬਾਅਦ ਸ੍ਰੀ ਦਰਬਾਰ ਸਾਹਿਬ 'ਤੇ ਤੀਸਰਾ ਹਮਲਾ ੧੮੧੪ ਬਿਕ੍ਰਮੀ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਕੀਤਾ। ਉਸ ਸਮੇਂ ਉਸ ਦਾ ਦਿੱਲੀ ਤੋਂ ਲੁੱਟਿਆ ਮਾਲ ਸਿੰਘਾਂ ਨੇ ਦੁਆਬੇ ਅਤੇ ਮਾਝੇ ਵਿਚ ਖੋਹ ਲਿਆ। ਤੈਮੂਰ ਸ਼ਾਹ ਸੂਬਾ ਲਾਹੌਰ ਨੇ ਜਹਾਨ ਖਾਨ ਨੂੰ ਅੰਮ੍ਰਿਤਸਰ ਭੇਜਿਆ। ਜਹਾਨ ਖਾਨ ਦੀ ਅਗਵਾਈ ਵਾਲੀ ਫ਼ੌਜ ਦਾ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਭਾਰੀ ਯੁੱਧ ਹੋਇਆ ਜਿਸ ਵਿਚ ਬਾਬਾ ਦੀਪ ਸਿੰਘ ਜੀ ਬਹੁਤ ਸਾਰੇ ਸਿੰਘਾਂ ਸਮੇਤ ਸ਼ਹੀਦ ਹੋ ਗਏ। ਜਹਾਨ ਖਾਨ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਜਿੱਥੇ ਸ਼ਹਿਰ ਦੀਆਂ ਬਹੁਤ ਸੁੰਦਰ ਇਮਾਰਤਾਂ ਢਾਹ ਦਿੱਤੀਆਂ ਉੱਥੇ ਅੰਮ੍ਰਿਤ ਸਰੋਵਰ ਨੂੰ ਵੀ ਮਿੱਟੀ ਨਾਲ ਭਰਵਾ ਦਿੱਤਾ।

ਪੰਜ ਸਾਲ ਬਾਅਦ ਸ੍ਰੀ ਦਰਬਾਰ ਸਾਹਿਬ 'ਤੇ ਚੌਥਾ ਹਮਲਾ ੧੮੧੯ ਬਿਕ੍ਰਮੀ ਵਿਚ ਹੋਇਆ ਜਦੋਂ ਅਹਿਮਦ ਸ਼ਾਹ ਵੱਲੋਂ ਬਰੂਦ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ ਗਿਆ ਅਤੇ ਪਾਵਨ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ।

ਪੰਜਵਾਂ ਹਮਲਾ ਜੂਨ ੧੯੮੪ ਈ. ਵਿਚ ੧੬੫ ਸਾਲ ਬਾਅਦ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਭਾਰਤੀ ਫ਼ੌਜ ਰਾਹੀਂ ਕਰਵਾਇਆ ਗਿਆ। ਇਸ ਫ਼ੌਜੀ ਕਾਰਵਾਈ ਦਾ ਨਾਂ ਅਖੌਤੀ 'ਐਕਸ਼ਨ ਬਲਿਊ ਸਟਾਰ' ਰੱਖਿਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਪਹਿਲੀ ਜੂਨ ਤੋਂ ਚਾਰ ਜੂਨ ਤਕ ਬਾਹਰੋਂ ਟੈਂਕ ਅਤੇ ਤੋਪਾਂ ਅੱਗ ਦਾ ਮੀਂਹ ਵਰ੍ਹਾਉਂਦੀਆਂ ਰਹੀਆਂ।

੩੧ ਮਈ, ੧੯੮੪ ਨੂੰ ਸੀ.ਆਰ.ਪੀ.ਐਫ. ਵੱਲੋਂ ਫਾਇਰਿੰਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਦੇ ਕੁਆਰਟਰ ਅਖਾੜਾ ਬ੍ਰਹਮ ਬੂਟਾ ਨੇੜੇ ਬਣੇ ਹੋਏ ਸਨ, ਜਿਨ੍ਹਾਂ ਵੱਲ ਆਮ ਆਵਾਜਾਈ ਰੋਕਣ ਲਈ ਇਮਾਰਤੀ ਵਿਭਾਗ, ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵੱਲੋਂ ਦੀਵਾਰ ਕਰਨ ਆਏ ਰਾਜ ਮਿਸਤਰੀ ਅਤੇ ਮਜ਼ਦੂਰਾਂ ਨੂੰ ੩੧ ਮਈ, ੧੯੮੪ ਨੂੰ ਸੀ. ਆਰ. ਪੀ. ਐਫ. ਨੇ ਬਹੁਤ ਤੰਗ-ਪ੍ਰੇਸ਼ਾਨ ਕੀਤਾ। ਮਜ਼ਦੂਰਾਂ

ਅਤੇ ਸੀ. ਆਰ. ਪੀ. ਐਫ. ਦਰਮਿਆਨ ਕਾਫ਼ੀ ਗਰਮਾ-ਗਰਮੀ ਹੋਈ। ਮਜ਼ਦੂਰਾਂ ਨੂੰ ਥਾਣਾ ਕੋਤਵਾਲੀ ਫੜਾਉਣ ਤਕ ਦੀ ਨੌਬਤ ਆ ਗਈ। ਸੀ. ਆਰ. ਪੀ. ਐਫ. ਦੇ ਅਜਿਹੇ ਵਤੀਰੇ ਤੋਂ ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਉਹ ਗਿਣੀ-ਮਿਥੀ ਸਾਜ਼ਿਸ਼ ਤਹਿਤ ਹਮਲਾਵਰ ਬਣ ਕੇ ਆਏ ਹੋਣ। ਕੁਝ ਹੀ ਸਮੇਂ ਬਾਅਦ ਸੀ. ਆਰ. ਪੀ. ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵੱਲ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ।

੧ ਜੂਨ, ੧੯੮੪

੧ ਜੂਨ, ੧੯੮੪ ਨੂੰ ਸੀ. ਆਰ. ਪੀ. ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ ਵੱਲ ਦੁਪਹਿਰੇ ਤਕਰੀਬਨ ੧੨:੪੦ ਵਜੇ ਗੋਲੀਬਾਰੀ ਸ਼ੁਰੂ ਹੋਈ। ਉਸ ਸਮੇਂ ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਖੇ ਦੁਪਹਿਰ ਦੀ ਰੋਟੀ ਖਾਣ ਦੀ ਛੁੱਟੀ ਹੋਈ ਸੀ। ਮੈਂ ਅਤੇ ਸ. ਕੁਲਬੀਰ ਸਿੰਘ ਘਰ ਰੋਟੀ ਖਾਣ ਗਏ ਹੋਏ ਸੀ। ਅਸੀਂ ਜਲਦੀ-ਜਲਦੀ ਰੋਟੀ ਖਾ ਕੇ ਵਾਪਸ ਦਫ਼ਤਰ ਵਿਖੇ ਆ ਗਏ।

ਉਸ ਸਮੇਂ ਦੋਹਾਂ ਪਾਸਿਆਂ ਤੋਂ ਗੋਲੀਆਂ ਦੀ ਬੁਛਾੜ ਹੋ ਰਹੀ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਿਨ੍ਹਾਂ ਵਿਚ ਸ. ਬਲਬੀਰ ਸਿੰਘ ਗੁਰਦੁਆਰਾ ਇੰਸਪੈਕਟਰ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਦੇ ਨਜ਼ਦੀਕ ਤੇ ਕਈ ਹੋਰ ਯਾਤਰੂ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਵਿਚ ਬੱਬਰ ਖ਼ਾਲਸਾ ਦਾ ਭਾਈ ਮਹਿੰਗਾ ਸਿੰਘ ਅਤੇ ਸੰਤ ਭਿੰਡਰਾਂਵਾਲਿਆਂ ਦੇ ਕਈ ਸਾਥੀ ਵੀ ਸ਼ਾਮਲ ਸੀ। ਇਸ ਦੌਰਾਨ ਸਰਕਾਰ ਵੱਲੋਂ ਕਰਫ਼ਿਊ ਵੀ ਲਾ ਦਿੱਤਾ ਗਿਆ। ਸਾਨੂੰ ਦਫ਼ਤਰ ਵਿਚ ਹੀ ਰਾਤ ਹੋ ਗਈ। ਜਦੋਂ ਗੋਲਾਬਾਰੀ ਕੁਝ ਮੱਠੀ ਹੋਈ ਤਾਂ ਮੈਂ ਅਤੇ ਹੋਰ ਮੁਲਾਜ਼ਮ ਆਪੋ-ਆਪਣੇ ਘਰਾਂ ਨੂੰ ਗਏ।

ਮੈਂ ਇੱਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਸਾਰੀ ਵਾਪਰੀ ਘਟਨਾ ਦੀ ਰਿਪੋਰਟ ਸ. ਅਬਿਨਾਸ਼ੀ ਸਿੰਘ ਜੀ (ਪੀ. ਏ. ਪ੍ਰਧਾਨ ਸਾਹਿਬ) ਨੇ ਜਥੇ. ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰ ਦਿੱਤੀ ਸੀ।

੧ ਜੂਨ ਸ਼ਾਮ ਨੂੰ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਵੱਲੋਂ ਗਵਰਨਰ ਪੰਜਾਬ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਟੈਲੀਫੋਨ ਰਾਹੀਂ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਇਹ ਸਭ ਕੋਸ਼ਿਸ਼ਾਂ ਅਸਫ਼ਲ ਰਹੀਆਂ।

੨ ਜੂਨ, ੧੯੮੪

੨ ਜੂਨ ਨੂੰ ਸ. ਕੁਲਬੀਰ ਸਿੰਘ, ਭਾਈ ਸ਼ੇਰ ਸਿੰਘ ਅਤੇ ਦਾਸ ਸਵੇਰੇ ਤਕਰੀਬਨ ੬-੩੦ ਵਜੇ ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਖੇ ਆ ਗਏ। ਦਫ਼ਤਰ ਕੁਝ ਜ਼ਰੂਰੀ ਕੰਮ ਨਿਪਟਾ ਕੇ ਸਵੇਰੇ ੭:੩੦ ਵਜੇ ਦੇ ਕਰੀਬ ਜਦੋਂ ਮੈਂ ਸਰਾਂ ਗੁਰੂ ਰਾਮਦਾਸ ਦੇ ਕਮਰਾ ਨੰ: ੪੦ ਵਿਚ ਗਿਆ, ਤਾਂ ਕੀ ਦੇਖਿਆ ਕਿ ਉੱਥੇ ਚਾਰ-ਪੰਜ ਲਾਸ਼ਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਲਾਸ਼ਾਂ ਉੱਪਰ ਉਨ੍ਹਾਂ ਦੀਆਂ ਦਸਤਾਰਾਂ ਦਿੱਤੀਆਂ ਹੋਈਆਂ ਸਨ। ਇਨ੍ਹਾਂ ਲਾਸ਼ਾਂ ਵਿੱਚੋਂ ਮੈਂ ਸ. ਬਲਬੀਰ ਸਿੰਘ ਗੁਰਦੁਆਰਾ ਇੰਸਪੈਕਟਰ ਸ਼੍ਰੋਮਣੀ ਕਮੇਟੀ ਦੀ ਲਾਸ਼ ਪਹਿਚਾਣ ਕੇ ਵਾਪਸ ਦਫ਼ਤਰ (ਸ਼੍ਰੋਮਣੀ ਕਮੇਟੀ) ਆ ਗਿਆ। ਕੁਝ ਹੀ ਸਮੇਂ ਬਾਅਦ ਇਹ ਸਾਰੀਆਂ ਲਾਸ਼ਾਂ ਪੋਸਟ-ਮਾਰਟਮ ਵਾਸਤੇ ਪੁਲਿਸ ਦੀ ਇਕ ਪੂਰੀ ਪਾਰਟੀ ਲੈਣ ਆਈ। ਪਰ ਭਾਈ ਮਹਿੰਗਾ

ਸਿੰਘ ਅਤੇ ਸੰਤ ਜਰਨੈਲ ਸਿੰਘ ਜੀ ਦੇ ਸਾਥੀਆਂ ਦੀਆਂ ਲਾਸ਼ਾਂ ਨਹੀਂ ਦਿੱਤੀਆਂ ਗਈਆਂ। ਭਾਈ ਮਹਿੰਗਾ ਸਿੰਘ ਦਾ ਸਸਕਾਰ ਮੰਜੀ ਸਾਹਿਬ ਦੇ ਨਜ਼ਦੀਕ ਅਤੇ ਸੰਤ ਜਰਨੈਲ ਸਿੰਘ ਜੀ ਦੇ ਸਾਥੀਆਂ ਦਾ ਸਸਕਾਰ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਦੇ ਨਜ਼ਦੀਕ ਹੀ ਕਰ ਦਿੱਤਾ ਗਿਆ।

੨ ਜੂਨ ਨੂੰ ਸਵੇਰੇ ਦਸ ਵਜੇ ਜਥੇ. ਗੁਰਚਰਨ ਸਿੰਘ ਜੀ ਟੌਹੜਾ (ਪ੍ਰਧਾਨ ਸ਼੍ਰੋਮਣੀ ਕਮੇਟੀ) ਦਫ਼ਤਰ ਸ਼੍ਰੋਮਣੀ ਕਮੇਟੀ ਪਹੁੰਚ ਗਏ ਸਨ। ਪ੍ਰਧਾਨ ਸਾਹਿਬ ਜੀ ਨੇ ਰਸਤੇ ਵਿਚ ਆਈਆਂ ਕਠਿਨਾਈਆਂ ਬਾਰੇ ਸਾਨੂੰ ਦੱਸਿਆ ਕਿ ਜੱਲ੍ਹਿਆਂ ਵਾਲੇ ਬਾਗ ਦੇ ਨੇੜੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਜਦ ਅਸੀਂ ਬ੍ਰਹਮ ਬੂਟਾ ਅਖਾੜੇ ਦੇ ਨਜ਼ਦੀਕ ਪਹੁੰਚੇ ਤਾਂ ਪੁਲਿਸ ਨੇ ਸਾਨੂੰ ਕਿਹਾ ਕਿ ਤੁਸੀਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਨਹੀਂ ਜਾ ਸਕਦੇ ਤਾਂ ਟੌਹੜਾ ਸਾਹਿਬ ਨੇ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਾਂ, ਮੈਂ ਅੰਦਰ ਜਾਣਾ ਹੈ। ਬੇਸ਼ੱਕ ਤੁਸੀਂ (ਸੀ. ਆਰ. ਪੀ. ਐਫ.) ਮੈਨੂੰ ਗੋਲੀ ਮਾਰ ਦਿਓ। ਉੱਥੋਂ ਉਹ (ਪ੍ਰਧਾਨ ਸਾਹਿਬ) ਧੱਕੇ ਨਾਲ ਕੰਪਲੈਕਸ ਅੰਦਰ ਦਾਖ਼ਲ ਹੋ ਗਏ।

ਜਦ ਪ੍ਰਧਾਨ ਸਾਹਿਬ ਦਫ਼ਤਰ ਸ਼੍ਰੋਮਣੀ ਕਮੇਟੀ ਪਹੁੰਚੇ ਤਾਂ ਬਹੁਤ ਥੱਕੇ ਹੋਏ ਅਤੇ ਬਹੁਤ ਹੀ ਬੇਚੈਨ ਨਜ਼ਰ ਆ ਰਹੇ ਸਨ। ਅਸੀਂ ਉਨ੍ਹਾਂ ਨੂੰ ਚਾਹ ਆਦਿ ਪਿਲਾਈ। ਉਸ ਤੋਂ ਬਾਅਦ ਪ੍ਰਧਾਨ ਸਾਹਿਬ ਨੇ ਡੀ. ਸੀ. ਅਤੇ ਐੱਸ. ਐੱਸ. ਪੀ. ਅੰਮ੍ਰਿਤਸਰ ਨਾਲ ਰਾਬਤਾ ਕਾਇਮ ਕਰ ਕੇ ਲਾਸ਼ਾਂ ਸੰਬੰਧਤ ਪਰਵਾਰਾਂ ਨੂੰ ਦੇਣ ਲਈ ਕਿਹਾ। ਬਾਅਦ ਦੁਪਹਿਰ ਜਦ ਅਸੀਂ ਪਰਸ਼ਾਦਾ ਛਕਣ ਲਈ ਕਿਹਾ ਤਾਂ ਉਹ ਗੰਭੀਰ ਸੋਚ ਵਿਚ ਡੁੱਬੇ ਹੋਏ ਸਨ ਅਤੇ ਉਨ੍ਹਾਂ ਨੇ ਅਣਮੰਨੇ ਮਨ ਨਾਲ ਇਕ ਹੀ ਫੁਲਕਾ ਛਕਿਆ।

ਰਾਤ ਨੂੰ ਪ੍ਰਧਾਨ ਸਾਹਿਬ ਨੂੰ ਫੁਲਕਾ ਛਕਾ ਕੇ ਤਕਰੀਬਨ ੯ ਵਜੇ ਅਸੀਂ ਆਪਣੇ ਘਰ (ਪਲਾਟ ਨੰ: ੬੪) ਵਿਚ ਚਲੇ ਗਏ ਕਿਉਂਕਿ ਬਾਗ ਵਾਲੀ ਗਲੀ ਰਾਹੀਂ ਘਰ ਆਇਆ ਜਾ ਸਕਦਾ ਸੀ। ਇਸ ਪਾਸੇ ਅਜੇ ਸੀ. ਆਰ. ਪੀ. ਐਫ. ਚੌਕ ਪ੍ਰਾਗਦਾਸ ਤੋਂ ਅੱਗੇ ਨਹੀਂ ਸੀ ਆਈ।

੩ ਜੂਨ, ੧੯੮੪

੩ ਜੂਨ, ੧੯੮੪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੋਣ ਕਰਕੇ ਸਵੇਰੇ ਛੇ ਵਜੇ ਤੋਂ ਦਸ ਵਜੇ ਤਕ ਅਚਾਨਕ ਹੀ ਲੱਗੇ ਕਰਫ਼ਿਊ ਵਿਚ ਢਿੱਲ ਦੇ ਦਿੱਤੀ ਗਈ। ਸਵੇਰੇ ਸਾਢੇ ਛੇ ਵਜੇ ਦੇ ਕਰੀਬ ਕਰਫ਼ਿਊ ਵਿਚ ਢਿੱਲ ਹੋਣ ਕਾਰਨ ਮੈਂ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਆ ਗਿਆ। ਹਾਲਾਤ ਨੂੰ ਦੇਖਦੇ ਹੋਏ ਮੈਂ ਆਪਣਾ ਕਛਹਿਰਾ ਤੇ ਤੌਲੀਆ ਆਦਿ ਵੀ ਨਾਲ ਲੈ ਆਇਆ। ਮੇਰੇ ਨਾਲ ਭਾਈ ਸ਼ੇਰ ਸਿੰਘ ਅਤੇ ਸ. ਕੁਲਬੀਰ ਸਿੰਘ ਵੀ ਆ ਗਏ।

ਅਸੀਂ ਸਾਰਾ ਦਿਨ (੩ ਜੂਨ) ਦਫ਼ਤਰ ਵਿਖੇ ਹੀ ਰਹੇ। ਬਾਹਰ ਵਿਗੜ ਰਹੇ ਹਾਲਾਤ ਬਾਰੇ ਥੋੜ੍ਹਾ-ਥੋੜ੍ਹਾ ਪਤਾ ਲੱਗ ਰਿਹਾ ਸੀ। ਮੈਂ ਅਤੇ ਭਾਈ ਸ਼ੇਰ ਸਿੰਘ ਨੇ ਸ. ਕੁਲਬੀਰ ਸਿੰਘ ਨੂੰ ਘਰ ਜਾਣ ਵਾਸਤੇ ਕਿਹਾ। ਉਨ੍ਹਾਂ ਕੋਲ ਕਰਫ਼ਿਊ-ਪਾਸ ਹੋਣ ਕਾਰਨ ਉਹ ਘਰ ਚਲੇ ਗਏ।

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ੩ ਜੂਨ, ੧੯੮੪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ-ਮੇਲਾ ਹੋਣ ਕਾਰਨ ਅਤੇ ਕਰਫ਼ਿਊ ਵਿਚ ਮਿਲੀ ਢਿੱਲ ਕਾਰਨ ਬਹੁਤ ਸਾਰੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ-ਇਸ਼ਨਾਨ ਕਰਨ ਆ ਰਹੀ ਸੀ। ਪਰ ਬਾਅਦ ਵਿਚ

ਅਚਾਨਕ ਹੀ ਸਰਕਾਰ ਵੱਲੋਂ ਸਖ਼ਤ ਹਦਾਇਤਾਂ ਰਾਹੀਂ ਕਰਫ਼ਿਊ ਮੁੜ ਲਾਗੂ ਕਰ ਦਿੱਤਾ ਗਿਆ, ਜਿਸ ਕਾਰਨ ਦਰਸ਼ਨ-ਇਸ਼ਨਾਨ ਕਰਨ ਆਈ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੀ ਰੁਕਣਾ ਪੈ ਗਿਆ।

੩ ਜੂਨ ਨੂੰ ਅਚਾਨਕ ਸਾਨੂੰ ਇਹ ਵੀ ਪਤਾ ਲੱਗਾ ਕਿ ਸਾਰਾ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ ਅਤੇ ਆਵਾਜਾਈ ਉੱਪਰ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੌਰਾਨ ਸ੍ਰੀ ਅੰਮ੍ਰਿਤਸਰ ਦਾ ਟੈਲੀਫੋਨ ਅਤੇ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਤਾਂ ਕਿ ਅੰਮ੍ਰਿਤਸਰ ਅੰਦਰ ਵਾਪਰ ਰਹੀਆਂ ਘਟਨਾਵਾਂ ਬਾਰੇ ਬਾਕੀ ਪੰਜਾਬ ਜਾਂ ਦੇਸ਼ ਵਿਚ ਪਤਾ ਨਾ ਲੱਗ ਸਕੇ।

ਇਸ ਤਰ੍ਹਾਂ ਅਸੀਂ ਦਿਨ ਵੇਲੇ ਦਫ਼ਤਰ ਦਾ ਕੰਮ ਨਿਪਟਾਉਂਦੇ ਰਹੇ ਅਤੇ ਰਾਤ ਨੂੰ ਭਾਈ ਸ਼ੇਰ ਸਿੰਘ ਅਤੇ ਦਾਸ, ਸ. ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣੇ ਬਣੇ ਪਾਰਕ ਵਿਚ ਹੀ ਸੁੱਤੇ। ਸ. ਭਾਨ ਸਿੰਘ (ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ) ਅਤੇ ਸ. ਅਬਿਨਾਸ਼ੀ ਸਿੰਘ (ਪੀ. ਏ. ਪ੍ਰਧਾਨ ਸਾਹਿਬ) ਵੀ ਰਾਤ ਨੂੰ ਦਫ਼ਤਰ ਵਿਖੇ ਹੀ ਸੌਂ ਗਏ ਸਨ। ਪ੍ਰਧਾਨ ਸਾਹਿਬ ਵੀ ਆਪਣੇ ਰਿਹਾਇਸ਼ੀ ਕਮਰੇ ਵਿਚ ਸੁੱਤੇ ਸਨ।

੪ ਜੂਨ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਵੱਡਾ ਹਮਲਾ

੪ ਜੂਨ, ੧੯੮੪ ਨੂੰ ਸਵੇਰੇ ਅਸੀਂ ਬਾਗ ਵਿਚ ਸੁੱਤੇ ਹੋਏ ਸੀ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਸਾਹਿਬ ਜੀ ਵੱਲੋਂ ਲਏ ਗਏ ਮੁਖਵਾਕ ਦੀ ਮਨਮੋਹਣੀ ਅਵਾਜ਼ ਨੇ ਸਾਨੂੰ ਜਗਾ ਦਿੱਤਾ। ਅਸੀਂ ਬੈਠ ਕੇ ਮੁਖਵਾਕ ਸਰਵਣ ਕਰਨ ਲੱਗੇ। ਸਿੰਘ ਸਾਹਿਬ ਜੀ ਨੇ ਮੁਖਵਾਕ ਉਪਰੰਤ ਗੁਰੂ-ਫਤਹ ਬੁਲਾਈ ਹੀ ਸੀ ਕਿ ਉਸੇ ਸਮੇਂ ਮਿਲਟਰੀ ਅਤੇ ਸੀ. ਆਰ. ਪੀ. ਐਫ. ਵੱਲੋਂ ਗੋਲੀਆਂ ਚੱਲਣ ਦੀ ਅਵਾਜ਼ ਨੇ ਸਾਨੂੰ ਚੌਂਕਾ ਕੇ ਰੱਖ ਦਿੱਤਾ। ਉਦੋਂ ਲੱਗਭਗ ਚਾਰ ਵੱਜ ਕੇ ਚਾਲ੍ਹੀ ਮਿੰਟ ਦਾ ਸਮਾਂ ਸੀ। ਅਸੀਂ ਉਸੇ ਸਮੇਂ ਦਫ਼ਤਰ ਵਿਚ ਸੁੱਤੇ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਨੂੰ ਦੱਸਣ ਲਈ ਗਏ ਪਰ ਉਹ ਸਾਡੇ ਪਹੁੰਚਣ ਤੋਂ ਪਹਿਲਾਂ ਹੀ ਹੈਰਾਨੀ ਵਾਲੇ ਹਾਵ-ਭਾਵ ਪ੍ਰਗਟ ਕਰ ਰਹੇ ਸਨ। ਉਸ ਤੋਂ ਬਾਅਦ ਅਸੀਂ ਪ੍ਰਧਾਨ ਸਾਹਿਬ ਪਾਸ ਉਨ੍ਹਾਂ ਦੇ ਰਿਹਾਇਸ਼ੀ ਕਮਰੇ ਵਿਚ ਗਏ। ਸਾਡੇ ਜਾਣ ਤੋਂ ਪਹਿਲਾਂ ਉਹ ਵੀ ਭਾਵੁਕ ਹੋਏ ਬੈਠੇ ਸਨ। ਉਨ੍ਹਾਂ ਨੂੰ ਵੀ ਹੋ ਰਹੀ ਫਾਇਰਿੰਗ ਬਾਰੇ ਦੱਸਿਆ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉੱਪਰ ਚਾਰ-ਚੁਫੇਰੇ ਤੋਂ ਲਗਾਤਾਰ ਗੋਲਾਬਾਰੀ ਹੋ ਰਹੀ ਸੀ। ਹੋ ਰਹੀ ਗੋਲਾਬਾਰੀ ਦੌਰਾਨ ਬਹੁਤ ਸਾਰੀਆਂ ਗੋਲੀਆਂ ਦੀ ਬੁਛਾੜ ਸ. ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਵੀ ਆ ਰਹੀ ਸੀ। ਇਹ ਗੋਲੀਆਂ ਇਕੱਲੀ ਫੌਜ ਦੀਆਂ ਨਹੀਂ ਸਨ, ਸਗੋਂ 'ਆਪਣੇ' ਸੱਜਣਾਂ ਵੱਲੋਂ ਵੀ ਆ ਰਹੀਆਂ ਸਨ ਕਿਉਂਕਿ ਇੱਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਿਹਾਇਸ਼ੀ ਕਮਰਾ ਸੀ।

ਅਸੀਂ ੪ ਜੂਨ ਨੂੰ ਚੱਲ ਰਹੀਆਂ ਗੋਲੀਆਂ ਤੋਂ ਬਚ-ਬਚਾਅ ਕੇ ਸਾਰਾ ਦਿਨ ਦਫਤਰ ਵਿਚ ਲੰਗਰ-ਪਾਣੀ ਦਾ ਪ੍ਰਬੰਧ ਕਰਦੇ ਰਹੇ। ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿਚ ਜੋ ਰਾਸ਼ਨ ਸੀ, ਉਸ ਨੂੰ ਹੀ ਤਿਆਰ ਕਰ ਕੇ ਉੱਥੇ ਮੌਜੂਦ ਸਾਰੇ ਸੱਜਣਾਂ ਨੂੰ ਛਕਾਇਆ ਕਿਉਂਕਿ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਜ਼ਿਆਦਾ ਗੋਲਾਬਾਰੀ ਹੋਣ ਕਰਕੇ ਜਾਣਾ ਸੰਭਵ ਨਹੀਂ ਸੀ।

੫ ਜੂਨ, ੧੯੮੪

੫ ਜੂਨ ਨੂੰ ਗੋਲਾਬਾਰੀ ਬਹੁਤ ਤੇਜ਼ ਹੋ ਰਹੀ ਸੀ, ਜਿਸ ਕਾਰਨ ਕਿਸੇ ਵੀ ਪਾਸੇ

ਆਉਣਾ-ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਟੌਹੜਾ ਸਾਹਿਬ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਬਾਅਦ ਦੁਪਹਿਰ ਸੁਨੇਹਾ ਭੇਜਿਆ ਕਿ ਸੰਤ ਜੀ, ਗੋਲਾਬਾਰੀ ਬਹੁਤ ਹੋ ਰਹੀ ਹੈ, ਤੁਸੀਂ ਥੱਲੇ ਆ ਜਾਵੋ। ਸੰਤ ਜੀ, ਟੌਹੜਾ ਸਾਹਿਬ ਦੀ ਮਨੋ-ਭਾਵਨਾ ਦੀ ਕਦਰ ਕਰਦਿਆਂ ਗੋਲਾਬਾਰੀ ਤੋਂ ਬਚ-ਬਚਾਅ ਕੇ ਆਪਣੇ ਸਾਥੀਆਂ ਸਮੇਤ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿਚ ਆ ਗਏ।

ਕੁਝ ਹੀ ਸਮੇਂ ਬਾਅਦ ਪ੍ਰਧਾਨ ਸਾਹਿਬ ਦੇ ਕਮਰੇ ਵਿਚ ਸ. ਦਰਸ਼ਨ ਸਿੰਘ ਈਸਾਪੁਰ ਅਤੇ ਬੀਬੀ ਅਮਰਜੀਤ ਕੌਰ (ਸੁਪਤਨੀ ਸ਼ਹੀਦ ਭਾਈ ਫੌਜਾ ਸਿੰਘ) ਵੀ ਆ ਗਏ, ਜਿਸ ਸਮੇਂ ਦਾਸ ਅਤੇ ਸ. ਜਗਜੀਤ ਸਿੰਘ 'ਜੱਗੀ' ਪਾਣੀ ਆਦਿ ਲੈਣ ਲਈ ਬਾਹਰ ਨਿਕਲਦੇ ਤਾਂ ਪ੍ਰਧਾਨ ਸਾਹਿਬ ਸਾਨੂੰ ਹਰ ਵਾਰ ਕਹਿੰਦੇ ਕਿ ਕਮਰੇ ਤੋਂ ਬਾਹਰ ਘੱਟ ਜਾਓ, ਬਾਹਰ ਫਾਇਰਿੰਗ ਬਹੁਤ ਤੇਜ਼ ਹੋ ਰਹੀ ਹੈ। ਮੈਂ ਪ੍ਰਧਾਨ ਸਾਹਿਬ ਨੂੰ ਕਿਹਾ ਕਿ ਮਰਨਾ ਤਾਂ ਇਕ ਵਾਰ ਹੈ ਹੀ, ਭਾਵੇਂ ਹੁਣੇ ਗੋਲੀ ਵੱਜ ਜਾਵੇ, ਫਿਰ ਆਪਾਂ ਭੁੱਖੇ-ਤਿਹਾਏ ਕਿਉਂ ਮਰੀਏ ?

੫ ਜੂਨ ਨੂੰ ਸਾਡੇ ਕੋਲ ਲੰਗਰ ਆਦਿ ਲਈ ਕੋਈ ਰਸਦ ਨਹੀਂ ਸੀ। ਪਰ ਸ਼ਾਮ ਦੇ ਤਕਰੀਬਨ ੪ ਵਜੇ ਗੁਰੂ-ਨਾਨਕ ਨਿਵਾਸ ਨਾਲ ਲੱਗਦੀ ਬਾਗ ਵਾਲੀ ਗਲੀ ਦੀ ਸੰਗਤ ਨੇ ਲੰਗਰ ਤਿਆਰ ਕੀਤਾ। ਸੰਗਤ ਨੇ ਹੋ ਰਹੀ ਭਾਰੀ ਗੋਲਾਬਾਰੀ ਦੀ ਪਰਵਾਹ ਨਾ ਕਰਦਿਆਂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਤਿਆਰ ਕੀਤਾ ਲੰਗਰ ਕੰਪਲੈਕਸ ਵਿਚ ਪੁੱਜਦਾ ਕੀਤਾ। ਅਸੀਂ ਸਾਰਿਆਂ ਨੇ ਰਲ-ਮਿਲ ਕੇ ਇੱਕ-ਇੱਕ, ਦੋ-ਦੋ ਪਰਸ਼ਾਦੇ ਛਕ ਕੇ ਹੀ ਗੁਜ਼ਾਰਾ ਕੀਤਾ।

੫ ਜੂਨ ਨੂੰ ਸ਼ਾਮ ਦੇ ਛੇ ਵਜੇ ਦੇ ਕਰੀਬ ਘੰਟਾ ਘਰ ਵਾਲੇ ਪਾਸਿਓਂ ਇਹ ਅਵਾਜ਼ ਸੁਣਾਈ ਦਿੱਤੀ ਕਿ ਬਾਹਰ ਕਰਫ਼ਿਊ ਵਿਚ ਢਿੱਲ ਦਿੱਤੀ ਗਈ ਹੈ। ਢਿੱਲ ਦਿੱਤੀ ਨਹੀਂ ਸੀ ਗਈ, ਇਹ ਸਰਕਾਰ ਦੀ ਇਕ ਕੋਝੀ ਚਾਲ ਸੀ ਕਿ ਜੋ ਵੀ ਬਾਹਰ ਆਵੇਗਾ, ਉਸ ਨੂੰ ਮਾਰ ਕੇ ਮੁਕਾ ਦਿੱਤਾ ਜਾਵੇਗਾ। ਦਾਸ ਸਾਢੇ ਛੇ ਵਜੇ ਦੇ ਕਰੀਬ ਬਚ-ਬਚਾਅ ਕੇ ਬਾਗ ਵਾਲੀ ਗਲੀ ਰਾਹੀਂ ਘਰ ਥੋੜ੍ਹਾ ਜਿਹਾ ਸੁੱਕਾ ਦੁੱਧ ਦੇਣ ਗਿਆ। ਜਦ ਮੈਂ ਘਰੋਂ ਵਾਪਸ ਆਉਣ ਲੱਗਾ ਤਾਂ ਘਰ ਆਈ ਸ. ਅਮਰਜੀਤ ਸਿੰਘ ਸੁਪਰਵਾਈਜ਼ਰ ਟਰੱਸਟ ਦੀ ਸੱਸ ਕਹਿਣ ਲੱਗੀ, "ਜਸਵੰਤ ਸਿੰਘ, ਤੁਸੀਂ ਨਾ ਜਾਵੋ।" ਮੈਂ ਉਨ੍ਹਾਂ ਨੂੰ ਕਿਹਾ, "ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਣ ਦੀ ਖ਼ਾਤਰ ਬਹੁਤ ਸਾਰੇ ਮੇਰੇ ਸਾਥੀ ਅੰਦਰ ਹਨ, ਮੈਂ ਜ਼ਰੂਰ ਜਾਵਾਂਗਾ।" ਮੈਂ ਉਨ੍ਹਾਂ ਦੇ ਬੋਲਾਂ ਨੂੰ ਅਣਸੁਣਿਆ ਕਰ ਕੇ ਘਰੋਂ ਤੁਰ ਪਿਆ।

ਬਾਗ ਵਾਲੀ ਗਲੀ ਰਾਹੀਂ ਮੈਂ ਸ੍ਰੀ ਗੁਰੂ ਰਾਮਦਾਸ ਨਿਵਾਸ ਅੰਦਰ ਪਾਣੀ ਵਾਲੀ ਟੈਂਕੀ ਦੇ ਨਜ਼ਦੀਕ ਪੁੱਜਾ ਹੀ ਸੀ ਕਿ ਇਕ ਬਹੁਤ ਹੀ ਸ਼ਕਤੀਸ਼ਾਲੀ ਬੰਬ ਪਾਣੀ ਦੀ ਟੈਂਕੀ ਵਿਚ ਆ ਕੇ ਵੱਜਾ ਤੇ ਦੇਖਦਿਆਂ ਹੀ ਦੇਖਦਿਆਂ ਪਾਣੀ ਦੀ ਟੈਂਕੀ ਟੁੱਟ ਕੇ ਪਾਣੀ ਤੋਂ ਸੱਖਣੀ ਹੋਣ ਲੱਗੀ। ਮੈਂ ਭੱਜ ਕੇ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿਚ ਗਿਆ, ਉੱਥੋਂ ਰੈਬਰ ਲੈ ਕੇ ਕੂਲਰ ਵਿਚ ਜਮ੍ਹਾਂ ਹੋਏ ਪਾਣੀ ਨਾਲ ਰੈਬਰ ਭਰ ਲਿਆ ਅਤੇ ਦਫ਼ਤਰ ਲਿਜਾ ਕੇ ਰੱਖ ਦਿੱਤਾ। ਇਸ ਤੋਂ ਬਾਅਦ ਗੋਲਾਬਾਰੀ ਇੰਨੀ ਤੇਜ਼ ਹੋ ਚੁੱਕੀ ਸੀ ਕਿ ਮੈਂ ਵਾਪਸ ਪ੍ਰਧਾਨ ਸਾਹਿਬ ਦੇ ਰਿਹਾਇਸ਼ੀ ਕਮਰੇ ਵਿਚ ਨਾ ਜਾ ਸਕਿਆ। ਪ੍ਰਧਾਨ ਸਾਹਿਬ ਕੋਲ ਭਾਈ ਧੰਨਾ ਸਿੰਘ, ਭਾਈ ਹਰਨਾਜ਼ਰ ਸਿੰਘ ਅਤੇ ਭਾਈ ਗੁਰਨਾਮ ਸਿੰਘ, ਜੋ ਦਫ਼ਤਰ ਸ਼੍ਰੋਮਣੀ ਕਮੇਟੀ ਦੇ ਗੇਟ ਤੋਂ ਡਿਊਟੀ ਕਰ ਕੇ ਆਏ ਸਨ, ਉਹ ਹੀ ਰਹਿ ਗਏ।

ਦਫ਼ਤਰ ਵਿਚ ਮੇਰੇ ਤੋਂ ਇਲਾਵਾ ਸ. ਭਾਨ ਸਿੰਘ ਸਕੱਤਰ, ਸ. ਅਬਿਨਾਸ਼ੀ ਸਿੰਘ ਪੀ. ਏ., ਸ. ਬਲਵੰਤ ਸਿੰਘ ਰਾਮੂਵਾਲੀਆ, ਸ. ਦਾਰਾ ਸਿੰਘ ਐਡਵੋਕੇਟ, ਸ. ਰਾਜ ਸਿੰਘ ਮੁਕਤਸਰੀ, ਸ. ਦਿਆਲ ਸਿੰਘ ਅਤੇ ਸ. ਗੁਰਦਰਸ਼ਨ ਸਿੰਘ ਹੀ ਰਹਿ ਗਏ ਸਨ। ਰੈਬਰ ਵਿਚ ਪਾਣੀ ਬਹੁਤ ਘੱਟ ਹੋਣ ਕਾਰਨ ਅਸੀਂ ਸਾਰਿਆਂ ਨੇ ਬਹੁਤ ਹੀ ਸੰਜਮ ਤੋਂ ਕੰਮ ਲੈਂਦਿਆਂ ਓਨੇ ਹੀ ਪਾਣੀ ਨਾਲ ਗੁਜ਼ਾਰਾ ਕੀਤਾ।

੫ ਜੂਨ ਦੀ ਰਾਤ ਘੰਟਾ-ਘਰ ਵਾਲੀ ਸਾਈਡ ਤੋਂ ਪੈਦਲ ਫੌਜ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਚੁੱਕੀ ਸੀ। ਫਿਰ ਰਾਤ ਦੇ ਕਰੀਬ ੧੦ ਵਜੇ ਸਾਨੂੰ ਪਤਾ ਲੱਗਾ ਕਿ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਵਾਲੇ ਪਾਸਿਓਂ ਗੇਟ ਤੋੜ ਕੇ ਮਿਲਟਰੀ ਤੋਪਾਂ, ਟੈਂਕਾਂ ਨਾਲ ਲੈਸ ਹੋ ਕੇ ਅੰਦਰ ਦਾਖਲ ਹੋ ਚੁੱਕੀ ਹੈ। ਸਰਾਂ ਦੇ ਬਿਲਕੁਲ ਸਾਹਮਣਿਓਂ ਵੱਡੇ-ਵੱਡੇ ਫਾਇਰ ਹੋਣ ਦੀ ਅਵਾਜ਼ ਆ ਰਹੀ ਸੀ, ਜਿਨ੍ਹਾਂ ਦੀ ਧਮਕ ਨਾਲ ਕਮਰਿਆਂ ਦੀਆਂ ਕੰਧਾਂ ਤੇ ਦਰਵਾਜ਼ੇ ਕੰਬ ਰਹੇ ਸਨ ਅਤੇ ਰੋਸ਼ਨਦਾਨਾਂ ਦੇ ਸ਼ੀਸ਼ੇ ਟੁੱਟ ਰਹੇ ਸਨ, ਜਿਸ ਤੋਂ ਇਹ ਪ੍ਰਤੀਤ ਹੋ ਰਿਹਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ, ਟੈਂਕਾਂ ਨਾਲ ਹਮਲਾ ਕਰ ਦਿੱਤਾ ਗਿਆ ਹੈ।

ਮੈਨੂੰ ਉਸ ਸਮੇਂ ਸ. ਗੁਰਦਰਸ਼ਨ ਸਿੰਘ ਦੀ ਕਹੀ ਗੱਲ ਯਾਦ ਹੈ ਕਿ ਜੇ ਫੌਜ ਆਪਣੇ ਕਾਨੂੰਨ ਅਨੁਸਾਰ ਚੱਲੀ ਫਿਰ ਤਾਂ ਜਾਨ ਬਚ ਸਕਦੀ ਹੈ, ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਫੌਜ ਆਪਣੇ ਕਾਨੂੰਨ ਨੂੰ ਛਿੱਕੇ ਟੰਗ ਕੇ ਅੰਨ੍ਹੇਵਾਹ ਫਾਇਰਿੰਗ ਕਰ ਕੇ ਸਾਡੇ ਪਵਿੱਤਰ ਅਸਥਾਨਾਂ ਅਤੇ ਸਿੱਖ ਸੰਗਤ ਦਾ ਸ਼ਰ੍ਹੇਆਮ ਘਾਣ ਕਰੇਗੀ।

੫ ਅਤੇ ੬ ਜੂਨ ੧੯੮੪ ਦੀ ਦਰਮਿਆਨੀ ਰਾਤ ਨੂੰ ਮੈਂ ਅਤੇ ਹੋਰ ਬਹੁਤ ਸਾਰੇ ਸੱਜਣ ਜੋ ਪ੍ਰਧਾਨ ਸਾਹਿਬ ਦੇ ਦਫ਼ਤਰ ਵਿਖੇ ਮੌਜੂਦ ਸਨ, ਜਦ ਕਿਸੇ ਨੂੰ ਪਿਆਸ ਲੱਗਦੀ ਤਾਂ ਮੈਂ ਗਿਲਾਸ ਧੋ ਕੇ ਹਰ ਇਕ ਨੂੰ ਜਲ ਛਕਾਉਂਦਾ। ਸਾਡੇ ਕੋਲ ਪਾਣੀ ਬਹੁਤ ਥੋੜ੍ਹਾ ਰਹਿ ਗਿਆ ਸੀ। ਸ. ਬਲਵੰਤ ਸਿੰਘ ਰਾਮੂਵਾਲੀਆ ਕਹਿਣ ਲੱਗੇ, "ਭਾਈ ਜਸਵੰਤ ਸਿੰਘ ਜੀ ! ਆਪਣੇ ਕੋਲ ਪਾਣੀ ਬਹੁਤ ਥੋੜ੍ਹਾ ਹੈ। ਤੁਸੀਂ ਧੋਵੋ ਨਾ, ਇਸੇ ਤਰ੍ਹਾਂ ਹੀ ਸਾਰਿਆਂ ਨੂੰ ਲੋੜ ਪੈਣ 'ਤੇ ਘੁੱਟ-ਘੁੱਟ ਪਾਣੀ ਦੇਈ ਜਾਵੋ ਕਿਉਂਕਿ ਹੁਣ ਆਪਣਾ ਸਾਰਿਆਂ ਦਾ ਜਨਮ-ਮਰਨ ਇਕੱਠਾ ਹੋ ਚੁੱਕਿਆ ਹੈ।"

੬ ਜੂਨ, ੧੯੮੪

੬ ਜੂਨ, ੧੯੮੪ ਨੂੰ ਸਵੇਰੇ ਤਕਰੀਬਨ ਸਾਢੇ ਚਾਰ ਵਜੇ ਪ੍ਰਧਾਨ ਸਾਹਿਬ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਫੌਜੀ ਅਧਿਕਾਰੀਆਂ ਨਾਲ ਉੱਚੀ-ਉੱਚੀ ਬੋਲਣ ਦੀ ਅਵਾਜ਼ ਸੁਣਾਈ ਦਿੱਤੀ। ਪ੍ਰਧਾਨ ਸਾਹਿਬ ਕਹਿ ਰਹੇ ਸਨ ਕਿ ਤੁਸੀਂ ਸਾਨੂੰ ਅਜ਼ਾਦ ਦੇਸ਼ ਦੇ ਨਾਗਰਿਕ ਨਹੀਂ ਸਮਝਦੇ, ਇਸ ਤਰ੍ਹਾਂ ਦਾ ਵਰਤਾਉ ਤਾਂ ਵਿਦੇਸ਼ੀਆਂ ਨਾਲ ਵੀ ਨਹੀਂ ਕਰੀਦਾ, ਜਿਸ ਤਰ੍ਹਾਂ ਦਾ ਤੁਸੀਂ ਸਾਡੇ ਨਾਲ ਕਰ ਰਹੇ ਹੋ। ਪਰ ਫੌਜੀ ਅਧਿਕਾਰੀਆਂ ਨੇ ਉਨ੍ਹਾਂ ਦੀ ਗੱਲ ਨੂੰ ਅਣਸੁਣਿਆ ਕਰ ਦਿੱਤਾ ਸੀ।

ਸ. ਅਬਿਨਾਸ਼ੀ ਸਿੰਘ ਨੇ ਸਾਨੂੰ ਆਖਿਆ ਕਿ ਇਸ ਤਰ੍ਹਾਂ ਲੱਗ ਰਿਹਾ ਹੈ, ਜਿਸ ਤਰ੍ਹਾਂ ਪ੍ਰਧਾਨ ਸਾਹਿਬ ਤੇ ਸੰਤ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਹੁਣ ਆਪਾਂ ਵੀ ਬਾਹਰ ਨਿਕਲੀਏ। ਜਦ ਅਸੀਂ ਸਾਰੇ ਬਾਹਰ ਨਿਕਲੇ ਤਾਂ ਮੈਂ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ

ਦੀ ਪਵਿੱਤਰ ਇਮਾਰਤ ਨੂੰ ਅੱਗ ਦੀਆਂ ਲਪਟਾਂ ਨੇ ਆਪਣੇ ਕਲਾਵੇ ਵਿਚ ਘੇਰਿਆ ਹੋਇਆ ਸੀ। ਅੱਗੇ ਮਿਲਟਰੀ ਵਾਲੇ ਚੈਕਿੰਗ ਕਰ ਕੇ ਅਤੇ ਕਿਰਪਾਨਾਂ ਲਾਹ ਕੇ ਨਾਲੀਆਂ (ਖਲੋਤੇ ਪਾਣੀ) ਵਿਚ ਸੁੱਟੀ ਜਾ ਰਹੇ ਸਨ। ਉਹ ਸਾਨੂੰ ਕਹਿ ਰਹੇ ਸਨ ਕਿ ਤੁਸੀਂ ਸਾਰੇ ਲਾਈਨ ਵਿਚ ਹੀ ਚੱਲੋ! ਸਾਨੂੰ ਗੁਰੂ ਰਾਮਦਾਸ ਸਰਾਂ ਦੇ ਬਰਾਂਡੇ ਵਿਚ ਖੜ੍ਹਾ ਕਰ ਦਿੱਤਾ ਗਿਆ। ਜਿੱਥੇ ਸਾਨੂੰ ਖੜ੍ਹਾ ਕੀਤਾ ਗਿਆ ਸੀ, ਉੱਥੇ ਇਕ ਕਮਰੇ ਦੇ ਬਾਹਰ ਮਿੰਨੀ ਤੋਪ ਅਤੇ ਕਾਫ਼ੀ ਹਥਿਆਰਬੰਦ ਫੌਜੀ ਆਪੋ-ਆਪਣੀਆਂ ਪੁਜ਼ੀਸ਼ਨਾਂ ਲੈ ਕੇ ਖੜ੍ਹੇ ਸਨ। ਕੁਝ ਸਮੇਂ ਬਾਅਦ ਸਾਨੂੰ ਪਤਾ ਲੱਗਾ ਕਿ ਇਸ ਕਮਰੇ ਵਿਚ ਹੀ ਸੰਤ ਹਰਚੰਦ ਸਿੰਘ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਡੱਕਿਆ ਹੋਇਆ ਹੈ। ਇਸ ਕਮਰੇ ਦੇ ਅੱਗੇ ਹਥਿਆਰਬੰਦ ਫੌਜ ਅਤੇ ਛੋਟੀ ਤੋਪ ਇਸ ਤਰ੍ਹਾਂ ਫਿੱਟ ਕੀਤੀ ਹੋਈ ਸੀ, ਜਿਸ ਤਰ੍ਹਾਂ ਅਸੀਂ ਬਹੁਤ ਵੱਡੇ ਦੋਸ਼ੀ ਹੋਈਏ!

ਕੁਝ ਸੱਜਣ ਜਿਨ੍ਹਾਂ ਵਿਚ ਸ. ਭਾਨ ਸਿੰਘ, ਸ. ਅਬਿਨਾਸ਼ੀ ਸਿੰਘ, ਸ. ਦਿਆਲ ਸਿੰਘ, ਸ. ਰਾਜ ਸਿੰਘ, ਸ. ਗੁਰਦਰਸ਼ਨ ਸਿੰਘ ਅਤੇ ਭਾਈ ਗੁਰਨਾਮ ਸਿੰਘ (ਸੇਵਾਦਾਰ) ਸਾਡੇ ਤੋਂ ਅੱਗੇ ਲੰਘ ਚੁੱਕੇ ਸਨ। ਇਨ੍ਹਾਂ ਤੋਂ ਪਹਿਲਾਂ ਸ. ਨਛੱਤਰ ਸਿੰਘ, ਸ. ਬੱਗਾ ਸਿੰਘ (ਮੈਂਬਰਾਨ ਸ਼੍ਰੋਮਣੀ ਕਮੇਟੀ) ਅਤੇ ਸ. ਗੁਰਚਰਨ ਸਿੰਘ ਸਕੱਤਰ, ਸ਼੍ਰੋਮਣੀ ਅਕਾਲੀ ਦਲ ਵੀ ਲੰਘ ਗਏ। ਸਰਾਂ ਦੇ ਕਮਰਿਆਂ ਵਿਚ ਗ੍ਰਿਫ਼ਤਾਰੀ ਦੇਣ ਆਈ ਕੁਝ ਸੰਗਤ 'ਤੇ ਹੋਰ ਯਾਤਰੂ ਸਾਡੇ ਤੋਂ ਪਹਿਲਾਂ ਹੀ ਬਿਠਾਏ ਹੋਏ ਸਨ। ਇਨ੍ਹਾਂ ਉੱਪਰ ਸਰਾਂ ਦੀ ਉਪਰਲੀ ਮੰਜ਼ਿਲ ਤੋਂ ਗ੍ਰਨੇਡ ਸੁੱਟਿਆ ਗਿਆ, ਜਿਸ ਨਾਲ ਤਰਥੱਲੀ ਮੱਚ ਗਈ ਅਤੇ ਚੀਕ-ਚਿਹਾੜਾ ਪੈ ਗਿਆ। ਕਿਸੇ ਨੂੰ ਕੁਝ ਨਹੀਂ ਪਤਾ ਸੀ ਕਿ ਕੋਈ ਕਿਸ ਪਾਸੇ ਜਾਏ, ਕਿਉਂਕਿ ਉੱਠਣ 'ਤੇ ਫੌਜ ਵੱਲੋਂ ਅੰਧਾਧੁੰਦ ਫਾਇਰਿੰਗ ਕੀਤੀ ਗਈ। ਇਨ੍ਹਾਂ ਵਿੱਚੋਂ ਸ. ਦਿਆਲ ਸਿੰਘ, ਸ. ਰਾਜ ਸਿੰਘ, ਸ. ਗੁਰਦਰਸ਼ਨ ਸਿੰਘ, ਭਾਈ ਮਲਕੀਤ ਸਿੰਘ ਅਤੇ ਹੋਰ ਬਹੁਤ ਸਾਰੇ ਲੋਕ ਵੀ ਫੱਟੜ ਹੋ ਚੁੱਕੇ ਸਨ। ਇਨ੍ਹਾਂ ਵਿੱਚੋਂ ਕਈ ਗੰਭੀਰ ਫੱਟੜ ਹੋ ਗਏ ਸਨ।

ਸ. ਨਛੱਤਰ ਸਿੰਘ ਭਲਵਾਨ, ਸ. ਬੱਗਾ ਸਿੰਘ, ਸ. ਗੁਰਚਰਨ ਸਿੰਘ ਅਤੇ ਬਹੁਤ ਸਾਰੇ ਲੋਕ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਸ਼ਹੀਦ ਹੋ ਗਏ ਸਨ। ਜਦ ਸ. ਨਛੱਤਰ ਸਿੰਘ ਦੀ ਮਾਤਾ ਆਪਣੇ ਬੇਟੇ ਨੂੰ ਤੜਫਦਾ ਵੇਖ ਕੇ ਸਹਾਰ ਨਾ ਸਕੀ ਤੇ ਉਸ ਨੂੰ ਪਾਣੀ ਪਿਆਉਣ ਲੱਗੀ ਤਾਂ ਇਕ ਫੌਜੀ ਨੇ ਪੂਰੇ ਜ਼ੋਰ ਨਾਲ ਬਜ਼ੁਰਗ ਮਾਂ ਦੇ ਰਾਈਫਲ ਦਾ ਬੱਟ ਮਾਰਿਆ ਅਤੇ ਉਸ ਨੂੰ ਪਾਣੀ ਪਿਆਉਣ ਤੋਂ ਮਨ੍ਹਾ ਕਰ ਦਿੱਤਾ। ਕੁਝ ਸਾਥੀ ਤਾਂ ਜ਼ਖ਼ਮਾਂ ਅਤੇ ਪਿਆਸ ਕਾਰਨ ਹੀ ਸ਼ਹੀਦ ਹੋ ਗਏ। ਭਾਈ ਮਲਕੀਤ ਸਿੰਘ ਜੋ ਕਿ ਗੰਭੀਰ ਜ਼ਖ਼ਮੀ ਸੀ, ਨੇ ਮੇਰੇ ਕੋਲੋਂ ਪਾਣੀ ਦੀ ਮੰਗ ਕੀਤੀ। ਮੈਂ ਉਸ ਨੂੰ ਪਾਣੀ ਪਿਲਾਉਣ ਦਾ ਜਤਨ ਕੀਤਾ ਹੀ ਸੀ ਕਿ ਫੌਜੀਆਂ ਨੇ ਮੇਰੇ ਅਤੇ ਜ਼ਖ਼ਮੀ ਮਲਕੀਤ ਸਿੰਘ ਉੱਪਰ ਬੱਟਾਂ ਦਾ ਮੀਂਹ ਵਰ੍ਹਾ ਦਿੱਤਾ, ਹਾਲਾਂਕਿ ਉਹ ਪਾਣੀ ਸਾਫ਼ ਨਹੀਂ ਸੀ ਅਤੇ ਉਸ ਵਿਚ ਮਲ-ਮੂਤਰ ਤੇ ਖ਼ੂਨ ਮਿਲਿਆ ਹੋਇਆ ਸੀ। ਫੌਜੀ ਨਲਕੇ ਨੂੰ ਹੱਥ ਵੀ ਨਹੀਂ ਸੀ ਲਗਾਉਣ ਦਿੰਦੇ। ਇੱਥੋਂ ਤਕ ਕਿ ਫੌਜੀ ਭੀਖ ਮੰਗਣ ਵਾਲਿਆਂ ਵਾਂਗ, ਬੁੱਕ ਨਾਲ ਵੀ ਪਾਣੀ ਨਹੀਂ ਸੀ ਪੀਣ ਦਿੰਦੇ।

ਇਕ ਛੋਟਾ ਬੱਚਾ ਜਿਸ ਦੀ ਮਾਂ ਬੰਬ ਧਮਾਕੇ ਵਿਚ ਮਰ ਚੁੱਕੀ ਸੀ, ਉਹ ਬੱਚਾ 'ਮੰਮੀ-ਮੰਮੀ' ਪੁਕਾਰਦਾ ਹੋਇਆ ਉੱਚੀ-ਉੱਚੀ ਰੋ ਰਿਹਾ ਸੀ, ਉਹ ਵਿਚਾਰਾ ਕੀ ਜਾਣਦਾ ਸੀ ਕਿ ਉਸ ਦੀ ਮੰਮੀ ਇਸ ਸੰਸਾਰ 'ਚ ਜ਼ਿੰਦਾ ਨਹੀਂ ਰਹੀ ਸੀ! ਇਕ ਫੌਜੀ ਨੇ ਉਸ ਬੱਚੇ ਨੂੰ ਉਸ ਦੀ

ਮਾਂ ਉੱਪਰ ਸੁੱਟ ਕੇ ਉੱਪਰੋਂ ਗੋਲੀਆਂ ਵਰ੍ਹਾ ਕੇ ਉਸ ਨੂੰ ਸਦਾ ਲਈ ਵਿਰਲਾਪ ਕਰਨੋਂ ਰੋਕ ਦਿੱਤਾ, ਜਿਸ ਨੂੰ ਦੇਖ ਕੇ ਮੇਰੇ ਮਨ ਦੀ ਜੋ ਹਾਲਤ ਹੋਈ, ਮੈਂ ਉਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਪਰ ਮੈਂ ਹੋ ਰਹੇ ਅਤਿਆਚਾਰ ਨੂੰ ਦੇਖ ਕੇ ਵੀ ਕੁਝ ਨਹੀਂ ਸੀ ਕਰ ਸਕਦਾ। ਉਪਰੋਕਤ ਸੁੱਟੇ ਗਏ ਗ੍ਰਨੇਡ ਬਾਰੇ ਬਹੁਤ ਸਾਰੇ ਅੰਦਾਜ਼ੇ ਲਾਏ ਜਾ ਰਹੇ ਸਨ। ਸਾਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿਉਂਕਿ ਸਾਨੂੰ ਪਹਿਰਾ ਦੇ ਰਹੇ ਫੌਜੀਆਂ ਵੱਲੋਂ ਸਖ਼ਤ ਹਦਾਇਤ ਸੀ ਕਿ ਆਸੇ-ਪਾਸੇ ਨਹੀਂ ਦੇਖਣਾ! ਸਿਰਫ਼ ਫੌਜੀ ਹੀ ਕਹਿੰਦੇ ਸਨ ਕਿ ਇਹ ਗ੍ਰਨੇਡ 'ਅੱਤਵਾਦੀਆਂ' ਵੱਲੋਂ ਸੁੱਟਿਆ ਗਿਆ ਹੈ। ਇਸ ਤੋਂ ਬਾਅਦ ਮੈਨੂੰ ਤੇ ਹੋਰ ਸੱਜਣਾਂ ਨੂੰ ਜਿੱਥੇ-ਜਿੱਥੇ ਵੀ ਉਹ ਮੌਜੂਦ ਸਨ, ਉੱਥੇ-ਉੱਥੇ ਹੀ ਬੰਦ ਕਰ ਦਿੱਤਾ ਗਿਆ ਅਤੇ ਕੁਝ ਕੁ ਸੱਜਣਾਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਕਮਰਿਆਂ ਤੇ ਬਰਾਂਡਿਆਂ ਵਿਚ ਬਿਠਾ ਕੇ ਸਖ਼ਤ ਪਹਿਰਾ ਲਗਾ ਦਿੱਤਾ ਗਿਆ। ਅਸੀਂ ਜੋ ਜ਼ਿੰਦਾ ਬਚ ਗਏ ਸੀ, ਤੜਪਦੇ ਜ਼ਖ਼ਮੀਆਂ ਅਤੇ ਖਿੱਲਰੀਆਂ ਮਨੁੱਖੀ ਲਾਸ਼ਾਂ 'ਚ ਹੀ ਬੈਠੇ ਸਾਂ। ਭਾਰਤੀ ਫੌਜੀ ਬੇਦਰਦ ਅਤੇ ਜ਼ਾਲਮਾਨਾ ਢੰਗ ਨਾਲ ਬੇਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡ ਰਹੇ ਸਨ। ੬ ਅਤੇ ੭ ਜੂਨ ਦੀ ਦਰਮਿਆਨੀ ਰਾਤ ਤੋਂ ਅਗਲੇ ਦਿਨ ਦੇ ਦੁਪਹਿਰ ਤਕ ਸਾਨੂੰ ਪਾਣੀ ਪੀਣਾ ਵੀ ਨਸੀਬ ਨਾ ਹੋਇਆ। ਬਾਅਦ ਦੁਪਹਿਰ ਤਕਰੀਬਨ ਢਾਈ ਵਜੇ ਰੈੱਡ-ਕਰਾਸ (ਹੈਲਥ) ਵਾਲੇ ਇਕ ਟੱਬ ਪਾਣੀ ਦਾ ਅਤੇ ਕੁਝ ਛੋਲੇ ਲੈ ਕੇ ਸਾਡੇ ਨਜ਼ਦੀਕ ਪਹੁੰਚੇ। ਉਨ੍ਹਾਂ ਦੇ ਨਾਲ ਸ. ਅਪਾਰ ਸਿੰਘ (ਡੀ. ਐੱਸ. ਪੀ. ਸ੍ਰੀ ਅੰਮ੍ਰਿਤਸਰ) ਮੌਜੂਦ ਸਨ। ਅਸੀਂ ਕਿਸੇ ਨੇ ਬੁੱਕ ਨਾਲ ਪਾਣੀ ਪੀਤਾ, ਕਿਸੇ ਨੇ ਕੱਪੜਾ ਗਿੱਲਾ ਕਰ ਕੇ ਬੁੱਲ੍ਹਾਂ ਉੱਪਰ ਫੇਰ ਕੇ ਗੁਜ਼ਾਰਾ ਕੀਤਾ ਅਤੇ ਕਈਆਂ ਨੇ ਆਪਣੀਆਂ ਜੁੱਤੀਆਂ ਵਿਚ ਪਾਣੀ ਪਵਾ ਕੇ ਪੀਤਾ ਤਾਂ ਕਿ ਪਾਣੀ ਥੱਲੇ ਡੁੱਲ੍ਹ ਕੇ ਬੇਅਰਥ ਨਾ ਚਲਾ ਜਾਵੇ। ਇੱਥੋਂ ਤਕ ਕਿ ਜਿੱਥੇ ਲੰਗਰ ਦੇ ਭਾਂਡੇ ਧੋਤੇ ਜਾਂਦੇ ਸਨ, ਉਸ ਹੌਜ ਵਿਚ ਕਈ ਦਿਨਾਂ ਦਾ ਬੁੱਸਿਆ ਪਾਣੀ ਵੀ ਲੋਕਾਂ ਨੇ ਪੀ-ਪੀ ਕੇ ਖ਼ਤਮ ਕਰ ਦਿੱਤਾ।

ਮਿਲਟਰੀ ਵੱਲੋਂ ਸਾਡੀ ਸਾਰਿਆਂ ਦੀ ਪੁੱਛ-ਗਿੱਛ ਕੀਤੀ ਜਾ ਰਹੀ ਸੀ। ਜਦ ਮੇਰੀ ਵਾਰੀ ਆਈ ਤਾਂ ਇਕ ਫੌਜੀ ਮੈਨੂੰ ਪੁੱਛਣ ਲੱਗਾ ਕਿ ਭਿੰਡਰੀ ਵਾਲਾ (ਸੰਤ ਭਿੰਡਰਾਂ ਵਾਲੇ) ਕਹਾਂ ਹੈ ? ਲਾਹੌਰ (ਪਾਕਿਸਤਾਨ) ਕੋ ਸੁਰੰਗ ਕਹਾਂ ਸੇ ਜਾਤੀ ਹੈ ? ਮੈਂ ਉਨ੍ਹਾਂ ਨੂੰ ਕਿਹਾ ਕਿ ਭਈ, ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਕ ਫੌਜੀ ਕਹਿਣ ਲੱਗਾ, 'ਯਹ ਐਸੇ ਨਹੀਂ ਬਤਾਏਗਾ, ਇਸ ਕੋ ਆਗੇ ਲੇ ਜਾਓ !' ਜਿਸ ਜਗ੍ਹਾ 'ਤੇ ਮੈਨੂੰ ਲੈ ਕੇ ਗਏ, ਉਸ ਜਗ੍ਹਾ 'ਤੇ ਪਹਿਲਾਂ ਹੀ ਤਿੰਨ ਨੌਜਵਾਨ ਲੜਕੇ ਲਾਈਨ ਵਿਚ ਖੜ੍ਹੇ ਕੀਤੇ ਹੋਏ ਸਨ। ਮੈਂ ਵੀ ਉਨ੍ਹਾਂ ਦੇ ਪਿੱਛੇ ਜਾ ਕੇ ਖੜ੍ਹਾ ਹੋ ਗਿਆ ਅਤੇ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਹੁਣ ਇਹ ਸਾਨੂੰ ਮਾਰ ਦੇਣਗੇ। ਕੁਝ ਹੀ ਸਮੇਂ ਬਾਅਦ ਫੌਜੀਆਂ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਸਾਨੂੰ ਇਕ ਪਾਸੇ ਹੋ ਜਾਣ ਲਈ ਕਿਹਾ। ਇਸ ਤੋਂ ਬਾਅਦ ਫੌਜ ਦਾ ਇਕ ਕਰਨਲ ਅਤੇ ਸ. ਬਲਵੰਤ ਸਿੰਘ ਰਾਮੂਵਾਲੀਆ ਮੇਰੇ ਪਾਸ ਆਏ। ਉਹ ਮੈਨੂੰ ਸ. ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਲੈ ਗਏ।

੬ ਜੂਨ, ੧੯੮੪ ਦੀ ਦੁਪਹਿਰ ਦੇ ਦੋ ਵਜੇ ਦੇ ਕਰੀਬ ਇਕ ਫੌਜੀ ਟੁਕੜੀ ਜਿਸ ਵਿਚ ਤਿੰਨ ਪੰਜਾਬੀ ਸਨ, ਉਨ੍ਹਾਂ ਨੇ ਸੰਤ ਜੀ (ਹਰਚੰਦ ਸਿੰਘ ਲੌਂਗੋਵਾਲ) ਅਤੇ ਪ੍ਰਧਾਨ ਜਥੇ. ਗੁਰਚਰਨ ਸਿੰਘ ਟੌਹੜਾ ਨੂੰ ਕਿਹਾ ਕਿ ਅਸੀਂ ਤੁਹਾਨੂੰ ਲੈਣ ਲਈ ਆਏ ਹਾਂ। ਉਸ ਸਮੇਂ ਸੰਤ

ਲੌਂਗੋਵਾਲ ਤੇ ਪ੍ਰਧਾਨ ਸਾਹਿਬ ਸਾਥੀਆਂ ਸਮੇਤ ਉਨ੍ਹਾਂ ਨਾਲ ਤੁਰਨ ਲੱਗੇ ਤਾਂ ਫੈਡਰੇਸ਼ਨ ਵਾਲੇ ਸ. ਮਨਜੀਤ ਸਿੰਘ (ਭਾਈ), ਸ. ਰਜਿੰਦਰ ਸਿੰਘ ਮਹਿਤਾ, ਸ. ਹਰਮਿੰਦਰ ਸਿੰਘ (ਸੰਧੂ) ਅਤੇ ਸ. ਹਰਮਿੰਦਰ ਸਿੰਘ (ਗਿੱਲ) ਖੜ੍ਹੇ ਹੋ ਗਏ ਅਤੇ ਸੰਤ ਲੌਂਗੋਵਾਲ ਤੇ ਪ੍ਰਧਾਨ ਸਾਹਿਬ ਨੂੰ ਕਹਿਣ ਲੱਗੇ ਕਿ 'ਤੁਸੀਂ ਇਸ ਕਰਨਲ ਨੂੰ ਕਹਿ ਦੇਵੋ ਕਿ ਇਹ ਸਾਡੇ ਮੁਲਾਜ਼ਮ ਹਨ, ਇਨ੍ਹਾਂ ਦਾ ਜ਼ਰਾ ਧਿਆਨ ਰੱਖਣਾ!' ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਿਰਫ਼ ਸ. ਮਨਜੀਤ ਸਿੰਘ (ਭਾਈ) ਮੀਤ ਮੈਨੇਜਰ ਤੇ ਸ. ਰਜਿੰਦਰ ਸਿੰਘ (ਮਹਿਤਾ) ਕਲਰਕ ਸਨ। ਪਰ ਪ੍ਰਧਾਨ ਸਾਹਿਬ ਨੇ ਸਾਰਿਆਂ ਦੇ ਬਚਾਅ ਲਈ ਕਹਿ ਦਿੱਤਾ ਕਿ ਇਹ ਸਾਡੇ ਬੱਚੇ ਹਨ, ਇਨ੍ਹਾਂ ਦਾ ਖਿਆਲ ਰੱਖਣਾ! ਪਰ ਜੇਕਰ ਮਿਲਟਰੀ ਵਾਲਿਆਂ ਨੂੰ ਪਤਾ ਲੱਗ ਜਾਂਦਾ ਕਿ ਇਹ ਸਾਰੇ ਫੈਡਰੇਸ਼ਨ ਦੇ ਸਰਗਰਮ ਕਾਰਕੁੰਨ ਹਨ ਤਾਂ ਪਤਾ ਨਹੀਂ ਮਿਲਟਰੀ ਵਾਲੇ ਇਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਕਰਦੇ।

ਸ਼ਾਮ ਦੇ ਚਾਰ ਵਜੇ ਦੇ ਕਰੀਬ ਸਾਨੂੰ ਸਾਰਿਆਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਬਰਾਂਡਿਆਂ ਵਿਚ ਇਕੱਤਰ ਕਰ ਕੇ ਤਿੰਨ-ਤਿੰਨ ਦੀ ਲਾਈਨ ਵਿਚ ਬਿਠਾ ਦਿੱਤਾ। ਇਸ ਸਮੇਂ ਸਾਡੇ ਵਿਚ ਭਾਈ ਤਾਰਾ ਸਿੰਘ ਸੇਵਾਦਾਰ (ਜੋ ਬਾਅਦ 'ਚ ਹਲਕਾ ਅਟਾਰੀ ਤੋਂ ਵਿਧਾਇਕ ਵੀ ਚੁਣੇ ਗਏ ਸਨ) ਤੇ ਸ. ਭਾਨ ਸਿੰਘ ਸਕੱਤਰ, ਸ਼੍ਰੋਮਣੀ ਕਮੇਟੀ ਵੀ ਮੌਜੂਦ ਸਨ। ਉਨ੍ਹਾਂ ਨੇ ਸਾਡੇ ’ਤੇ ਇਕ ਫੌਜੀ (ਸਿਪਾਹੀ) ਦੀ ਡਿਊਟੀ ਲਗਾ ਦਿੱਤੀ ਜਿਸ ਨੇ ਸਾਨੂੰ ਸਾਰਿਆਂ ਨੂੰ ਸੰਬੋਧਨ ਹੁੰਦੇ ਹੋਏ ਆਖਿਆ ਕਿ ਇਧਰ-ਉਧਰ ਕਿਸੇ ਨੇ ਨਹੀਂ ਦੇਖਣਾ। ਉੱਥੇ ਬੈਠਿਆਂ, ਜਿੱਥੋਂ ਤਕ ਸਾਡੀ ਨਜ਼ਰ ਪਹੁੰਚ ਸਕਦੀ ਸੀ ਅਸੀਂ ਦੇਖਿਆ ਕਿ ਲਾਸ਼ਾਂ ਨਾਲ ਭਰੇ ਕਮਰਿਆਂ ਵਿੱਚੋਂ ਖ਼ੂਨ ਵਗ ਕੇ ਸਾਡੇ ਬੈਠਿਆਂ ਦੇ ਹੇਠਾਂ ਆ ਰਿਹਾ ਸੀ। ਭੁੰਜੇ ਬੈਠਿਆਂ ਗਰਮੀ ਨਾਲ ਸਾਡੀਆਂ ਸਾਰਿਆਂ ਦੀਆਂ ਪਿੱਠਾਂ ਤੋਂ ਮਾਸ ਗਲ ਕੇ ਉਤਰ ਰਿਹਾ ਸੀ। ਅਸੀਂ ਰਾਤ ਦੇ ਗਿਆਰ੍ਹਾਂ ਵਜੇ ਤਕ ਇਸੇ ਤਰ੍ਹਾਂ ਭੁੱਖਣ-ਭਾਣੇ ਬੈਠੇ ਰਹੇ।

ਇੱਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਪਰੋਕਤ ਬੰਬ ਕਾਂਡ ਤੋਂ ਬਾਅਦ ਮਿਲਟਰੀ ਵਾਲਿਆਂ ਨੂੰ ਗੋਲੀਆਂ ਚਲਾਉਣੀਆਂ ਔਖੀਆਂ ਲੱਗ ਰਹੀਆਂ ਸਨ। ਮਿਲਟਰੀ ਵਾਲੇ ਬਚੇ ਹੋਏ ਲੋਕਾਂ ਨੂੰ ਜਿੱਥੇ-ਜਿੱਥੇ ਵੀ ਉਹ ਕਮਰਿਆਂ ਅੰਦਰ ਸਨ, ਉਨ੍ਹਾਂ ਉੱਪਰ ਗ੍ਰਨੇਡ ਸੁੱਟ ਕੇ ਕਮਰਿਆਂ ਅੰਦਰ ਹੀ ਮਾਰੀ ਜਾ ਰਹੇ ਸਨ। ਲੋਕਾਂ ਦਾ ਚੀਕ-ਚਿਹਾੜਾ ਦਿਲ ਦਹਿਲਾ ਦੇਣ ਵਾਲਾ ਸੀ।

੬ ਜੂਨ ਦੀ ਰਾਤ ੧੧ ਵਜੇ ਦੇ ਕਰੀਬ ਸਾਨੂੰ ਮਿਲਟਰੀ ਕੈਂਪ ਵਿਚ ਲਿਜਾਇਆ ਗਿਆ। ਸਾਡੇ ਪਹੁੰਚਣ ਤੋਂ ਥੋੜ੍ਹੇ ਸਮੇਂ ਬਾਅਦ ਹੀ ਗੋਲੀਆਂ ਚੱਲਣ ਦੀ ਅਵਾਜ਼ ਸੁਣਾਈ ਦਿੱਤੀ। ਅਸੀਂ ਸਾਰੇ 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗ ਪਏ। ਅਸੀਂ ਸਾਰੇ ਇਹੋ ਹੀ ਸੋਚ ਰਹੇ ਸੀ ਕਿ ਕੰਪਲੈਕਸ ਅੰਦਰ ਤਾਂ ਬਚ ਗਏ ਸੀ, ਪਰ ਹੁਣ ਨਹੀਂ ਬਚਦੇ! ਪਰ ਦੂਜੇ ਦਿਨ ੭ ਜੂਨ ਨੂੰ ਸਵੇਰੇ ਪਤਾ ਲੱਗਾ ਕਿ ਦੋ ਨੌਜਵਾਨ ਕੰਧ ਟੱਪ ਰਹੇ ਸਨ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਹੈ। ਜਦ ਮੈਂ ਅਤੇ ਸ. ਭਾਨ ਸਿੰਘ ਕੈਂਪ ਵਿਚ ਪਹੁੰਚੇ ਤਾਂ ਉੱਥੇ ਪ੍ਰਧਾਨ ਸਾਹਿਬ, ਸੰਤ ਹਰਚੰਦ ਸਿੰਘ ਅਤੇ ਹੋਰ ਸੱਜਣ ਮੌਜੂਦ ਸਨ। ਉਨ੍ਹਾਂ ਨੂੰ ਸ਼ਾਮੀਂ ਚਾਰ ਵਜੇ ਲਿਜਾਇਆ ਗਿਆ ਸੀ। ਸਾਨੂੰ ਤਾਂ ਇਹ ਖਦਸ਼ਾ ਸੀ ਕਿ ਉਨ੍ਹਾਂ ਨੂੰ ਮਾਰਨ ਲਈ ਲੈ ਗਏ ਹਨ ਅਤੇ ਜਦ ਸਾਨੂੰ ਕੈਂਪ ਵਿਚ ਲਿਜਾਣ ਲੱਗੇ ਤਾਂ ਅਸੀਂ ਵੀ ਇਹੋ ਸਮਝਿਆ ਕਿ ਹੁਣ ਸਾਡੀ ਵਾਰੀ ਆ ਗਈ ਹੈ ਪਰ ਉਨ੍ਹਾਂ ਨੂੰ ਦੇਖ ਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਸਮਝਿਆ ਕਿ

ਹੁਣ ਅਸੀਂ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚ ਗਏ ਹਾਂ।

ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਾ ਕਬਜ਼ਾ ਜਦੋਂ ਪੰਥ ਨੂੰ ਨਾ ਸੌਂਪਿਆ ਤਾਂ ਸਿੰਘ ਸਾਹਿਬਾਨ ਨੇ ਕੰਪਲੈਕਸ ਦਾ ਕਬਜ਼ਾ ਲੈਣ ਸੰਬੰਧੀ ੨ ਸਤੰਬਰ, ੧੯੮੪ ਈ. ਨੂੰ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਵਿਸ਼ਵ ਸਿੱਖ ਕਨਵੈਨਸ਼ਨ ਬੁਲਾਈ। ਸਰਕਾਰੀ ਰੁਕਾਵਟਾਂ ਅਤੇ ਅਨੇਕਾਂ ਪਾਬੰਦੀਆਂ ਦੇ ਬਾਵਜੂਦ ਦੇਸ਼ ਦੇ ਹਰ ਕੋਨੇ ਤੋਂ ਆ ਕੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ ਵਿਚ ਸ਼ਾਮਲ ਹੋਈਆਂ। ਇਸੇ ਹੀ ਕਨਵੈਨਸ਼ਨ ਵਿਚ ਗਿਆਨੀ ਜ਼ੈਲ ਸਿੰਘ ਅਤੇ ਸ. ਬੂਟਾ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੰਘ ਸਾਹਿਬਾਨ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇਕਰ ੩੦ ਸਤੰਬਰ, ੧੯੮੪ ਈ. ਤਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਿੱਖ ਪੰਥ ਨੂੰ ਨਾ ਸੌਂਪਿਆ ਗਿਆ ਤਾਂ ਇਕ ਅਕਤੂਬਰ ਨੂੰ ਲੱਖਾਂ ਹੀ ਸੰਗਤਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਅਜ਼ਾਦ ਕਰਵਾਉਣ ਲਈ ਕੂਚ ਕਰਨਗੀਆਂ ਅਤੇ ਸ਼ਹੀਦੀ ਬਾਣੇ ਪਹਿਨ ਕੇ ਪੰਜੇ ਸਿੰਘ ਸਾਹਿਬਾਨ ਇਸ ਮਾਰਚ ਦੀ ਅਗਵਾਈ ਕਰਨਗੇ।

੨੮ ਸਤੰਬਰ, ੧੯੮੪ ਨੂੰ ਸਰਕਾਰ ਵੱਲੋਂ ਸ੍ਰੀ ਕੇ. ਟੀ. ਸਤਾਰਾਵਾਲਾ ਗਵਰਨਰ ਪੰਜਾਬ ਦਾ ਸਲਾਹਕਾਰ ਸੁਬਰਾਮਨੀਅਮ ਸ੍ਰੀ ਅੰਮ੍ਰਿਤਸਰ ਵਿਖੇ ਆਇਆ। ਉਸ ਨੇ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ—ਸ. ਭਾਨ ਸਿੰਘ ਸਕੱਤਰ, ਸ. ਅਬਿਨਾਸ਼ੀ ਸਿੰਘ ਮੀਤ ਸਕੱਤਰ ਨਾਲ ਕੰਪਲੈਕਸ ਦੇ ਕਬਜ਼ੇ ਸੰਬੰਧੀ ਆਪਣੀਆਂ ਸ਼ਰਤਾਂ ਸਹਿਤ ਗੱਲਬਾਤ ਕੀਤੀ। ਇਨ੍ਹਾਂ ਸ਼ਰਤਾਂ ਵਿਚ ਇਹ ਵੀ ਸ਼ਰਤ ਮੌਜੂਦ ਸੀ ਕਿ ਜੋ ਵੀ ਸਾਮਾਨ ਲੰਗਰ ਆਦਿ ਲਈ ਕੰਪਲੈਕਸ ਅੰਦਰ ਆਏਗਾ, ਉਹ ਸਾਮਾਨ ਪਹਿਲਾਂ ਪੁਲਿਸ ਸਟੇਸ਼ਨ ਕੋਤਵਾਲੀ ਵਿਖੇ ਆਵੇਗਾ। ਉੱਥੋਂ ਚੈੱਕ ਹੋਣ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪੁੱਜਿਆ ਕਰੇਗਾ। ਇਨ੍ਹਾਂ ਸ਼ਰਤਾਂ ਬਾਰੇ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਕਿਹਾ ਕਿ ਅਸੀਂ ਇਸ ਸੰਬੰਧੀ ਕੁਝ ਵੀ ਲਿਖ ਕੇ ਨਹੀਂ ਦੇਵਾਂਗੇ ਅਤੇ ਨਾ ਹੀ ਕੰਪਲੈਕਸ ਦੇ ਅੰਦਰਲੇ ਚਾਰਜ ਸੰਬੰਧੀ ਲਿਖ ਕੇ ਦੇਣਾ ਹੈ।

ਕੰਪਲੈਕਸ ਵਿਚਲੀਆਂ ਇਮਾਰਤਾਂ ਦੀ ਹਾਲਤ ਬੰਬਾਂ ਦੀ ਧਮਕ ਅਤੇ ਸੜਨ ਕਾਰਨ ਬਹੁਤ ਮਾੜੀ ਹੋ ਚੁੱਕੀ ਸੀ। ਸਿੰਘ ਸਾਹਿਬਾਨ ਨੇ ਸਰਕਾਰ ਦੇ ਨੁਮਾਇੰਦੇ ਨੂੰ ਕਿਹਾ ਕਿ ਇਸ ਸੰਬੰਧੀ ਸਕੱਤਰ ਸਾਹਿਬ (ਸ਼੍ਰੋਮਣੀ ਕਮੇਟੀ) ਨਾਲ ਗੱਲ ਕਰ ਲਵੋ। ਸਰਕਾਰ ਦੇ ਨੁਮਾਇੰਦੇ ਨੇ ਸਕੱਤਰ ਸਾਹਿਬ ਨੂੰ ਕਿਹਾ ਕਿ ਤੁਸੀਂ ਸਾਨੂੰ ਆਪਣਾ ਨੁਮਾਇੰਦਾ ਦੇ ਦਿਓ, ਅਸੀਂ ਸਾਰਾ ਚਾਰਜ ਉਸ ਦੇ ਸਾਹਮਣੇ ਦੇ ਦੇਈਏ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਸਕੱਤਰ ਸ. ਭਾਨ ਸਿੰਘ ਨੇ ਚਾਰਜ ਲੈਣ ਸੰਬੰਧੀ ਕਿਹਾ। ਗਵਰਨਰ ਪੰਜਾਬ ਦੇ ਸਲਾਹਕਾਰ ਤੋਂ ੨੯ ਸਤੰਬਰ, ੧੯੮੪ ਈ. ਨੂੰ ਸਵੇਰੇ ੫:੩੦ ਵਜੇ ਸਾਰੇ ਕੰਪਲੈਕਸ ਅਤੇ ਹੇਠ ਲਿਖੇ ਗੁਰਦੁਆਰਾ ਸਾਹਿਬਾਨ ਦਾ ਚਾਰਜ ਲਿਆ ਗਿਆ:

੧. ਸ੍ਰੀ ਅਕਾਲ ਤਖ਼ਤ ਸਾਹਿਬ ਜੀ,
੨. ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ,
੩. ਗੁ: ਸ੍ਰੀ ਥੜ੍ਹਾ ਸਾਹਿਬ ਜੀ,
੪. ਗੁ: ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ,

੫. ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਜੀ,
੬. ਗੁ: ਬਾਬਾ ਅਟੱਲ ਰਾਏ ਸਾਹਿਬ ਜੀ,
੭. ਗੁ: ਮਾਤਾ ਕੌਲਾਂ ਜੀ (ਕੌਲਸਰ ਸਾਹਿਬ),
੮. ਲੰਗਰ ਹਾਲ ਸ੍ਰੀ ਗੁਰੂ ਰਾਮਦਾਸ ਜੀ।

ਇਸ ਸਮੇਂ ਸਰਕਾਰ ਸਰਾਵਾਂ ਦਾ ਕਬਜ਼ਾ ਨਹੀਂ ਸੀ ਦੇਣਾ ਚਾਹੁੰਦੀ ਕਿਉਂਕਿ ਸਰਕਾਰ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਢਾਹ ਕੇ ਇਸ ਜਗ੍ਹਾ 'ਤੇ ਲੋਕਲ ਬੱਸ ਸਟੈਂਡ ਅਤੇ ਪੁਲਿਸ ਚੌਂਕੀ ਦੀ ਉਸਾਰੀ ਕਰਨਾ ਚਾਹੁੰਦੀ ਸੀ। ਸਰਕਾਰ ਕੰਪਲੈਕਸ ਵਿਚਲੀ ਸੜਕ ਨੂੰ ਆਮ ਲੋਕਾਂ ਲਈ ਕਾਰਪੋਰੇਸ਼ਨ ਦੀ ਸੜਕ ਐਲਾਨ ਕਰ ਚੁੱਕੀ ਸੀ। ਇਸ ਬਾਰੇ ਸਿੱਖ ਮਿਲਟਰੀ ਅਫਸਰਾਂ ਨੇ ਹਮਦਰਦੀ ਵਜੋਂ ਸਿੰਘ ਸਾਹਿਬਾਨ ਅਤੇ ਸਕੱਤਰ ਸਾਹਿਬਾਨ (ਸ਼੍ਰੋਮਣੀ ਕਮੇਟੀ) ਦੀ ਦਿਲਚਸਪੀ ਤੇ ਸਿਆਣਪ ਸਦਕਾ ਕੁਝ ਦਿਨਾਂ ਬਾਅਦ ੯-੧੦-੧੯੮੪ ਈ. ਨੂੰ ਸਰਕਾਰ ਪਾਸੋਂ ਦਫ਼ਤਰ ਸ਼੍ਰੋਮਣੀ ਕਮੇਟੀ (ਤੇਜਾ ਸਿੰਘ ਸਮੁੰਦਰੀ ਹਾਲ) ਅਤੇ ਸਰਾਵਾਂ ਆਦਿ ਦਾ ਕਬਜ਼ਾ ਪ੍ਰਾਪਤ ਕਰ ਲਿਆ ਸੀ।

ਸਮੁੱਚਾ ਚਾਰਜ ਪ੍ਰਾਪਤ ਕਰਨ ਤੋਂ ਬਾਅਦ ਜਦੋਂ ਅਸੀਂ (ਸ਼੍ਰੋਮਣੀ ਕਮੇਟੀ ਦੇ ਕਰਮਚਾਰੀ) ਤੇਜਾ ਸਿੰਘ ਸਮੁੰਦਰੀ ਹਾਲ (ਦਫ਼ਤਰ ਸ਼੍ਰੋਮਣੀ ਕਮੇਟੀ) ਵਿਖੇ ਆਏ ਤਾਂ ਦੇਖਿਆ ਕਿ ਦਫ਼ਤਰ ਦੇ ਸਾਹਮਣੇ ਜੋ ਪਾਰਕ ਸੀ, ਉਹ ਜੰਗਲ ਦਾ ਰੂਪ ਧਾਰਨ ਕਰ ਚੁੱਕਾ ਸੀ। ਸ੍ਰੀ ਗੁਰੂ ਰਾਮਦਾਸ ਨਿਵਾਸ ਅੰਦਰ ਗਏ ਤਾਂ ਉੱਥੇ ਜੋ ਬਿਸਤਰਿਆਂ ਆਦਿ ਦੇ ਸਟੋਰ ਸਨ, ਉਹ ਸਾਰੇ ਸਾੜ ਦਿੱਤੇ ਗਏ ਸਨ। ਸ੍ਰੀ ਗੁਰੂ ਰਾਮਦਾਸ ਨਿਵਾਸ ਦੀ ਹੇਠਲੀ ਮੰਜ਼ਿਲ 'ਤੇ ਸਥਾਪਿਤ ਸ੍ਰੀ ਦਰਬਾਰ ਸਾਹਿਬ ਦਾ ਦਫ਼ਤਰ ਅਤੇ ਮੀਟਿੰਗ ਰੂਮ ਵੀ ਸਾੜਿਆ ਹੋਇਆ ਸੀ। ਇਸੇ ਤਰ੍ਹਾਂ ਹੀ ਧਰਮ ਪ੍ਰਚਾਰ ਕਮੇਟੀ ਦੇ ਧਾਰਮਿਕ ਲਿਟਰੇਚਰ ਆਦਿ ਨਾਲ ਜੋ ਸਟੋਰ ਭਰੇ ਪਏ ਸਨ, ਉਹ ਵੀ ਸਾੜੇ ਹੋਏ ਸਨ। ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਜਿਨ੍ਹਾਂ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਰਿਹਾਇਸ਼ ਸੀ, ਉਨ੍ਹਾਂ ਦੇ ਘਰਾਂ 'ਚ ਜਾ ਕੇ ਨੁਕਸਾਨ ਸੰਬੰਧੀ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਸਾਡੇ ਕਮਰਿਆਂ ਵਿਚ ਜੋ ਬਰਤਨ, ਟੀ. ਵੀ. ਅਤੇ ਫਰਿਜ ਆਦਿ ਮੌਜੂਦ ਸਨ ਉਨ੍ਹਾਂ ਵਿਚ ਗੋਲੀਆਂ ਮਾਰ ਕੇ ਛੇਕ ਕੀਤੇ ਹੋਏ ਸਨ। ਜੋ ਕੀਮਤੀ ਸਾਮਾਨ ਸੀ ਉਹ ਲੁੱਟ ਕੇ ਲੈ ਗਏ ਸਨ। ਅਸੀਂ ਲੁੱਟੇ ਹੋਏ ਸਾਮਾਨ ਦੀ ਐਫ. ਆਈ. ਆਰ. ਦਰਜ ਕਰਵਾਉਣ ਲਈ ਥਾਣਿਆਂ ਵਿਚ ਗਏ, ਪੁਲਿਸ ਵਾਲੇ ਸਾਡੀ ਐਫ. ਆਈ. ਆਰ. ਦਰਜ ਕਰਨ ਤੋਂ ਕੰਨੀ ਕਤਰਾ ਰਹੇ ਸਨ ਕਿਉਂਕਿ ਇਹ ਸਾਰਾ ਨੁਕਸਾਨ ਤਾਂ ਕੇਂਦਰ ਸਰਕਾਰ ਦੇ ਹੁਕਮ ਨਾਲ ਭੇਜੀ ਗਈ ਮਿਲਟਰੀ ਨੇ ਹੀ ਕੀਤਾ ਸੀ।

ਇਸ ਤੋਂ ਪਤਾ ਲੱਗਦਾ ਹੈ ਕਿ ਮਿਲਟਰੀ ਆਦਿ ਵੱਲੋਂ ਸਾੜ-ਫੂਕ ਅਤੇ ਲੁੱਟ ਜਾਣ-ਬੁੱਝ ਕੇ ਕੀਤੀ ਗਈ।

੨੯ ਸਤੰਬਰ, ੧੯੮੪ ਨੂੰ ਕਬਜ਼ਾ ਪ੍ਰਾਪਤ ਕਰਨ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਵਾਉਣ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰ ਦਿੱਤਾ ਗਿਆ ਸੀ ਜਿਸ ਦਾ ਮਿਤੀ ੧ ਅਕਤੂਬਰ, ੧੯੮੪ ਈ. ਨੂੰ ਭੋਗ ਪਾ ਕੇ ਸੰਗਤਾਂ ਵੱਲੋਂ ਸ਼ੁਕਰਾਨਾ ਦਿਵਸ ਮਨਾਇਆ ਗਿਆ ਸੀ।

ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸੰਬੰਧੀ ਜੋ ਵੀ ਵਿਚਾਰ

ਕਰਨੀ ਹੁੰਦੀ, ਉਹ ਇਕੱਤਰਤਾ ਗੁ: ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੀ ਡਿਓੜ੍ਹੀ ਉੱਪਰ ਕੀਤੀ ਜਾਂਦੀ ਸੀ। ਇਨ੍ਹਾਂ ਇਕੱਤਰਤਾਵਾਂ ਵਿਚ ਸਮੇਂ-ਸਮੇਂ ਸਲਾਹ ਆਦਿ ਲਈ ਸ. ਰਜਿੰਦਰ ਸਿੰਘ ਜੀ (ਧਾਲੀਵਾਲ) ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਭਾਨ ਸਿੰਘ ਸਕੱਤਰ ਅਤੇ ਸ. ਅਬਿਨਾਸ਼ੀ ਸਿੰਘ ਮੀਤ ਸਕੱਤਰ ਸ਼੍ਰੋਮਣੀ ਕਮੇਟੀ ਵੀ ਸ਼ਾਮਿਲ ਹੁੰਦੇ ਸਨ। ਜੂਨ ੧੯੮੪ ਵਿਚ ਹੇਠ ਲਿਖੇ ਸਿੰਘ ਸਾਹਿਬਾਨ ਸੇਵਾ ਨਿਭਾ ਰਹੇ ਸਨ :

੧. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ),

੨. ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ (ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ),

੩. ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ (ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ),

੪. ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਮਹਾਲੋਂ (ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ, ਸ੍ਰੀ ਅਨੰਦਪੁਰ ਸਾਹਿਬ),

੫. ਸਿੰਘ ਸਾਹਿਬ ਬਾਬਾ ਲੱਖਾ ਸਿੰਘ ਜੀ (ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ)।

ਇਸ ਸਮੇਂ ਉਪਰੋਕਤ ਸਿੰਘ ਸਾਹਿਬਾਨ ਵਿੱਚੋਂ ਗਿਆਨੀ ਸਾਹਿਬ ਸਿੰਘ ਜੀ ਗੁ: ਸੀਸ ਗੰਜ ਨਵੀਂ ਦਿੱਲੀ ਵਿਖੇ ਸੇਵਾ ਨਿਭਾਉਂਦੇ ਰਹੇ ਹਨ। ਬਾਕੀ ਚਾਰ ਸਿੰਘ ਸਾਹਿਬਾਨ ਗੁਰਪੁਰੀ ਪਿਆਨਾ ਕਰ ਚੁੱਕੇ ਹਨ।

ਸਿੰਘ ਸਾਹਿਬਾਨ ਦੇ ਨਾਲ ਇਕੱਤਰਤਾਵਾਂ ਵਿਚ ਸ਼ਾਮਲ ਹੁੰਦੇ ਰਹੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਸੀਨੀਅਰ ਅਧਿਕਾਰੀ :

੧. ਸ. ਰਜਿੰਦਰ ਸਿੰਘ ਜੀ (ਧਾਲੀਵਾਲ) ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ (ਜੂਨੀਅਰ ਮੀਤ ਪ੍ਰਧਾਨ) ਜੋ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੀ ਫੌਜੀ ਹਮਲੇ ਸਮੇਂ ਗ੍ਰਿਫ਼ਤਾਰੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਣੇ ਸਨ।

੨. ਸ. ਭਾਨ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ।

੩. ਸ. ਅਬਿਨਾਸ਼ੀ ਸਿੰਘ ਮੀਤ ਸਕੱਤਰ (ਪੀ. ਏ. ਪ੍ਰਧਾਨ ਸਾਹਿਬ)।

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਜਾਣ-ਬੁੱਝ ਕੇ ਫੌਜੀ ਹਮਲਾ ਨਾ ਕੀਤਾ ਗਿਆ ਹੁੰਦਾ ਤਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ, ਸਿੱਖ ਰੈਫਰੈਂਸ ਲਾਇਬ੍ਰੇਰੀ, ਅਜਾਇਬ ਘਰ ਦਾ ਵਡਮੁੱਲਾ ਧਨ ਜੋ ਕਿ ਸਿੱਖੀ ਦਾ ਪਿਛੋਕੜ ਸੀ, ਗਾਇਬ ਨਾ ਹੁੰਦਾ ਜੋ ਕਿ ਕਦੇ ਵੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ! ਜਥੇ. ਗੁਰਚਰਨ ਸਿੰਘ ਜੀ ਟੌਹੜਾ ਨੇ ਫੌਜੀ ਹਮਲੇ ਦੌਰਾਨ ਹੋਏ ਨੁਕਸਾਨ ਦੇ ਮੁਆਵਜ਼ੇ ਦਾ ਕੇਸ ਜੋ ਕਿ ੧੦ ਅਰਬ ਦੇ ਕਰੀਬ ਹੈ ੧੨-੮-੧੯੮੫ ਨੂੰ ਸ. ਤਾਰਾ ਸਿੰਘ ਸੀਨੀਅਰ ਸਬ-ਜੱਜ ਸ੍ਰੀ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤਾ। ਕੁਝ ਸਮੇਂ ਦੀਆਂ ਤਰੀਕਾਂ ਪੈਣ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਕੇਸ ੫-੮-੧੯੯੬ ਨੂੰ ਦਿੱਲੀ ਹਾਈਕੋਰਟ ਨੂੰ ਇਸ ਫੈਸਲੇ ਰਾਹੀਂ ਮਾਰਕ ਕਰ ਦਿੱਤਾ ਕਿ ਇਹ ਨੁਕਸਾਨ ਪੰਜਾਬ ਸਰਕਾਰ ਨੇ ਨਹੀਂ, ਸੈਂਟਰ ਸਰਕਾਰ ਨੇ ਕੀਤਾ ਹੈ ਅਤੇ ਇਸ ਦਾ ਮੁਆਵਜ਼ਾ ਸੈਂਟਰ ਸਰਕਾਰ

ਹੀ ਦੇ ਸਕਦੀ ਹੈ ਕਿਉਂਕਿ ਜਦ ਵੀ ਜੰਗ ਦੌਰਾਨ ਮਿਲਟਰੀ ਰਾਹੀਂ ਕਿਸੇ ਵੀ ਸਥਾਨ ਜਾਂ ਕਿਸੇ ਦਾ ਨਿੱਜੀ ਨੁਕਸਾਨ ਹੋ ਜਾਂਦਾ ਹੈ ਤਾਂ ਇਸ ਦਾ ਬਣਦਾ ਮੁਆਵਜ਼ਾ ਸੈਂਟਰ ਸਰਕਾਰ ਹੀ ਦਿੰਦੀ ਹੈ। ਭਾਰਤ ਸਰਕਾਰ ਤੋਂ ਅਜੇ ਤਕ ਇਨਸਾਫ਼ ਨਹੀਂ ਮਿਲਿਆ। ੧੨-੮-੧੯੮੫ ਤੋਂ ਬਾਅਦ ਹਾਲੇ ਤਕ ਵੀ ਸ਼੍ਰੋਮਣੀ ਕਮੇਟੀ ਨੂੰ ਕੋਈ ਇਨਸਾਫ਼ ਨਹੀਂ ਮਿਲਿਆ।

ਇੱਥੇ ਇਕ ਹੋਰ ਗੱਲ ਵੀ ਧਿਆਨ ਦੇਣ ਵਾਲੀ ਹੈ, ਉਹ ਇਹ ਕਿ ਸਾਡੀ ਭਾਰਤੀ ਫੌਜ ਅਤੇ ਸਰਕਾਰ ਨੇ ਕਾਰਗਿਲ ਦੀ ਲੜਾਈ ਸਮੇਂ ਸਾਡੇ ਗਵਾਂਢੀ ਦੇਸ਼ (ਪਾਕਿਸਤਾਨ) ਦੇ ਫੌਜੀ ਜੋ ਕਿ ਭਾਰਤੀ ਇਲਾਕੇ ਅੰਦਰ ਘੁਸਪੈਠ ਕਰ ਗਏ ਸਨ, ਉਨ੍ਹਾਂ ਨੂੰ ੧੩ ਜੁਲਾਈ ੧੯੯੯ ਤੋਂ ੧੬ ਜੁਲਾਈ ੧੯੯੯ ਤਕ ਚਾਰ ਦਿਨ ਦਾ ਸਮਾਂ ਅਸਲੇ ਸਮੇਤ ਇਲਾਕਾ ਖਾਲੀ ਕਰਨ ਲਈ ਸੁਰੱਖਿਅਤ ਰਸਤਾ ਦਿੱਤਾ। ਪਰ ਆਪਣੇ ਹੀ ਦੇਸ਼ ਅੰਦਰ, ਆਪਣੇ ਹੀ ਦੇਸ਼ ਦੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਘਿਰੀ ਸੰਗਤ ਨੂੰ ੪ ਜੂਨ ੧੯੮੪ ਤੋਂ ੬ ਜੂਨ ੧੯੮੪ ਤਕ ੫ ਮਿੰਟ ਦਾ ਵੀ ਸਮਾਂ ਬਾਹਰ ਸੁਰੱਖਿਅਤ ਬਚ ਨਿਕਲਣ ਲਈ ਨਹੀਂ ਦਿੱਤਾ। ਭਾਵੇਂ ਫੌਜ ਅਨਾਊਂਸ ਕਰਦੀ ਸੀ ਕਿ ਕਰਫ਼ਿਊ ਵਿਚ ਢਿੱਲ ਦੇ ਦਿੱਤੀ ਗਈ ਹੈ, ਪਰ ਜੋ ਯਾਤਰੂ ਬਾਹਰ ਨਿਕਲਦੇ, ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਗੋਲੀਆਂ ਨਾਲ ਭੁੰਨ ਦਿੱਤੇ ਜਾਂਦੇ ਸਨ। ਜੇਕਰ ਕੋਈ ਬਚ ਜਾਂਦਾ ਤਾਂ ਉਸ ਦੇ ਹੱਥ-ਪੈਰ ਅਤੇ ਅੱਖਾਂ ਬੰਨ੍ਹ ਕੇ ਫੌਜੀ ਕੈਂਪ ਵਿਚ ਭੇਜ ਦਿੱਤਾ ਜਾਂਦਾ ਸੀ।

■

ਜੂਨ ੧੯੮੪ ਦੇ ਅੱਖੀਂ ਡਿੱਠੇ ਹਾਲਾਤ

-ਸ. ਗੁਰਦਿਆਲ ਸਿੰਘ

੩ ਜੂਨ, ੧੯੮੪ ਐਤਵਾਰ ਦਾ ਦਿਨ ਸੀ। ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਰੇਕ ਸਾਲ ਦੀ ਤਰ੍ਹਾਂ ਐਤਕੀਂ ਵੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਵਿਚਕਾਰ ਖੁੱਲ੍ਹੇ ਅਸਥਾਨ 'ਤੇ ਮਨਾਇਆ ਜਾਣਾ ਸੀ। ਅਸੀਂ ਕਰਫ਼ਿਊ ਲੱਗਾ ਹੋਣ ਕਰਕੇ ਉੱਥੇ ਨਾ ਜਾ ਸਕੇ। ਮਹੱਲੇ ਵਿੱਚੋਂ ਕੁਝ ਸਿੰਘਾਂ ਨੂੰ ਦੇਖ ਕੇ ਅਸੀਂ ਵੀ (ਕਰਫ਼ਿਊ ਵਿਚ ਦੋ ਘੰਟੇ ਦੀ ਢਿੱਲ ਹੋਣ ਕਰਕੇ) ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਮੇਰੇ ਨਾਲ ਲੱਗਭਗ ਤੇਰਾਂ ਸਾਲ ਦਾ ਇਕ ਲੜਕਾ ਕਾਕਾ ਗੁਰਮੁਖ ਸਿੰਘ ਸੀ। ਅਸੀਂ ਤਕਰੀਬਨ ਪੌਣੇ ਸੱਤ ਵਜੇ ਸ਼ਾਮ ਨੂੰ ਸਾਈਕਲਾਂ 'ਤੇ ਚੱਲੇ ਸਾਂ। ਅੱਗੇ ਬਜ਼ਾਰਾਂ ਵਿਚ ਮਿਲਟਰੀ ਕਾਫ਼ੀ ਆ ਚੁੱਕੀ ਸੀ।

ਅਸੀਂ ਸੱਤ ਵੱਜ ਕੇ ਦਸ ਮਿੰਟ 'ਤੇ ਸ੍ਰੀ ਦਰਬਾਰ ਸਾਹਿਬ ਪੁੱਜ ਗਏ। ਉੱਥੇ ਜਾ ਕੇ ਪਤਾ ਲੱਗਾ ਕਿ ਕਰਫ਼ਿਊ ਸਾਢੇ ਸੱਤ ਵਜੇ ਬੰਦ ਹੋ ਜਾਣਾ ਹੈ, ਇਸ ਲਈ ਅਸੀਂ ਸਰਾਂ ਵਾਲੇ ਪਾਸੇ ਜੋੜੇ ਘਰ ਵਿਚ ਜੋੜੇ ਤੇ ਸਾਈਕਲ ਰੱਖ ਕੇ ਕਾਹਲੀ-ਕਾਹਲੀ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਗਏ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਦਰਸ਼ਨ ਕਰ ਕੇ ਵਾਪਸੀ 'ਤੇ ਅਸੀਂ ਘੰਟਾ-ਘਰ ਵਾਲੇ ਪਾਸੇ ਡਿਓੜ੍ਹੀ ਤੋਂ ਸੰਗਤਾਂ ਤੋਂ ਪਤਾ ਕੀਤਾ ਕਿ ਇਧਰ ਦੀ ਘਰਾਂ ਨੂੰ ਵਾਪਸ ਜਾਣ ਦਿੰਦੇ ਹਨ ਕਿ ਨਹੀਂ। ਨਾਂਹ ਹੋਣ ਕਰਕੇ ਅਸੀਂ ਸ਼ਹੀਦਾਂ ਦੇ ਗੁਰਦੁਆਰੇ ਵਾਲੇ ਰਾਹ ਨੂੰ (ਜੋ ਕਿ ਕਰਫ਼ਿਊ ਲੱਗਾ ਹੋਣ ਦੌਰਾਨ ਖੁੱਲ੍ਹਾ ਰਹਿੰਦਾ ਸੀ) ਗਏ ਤੇ ਉਧਰੋਂ ਵਾਪਸ ਆ ਰਹੇ (ਗੁਰਦੁਆਰਾ ਬਾਬਾ ਅਟੱਲ ਜੀ ਦੇ ਲਾਗਿਓਂ) ਤਿੰਨ ਕੁ ਬੀਬੀਆਂ ਅਤੇ ਇਕ ਸਿੱਖ ਤੋਂ ਪੁੱਛਿਆ ਕਿ ਇਧਰ ਦੀ ਜਾਣ ਦਿੰਦੇ ਹਨ ਕਿ ਨਹੀਂ? ਉਨ੍ਹਾਂ ਕਿਹਾ ਕਿ ਮਿਲਟਰੀ ਵਾਲੇ ਕਿਸੇ ਪਾਸੇ ਜਾਣ ਨਹੀਂ ਦਿੰਦੇ, ਅਸੀਂ ਵੀ ਨਿਰਾਸ਼ ਹੋ ਕੇ ਵਾਪਸ ਆ ਗਏ। ਹੁਣ ਸਾਨੂੰ ਰਾਤ ਵਿਸ਼ਰਾਮ ਕਰਨ ਦੀ ਸੋਚ ਸੀ। ਅਸੀਂ ਗੁਰੂ ਨਾਨਕ ਨਿਵਾਸ ਦੀ ਉੱਪਰਲੀ ਛੱਤ ਉੱਪਰ ਰਾਤ ਕੱਟੀ।

ਦਾਸ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ੪ ਜੂਨ ਨੂੰ ਚਾਰ ਵਜੇ ਪਾਲਕੀ ਸਾਹਿਬ (ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਜਾਈ ਜਾਂਦੀ ਹੈ) ਨਾਲ ਰਲ਼ ਗਿਆ। ਸਾਢੇ ਚਾਰ ਵਜੇ ਪਹਿਲਾ ਮੁਖਵਾਕ (ਹੁਕਮਨਾਮਾ) ਲਿਆ ਗਿਆ। ਕੀਰਤਨ ਫਿਰ ਅਰੰਭ ਹੋ ਗਿਆ। ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ (ਜੋ ਕਿ ਐਕਸ਼ਨ ਦੌਰਾਨ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸ਼ਹੀਦ ਹੋ ਗਏ ਸਨ) ਜਥੇ ਸਮੇਤ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਕਰ ਰਹੇ ਸਨ। ਤਕਰੀਬਨ ਚਾਰ ਵੱਜ ਕੇ ਚਾਲ੍ਹੀ ਮਿੰਟ ਹੋਏ ਹੋਣਗੇ ਇਕ ਬਹੁਤ ਹੀ ਜ਼ੋਰਦਾਰ ਗੋਲੇ ਦਾ ਧਮਾਕਾ ਹੋਇਆ, ਜਿਸ ਬਾਰੇ ਸੰਗਤਾਂ ਵਿਚ ਵੱਖ-ਵੱਖ ਚਰਚਾ ਸੀ ਕਿ ਗੋਲਾ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜ੍ਹੀ ਦੇ ਬਾਹਰ ਡਿੱਗਿਆ ਹੈ। ਪਰੰਤੂ ਬਾਅਦ ਵਿਚ ਹੋਰ ਸੰਗਤਾਂ ਨੇ ਦੱਸਿਆ ਕਿ ਗੋਲਾ ਸਿੰਧੀਆਂ ਦੀ ਧਰਮਸ਼ਾਲਾ (ਜੋ ਕਿ ਗੁਰਦੁਆਰਾ ਥੜ੍ਹਾ ਸਾਹਿਬ ਕੋਲ ਸੀ) ਓਥੇ ਡਿੱਗਿਆ ਹੈ।

ਖੈਰ ਗੋਲਾ ਡਿੱਗਿਆ ਪਰ ਜਾਨੀ ਨੁਕਸਾਨ ਕੋਈ ਨਹੀਂ ਸੀ ਹੋਇਆ। ਸ੍ਰੀ ਦਰਬਾਰ ਸਾਹਿਬ ਦੇ ਅੰਦਰ/ਬਾਹਰ ਬੈਠੀ ਸੰਗਤ ਅੱਗੇ-ਪਿੱਛੇ ਹੋ ਗਈ। ਹਰਿ ਕੀ ਪੌੜੀ ਵਾਲੇ ਦਰਵਾਜ਼ੇ ਨੂੰ ਛੱਡ ਕੇ ਬਾਕੀ ਤਿੰਨੇ ਦਰਵਾਜ਼ੇ ਬੰਦ ਕਰ ਦਿੱਤੇ। ਬਸ ਫੇਰ ਕੀ ਸੀ, ਆਸੇ-ਪਾਸੇ ਤੋਂ ਗੋਲਿਆਂ/ਗੋਲੀਆਂ ਦੀਆਂ ਕੁਝ ਬਰੀਕ ਤੇ ਕੁਝ ਭਰਵੀਆਂ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਗੁਰੂ ਸੰਗਤ ਦੇ ਕੁਝ ਪ੍ਰਾਣੀ ਵਰ੍ਹਦੀ ਗੋਲੀ ਦੇ ਵਿਚ ਹੀ ਪਰਕਰਮਾ ਦੇ ਕਮਰਿਆਂ ਵਿਚ ਜਾਂ ਜਿੱਥੇ ਕਿਤੇ ਵੀ ਕਿਸੇ ਨੂੰ ਜਗ੍ਹਾ ਮਿਲੀ, ਚਲੇ ਗਏ। ਅੰਦਰ ਕੀਰਤਨ ਜਾਰੀ ਰਿਹਾ। ਰਾਗੀ ਸਿੰਘਾਂ ਦਾ ਜਥਾ ਜੇਕਰ ਕੋਈ ਨਹੀਂ ਆਉਂਦਾ ਸੀ ਤਾਂ ਸੰਗਤ ਵਿੱਚੋਂ ਪ੍ਰੇਮੀ ਸਿੰਘ ਕੀਰਤਨ ਦੀ ਚੌਂਕੀ ਸ਼ੁਰੂ ਕਰ ਦਿੰਦੇ ਸਨ। ਖ਼ੈਰ ਰਾਤ ਨੂੰ ਪ੍ਰਚੱਲਤ ਮਰਯਾਦਾ ਅਨੁਸਾਰ ਸੋਦਰ ਦੀ ਚੌਂਕੀ ਉਪਰੰਤ ਆਰਤੀ ਸਾਹਿਬ ਦੇ ਕੀਰਤਨ ਤੋਂ ਬਾਅਦ (ਅਗਾਂਹ ਕੀਰਤਨ ਜਾਰੀ ਰੱਖਣ ਦੀ ਬਜਾਏ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰਿ ਕੀ ਪੌੜੀ ਉੱਪਰ, ਕਮਰੇ ਵਿਚ ਜਿੱਥੇ ਵੱਡੀ ਬੀੜ ਦਾ ਪ੍ਰਕਾਸ਼ ਹੁੰਦਾ ਹੈ, ਸੁਖਾਸਨ ਕਰ ਦਿੱਤਾ ਗਿਆ। ਅਸੀਂ ੪ ਜੂਨ ਦੀ ਰਾਤ ਦਾ ਵਿਸ਼ਰਾਮ ਝੰਡੇ ਬੁੰਗੇ ਦੇ ਲਾਗੇ ਇਕ ਕਮਰੇ ਵਿਚ ਕੀਤਾ। ਗਰਮੀ ਬਹੁਤ ਜ਼ਿਆਦਾ ਹੋਣ ਕਰਕੇ ਅਤੇ ਗੋਲੀਆਂ ਦੀ ਲਗਾਤਾਰ ਖੜਖੜਾਹਟ ਹੋਣ ਕਰਕੇ ਨੀਂਦ ਨਹੀਂ ਆਈ। ਮੇਰੇ ਨਾਲ ਇਕ ਸਿੰਘ (ਭਾਈ ਅਵਤਾਰ ਸਿੰਘ ਪਾਰੋਵਾਲ ਜ਼ਿਲ੍ਹਾ ਗੁਰਦਾਸਪੁਰ) ਰਲ਼ ਗਿਆ। ਮਰਯਾਦਾ ਅਨੁਸਾਰ ੫ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਕੀਰਤਨ ਵੀ ਅਰੰਭ ਹੋ ਗਿਆ। ਗੋਲੀ ਚੱਲਦੀ ਰਹੀ। ਅਸੀਂ ਦੋਵੇਂ ਸਿੰਘ ਗੋਲੀਆਂ ਦੀ ਬੁਛਾੜ ਵਿਚ ਲੰਮੇ ਪੈ-ਪੈ ਕੇ ਅਤੇ ਕਦੇ ਦੌੜ ਕੇ ਪਹਿਲੇ ਹੁਕਮਨਾਮੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚ ਗਏ। ਮੁਖਵਾਕ ਹੋਇਆ। ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਭਾਈ ਅਮਰੀਕ ਸਿੰਘ ਜੀ ਦਾ ਜਥਾ ਹੀ ਕਰ ਰਿਹਾ ਸੀ ਜੋ ਸ੍ਰੀ ਆਸਾ ਜੀ ਕੀ ਵਾਰ ਦੇ ਭੋਗ ਤੋਂ ਉਪਰੰਤ ਵਰ੍ਹਦੀ ਗੋਲੀ ਵਿਚ ਬਾਹਰ ਨਿਕਲ ਗਏ ਅਤੇ ਪਰਕਰਮਾ ਵਿਚ ਸ਼ਹੀਦੀ ਪਾ ਗਏ।

੫ ਜੂਨ ਨੂੰ ਫਾਇਰਿੰਗ ਦਾ ਕੰਮ ਬਹੁਤ ਤੇਜ਼ ਹੋ ਗਿਆ ਸੀ। ਫੌਜ ਸ੍ਰੀ ਦਰਬਾਰ ਸਾਹਿਬ ਦੇ ਨੇੜੇ-ਨੇੜੇ ਆ ਰਹੀ ਸੀ। ਕੀਰਤਨ ਅਜੇ ਤਕ ਜਾਰੀ ਸੀ। ਕਈ ਜਥੇ ਕੀਰਤਨ ਦੀ ਚੌਂਕੀ 'ਤੇ ਨਾ ਪਹੁੰਚ ਸਕੇ। ਉਨ੍ਹਾਂ ਦੀ ਜਗ੍ਹਾ ਜਿਹੜਾ ਰਾਗੀ ਜਥਾ ਅੰਦਰ ਸੀ, ਉਹੀ ਕੀਰਤਨ ਦੀ ਚੌਂਕੀ ਭਰਦਾ ਜਾਂ ਕੁਝ ਪ੍ਰੇਮੀ ਸਿੰਘ ਵੀ ਕੀਰਤਨ ਦੀ ਚੌਂਕੀ ਭਰਦੇ ਸਨ। ਅੰਦਰ ਬੈਠੇ ਸੇਵਾਦਾਰ/ਪ੍ਰੇਮੀ ਸਿੰਘ ਕਦੀ-ਕਦੀ ਖੁੱਲ੍ਹੀ ਹਵਾ ਲੈਣ ਲਈ ਹਰਿ ਕੀ ਪੌੜੀ ਦੇ ਜੰਗਲੇ ਕੋਲ ਆ ਜਾਂਦੇ। ਭੁੱਖ-ਪਿਆਸ ਤੰਗ ਕਰਦੀ ਤਾਂ ਸਰੋਵਰ ਦਾ ਜਲ ਛਕ ਲੈਂਦੇ। ਇਕ ਸਿੰਘ ਸੰਗਤ ਨੂੰ ਥੋੜ੍ਹਾ-ਬਹੁਤ ਲੰਗਰ ਵਰ੍ਹਦੀ ਗੋਲੀ ਵਿਚ ਆ ਕੇ ਛਕਾ ਗਿਆ ਸੀ। ਹਰਿ ਕੀ ਪੌੜੀ 'ਤੇ ਬੈਠਿਆਂ ਅਸੀਂ ਲੰਗਰ ਦੀ ਇਮਾਰਤ ਉੱਤੇ, ਉੱਚੇ ਬੁਰਜਾਂ (ਰਾਮਗੜ੍ਹੀਆ ਬੁੰਗੇ) ਉੱਤੇ ਅਤੇ ਪਾਣੀ ਦੀ ਟੈਂਕੀ ਉੱਤੇ ਗੋਲੇ ਵਰ੍ਹਦੇ ਦੇਖੇ। ਪਾਣੀ ਦੀ ਟੈਂਕੀ ਸਾਡੇ ਦੇਖਦਿਆਂ-ਦੇਖਦਿਆਂ ਲੀਕ ਕਰਨ ਲੱਗ ਪਈ ਸੀ। ਪਾਣੀ ਸਾਰਾ ਖ਼ਤਮ ਹੋ ਗਿਆ ਸੀ ਜਿਸ ਨਾਲ ਬਾਹਰਲੀ ਸੰਗਤ ਬਹੁਤ ਮੁਸ਼ਕਲ ਵਿਚ ਫਸ ਗਈ। ਟੂਟੀਆਂ ਵਿਚ ਪਾਣੀ ਆਉਣਾ ਬੰਦ ਹੋ ਗਿਆ ਅਤੇ ਬਿਜਲੀ ਵੀ ਬੰਦ ਹੋ ਗਈ। ਅਸੀਂ ਪੰਜ-ਛੇ ਵਜੇ ਦੇ ਕਰੀਬ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਅੰਦਰ ਚਲੇ ਗਏ, ਕਿਉਂਕਿ ਗੋਲੀ ਦਾ ਖ਼ਤਰਾ ਹੁਣ ਹਰਿ ਕੀ ਪੌੜੀ 'ਤੇ ਵੀ ਪ੍ਰਤੀਤ ਹੋਣ ਲੱਗ ਪਿਆ ਸੀ। ਸਰੋਵਰ ਵਿਚ ਵੀ ਗੋਲੇ ਡਿੱਗਦੇ ਦੇਖੇ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਚਾਰੇ ਦਰਵਾਜ਼ੇ ਬੰਦ ਹੋਣ ਕਰਕੇ ਗਰਮੀ ਦੀ ਅੱਤ ਹੋਣ ਕਾਰਨ ਅੰਦਰ ਸਾਹ ਘੁਟਵਾਂ ਅਤੇ ਤੰਗ ਜਿਹਾ ਵਾਤਾਵਰਨ ਹੋ ਗਿਆ ਸੀ।

ਸੋਦਰ ਦੀ ਚੌਂਕੀ ਵੇਲੇ ਪਾਠ ਕਰਨ ਲਈ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਫਾਇਰਿੰਗ ਜ਼ਿਆਦਾ ਹੋਣ ਕਰਕੇ ਸਮੇਂ ਤੋਂ ਕੁਝ ਮਿੰਟ ਲੇਟ ਹੋ ਗਏ। ਜਦ ਤਕ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਗ੍ਰੰਥੀ ਪੰਜ ਦਸ ਮਿੰਟਾਂ ਵਿਚ ਪਹੁੰਚ ਗਏ ਤੇ ਪਾਠ ਸ਼ੁਰੂ ਕਰ ਦਿੱਤਾ। ਰਾਗੀ ਸਿੰਘ ਸੋਦਰ ਦੀ ਚੌਂਕੀ ਲਾ ਕੇ ਚਲੇ ਗਏ। ਸ੍ਰੀ ਰਹਿਰਾਸ ਸਾਹਿਬ ਜੀ ਦੇ ਭੋਗ/ਅਰਦਾਸ ਤੋਂ ਬਾਅਦ ਆਰਤੀ ਸਾਹਿਬ ਵਾਸਤੇ ਕੋਈ ਜਥਾ ਨਹੀਂ ਸੀ। ਸੋ ਆਰਤੀ ਦੇ ਕੀਰਤਨ ਦੀ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਦਾਸ (ਲਿਖਾਰੀ) ਤੋਂ ਬਖ਼ਸ਼ਿਸ਼ ਕਰ ਕੇ ਲਈ। ਇਸ ਤੋਂ ਬਾਅਦ ਹੁਕਮਨਾਮਾ ਲੈ ਕੇ ਮਹਾਰਾਜ ਜੀ ਦਾ ਸੁਖਾਸਨ ਪਿਛਲੇ ਦਿਨ ਦੀ ਤਰ੍ਹਾਂ ਹਰਿ ਕੀ ਪੌੜੀ ਉੱਪਰ ਵੱਡੀ ਬੀੜ ਦੇ ਸਾਹਮਣੇ ਹੀ ਪੀਹੜਾ ਸਾਹਿਬ 'ਤੇ ਕਰ ਦਿੱਤਾ ਗਿਆ। ਇਹ ਸਮਾਂ ਰਾਤ ਲੱਗਭਗ ਅੱਠ ਵਜੇ ਤੋਂ ਸਾਢੇ ਅੱਠ ਵਜੇ ਦੇ ਵਿਚਕਾਰ ਦਾ ਹੈ।

੫ ਜੂਨ ਨੂੰ ਰਾਤ ਦੇ ਸੁਖਾਸਨ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੇ ਹਾਜ਼ਰ ਸੰਗਤ ਨੂੰ ਬੇਨਤੀ ਕੀਤੀ ਕਿ ਸਾਧਸੰਗਤ ਜੀ! ਇਸ ਸਮੇਂ ਪੰਥ 'ਤੇ ਭੀੜ ਬਣੀ ਹੈ। ਆਓ ਰਲ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਅਰਦਾਸ ਕਰੀਏ। ਉਨ੍ਹਾਂ ਸੰਗਤਾਂ ਵਿੱਚੋਂ ਪੰਜ ਸਿੰਘ ਚੁਣੇ। ਇਕ ਤਾਂ ਉਹ ਆਪ ਸਨ, ਦੂਜੇ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਗ੍ਰੰਥੀ, ਤੀਜੇ ਭਾਈ ਗੁਰਦੀਪ ਸਿੰਘ ਜੀ (ਅਰਦਾਸੀਆ ਸਿੰਘ), ਚੌਥਾ ਦਾਸ (ਲਿਖਾਰੀ), ਪੰਜਵੇਂ ਸਿੰਘ ਦਾ ਨਾਂ ਇਸ ਵੇਲੇ ਯਾਦ ਨਹੀਂ ਹੈ। ਅਰਦਾਸ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੇ ਕੀਤੀ ਅਤੇ ਬੇਨਤੀ ਵਿਚ ਕਿਹਾ ਕਿ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਇਸ ਵੇਲੇ ਆਪ ਦੇ ਪੰਥ ਉੱਤੇ ਭੀੜ ਬਣੀ ਹੈ, ਅਸੀਂ ਆਪ ਜੀ ਦੇ ਨਾਮ-ਧਰੀਕ ਸਿੱਖ ਸੇਵਕ ਬੇਨਤੀ ਕਰਦੇ ਹਾਂ ਕਿ ਆਪ ਜੀ ਨੇ ਪੰਥ ਦੀ ਲਾਜ ਰੱਖਣੀ ਤੇ ਹਰ ਪ੍ਰਕਾਰ ਦੀ ਸਹਾਇਤਾ ਕਰਨੀ।... ਅਰਦਾਸ ਤੋਂ ਬਾਅਦ ਅਸੀਂ ਸਾਰੇ ਹੇਠਾਂ ਆ ਗਏ। ਗੋਲੀ ਹੋਰ ਤੇਜ਼ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲਣਾ ਬਹੁਤ ਔਖਾ ਹੋ ਗਿਆ। ਅਸੀਂ ਸਾਰਿਆਂ ਨੇ ਅੰਦਰ ਬੈਠ ਕੇ ਜਪੁਜੀ ਸਾਹਿਬ ਅਤੇ ਕੁਝ ਚੌਪਈ ਸਾਹਿਬ ਦੇ ਪਾਠ ਕੀਤੇ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਬੰਦ ਹੋਣ ਕਰਕੇ ਅਤੇ ਬਿਜਲੀ ਬੰਦ ਹੋਣ ਕਰਕੇ ਗਰਮੀ ਅਤੇ ਪਿਆਸ ਬਹੁਤ ਸਤਾਉਣ ਲੱਗੀ, ਸਰੀਰ ਥੱਕ-ਟੁੱਟ ਗਏ। ਪਰੰਤੂ ਸੱਚਖੰਡ ਦਾ ਅਸਥਾਨ ਤੇ ਸੰਗਤ ਦੇ ਦਰਸ਼ਨ-ਪਰਸਨ ਕਰ ਕੇ ਹੌਂਸਲੇ ਨਾਲ ਬੈਠੇ ਰਹੇ। ਭਾਈ ਅਵਤਾਰ ਸਿੰਘ ਪਾਰੋਵਾਲ ਨੇ ਇਕ ਹੋਰ ਸਾਥੀ ਨੂੰ ਨਾਲ ਲੈ ਸਰੋਵਰ ਵਿੱਚੋਂ ਦੋ ਕੁ ਬਾਲਟੀਆਂ ਜਲ ਦੀਆਂ ਭਰ ਕੇ ਅੰਦਰ ਰੱਖ ਲਈਆਂ। ਉਸ ਵੇਲੇ ਸੇਵਾਦਾਰਾਂ ਸਮੇਤ ਪ੍ਰੇਮੀ ਸਿੰਘਾਂ ਦੇ ਕੋਈ ੨੨-੨੪ ਦੇ ਕਰੀਬ ਪ੍ਰਾਣੀ ਅੰਦਰ ਸਨ। ਥੋੜ੍ਹੇ-ਥੋੜ੍ਹੇ ਪਾਣੀ ਨਾਲ ਗੁਜ਼ਾਰਾ ਕੀਤਾ।

ਰਾਤ ੯ ਵਜੇ ਤੋਂ ਬਾਅਦ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ-ਬਾਹਰੋਂ ਰੌਲਾ, ਚੀਖ-ਚਿਹਾੜਾ ਅਤੇ ਰੋਣ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ, ਜਿਸ ਤੋਂ ਅਸੀਂ ਅੰਦਾਜ਼ਾ ਲਗਾਇਆ ਕਿ ਫੌਜ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਦਾਖ਼ਲ ਹੋ ਚੁੱਕੀ ਹੈ। ਉਸ ਰਾਤ ਪਰਕਰਮਾ ਵਿਚ ਰਹਿ ਰਹੀਆਂ ਸੰਗਤਾਂ ਨੂੰ ਗੋਲਿਆਂ, ਬੰਦੂਕਾਂ ਦੀਆਂ ਸੰਗੀਨਾਂ ਅਤੇ ਗੋਲੀਆਂ ਨਾਲ ਮਾਰ ਦਿੱਤਾ ਗਿਆ। ਕੁਝ ਸਮੇਂ ਬਾਅਦ ਟੈਂਕ ਆ ਗਏ। ਇਕ ਟੈਂਕ ਦੀ ਫਲੈਸ਼ (ਤੇਜ਼ ਲਾਈਟ) ਹਰਿ ਕੀ ਪੌੜੀ ਦੇ ਦਰਵਾਜ਼ੇ ਵੱਲ ਨੂੰ ਸਿੱਧੀ ਪੈਂਦੀ ਸੀ। ਇਸ ਵਾਸਤੇ ਹੁਣ ਸਾਡੇ ਵਾਸਤੇ ਸਰੋਵਰ ਵਿੱਚੋਂ ਜਲ ਲੈਣਾ ਹੋਰ ਵੀ ਔਖਾ ਹੋ ਗਿਆ ਸੀ। ਰਾਤ ਟੈਂਕਾਂ ਦੀਆਂ ਤੇ ਹੋਰ ਮਿਲਟਰੀ ਦੀਆਂ ਗੱਡੀਆਂ ਦੀਆਂ ਅਵਾਜ਼ਾਂ ਸੁਣਦੀਆਂ ਰਹੀਆਂ ਅਤੇ ਵਿੱਚੋਂ-ਵਿੱਚੋਂ ਫਾਇਰਿੰਗ ਵੀ ਬੰਦ

ਹੋਈ ਜਿਸ ਤੋਂ ਅਸੀਂ ਇਹ ਸਮਝਦੇ ਸਾਂ ਕਿ ਮਿਲਟਰੀ ਵਾਪਸ ਜਾ ਰਹੀ ਹੈ। ਪਰੰਤੂ ਬਾਅਦ ਵਿਚ ਕੁਝ ਸਿੰਘਾਂ ਨੇ ਦੱਸਿਆ ਕਿ ਇਸ ਦੌਰਾਨ ਮਿਲਟਰੀ ਆਪਣੇ ਮਰੇ ਅਤੇ ਜ਼ਖ਼ਮੀ ਫੌਜੀਆਂ ਨੂੰ ਸੰਭਾਲਦੀ ਰਹੀ। ਇਹ ਰਾਤ ਕਈ ਸੋਚਾਂ-ਸੋਚਦਿਆਂ ੬ ਜੂਨ ਦਾ ਅੰਮ੍ਰਿਤ ਵੇਲਾ ਹੋ ਗਿਆ। ਇਸ ਸਾਰੇ ਸਮੇਂ ਦੌਰਾਨ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਬਹੁਤ ਹੀ ਹੌਂਸਲਾਪ੍ਰਸਤ ਰਹੇ ਸਨ।

੬ ਜੂਨ ਨੂੰ ਅੰਮ੍ਰਿਤ ਵੇਲੇ ਇਕ ਪ੍ਰੇਮੀ ਬਜ਼ੁਰਗ ਭਾਈ ਸਰਦਾਰਾ ਸਿੰਘ (ਜੋ ਸਰੀਰ ਦੇ ਭਾਰੇ ਸਨ) ਨੇ ਬਾਕੀ ਸੇਵਾਦਾਰਾਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਅਸਥਾਨ ਤਿਆਰ ਕੀਤਾ। ਵਿਛਾਈ ਕੀਤੀ। ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ। ਮੁਖਵਾਕ ਲਿਆ ਗਿਆ। ਅੰਦਰ ਹਜ਼ੂਰੀ ਕੀਰਤਨ ਵਾਸਤੇ ਰਾਗੀ ਸਿੰਘ ਕੋਈ ਨਹੀਂ ਸਨ। ਭਾਈ ਗੁਰਦੀਪ ਸਿੰਘ ਦੇ ਰਾਗੀ ਜਥੇ ਦੇ ਇਕ ਸੂਰਮਾ ਸਿੰਘ ਜੋੜੀਵਾਲੇ ਭਾਈ ਚਰਨਜੀਤ ਸਿੰਘ ਜੀ (ਜੋ ਹੁਣ ਵੀ ਕਿਸੇ ਜਥੇ ਨਾਲ ਹਾਜ਼ਰੀ ਭਰਦੇ ਹਨ) ਨੂੰ ਦਾਸ (ਲਿਖਾਰੀ) ਨੇ ਕਿਹਾ ਕਿ ਤੁਸੀਂ ਵਿਚਕਾਰ ਵਾਜੇ 'ਤੇ ਆ ਜਾਓ ਕਿਉਂਕਿ ਤੁਸੀਂ ਮਰਯਾਦਾ ਜਾਣਦੇ ਹੋ ਤੇ ਮੈਂ ਸਾਈਡ 'ਤੇ ਬੈਠ ਜਾਂਦਾ ਹਾਂ। ਇਕ ਹੋਰ ਟਕਸਾਲੀ ਸਿੰਘ ਸੀ (ਜਿਸ ਨੂੰ ਮੈਂ ਜਾਣਦਾ ਨਹੀਂ) ਜੋੜੀ ਵਜਾਉਣ ਲਈ ਤਿਆਰ ਹੋ ਗਿਆ। ਭਾਈ ਚਰਨਜੀਤ ਸਿੰਘ ਨੇ ਦਾਸ ਨੂੰ ਕਿਹਾ ਕਿ ਤੁਸੀਂ ਹੀ ਵਿਚਕਾਰ ਬੈਠ ਜਾਓ। ਸੋ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਬਖਸ਼ਿਸ਼ ਸਦਕਾ ਦਾਸ ਨੇ ਵਿਚਕਾਰ ਬੈਠ ਕੇ ਕੀਰਤਨ ਸ਼ੁਰੂ ਕਰ ਦਿੱਤਾ। ਅਜੇ ਕੀਰਤਨ ਸ਼ੁਰੂ ਹੋਇਆ ਹੀ ਸੀ ਕਿ ਏਨੇ ਜ਼ੋਰ ਦਾ ਗੋਲੇ ਦਾ ਧਮਾਕਾ ਹੋਇਆ ਕਿ ਸਾਡੇ ਹੱਥ ਕੰਬ ਗਏ। ਦਿਲ ਫੜਫੜਾਏ। ਖੈਰ ਸਾਹਮਣੇ ਸਤਿਗੁਰੂ ਜੀ ਦਾ ਦਰਸ਼ਨ-ਦੀਦਾਰ ਪਰਸਦੇ ਹੌਂਸਲੇ ਨਾਲ ਕੀਰਤਨ ਕਰੀ ਗਏ। ਗੋਲੇ ਏਨੇ ਜ਼ੋਰ ਨਾਲ ਵਰ੍ਹਨ ਲੱਗੇ ਕਿ ਕਈ ਵਾਰ ਕੀਰਤਨ ਕਰਦਿਆਂ ਸਾਨੂੰ ਆਪਣੀ ਅਵਾਜ਼ ਵੀ ਨਹੀਂ ਸੁਣਾਈ ਸੀ ਦਿੰਦੀ। ਸਤਿਗੁਰੂ ਜੀ ਦੀ ਬਖਸ਼ਿਸ਼ ਦਾ ਸਦਕਾ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਨਿਰਵਿਘਨ ਸਮਾਪਤ ਹੋਇਆ। ਅਰਦਾਸ ਹੋਈ। ਹੁਕਮਨਾਮਾ ਹੋਇਆ। ਦਾਸ ਦੇ ਮਨ ਵਿਚ ਆਇਆ ਕਿ ਜਿੰਨਾ ਚਿਰ ਸਰੀਰ ਕੰਮ ਕਰਦਾ ਹੈ, ਕੀਰਤਨ ਕਰੀ ਚੱਲੀਏ।

ਬਸ ਇਕ ਸ਼ਬਦ ਬਿਲਾਵਲ ਦੀ ਚੌਂਕੀ ਵਿਚ ਪੜ੍ਹਿਆ, 'ਸਤਿਗੁਰ ਮੇਰਾ ਬੇਮੁਹਤਾਜਾ'। ਗਲਾ ਸੁੱਕ ਰਿਹਾ ਸੀ, ਆਂਦਰਾਂ ਨੂੰ ਖਿੱਚ ਪੈ ਰਹੀ ਸੀ। ਦਾਸ ਨੇ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਨੂੰ ਕਿਹਾ ਕਿ ਹੁਣ ਸਰੀਰ ਅੱਗੇ ਕੀਰਤਨ ਕਰਨ ਲਈ ਇਜਾਜ਼ਤ ਨਹੀਂ ਦੇ ਰਿਹਾ। ਉਨ੍ਹਾਂ ਸਮਾਪਤੀ ਲਈ ਕਹਿ ਦਿੱਤਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਅਸੀਂ ਪਿਛਾਂਹ ਹਟ ਕੇ ਬੈਠ ਗਏ। ਕੀਰਤਨ ਕਰਨ ਸਮੇਂ ਭਾਈ ਅਵਤਾਰ ਸਿੰਘ ਪਾਰੋਵਾਲ ਨੇ ਪਿੱਛੇ ਬੋਲਣ ਵਿਚ ਪੂਰਾ ਸਾਥ ਦਿੱਤਾ। ਫਾਇਰਿੰਗ ਤੇਜ਼ ਹੋਣ ਕਰਕੇ ਗੋਲੀਆਂ ਅਤੇ ਗੋਲਿਆਂ ਦੀ ਧਮਕ ਨਾਲ ਤੇ ਗੋਲੀਆਂ ਵੱਜਣ ਨਾਲ ਉੱਪਰਲੀ ਛੱਤ ਦੇ ਸ਼ੀਸ਼ੇ ਟੁੱਟ ਕੇ ਹੇਠਾਂ ਡਿੱਗਣੇ ਸ਼ੁਰੂ ਹੋ ਗਏ। ਅਸੀਂ ਕੋਨਿਆਂ ਵਿਚ ਬੈਠ ਗਏ। ਜੋ ਕੋਈ ਪਾਠ ਕਿਸੇ ਨੂੰ ਕੰਠ ਸੀ, ਕਰੀ ਗਿਆ। ਕੋਈ ੧੦ ਤੋਂ ੧੧ ਵਜੇ ਦੇ ਵਿਚਕਾਰ ਇਕਦਮ ਇਕ ਗੋਲੀ ਭਾਈ ਅਵਤਾਰ ਸਿੰਘ ਦੇ ਲੱਗੀ ਉਹ ਤਾਂ ਉਸੇ ਵੇਲੇ (ਤਕਲੀਫ਼ ਜ਼ਿਆਦਾ ਹੋਣ ਕਾਰਨ) 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗ ਪਏ ਤੇ ਕਹਿਣ ਲੱਗੇ ਕਿ ਮੇਰੇ ਨਮਿਤ ਕੀਰਤਨ ਸੋਹਿਲੇ ਦਾ ਪਾਠ ਕਰ ਦਿਉ। ਦਾਸ ਨੇ ਉਸ ਨੂੰ ਬਹੁਤ ਹੌਂਸਲਾ ਦਿੱਤਾ ਪਰ ਜਿਸ ਤਨ ਲੱਗੇ ਸੋਈ ਤਨ ਜਾਣੈ। ਖ਼ੂਨ ਬਹੁਤ ਜ਼ਿਆਦਾ ਵਗ ਰਿਹਾ ਸੀ। ਕੀਰਤਨੀਆਂ ਦੇ ਪਿੱਛੇ ਜਿੱਥੇ ਸੰਗਤ ਬੈਠਦੀ ਹੈ, ਓਥੋਂ ਤਕ ਖ਼ੂਨ ਵਹਿ ਗਿਆ ਸੀ। ਇਕ ਗੋਲੀ ਉਸ ਦੇ ਗਿੱਟੇ ਦੇ ਉੱਪਰ

ਲੱਤ ਵਿੱਚੋਂ ਦੀ ਅਤੇ ਇਕ ਪੱਟ ਵਿੱਚੋਂ (ਗੋਡੇ ਤੋਂ ਉੱਪਰ) ਦੀ ਆਰਪਾਰ ਹੋਈ-ਹੋਈ ਸੀ। ਕਾਫ਼ੀ ਜਗ੍ਹਾ ਖ਼ੂਨ ਦੀਆਂ ਬੋਟੀਆਂ ਨਾਲ ਭਰੀ ਹੋਈ ਸੀ। ਇਸ ਲਈ ਸਮੇਂ ਨੂੰ ਪਛਾਣ ਕੇ ਭਾਈ ਚਰਨਜੀਤ ਸਿੰਘ ਤਬਲਾ ਮਾਸਟਰ ਨੇ ਕੀਰਤਨ ਸੋਹਿਲੇ ਦਾ ਪਾਠ ਸੁਣਾ ਦਿੱਤਾ। ਇਕ ਗੋਲੀ ਭਾਈ ਤਰਲੋਕ ਸਿੰਘ (ਚੋਬਦਾਰ ਦਰਸ਼ਨੀ ਡਿਓੜ੍ਹੀ) ਦੇ ਵੀ ਲੱਗੀ ਸੀ, ਉਹ ਵੀ ਕਾਫ਼ੀ ਤੰਗ ਸਨ ਪਰ ਸਾਨੂੰ ਗੋਲੀ ਕਿਧਰੋਂ ਦੀ ਆਈ, ਇਸ ਬਾਰੇ ਕੋਈ ਪਤਾ ਨਹੀਂ ਚੱਲਿਆ। ਇਸ ਤਰ੍ਹਾਂ ਇਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਲੱਗੀ ਸੀ। ਦਾਸ ਨੇ ਆਪਣੀ ਦਸਤਾਰ ਉਤਾਰ ਕੇ ਉਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੋਵੇਂ ਜ਼ਖ਼ਮੀ ਸਿੰਘਾਂ ਦੇ ਬੰਨ੍ਹ ਦਿੱਤੀ। ਖ਼ੂਨ ਬੰਦ ਨਹੀਂ ਸੀ ਹੋ ਰਿਹਾ। ਫਿਰ ਪੀਲੇ ਪਟਕੇ ਜੋ ਸਿਰੋਪਿਆਂ ਵਾਸਤੇ ਰੱਖੇ ਹੋਏ ਸਨ, ਉਹ ਉੱਪਰ ਹੋਰ ਘੁੱਟ ਕੇ ਬੰਨ੍ਹ ਦਿੱਤੇ। ਕੋਈ ਮੁੱਢਲੀ ਸਹਾਇਤਾ ਦਾ ਪ੍ਰਬੰਧ ਤਾਂ ਹੈ ਨਹੀਂ ਸੀ, ਇਸ ਲਈ ਭਾਈ ਅਵਤਾਰ ਸਿੰਘ ਪਾਰੋਵਾਲ ਬਹੁਤ ਨਿਢਾਲ ਹੋ ਗਿਆ। ਪਾਣੀ ਵੀ ਕੋਲ ਹੈ ਨਹੀਂ ਸੀ। ਉਸ ਨੇ ਫੇਰ ਵੀ ਕਿਹਾ ਕਿ ਜੇ ਮੈਂ ਠੀਕ ਹੁੰਦਾ ਤਾਂ ਮੈਂ ਸਿੰਘਾਂ ਨੂੰ ਸਰੋਵਰ ਵਿੱਚੋਂ ਜਲ ਲਿਆ ਕੇ ਪਿਆ ਹੀ ਦਿੰਦਾ, ਭਾਵੇਂ ਮੈਂ ਮਰ ਹੀ ਜਾਂਦਾ।

ਇਸ ਲਈ ਇਕ ਪ੍ਰੇਮੀ ਸਿੰਘ ਨੇ ਹੌਂਸਲਾ ਕਰ ਕੇ ਕਿਹਾ ਕਿ ਮੈਂ ਪਾਣੀ ਪਿਲਾਉਂਦਾ ਹਾਂ। ਸੰਗਤ ਨੇ ਅੰਦਰੋ-ਅੰਦਰੀ ਉਸ ਨੂੰ ਉੱਪਰ ਦੂਜੀ ਮੰਜ਼ਿਲ 'ਤੇ ਚੜ੍ਹਾ ਦਿੱਤਾ ਤਾਂ ਉਸ ਸਿੰਘ ਨੇ ਹਰਿ ਕੀ ਪੌੜੀ ਵਾਲੇ ਪਾਸੇ ਤੋਂ ਬਾਲਟੀ ਲਮਕਾ ਕੇ ਜਲ ਲੈ ਆਂਦਾ। ਇਸ ਤਰ੍ਹਾਂ ਜਾਨ ਨੂੰ ਖ਼ਤਰੇ ਵਿਚ ਪਾ ਕੇ ਉਸ ਸਿੰਘ ਨੇ ਦੋ ਵਾਰੀ ਸੰਗਤ ਨੂੰ ਪਾਣੀ ਪਿਲਾਇਆ। ਫਿਰ ਉਸ 'ਤੇ ਨਿਸ਼ਾਨਾ ਬੰਨ੍ਹ ਕੇ ਫ਼ੌਜ ਵੱਲੋਂ ਗੋਲੀ ਚਲਾਈ ਗਈ, ਪਰ ਉਹ ਲੰਮਾ ਪੈ ਕੇ ਬਚ ਗਿਆ ਤੇ ਉਸ ਨੂੰ ਸੰਗਤ ਨੇ ਹੇਠਾਂ ਉਤਾਰ ਲਿਆ। ਪਤਾ ਨਹੀਂ ਕੁਦਰਤੀ ਤੌਰ 'ਤੇ ਇਕ ਸਿੰਘ ਕਿੱਥੋਂ ਆਇਆ, ਕਦੋਂ ਆਇਆ, ਸੰਗਤ ਵਿੱਚੋਂ ਉਸ ਨੂੰ ਕੁਝ ਪ੍ਰੇਮੀ ਜਾਣਦੇ ਸਨ, ਉਸ ਨੇ ਭਾਈ ਅਵਤਾਰ ਸਿੰਘ ਪਾਰੋਵਾਲ ਤੇ ਹੋਰ ਜ਼ਖ਼ਮੀ ਸਿੰਘਾਂ ਦੇ ਮਲ੍ਹਮ-ਪੱਟੀ ਕੀਤੀ ਤੇ ਦਵਾਈ ਦਿੱਤੀ। ਉਸੇ ਸਿੰਘ ਨੇ ਹੀ ਸਾਨੂੰ ਦੱਸਿਆ ਕਿ ਇਹ ਸ਼ੀਸ਼ੇ ਨਹੀਂ ਲੱਗੇ, ਪਾਰੋਵਾਲ ਦੇ ਇਕ ਗੋਲੀ ਲੱਗ ਕੇ ਆਰ-ਪਾਰ ਹੋ ਗਈ ਹੈ। ਮਲ੍ਹਮ-ਪੱਟੀ ਕਰਨ ਨਾਲ ਭਾਈ ਅਵਤਾਰ ਸਿੰਘ ਪਾਰੋਵਾਲ ਨੂੰ ਕੁਝ ਆਰਾਮ ਮਹਿਸੂਸ ਹੋਣ ਲੱਗ ਪਿਆ। ਅਸੀਂ ਜ਼ਖ਼ਮੀ ਸਿੰਘਾਂ ਨੂੰ ਪਿਆਉਣ ਲਈ ਥੋੜ੍ਹਾ ਪਾਣੀ ਛੋਟੀ ਬਾਲਟੀ (ਡੋਲੂ) ਵਿਚ ਰੱਖ ਲਿਆ ਸੀ ਤੇ ਚਮਚਾ-ਚਮਚਾ ਪਾਣੀ ਦਿੰਦੇ ਰਹੇ। ਇਸ ਤਰ੍ਹਾਂ ਕਰਦਿਆਂ ਤਕਰੀਬਨ ਸ਼ਾਮ ੪:੨੦ ਦਾ ਸਮਾਂ ਹੋ ਗਿਆ ਸੀ। ਫਾਇਰਿੰਗ ਬੰਦ ਹੋ ਗਈ। ਦਰਵਾਜ਼ਿਆਂ ਦੀਆਂ ਝੀਤਾਂ ਰਾਹੀਂ ਸਰਾਂ ਵਾਲੇ ਪਾਸੇ ਕੁਝ ਆਦਮੀ ਫਿਰਦੇ ਹੋਏ ਦੇਖੇ। ਅਸੀਂ ਸਮਝਿਆ ਕਿ ਮਿਲਟਰੀ ਆਪਣਾ ਕੰਮ ਖ਼ਤਮ ਕਰ ਕੇ ਵਾਪਸ ਜਾ ਰਹੀ ਹੈ। ਪਰੰਤੂ ਜਲਦੀ ਹੀ ਲਾਊਡ ਸਪੀਕਰ ਰਾਹੀਂ ਅਵਾਜ਼ ਸੁਣੀ ਕਿ ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ) ਕੰਪਲੈਕਸ 'ਤੇ ਮਿਲਟਰੀ ਦਾ ਕਬਜ਼ਾ ਹੋ ਗਿਆ ਹੈ। ਇਸ ਲਈ ਜੋ ਵੀ ਲੋਕ ਕਿਸੇ ਪਾਸੇ ਵੀ ਅੰਦਰ ਲੁਕੇ ਹੋਏ ਹਨ, ਉਹ ਬਾਹਰ ਆ ਜਾਣ। ਉਨ੍ਹਾਂ ਨੂੰ ਬਾ-ਇੱਜ਼ਤ ਕੈਦੀ ਬਣਾ ਲਿਆ ਜਾਵੇਗਾ।

ਇਸ ਕਰਕੇ ੨੦ ਕੁ ਪ੍ਰਾਣੀ ਬਾਹਰ ਚਲੇ ਗਏ। ਉਨ੍ਹਾਂ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੀ ਡਿਓੜ੍ਹੀ ਦੇ ਕੋਲ ਪਰਕਰਮਾ ਵਿਚ ਹੱਥ ਬੰਨ੍ਹ ਕੇ ਬਿਠਾ ਦਿੱਤਾ, ਜਿੱਥੇ ਹੋਰ ਵੀ ਸੇਵਾਦਾਰ, ਮੁਲਾਜ਼ਮ, ਪ੍ਰੇਮੀ-ਜਨ ਪਹਿਲਾਂ ਹੀ ਬਿਠਾਏ ਹੋਏ ਸਨ। ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੇਵਲ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਤੇ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ, ਭਾਈ ਅਵਤਾਰ ਸਿੰਘ ਪਾਰੋਵਾਲ (ਜ਼ਖ਼ਮੀ), ਭਾਈ ਚਰਨਜੀਤ ਸਿੰਘ ਜੀ (ਜੋੜੀ ਮਾਸਟਰ

ਸੂਰਮਾ ਸਿੰਘ), ਇਕ ਬਜ਼ੁਰਗ ਤੇ ਦਾਸ (ਲਿਖਾਰੀ) ਹੀ ਰਹਿ ਗਏ ਸਨ। ਪਾਣੀ ਦੀਆਂ ਦੋ ਬਾਲਟੀਆਂ ਅਸੀਂ ਭਰ ਕੇ ਸਿੰਘਾਂ ਲਈ ਰੱਖ ਦਿੱਤੀਆਂ ਸਨ। ਬਾਅਦ ਵਿਚ ਸਿੰਘ ਸਾਹਿਬਾਨ ਨੂੰ ਪੁੱਛ ਕੇ ਅਸੀਂ ਵੀ ਬਾਹਰ ਆ ਗਏ ਤੇ ਸਿੰਘ ਸਾਹਿਬਾਨ ਨੇ ਕਿਹਾ ਕਿ ਮਿਲਟਰੀ ਵਾਲਿਆਂ ਨੂੰ ਕਹਿ ਦੇਣਾ ਕਿ ਉਹ ਗੁਰੂ-ਮਹਾਰਾਜ ਦੀ ਤਾਬਿਆ ਛੱਡ ਕੇ ਨਹੀਂ ਆ ਸਕਦੇ। ਸੋ ਅਸੀਂ ਉਸੇ ਤਰ੍ਹਾਂ ਦੱਸ ਦਿੱਤਾ। ਬਾਹਰ ਨਿਕਲ ਕੇ ਆਸੇ-ਪਾਸੇ ਦੇਖਿਆ ਤਾਂ ਹਥਿਆਰਬੰਦ ਮਿਲਟਰੀ ਬੂਟਾਂ ਸਮੇਤ ਸਾਰੇ ਪਾਸੇ ਬੰਦੂਕਾਂ/ਸੰਗੀਨਾਂ ਦੀਆਂ ਸ਼ਿਸ਼ਤਾਂ ਲੈ ਕੇ ਪਰਕਰਮਾ ਵਿਚ, ਕਿਤੇ ਖੜ੍ਹੀ, ਕਿਤੇ ਘੁੰਮ ਰਹੀ ਸੀ। ਸਾਡੇ ਲਾਗੇ ਆ ਕੇ ਤਿੰਨ-ਚਾਰ ਮਿਲਟਰੀ ਵਾਲਿਆਂ ਨੇ ਘੇਰਾ ਪਾ ਕੇ ਹੱਥ ਖੜ੍ਹੇ ਕਰਾ ਕੇ ਸਾਡੇ ਗਾਤਰੇ-ਕਿਰਪਾਨਾਂ ਉਤਾਰ ਕੇ ਬੂਟਾਂ ਦੇ ਠੁੱਡ ਮਾਰ-ਮਾਰ ਕੇ ਵਗਾਹ-ਵਗਾਹ ਕੇ ਸੁੱਟ ਦਿੱਤੀਆਂ। ਸਾਡੀਆਂ ਦਸਤਾਰਾਂ ਉਤਾਰ ਕੇ ਸਾਡੇ ਹੱਥ ਪਿਛਲੇ ਪਾਸੇ ਬੰਨ੍ਹ ਦਿੱਤੇ ਤੇ ਬਹੁਤ ਗੰਦੀਆਂ ਗਾਲ੍ਹਾਂ ਦੀ ਬੁਛਾੜ ਕਰਨ ਲੱਗੇ। ਜਦੋਂ ਦਾਸ ਗੁਰਦੁਆਰਾ ਇਲਾਚੀ ਬੇਰ ਦੇ ਕੋਲੋਂ ਦੀ ਪਰਕਰਮਾ ਵਿਚ ਜਾ ਰਿਹਾ ਸੀ ਤਾਂ ਇਕ ਮਿਲਟਰੀ ਮੈਨ ਦੀ ਲਾਸ਼ ਦਰਸ਼ਨੀ ਡਿਓੜ੍ਹੀ ਦੇ ਹਾਥੀ ਦੰਦ ਵਾਲੇ ਦਰਵਾਜ਼ੇ ਕੋਲ ਬਾਹਰ ਸੜੀ ਹੋਈ ਦੇਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉੱਪਰਲਾ ਪਾਸਾ ਅੱਗ ਲੱਗਣ ਕਰਕੇ ਬਹੁਤ ਬੁਰੀ ਹਾਲਤ ਵਿਚ ਧੁਖਦਾ ਦੇਖਿਆ। ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅੱਗ ਲੱਗੀ ਹੋਈ ਸੀ। ਅਜਿਹਾ ਦ੍ਰਿਸ਼ ਅੱਖਾਂ ਅੱਗੇ ਪਹਿਲੀ ਵਾਰ ਦੇਖਿਆ। ਹਾਲਤ ਇਹ ਹੋ ਗਈ ਕਿ ਨਾ ਰੋਣ ਨਾ ਹੱਸਣ, ਦਿਮਾਗੀ ਤੌਰ 'ਤੇ ਸੁੰਨ ਬੁੱਤ ਜਿਹਾ ਬਣ ਗਿਆ। ਸੰਗਤਾਂ ਨੂੰ ਬਾਹਰ ਕੱਢਣ ਦੇ ਹੁਕਮ ਦੇਣ ਵਾਲਾ ਅਨਾਊਂਸਰ ਸਿੱਖ ਰੈਫਰੈਂਸ ਲਾਇਬ੍ਰੇਰੀ ਵਾਲੀ ਡਿਓੜ੍ਹੀ ਵਿਚ ਮਿਲਟਰੀ ਸਮੇਤ ਖਲੋਤਾ ਇਕ ਸਿੱਖ ਸਰਦਾਰ ਸੀ। ਮਿਲਟਰੀ ਵਾਲੇ ਸਾਨੂੰ ਗਾਲ੍ਹਾਂ ਕੱਢਦੇ ਕਹਿੰਦੇ ਕਿ ਆਪ ਲੋਗ ਦੇਸ਼ ਕੇ ਗ਼ਦਾਰ ਹੋ, ਭਿੰਡਰੀ ਵਾਲੇ ਕੇ ਚੇਲੇ ਹੋ, ਬਤਾਓ, ਆਪ ਕਾ ਭਿੰਡਰੀ ਵਾਲਾ ਕਹਾਂ ਹੈ? ਭਜਨ ਲਾਲ ਤੋ ਅਭੀ ਜ਼ਿੰਦਾ ਹੈ। ਉੱਥੇ ਬਿਠਾਏ ਆਦਮੀ, ਬੀਬੀਆਂ, ਬੱਚਿਆਂ ਦੀ ਸੰਖਿਆ ਲੱਗਭਗ ੧੫੦ ਦੇ ਕਰੀਬ ਸੀ। ਫੌਜ ਦੇ ਆਦਮੀ ਇਕ ਨੌਜਵਾਨ ਸਿੰਘ ਨੂੰ ਕੇਸਾਂ ਤੋਂ ਫੜ ਕੇ ਸਰੋਵਰ ਵਿਚ ਗੋਤਾ ਦੇ ਕੇ ਬਾਹਰ ਕੱਢ ਕੇ ਲਿਆਏ। ਸਾਨੂੰ ਪਿੱਛੇ ਹੱਥ ਬੰਨ੍ਹਿਆਂ ਨੂੰ (ਬਹੁਤ ਛੋਟੇ ਬੱਚਿਆਂ ਦੇ ਹੱਥ ਨਹੀਂ ਸੀ ਬੰਨ੍ਹੇ) ਇਕੱਠੇ ਕਰ ਕੇ ਲਾਈਨਾਂ ਵਿਚ ਦੁਖਭੰਜਨੀ ਬੇਰੀ ਵੱਲ ਦੀ ਘੰਟਾ-ਘਰ ਡਿਓੜ੍ਹੀ ਦੇ ਬਾਹਰ ਲੈ ਆਏ ਤੇ ਇਸ ਦੌਰਾਨ ਸਾਨੂੰ ਆਸੇ-ਪਾਸੇ ਨਹੀਂ ਦੇਖਣ ਦਿੰਦੇ ਸਨ। ਪਰ ਅਸੀਂ ਚੋਰੀਂ ਅੱਖ ਨਾਲ ਜੋ ਦੇਖਿਆ, ਉਹ ਇਹ ਸੀ ਕਿ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਜੀ ਜੋ ਪਰਕਰਮਾ ਵਿਚ ਸਥਿਤ ਹੈ, ਕੋਲ ਚਾਰ-ਪੰਜ ਟੈਂਕ ਖੜ੍ਹੇ ਦੇਖੇ, ਦੁਖਭੰਜਨੀ ਬੇਰੀ ਤੇ ਬ੍ਰਹਮ ਬੂਟੇ ਅਖਾੜੇ ਕੋਲ ਕਈ ਗੁਰਮੁਖ ਪਿਆਰੇ ਨੌਜਵਾਨ-ਬਿਰਧ ਸ਼ਹੀਦ ਹੋਏ ਦੇਖੇ।

ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦੇ ਕਮਰੇ ਵਿਚ ਅੱਗ ਦੇ ਭਾਂਬੜ ਬਲਦੇ ਹੋਏ ਦੇਖੇ। ਸਾਨੂੰ ਘੰਟਾ-ਘਰ ਡਿਓੜ੍ਹੀ ਦੇ ਬਾਹਰ ਫੁੱਲਾਂ ਵਾਲੀ ਦੁਕਾਨ ਕੋਲ ਪਿੱਠ ਸ੍ਰੀ ਦਰਬਾਰ ਸਾਹਿਬ ਵੱਲ ਤੇ ਮੂੰਹ ਕਟੜਾ ਆਹਲੂਵਾਲੀਆ ਵੱਲ ਕਰਵਾ ਕੇ ਲਾਈਨਾਂ ਵਿਚ ਰੋੜਾਂ, ਕੰਕਰਾਂ ਦੇ ਉੱਪਰ ਬਿਠਾ ਦਿੱਤਾ। ਅਤਿ ਗਰਮੀ ਹੋਣ ਕਰਕੇ ਤੇ ਪੇਟੋਂ ਭੁੱਖੇ ਹੋਣ ਕਰਕੇ ਪਿਆਸ ਨੇ ਬਹੁਤ ਵਿਆਕੁਲ ਕਰ ਦਿੱਤਾ। ਅਸੀਂ ਪਾਣੀ ਮੰਗੀਏ ਤਾਂ ਸਾਨੂੰ ਪਾਣੀ ਦੇਣ ਦੀ ਬਜਾਏ ਬਹੁਤ ਗੰਦੀਆਂ ਗਾਲ੍ਹਾਂ, ਬੋਲ-ਕੁਬੋਲ ਬੋਲਣ ਲੱਗ ਪੈਂਦੇ। ਇਹ ਸਾਰੀ ਬਟਾਲੀਅਨ ਜੋ ਸਾਡੇ ਦੁਆਲੇ ਹਥਿਆਰ ਲੈ ਕੇ ਨਿਸ਼ਾਨੇ ਬੰਨ੍ਹ ਕੇ ਖੜ੍ਹੀ ਸੀ, ਮਦਰਾਸੀ/ਬਿਹਾਰੀ ਜਿਹੇ ਜਾਪਦੇ ਸਨ। ਸਾਨੂੰ ਕਹਿੰਦੇ ਕਿ ਸਾਲੇ ਆਪ ਬਾਰਾਤ ਮੇਂ ਆਏ ਹੋ ਕਿ ਆਪ ਕੋ ਪਾਨੀ ਪਿਲਾਏਂਗੇ, ਆਪ ਕੋ ਪੇਸ਼ਾਬ ਪਿਲਾਏਂਗੇ। ਆਪ ਕੋ

ਅਭੀ ਟੈਂਕੋਂ ਕੇ ਨੀਚੇ ਕੁਚਲ ਦੇਂਗੇ। ਬਾਰਡਰ 'ਪਰ ਲੇ ਜਾ ਕਰ ਗੋਲੀ ਮਾਰ ਦੇਂਗੇਂ। ਸਾਨੂੰ ਡਰਾਉਣ ਵਾਸਤੇ ਟੈਂਕ ਵੀ ਸਾਡੇ ਵੱਲ ਨੂੰ ਮੋੜ ਦਿੱਤੇ। ਸਾਡੇ ਲਾਗੇ ਬੀੜੀਆਂ/ਸਿਗਰਟਾਂ ਬਹੁਤ ਪੀਂਦੇ ਸਨ। ਸਾਨੂੰ ਸਿਰ ਵੀ ਉੱਪਰ ਨਹੀਂ ਚੁੱਕਣ ਦਿੰਦੇ ਸਨ। ਜੇਕਰ ਕੋਈ ਸਿਰ ਉੱਪਰ ਉਠਾਉਂਦਾ ਤਾਂ ਉਸ ਦੇ ਬੰਦੂਕ ਦੀ ਬੱਟ ਮਾਰਦੇ ਜਾਂ ਬੂਟਾਂ ਦੇ ਠੁੱਡ ਮਾਰਦੇ। ਮੇਰੀ ਤਾਂ ਉਨ੍ਹਾਂ ਦਾੜ੍ਹੀ ਨੂੰ ਵੀ ਹੱਥ ਪਾਇਆ ਅਤੇ ਬੱਟ ਮਾਰੇ। ਸਾਡੇ ਨਾਲ ਇਕ ਬੀਬੀ (ਭਾਈ ਫੌਜਾ ਸਿੰਘ ਜੀ ਸ਼ਹੀਦ ੧੯੭੮ ਦੀ ਸਾਲੀ ਬੀਬੀ ਪਰਮਜੀਤ ਕੌਰ ਲਾਡੀ ਦੇ ਨਾਲ) ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਈ ਸੀ, ਪਰ ਘਰ ਨਹੀਂ ਜਾ ਸਕੀ। ਉਸ ਦੇ ਵੀ ਗੋਲੀ ਲੱਗੀ ਤੇ ਖ਼ੂਨ ਨਾਲ ਲਥਪਥ ਹੋਈ, ਸਾਡੇ ਕੋਲ ਬੈਠੀ ਜ਼ਖ਼ਮਾਂ ਨਾਲ ਕਰਾਹ ਰਹੀ ਸੀ। ਬੀਬੀ ਪਰਮਜੀਤ ਕੌਰ ਲਾਡੀ ਛਬੀਲ ਭਾਈ ਸਵਾਇਆ ਸਿੰਘ ਕੋਲ ਸੇਵਾ ਕਰਦੀ ਸ਼ਹੀਦ ਹੋ ਗਈ ਸੀ। ਸਾਡੇ ਨਾਲ ਛੋਟੇ-ਛੋਟੇ ਬੱਚੇ ਭੁੱਖ-ਪਿਆਸ ਨਾਲ ਰੋ ਰਹੇ ਸਨ ਪਰ ਮਿਲਟਰੀ ਵਾਲੇ ਬੇ-ਤਰਸ ਸਨ।

ਸਾਡੀਆਂ ਫੋਟੋਆਂ ਲਈਆਂ ਗਈਆਂ ਕਿ ਏਨੇ ਅੱਤਵਾਦੀ ਅੰਦਰੋਂ ਪਕੜੇ ਗਏ ਹਨ। ਮਿਲਟਰੀ ਵਾਲੇ ਬੀੜੀਆਂ-ਸਿਗਰਟਾਂ ਪੀਂਦੇ ਜੁੱਤੀਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਅੰਦਰ ਦਾਖ਼ਲ ਹੁੰਦੇ ਦੇਖੇ। ਸਾਡੇ ਦੁਆਲਿਓਂ ਮਿਲਟਰੀ ਦੀ ਪਹਿਲੀ ਗਾਰਦ ਬਦਲੀ ਤਾਂ ਕੁਝ ਨਰਮਾਈ ਵਾਲੇ ਅਫ਼ਸਰ ਆਏ। ਉਹ ਸਾਨੂੰ ਕਹਿਣ ਕਿ ਆਪ ਕੋ ਪਾਨੀ ਪਿਲਾਏਂਗੇ, ਪਹਿਲੇ ਆਪ ਬਤਾਏਂ ਕਿ ਭਿੰਡਰਾਂ ਵਾਲਾ ਕਹਾਂ ਹੈ? ਸਾਨੂੰ ਪਤਾ ਨਹੀਂ ਸੀ, ਅਸੀਂ ਕੀ ਦੱਸਦੇ? ਖੈਰ ਸਾਨੂੰ ਇਕ-ਇਕ ਗਿਲਾਸ ਪਾਣੀ ਦਾ ਪਿਲਾ ਦਿੱਤਾ। ਇਕ ਸਿੱਖ ਅਫਸਰ ਬਜ਼ਾਰ ਮਾਈ ਸੇਵਾਂ ਵੱਲ ਖੜ੍ਹਾ ਸਾਡੇ ਵੱਲ ਦੇਖ ਰਿਹਾ ਸੀ। ਉਸ ਨੇ ਦੋ ਬਾਲਟੀਆਂ ਪਾਣੀ ਦੀਆਂ ਭੇਜੀਆਂ। ਸਾਡੀ ਹਾਲਤ ਦੇਖ ਕੇ ਸਿੱਖ ਮਿਲਟਰੀ ਵਾਲੇ ਜਵਾਨਾਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ ਪਰ ਹੁਕਮ ਦੇ ਬੱਧੇ ਕੁਝ ਨਹੀਂ ਕਰ ਸਕਦੇ ਸਨ। ਜੋ ਕੁਝ ਉਨ੍ਹਾਂ ਕੋਲੋਂ ਬਣ ਸਕਿਆ ਮਦਦ ਕਰਦੇ ਸਨ ਪਰ ਦੂਸਰੇ ਫੌਜੀ ਉਨ੍ਹਾਂ ਨੂੰ ਝਿੜਕ ਦਿੰਦੇ ਸਨ। ਸਾਡੇ ਉੱਥੇ ਘੰਟਾ-ਘਰ ਬੈਠਿਆਂ ਮਿਲਟਰੀ ਨੇ ਨੌਜਵਾਨਾਂ ਨੂੰ ਬੰਦੂਕਾਂ ਦੇ ਬੱਟਾਂ ਨਾਲ ਬਹੁਤ ਮਾਰਿਆ-ਕੁੱਟਿਆ, ਸਿਰ ਜ਼ਖ਼ਮੀ ਕਰ ਦਿੱਤੇ। ਸੰਧਿਆ ਰਾਤ ਸਮੇਂ ਸਾਨੂੰ ਹੱਥ ਬੰਨ੍ਹਿਆਂ ਨੂੰ ਹੀ ਕਿਹਾ ਕਿ ਲੇਟ ਜਾਓ। ਪਿੱਛੇ ਹੱਥ ਬੰਨ੍ਹੇ ਹੋਏ, ਹੇਠਾਂ ਰੋੜੇ ਕੰਕਰ, ਜ਼ਮੀਨ ਗਰਮ, ਕਿਵੇਂ ਆਰਾਮ ਕਰ ਸਕਦੇ ਸੀ? ਭੁੱਖੇ-ਪਿਆਸੇ ਜਿਹੜਾ ਕੋਈ ਪਾਠ ਆਉਂਦਾ ਕਰੀ ਗਏ।

੭ ਜੂਨ ਦੀ ਸਵੇਰ ਹੋਈ। ਸਾਨੂੰ ਉੱਥੋਂ ਉਠਾ ਕੇ ਘੰਟਾ-ਘਰ ਦੇ ਉਸ ਵੇਲੇ ਦੇ ਜੋੜਾ ਘਰ ਕੋਲ ਬਿਠਾ ਦਿੱਤਾ। ਇਕ ਬੀਬੀ ਜੋ ਸੇਵਾਦਾਰ ਦੀ ਘਰਵਾਲੀ ਸੀ, ਜੋ ਕਿ ਘੰਟਾ-ਘਰ ਵਾਲੇ ਪਾਸੇ ਬਣੇ ਕੁਆਟਰਾਂ ਵਿਚ ਪਰਵਾਰ ਸਮੇਤ ਰਹਿ ਰਹੀ ਸੀ, ਸਾਡੇ ਕੋਲ ਰੋਂਦੀ-ਕੁਰਲਾਉਂਦੀ ਆਈ ਤੇ ਉਸ ਨੇ ਦੱਸਿਆ ਕਿ ਮਿਲਟਰੀ ਵਾਲਿਆਂ ਨੇ ਤਲਾਸ਼ੀ ਲੈਂਦੇ ਸਮੇਂ ਉਸ ਦਾ ਪਤੀ, ਦਿਉਰ, ਇਕ ਵੱਡੀ ਲੜਕੀ ਹੁਣੇ ਹੀ ਗੋਲੀ ਮਾਰ ਕੇ ਮਾਰ ਦਿੱਤੇ ਹਨ। ਖ਼ੈਰ ਅਜਿਹੀਆਂ ਘਟਨਾਵਾਂ ਬਹੁਤ ਹਨ, ਜਿਹੜੀਆਂ ਉਸ ਸਮੇਂ ਵਾਪਰੀਆਂ। ਉਸ ਦਿਨ ਵੱਡੇ-ਵੱਡੇ ਫੌਜੀ ਅਫਸਰ ਸ੍ਰੀ ਦਰਬਾਰ ਸਾਹਿਬ ਆਏ, ਅਸਲੇ ਦੀਆਂ ਤਿੰਨ ਕੁ ਗੱਡੀਆਂ ਭਰ ਕੇ ਲਿਆਏ, ਸਿੰਘਾਂ ਦੀਆਂ ਵੱਡੀਆਂ ਕਿਰਪਾਨਾਂ ਤੇ ਚੋਲੇ-ਬਸਤਰਾਂ ਦੀਆਂ ਗੰਢਾਂ ਬੰਨ੍ਹੀਆਂ ਦੇਖੀਆਂ, ਜੋ ਕਿ ਉਹ ਅੰਦਰ ਲੈ ਗਏ। ਸ਼ਾਇਦ ਇਹ ਦਿਖਾਉਣ ਲਈ ਕਿ ਮਿਲਟਰੀ ਨੇ ਏਨਾ ਅਸਲਾ ਅਤੇ ਸ਼ਸਤਰ ਕਾਬੂ ਕੀਤੇ ਹਨ। ਸਾਡੇ ਵਿੱਚੋਂ ਇਕ ਰਾਗੀ ਸਿੰਘ (ਭਾਈ ਹਰਚਰਨ ਸਿੰਘ ਜੋ ਕਿ ਹੁਣ ਚੜ੍ਹਾਈ ਕਰ ਚੁੱਕੇ ਹਨ) ਤੇ ਇਕ ਇਨਫਰਮੇਸ਼ਨ ਅਫਸਰ (ਨੰਦਾ ਜੀ) ਨੂੰ ਭਿੰਡਰਾਂ ਵਾਲੇ ਸੰਤਾਂ ਦੀ ਲਾਸ਼ ਪਹਿਚਾਨਣ ਵਾਸਤੇ ਲੈ

ਗਏ। ਉਨ੍ਹਾਂ ਨੇ ਪਹਿਚਾਣ ਕਰ ਕੇ ਇਹ ਹੀ ਦੱਸਿਆ ਕਿ ਇਹ ਲਾਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹੈ, ਜੋ ਕਿ ਘੰਟਾ- ਘਰ ਵਾਲੇ ਪਾਸੇ ਡਿਓੜ੍ਹੀ ਵਿਚ ਰੱਖੀ ਗਈ ਸੀ।

ਦੁਪਹਿਰ ਤੋਂ ਬਾਅਦ ਤਕਰੀਬਨ ੨੨ ਘੰਟਿਆਂ ਬਾਅਦ ਸਾਡੇ ਹੱਥ ਖੋਲ੍ਹੇ। ਸਾਨੂੰ ਮਿਲਟਰੀ ਕੈਂਪ ਜੋ ਕਿ ਮਿਲਟਰੀ ਵਾਲਿਆਂ ਬੱਚਿਆਂ ਦਾ ਸਕੂਲ ਸੀ ਅਤੇ ਨਵਾਂ ਤਿਆਰ ਹੋਇਆ ਸੀ, ਛਾਉਣੀ ਵਿਚ ਲੈ ਗਏ। ਸਾਨੂੰ ਉੱਥੇ ਛੋਟੇ-ਛੋਟੇ ਕਮਰਿਆਂ ਵਿਚ ਬੰਦ ਕਰ ਦਿੱਤਾ। ਕੋਈ ਪਾਣੀ ਵਗੈਰਾ ਦੀ ਬਾਤ ਨਹੀਂ ਪੁੱਛੀ। ਬਹੁਤ ਕਹਿਣ ’ਤੇ ਕੂੜੇ-ਕਰਕਟ ਵਾਲੇ ਡਰੰਮਾਂ ਵਿਚ ਪਾਣੀ ਭਰ ਕੇ ਪਿਲਾ ਦਿੱਤਾ। ਪਾਣੀ ਦੀ ਘਾਟ, ਕਮਰੇ ਛੋਟੇ ਅਤੇ ਬੰਦੇ ਬਹੁਤ ਹੋਣ ਕਰਕੇ ਵਾਤਾਵਰਨ ਬਹੁਤ ਸਾਹ-ਘੁੱਟਵਾਂ ਹੋ ਗਿਆ ਸੀ। ਸਾਡੇ ਵਿੱਚੋਂ ਦੋ ਪ੍ਰਾਣੀ ਤਾਂ ਉਸੇ ਵੇਲੇ (ਭਾਈ ਸਰਦਾਰ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਵਿਛਾਈ ਦੀ ਸੇਵਾ ਕਰਦੇ ਸਨ ਅਤੇ ਇਕ ਭਾਈ ਮੱਲ ਸਿੰਘ) ਚੜ੍ਹਾਈ ਕਰ ਗਏ। ਬਾਅਦ ਵਿਚ ਇਕ ਹੋਰ ਸਿੰਘ ਬੁਖਾਰ ਹੋਣ ਕਾਰਨ ਚੜ੍ਹਾਈ ਕਰ ਗਿਆ ਸੀ। ਸਾਡੇ ਵਿੱਚੋਂ ਛਾਂਟੀ ਕਰ ਕੇ ਚਾਲ੍ਹੀ ਸਾਲ ਤੋਂ ਹੇਠਾਂ ਉਮਰ ਦੇ ਆਦਮੀ ਇਕ ਪਾਸੇ ਅਤੇ ਇਸ ਤੋਂ ਉੱਪਰਲੀ ਉਮਰ ਦੇ ਅਤੇ ਬਜ਼ੁਰਗ ਵੱਖ-ਵੱਖ ਕਮਰਿਆਂ ਵਿਚ ਬੰਦ ਕਰ ਦਿੱਤੇ। ਬੀਬੀਆਂ-ਬੱਚੇ ਵੱਖ-ਵੱਖ ਕਮਰਿਆਂ ਵਿਚ ਭੇਜ ਦਿੱਤੇ। ਸਾਡੇ ਵਿੱਚੋਂ ਬਹੁਤ ਸਾਰੇ ਸਿੰਘ ਜ਼ਖ਼ਮੀ ਸਨ। ਪਹਿਲੇ ਦਿਨਾਂ ਵਿਚ ਕੋਈ ਇਲਾਜ ਨਹੀਂ ਸੀ ਹੋ ਰਿਹਾ। ਰੋਟੀ-ਪਾਣੀ ਦਾ ਵੀ ਕੋਈ ਠੀਕ ਇੰਤਜ਼ਾਮ ਨਹੀਂ ਸੀ। ਕਦੀ ਰਾਤ ਬਾਰ੍ਹਾਂ ਵਜੇ, ਕਦੀ ਸ਼ਾਮ ਤਿੰਨ ਵਜੇ ਖਾਣਾ ਦਿੰਦੇ ਸਨ। ਅਖ਼ੀਰਲੇ ਦਿਨਾਂ ਵਿਚ ਚਾਹ ਵਗੈਰਾ ਦੇਣੀ ਸ਼ੁਰੂ ਕਰ ਦਿੱਤੀ। ਨਹਾਉਣ, ਧੋਣ ਦੀ ਤੰਗੀ ਸੀ। ਫਲੱਸ਼ਾਂ ਵਾਲੀਆਂ ਟੂਟੀਆਂ ਵਿੱਚੋਂ ਪਾਣੀ ਲੈ ਕੇ ਇਸ਼ਨਾਨ ਕਰਨਾ ਅਤੇ ਪੀਣ ਲਈ ਵੀ ਉੱਥੋਂ ਹੀ ਭਰਨਾ। ਤੇੜ ਵਾਲੇ ਕਛਹਿਰੇ ਨਾਲ ਹੀ ਇਸ਼ਨਾਨ ਕਰਨਾ ਤੇ ਉਹ ਹੀ ਗਿੱਲਾ ਪਾ ਲੈਣਾ। ਖੈਰ ਸਾਡੇ ਵਿੱਚੋਂ ਵੱਖ-ਵੱਖ ਕਮਰਿਆਂ ਵਿੱਚੋਂ ਕੁਝ ਸ਼ੱਕੀ ਬੰਦਿਆਂ ਨੌਜਵਾਨਾਂ/ਇਸਤਰੀਆਂ ਨੂੰ ਜੋਧਪੁਰ ਜੇਲ੍ਹ ਵਿਚ ਭੇਜ ਦਿੱਤਾ ਅਤੇ ਹੋਰ ਨੂੰ ਬਾਹਰਲੀਆਂ ਜੇਲ੍ਹਾਂ ਵਿਚ ਵੀ।

ਸਾਡੀਆਂ ਅਖ਼ੀਰਲੇ ਦਿਨਾਂ ਵਿਚ ਫੋਟੋਆਂ ਲੈ ਕੇ ੨੨ ਜੂਨ ਨੂੰ ਅੰਮ੍ਰਿਤਸਰ ਜੇਲ੍ਹ ਭੇਜ ਦਿੱਤਾ। ਓਥੇ ਸਾਨੂੰ ਜੇਲ੍ਹ ਵਾਲਿਆਂ ਨੇ ਸੁਖ-ਆਰਾਮ ਦਿੱਤਾ। ਹਮਦਰਦੀ ਭਰਿਆ ਵਤੀਰਾ ਰੱਖਿਆ। ੨੫ ਜੂਨ ਨੂੰ ਉੱਥੋਂ ਸਾਨੂੰ ਆਪਣੇ-ਆਪਣੇ ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ। ਦਾਸ ਹੋਰ ਸਾਥੀਆਂ ਨਾਲ ਹੁਸ਼ਿਆਰਪੁਰ ਜ਼ਿਲ੍ਹਾ ਜੇਲ੍ਹ ਵਿਚ ੨੯ ਜੂਨ ਤਕ ਰਿਹਾ ਜਿੱਥੋਂ ਅਸੀਂ ਬਿਨਾਂ ਜ਼ਮਾਨਤ ਰਿਹਾਅ ਕੀਤੇ ਗਏ। ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿਚ ਸਿੱਖ ਕੈਦੀਆਂ ਨੇ ਸਾਡੇ ਨਾਲ ਬਹੁਤ ਹਮਦਰਦੀ ਕੀਤੀ। ਪੰਜਾਬ ਪੁਲਿਸ ਦਾ ਵਤੀਰਾ ਵੀ ਸਾਡੇ ਨਾਲ ਬਹੁਤ ਹਮਦਰਦੀ ਭਰਿਆ ਰਿਹਾ। ਸ਼੍ਰੋਮਣੀ ਕਮੇਟੀ ਦੇ ਤਕਰੀਬਨ ੭੦-੮੦ ਦੇ ਕਰੀਬ ਸੇਵਾਦਾਰ/ਮੁਲਾਜ਼ਮ ਪਹਿਲਾਂ ਹੀ ਛੁਡਾ ਲਏ ਗਏ ਸਨ। ਇਹ ਸਨ ੩ ਜੂਨ ਤੋਂ ੨੯ ਜੂਨ ਤਕ ਦੇ ਹਾਲਾਤ। ਹੋਰ ਹਾਲਾਤ ਬਾਰੇ ਬਹੁਤ ਕੁਝ ਵੱਖ-ਵੱਖ ਗੁਰਮੁਖਾਂ ਪਿਆਰਿਆਂ ਵੱਲੋਂ ਲਿਖਿਆ ਗਿਆ ਹੈ ਜਿਸ ਨੂੰ ਪੜ੍ਹਿਆਂ, ਆਪਣੇ ਅਜ਼ਾਦ ਦੇਸ਼ ਵਿਚ ਇਕ ਕੌਮ (ਸਿੱਖ ਕੌਮ) ਨਾਲ ਹੋਏ ਜ਼ੁਲਮਾਂ ਕਾਰਨ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

■

ਦਰਬਾਰ ਸਾਹਿਬ 'ਤੇ ਫੌਜੀ ਹਮਲਾ ੧੯੮੪

-ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ

ਜੂਨ ੧੯੮੪ ਦੇ ਫੌਜੀ ਹਮਲੇ ਸਮੇਂ ਮੈਂ ਸ੍ਰੀ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਗਲੀ ਸ਼ਹੀਦ ਬੁੰਗਾ (ਕੌਲਸਰ) ਵਿਖੇ ਰਹਿੰਦਾ ਸੀ। ਫੌਜ ਨੇ ਹਮਲਾ ਤਾਂ ੪ ਜੂਨ ਸਵੇਰੇ ਲੱਗਭਗ ੪:੪੦ ਵਜੇ ਹੀ ਕਰ ਦਿੱਤਾ ਸੀ। ਇਸ ਅੰਧਾਧੁੰਦ ਫਾਇਰਿੰਗ ਵਿਚ ਵੀ ਮੈਂ ੫ ਜੂਨ ਬਾਅਦ ਦੁਪਹਿਰ ਤਕ ਡਿਊਟੀ ਦਿੱਤੀ ਸੀ। ੬ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਨਹੀਂ ਆ ਸਕਿਆ, ਪਰ ਹੋਰ ਗ੍ਰੰਥੀ ਸਿੰਘ, ਗਿਆਨੀ ਮੋਹਨ ਸਿੰਘ ਜੀ ਅਤੇ ਗਿਆਨੀ ਪੂਰਨ ਸਿੰਘ ਜੀ, ਜੋ ੫ ਜੂਨ ਸ਼ਾਮ ਨੂੰ ਅੰਦਰ ਸਨ, ਬਾਹਰ ਨਹੀਂ ਜਾ ਸਕੇ ਸਨ।

ਗਿਆਨੀ ਮੋਹਨ ਸਿੰਘ ਜੀ ਅਤੇ ਗਿਆਨੀ ਪੂਰਨ ਸਿੰਘ ਜੀ ਨੂੰ ਨਾਲ ਲੈ ਕੇ ਕੁਝ ਫੌਜੀ ਜਵਾਨ ੭ ਜੂਨ ਸਵੇਰੇ ੫ ਵਜੇ ਦੇ ਕਰੀਬ ਮੇਰੇ ਘਰ ਆਏ। ਉਨ੍ਹਾਂ ਕਿਹਾ ਕਿ ਤੁਹਾਨੂੰ ਜਨਰਲ ਸਾਹਿਬ ਬੁਲਾ ਰਹੇ ਹਨ, ੧੫ ਮਿੰਟ ਵਿਚ ਤਿਆਰ ਹੋ ਕੇ ਸਾਡੇ ਨਾਲ ਚੱਲੋ।

ਮੈਂ ਉਨ੍ਹਾਂ ਨਾਲ ਆਇਆ ਤਾਂ ਵੇਖਿਆ ਕਿ ਆਟਾ ਮੰਡੀ, ਕਟੜਾ ਦਲ ਸਿੰਘ ਤੇ ਪਿਛਲੀ ਡਿਓੜ੍ਹੀ ਵਿਚ ਬੇ-ਇੰਤਹਾ ਫੌਜ ਸੀ। ਥਾਂ-ਥਾਂ 'ਤੇ ਰਸਤੇ ਵਿਚ ਫੌਜੀ ਪੁੱਛਦੇ ਸਨ, "ਯਹ ਕੌਨ ਹੈ? ਇਸੇ ਗੋਲੀ ਮਾਰ ਦੇਂ!" ਜਿਹੜੇ ਫੌਜੀ ਮੈਨੂੰ ਲੈਣ ਵਾਸਤੇ ਗਏ ਸਨ, ਉਹ ਦੱਸਦੇ ਕਿ "ਯਹ ਹੈਡ ਪੁਜਾਰੀ ਹੈ।" ਅੰਦਰ ਆ ਕੇ ਵੇਖਿਆ ਕਿ ਫੌਜ ਨੇ ਪਰਕਰਮਾ ਵਿਚ ਅਨੇਕਾਂ ਹੀ ਸਿੰਘ ਬਿਠਾਏ ਹੋਏ ਸਨ, ਜਿਨ੍ਹਾਂ ਦੀਆਂ ਦਸਤਾਰਾਂ ਲਾਹ ਕੇ ਉਨ੍ਹਾਂ ਨਾਲ ਹੀ ਹੱਥ ਪਿੱਛੇ ਬੰਨ੍ਹੇ ਹੋਏ ਸਨ, ਦਹਿਸ਼ਤ ਬੜੀ ਸੀ। ਇਨ੍ਹਾਂ ਵਿਚ ਸਾਡੇ ਆਪਣੇ ਮੁਲਾਜ਼ਮ ਅਤੇ ਬਾਕੀ ਬਹੁਤੇ ਯਾਤਰੀ ਸਨ। ਗਿ. ਸੁਜਾਨ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਵੀ ਇਨ੍ਹਾਂ ਵਿਚ ਸਨ। ਪਰਕਰਮਾ ਦੀ ਫੁੱਟਪਾਥ 'ਤੇ ਇਕ ਸਿੱਖ ਕਰਨਲ ਖੜ੍ਹਾ ਸੀ—ਬੜਾ ਹੀ ਅੱਖੜ ਅਤੇ ਆਕੜਬਾਜ਼। ਮੇਰੇ ਨਾਲ ਦੇ ਫੌਜੀਆਂ ਨੇ ਜਦੋਂ ਮੇਰੇ ਬਾਰੇ ਦੱਸਿਆ ਤਾਂ ਕਹਿਣ ਲੱਗਾ, "ਜੇ ਹੈੱਡ ਗ੍ਰੰਥੀ ਹੋ ਤਾਂ ਅੰਦਰ ਚਲੋ।"

ਪਰਕਰਮਾ ਵਿਚ ੬-੭ ਟੈਂਕ ਖੜ੍ਹੇ ਸਨ। ਸਭ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਮੈਂ ਉਸ ਕਰਨਲ ਨੂੰ ਪੁੱਛਿਆ, "ਜੋ ਸਿੰਘ ਤੁਸੀਂ ਇੱਥੇ ਬਿਠਾਏ ਹਨ, ਕੀ ਮੈਂ ਇਨ੍ਹਾਂ ਨੂੰ ਮਿਲ ਸਕਦਾ ਹਾਂ?" ਉਸ ਨੇ ਜਵਾਬ ਦਿੱਤਾ, "ਸਾਨੂੰ ਹੁਕਮ ਨਹੀਂ ਹੈ।" ਮੈਂ ਉਸ ਨੂੰ ਦੱਸਿਆ ਕਿ ਇਹ ਸਾਡਾ ਆਪਣਾ ਹੀ ਸਟਾਫ ਹੈ। ਇਹ ਸਾਰੇ ਹੀ ਸ੍ਰੀ ਦਰਬਾਰ ਸਾਹਿਬ ਅੰਦਰ ਡਿਊਟੀ 'ਤੇ ਸਨ। ਇਸ 'ਤੇ ਕਰਨਲ ਨੇ ਕਿਹਾ, "ਤੁਸੀਂ ਇਨ੍ਹਾਂ ਨੂੰ ਵੇਖ ਸਕਦੇ ਹੋ, ਜੇ ਬੋਲੋਗੇ, ਤਾਂ ਗੋਲੀ ਮਾਰ ਦਿਆਂਗੇ।"

ਇਨ੍ਹਾਂ ਵਿਚ ਬਹੁਤੇ ਸਿੰਘ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ ਪਾਸ ਬੈਠੇ ਸਨ। ਮੈਨੂੰ ਵੇਖ ਕੇ ਕਈ ਰੋਣ ਲੱਗੇ। ਕਈਆਂ ਨੇ ਕਿਹਾ ਕਿ ਸਾਨੂੰ ਸਰੋਵਰ 'ਚੋਂ ਪਾਣੀ ਤਾਂ ਪਿਲਵਾ ਦਿਓ। ਜੋ ਵੀ ਕੋਈ ਬੋਲਦਾ, ਫੌਜੀ ਉਸ ਵਿਚਾਰੇ ਨੂੰ ਬੱਟ ਮਾਰਨ ਲੱਗਦੇ ਅਤੇ ਗਾਲ੍ਹਾਂ ਕੱਢਦੇ ਹੋਏ ਕਹਿੰਦੇ, "ਸਾਲਾ ਪਾਨੀ ਮਾਂਗਤਾ ਹੈ!" ਮੈਂ ਕਰਨਲ ਨੂੰ ਕਿਹਾ ਕਿ ਲੋਕੀਂ ਪਾਣੀ

ਪਿਲਵਾਉਣ ਵਾਸਤੇ ਛਬੀਲਾਂ ਲਗਾਉਂਦੇ ਹਨ। ਇਨ੍ਹਾਂ ਨੂੰ ਪਾਣੀ ਤਾਂ ਪਿਲਵਾ ਦਿਓ।

ਸ੍ਰੀ ਦਰਬਾਰ ਸਾਹਿਬ ਦੀਆਂ ਸਾਰੀਆਂ ਇਮਾਰਤਾਂ ਵਿਚ ਚਾਰੇ ਪਾਸੇ ਫੌਜ ਹੀ ਫੌਜ ਸੀ। ਰੈਫਰੈਂਸ ਲਾਇਬ੍ਰੇਰੀ ਨੂੰ ਉਸ ਸਮੇਂ ਅੱਗ ਲੱਗੀ ਹੋਈ ਸੀ, ਸਾਰੀ ਪਰਕਰਮਾ ਦਾ ਬਹੁਤ ਹੀ ਬੁਰਾ ਹਾਲ ਸੀ, ਫਰਸ਼ ਲਾਲੋ ਲਾਲ ਸੀ। ਸਾਰੀ ਜਗ੍ਹਾ ਗੋਲਾ-ਬਾਰੂਦ ਅਤੇ ਕੱਚ ਦੇ ਟੁਕੜਿਆਂ ਨਾਲ ਭਰੀ ਹੋਈ ਸੀ। ਕਿਤੇ ਪੈਰ ਰੱਖਣ ਨੂੰ ਵੀ ਥਾਂ ਨਹੀਂ ਸੀ। ਫੌਜੀ ਕਹਿਣ ਕਿ ਜੁੱਤੀ ਪਾ ਲਓ। ਮੈਂ ਕਿਹਾ ਕਿ ਮੈਂ ਤਾਂ ਇਵੇਂ ਹੀ ਨੰਗੇ ਪੈਰ ਅੰਦਰ ਜਾਵਾਂਗਾ।

ਛਬੀਲ ਵਾਲੇ ਮੋੜ 'ਤੇ ਉੱਪਰੋਂ ਕਿਸੇ ਫੌਜੀ ਨੇ ਮੇਰੇ 'ਤੇ ਗੋਲੀ ਚਲਾਈ ਪਰ ਮੈਂ ਬਚ ਗਿਆ। ਮੈਨੂੰ ਲੈ ਕੇ ਆਏ ਫੌਜੀ ਕਹਿੰਦੇ ਰਹੇ ਕਿ ਯਹ ਹੈੱਡ ਪੁਜਾਰੀ ਹੈ ਪਰ ਇੱਥੇ ਕੋਈ ਕਿਸੇ ਦੀ ਸੁਣਦਾ ਨਹੀਂ ਸੀ। ਲਾਚੀ ਬੇਰ ਗੁਰਦੁਆਰੇ ਲਾਗੇ ਫਿਰ ਮੇਰੇ 'ਤੇ ਗੋਲੀ ਚਲਾਈ, ਜੋ ਬਿਲਕੁਲ ਹੀ ਮੇਰੇ ਲਾਗੇ ਫਰਸ਼ 'ਤੇ ਲੱਗੀ। ਲਾਚੀ ਬੇਰ ਲਾਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿਚ ਲਾਸ਼ਾਂ ਹੀ ਲਾਸ਼ਾਂ ਸਨ। ਦਰਸ਼ਨੀ ਡਿਓੜ੍ਹੀ, ਝੰਡਾ ਬੁੰਗਾ, ਨਵੀਂ ਡਿਓੜ੍ਹੀ ਵਿਖੇ ਹਰ ਥਾਂ ਫੌਜੀ ਮਸ਼ੀਨਗੰਨਾਂ ਅਤੇ ਐਲ. ਐੱਮ. ਜੀ. ਫਿੱਟ ਕਰ ਕੇ ਪੁਜ਼ੀਸ਼ਨਾਂ ਲਈ ਬੈਠੇ ਸਨ। ਇਤਿਹਾਸਕ ਲਾਚੀ ਬੇਰ ਦਾ ਬੁਰਾ ਹਾਲ ਸੀ। ਲਾਗਲੇ ਪਾਲਕੀ ਸਾਹਿਬ ਵਾਲੇ ਕਮਰੇ ਵਿਚ ਰੁਮਾਲੇ ਆਦਿ ਬੁਰੀ ਤਰ੍ਹਾਂ ਖਿੱਲਰੇ ਪਏ ਸਨ। ਬੜੇ ਹੀ ਦੁੱਖ ਨਾਲ ਮੈਂ ਇੱਥੋਂ ਤਕ ਪੁੱਜਾ ਸੀ। ਦਰਸ਼ਨੀ ਡਿਓੜ੍ਹੀ ਹੇਠਾਂ ਅਤੇ ਉੱਪਰ ਭਾਰੀ ਗਿਣਤੀ ਵਿਚ ਫੌਜੀ ਬੂਟਾਂ ਸਮੇਤ ਹੀ ਖੜ੍ਹੇ ਸਨ ਅਤੇ ਬੀੜੀਆਂ ਸਿਗਰਟਾਂ ਪੀ ਰਹੇ ਸਨ। ਇਹ ਵੀ ਮੈਨੂੰ ਵੇਖ ਕੇ ਗਾਲ੍ਹਾਂ ਕੱਢਣ ਲੱਗੇ— "ਯਹ ਸਾਲਾ ਕੌਣ ਹੈ?" ਸਾਰੇ ਹੀ ਫੌਜੀ ਇੰਨੀਆਂ ਗਾਲ੍ਹਾਂ ਕੱਢਦੇ ਸਨ ਕਿ ਸਾਲੇ ਤੋਂ ਬਿਨਾਂ ਤਾਂ ਕੋਈ ਬੋਲਦਾ ਹੀ ਨਹੀਂ ਸੀ। ਦਹਿਲੀਜ਼ ਤੋਂ ਲੈ ਕੇ ਪੁਲ ਤਕ ਦਰਸ਼ਨੀ ਡਿਓੜ੍ਹੀ ਦਾ ਮਲਬਾ ਪਿਆ ਸੀ। ਪੁਲ 'ਤੇ ਵੀ ਭਾਰੀ ਗਿਣਤੀ ਵਿਚ ਗਾਰਦ ਤੈਨਾਤ ਸੀ। ਅੱਗੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਵੀ ਫੌਜੀ ਪਹਿਰਾ ਸੀ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾ ਹਾਲ ਵੀ ਚੰਗਾ ਨਹੀਂ ਸੀ। ਅੰਦਰ ਜੋ ਵਿਛਾਈ (ਦਰੀ) ੫ ਜੂਨ ਨੂੰ ਹੋਈ ਸੀ, ਉਹ ੬ ਜੂਨ ਨੂੰ ਬਦਲੀ ਨਹੀਂ ਜਾ ਸਕੀ ਸੀ। ਗੋਲੀ-ਬਾਰੂਦ ਦਾ ਕੱਚ ਅੰਦਰ ਵੀ ਸੀ। ਅੰਦਰ ਫੌਜੀ ਗੁਰਦੁਆਰੇ ਦੇ ੫-੭ ਸਿੰਘ ਬੈਠੇ ਸਨ, ਇਕ ਗ੍ਰੰਥੀ ਵੀ ਸੀ। ਦੋ ਕਰਨਲ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਜਨਰਲ ਸਾਹਿਬ ਤੁਹਾਨੂੰ ਉਡੀਕ ਕੇ ਹੁਣੇ ਗਏ ਹਨ। ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸ਼ਬਦ ਕੀਰਤਨ ਦਾ ਪ੍ਰਬੰਧ ਕਰੋ।

ਮੈਨੂੰ ਦੂਜੇ ਗ੍ਰੰਥੀ ਸਾਹਿਬਾਨ ਨੇ ਦੱਸ ਦਿੱਤਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਾਵਨ ਬੀੜ ਸਾਹਿਬ ਨੂੰ ਗੋਲੀ ਲੱਗੀ ਹੈ। ਹਰਿ ਕੀ ਪੌੜੀ ਵਿਖੇ ਇਕ ਪਾਠੀ ਸਿੰਘ ਪਾਠ ਕਰ ਰਿਹਾ ਸੀ। ਬਾਰੀ 'ਤੇ ਗੋਲੀ ਲੱਗਣ ਨਾਲ ਸ਼ੀਸ਼ਾ ਟੁੱਟ ਕੇ ਇਕ ਟੁੱਕੜਾ ਉਸ ਦੇ ਹੱਥ 'ਤੇ ਲੱਗਾ, ਜਿਸ ਦਾ ਖੂਨ ਰੁਮਾਲੇ 'ਤੇ ਲੱਗ ਗਿਆ ਸੀ। ਪਹਿਲੀ ਜੂਨ ਨੂੰ ਵੀ ਸੀ.ਆਰ.ਪੀ. ਨੇ ਸ੍ਰੀ ਦਰਬਾਰ ਸਾਹਿਬ 'ਤੇ ਚਾਰੇ ਪਾਸਿਓਂ ਵਹਿਸ਼ੀਆਨਾ ਫਾਇਰਿੰਗ ਕੀਤੀ ਸੀ। ਅਗਲੇ ਦਿਨ ਦੇ ਹਾਲਾਤ ਵੀ ਚੰਗੇ ਨਹੀਂ ਸਨ। ਅਸੀਂ ਟੌਹੜਾ ਸਾਹਿਬ ਨਾਲ ਸਲਾਹ ਕਰ ਕੇ ੪ ਜੂਨ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪਰਕਰਮਾ ਦੇ ਸਾਰੇ ਗੁਰਦੁਆਰਾ ਸਾਹਿਬਾਨ ਵਿਖੇ ਅਖੰਡ ਪਾਠਾਂ ਦਾ ਭੋਗ ਪਾ ਕੇ ਪਾਵਨ ਬੀੜਾਂ ਦਾ ਸੁਖ-ਆਸਨ ਕਰ ਦਿੱਤਾ ਸੀ, ਪਰ ਹਰਿ ਕੀ ਪੌੜੀ ਵਿਖੇ ਅਖੰਡ ਪਾਠ ਜਾਰੀ ਰਿਹਾ ਸੀ। ਜਿਸ ਦਾ ਭੋਗ ਸਾਡੇ ਸਿੰਘਾਂ ਨੇ ਸਵੇਰੇ ੬ ਜੂਨ ਨੂੰ ਪਾਇਆ।

ਕਰਫ਼ਿਊ ਤੇ ਫੌਜੀ ਹਮਲੇ ਕਾਰਨ ਕਈ ਡਿਊਟੀ ਵਾਲੇ ਸਿੰਘ ਅੰਦਰ ਨਹੀਂ ਆ ਸਕੇ ਸਨ, ਜਿਸ ਕਰਕੇ ਸਾਡੇ ਸਿੰਘ ਲਗਾਤਾਰ ੮-੮, ੧੦-੧੦ ਘੰਟੇ ਡਿਊਟੀ ਦਿੰਦੇ ਰਹੇ।

ਸ੍ਰੀ ਹਰਿਮੰਦਰ ਸਾਹਿਬ ਅੰਦਰਲੇ ਦੋ ਕਰਨਲਾਂ (ਸ਼ਮਿੰਦਰ ਸਿੰਘ ਤੇ ਸ਼ਰਮਾ) ਨੇ ਜਦੋਂ ਮੈਨੂੰ ਕਿਹਾ ਕਿ ਪ੍ਰਕਾਸ਼ ਅਤੇ ਸ਼ਬਦ-ਕੀਰਤਨ ਦਾ ਪ੍ਰਬੰਧ ਕਰੋ, ਤਾਂ ਮੈਂ ਕਿਹਾ ਕਿ ਇਸ ਮੰਤਵ ਲਈ ਕਾਫੀ ਸਟਾਫ ਚਾਹੀਦਾ ਹੈ। ਉਹ ਆਖਣ ਲੱਗੇ ਕਿ ਹੁਣ ਸਟਾਫ ਕਿੱਥੋਂ ਲਿਆਈਏ? ਮੈਂ ਉਨ੍ਹਾਂ ਨੂੰ ਦੱਸਿਆ ਕਿ ਪਰਕਰਮਾ ਵਿਚ ਤੁਸੀਂ ਜੋ ਸਿੰਘ ਬਿਠਾਏ ਹਨ, ਇਸ ਵਿਚ ਸਾਡੇ ਬਹੁਤ ਸਾਰੇ ਮੁਲਾਜ਼ਮ ਹਨ, ਇਨ੍ਹਾਂ ਨੂੰ ਛੱਡ ਦਿਓ। ਉਹ ਮੰਨ ਗਏ ਤੇ ਮੈਨੂੰ ਲੈ ਕੇ ਉਧਰ ਆਏ। ਮੈਂ ਸਟਾਫ ਮੈਂਬਰਾਂ ਬਾਰੇ ਦੱਸਦਾ ਰਿਹਾ, ਉਹ ਸਭ ਤੋਂ ਪਹਿਲਾਂ ਉਸ ਦੇ ਹੱਥ ਸੁੰਘਦੇ ਸਨ।

ਮੈਨੂੰ ਪਤਾ ਲੱਗਾ ਕਿ ਜਿਸ ਹੱਥ ਨਾਲ ਗੋਲੀ ਚਲਦੀ ਰਹੀ ਹੋਵੇ, ਇਨ੍ਹਾਂ ਨੂੰ ਸੁੰਘ ਕੇ ਪਤਾ ਲੱਗ ਜਾਂਦਾ ਹੈ। ਉਂਗਲੀਆਂ ਵੇਖ ਕੇ ਪਤਾ ਲੱਗ ਜਾਂਦਾ ਹੈ। ਪੰਦਰਾਂ ਕੁ ਸਿੰਘ ਇਨ੍ਹਾਂ ਨੇ ਮੇਰੇ ਕਹਿਣ 'ਤੇ ਛੱਡ ਦਿੱਤੇ (ਬਾਕੀ ਦੇ ਕੈਦੀ ਬਣਾ ਕੇ ਕੈਂਪ ਭੇਜ ਦਿੱਤੇ), ਦੋ-ਢਾਈ ਵਜੇ ਦਾ ਸਮਾਂ ਹੋਵੇਗਾ। ਇਨ੍ਹਾਂ ਵਿਚ ਹਜ਼ੂਰੀ ਰਾਗੀ ਭਾਈ ਮਹਿੰਦਰ ਸਿੰਘ ਨਾਲ ਤਬਲਾ ਵਜਾਉਣ ਵਾਲਾ ਭਾਈ ਗੁਰਚਰਨ ਸਿੰਘ ਵੀ ਸੀ, ਜੋ ਖ਼ੁਦ ਵੀ ਕੀਰਤਨ ਕਰ ਲੈਂਦਾ ਹੈ। ਇਕ ਸੂਰਮਾ ਸਿੰਘ ਚਰਨਜੀਤ ਸਿੰਘ, ਜੋ ਤਬਲਾ ਵਜਾ ਲੈਂਦਾ ਹੈ ਅਤੇ ਰਾਗੀ ਭਾਈ ਹਰਭਜਨ ਸਿੰਘ ਸੀ। ਪਹਿਲੇ ਕਈ ਦਿਨ ਇਹ ਕੀਰਤਨ ਕਰਦੇ ਰਹੇ।

ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਹਰਪਾਲ ਸਿੰਘ ਪਹਿਲਾਂ ਕਈ ਦਿਨ ਮੇਰੇ ਘਰ ਹੀ ਰਹੇ। ਇਨ੍ਹਾਂ ਨੂੰ ਛੁਡਾ ਕੇ ਮੈਂ ਪਹਿਲਾਂ ਆਪਣੇ ਘਰ ਲੈ ਕੇ ਗਿਆ। ਕਈਆਂ ਦੇ ਕੱਪੜਿਆਂ 'ਤੇ ਖ਼ੂਨ ਲੱਗਾ ਸੀ। ਇਨ੍ਹਾਂ ਇਸ਼ਨਾਨ ਕੀਤਾ, ਕੱਪੜੇ ਧੋਤੇ ਬਦਲੇ, ਕਈਆਂ ਨੂੰ ਮੈਂ ਆਪਣੇ ਕੱਪੜੇ ਦਿੱਤੇ।

੭ ਜੂਨ ਨੂੰ ਹੀ ਬਿਜਲੀ ਵਾਲੇ ਅਤੇ ਰੇਡੀਓ ਵਾਲੇ ਆ ਗਏ ਸਨ। ਉਨ੍ਹਾਂ ਤਾਰਾਂ ਆਦਿ ਫਿਟ ਕਰ ਲਈਆਂ। ਮਿਲਟਰੀ ਵਾਲੇ ਲਾਗੋਂ ਕਿਸੇ ਹਿੰਦੂ ਸੱਜਣ ਤੋਂ ਉਸ ਦਾ ਲਾਊਡ ਸਪੀਕਰ ਵੀ ਲੈ ਕੇ ਆਏ ਸਨ, ਜੋ ਅਸੀਂ ਪਿੱਛੋਂ ਵਾਪਸ ਕੀਤਾ।

੮ ਜੂਨ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਆਉਣਾ ਸੀ। ਫੌਜ ਨੇ ਘੰਟਾ-ਘਰ ਵਾਲੇ ਪਾਸੇ ਡਿਓੜ੍ਹੀ ਤੋਂ ਲੈ ਕੇ ਸਿੱਧੇ ਰਸਤੇ (ਬਾਬਾ ਬੁੱਢਾ ਜੀ ਦੀ ਬੇਰੀ ਵੱਲ) ਪਰਕਰਮਾ 'ਚੋਂ ਲਾਸ਼ਾਂ ਚੁੱਕ ਦਿੱਤੀਆਂ, ਪਰ ਬਾਕੀ ਪਾਸੇ ਹਾਲੇ ਲਾਸ਼ਾਂ ਪਈਆਂ ਸਨ। ਸਰੋਵਰ ਵਿਚ ਵੀ ੧੦-੧੨ ਲਾਸ਼ਾਂ ਤੈਰ ਰਹੀਆਂ ਸਨ। ਮੈਂ ੭ ਜੂਨ ਨੂੰ ਵੇਖਿਆ ਸੀ ਕਿ ਇਕ ਸਿੰਘ ਨੇ ਪਰਕਰਮਾ ਦੇ ਕਿਸੇ ਕਮਰੇ ਵਿੱਚੋਂ ਦੌੜ ਕੇ ਸਰੋਵਰ ਵਿਚ ਛਾਲ ਮਾਰ ਦਿੱਤੀ। ਫੌਜੀਆਂ ਨੇ ਸਰੋਵਰ ਵਿਚ ਹੀ ਉਸ 'ਤੇ ਗੋਲੀਆਂ ਚਲਾਈਆਂ।

ਜਿਸ ਦਿਨ ਗਿਆਨੀ ਜ਼ੈਲ ਸਿੰਘ ਹੋਰੀਂ ਆਏ, ਉਸ ਦਿਨ ਸਵੇਰੇ ਕੁਝ ਫੌਜੀ ਮੈਨੂੰ ਲੰਗਰ ਦੀ ਬਿਲਡਿੰਗ ਵੱਲ ਲੈ ਗਏ। ਇਸ ਦੀਆਂ ਸਾਰੀਆਂ ਮੰਜ਼ਲਾਂ ਵਿਚ ਫੌਜੀ ਹੀ ਫੌਜੀ ਸਨ। ਇੱਥੇ ਡੋਗਰਾ ਰੈਜਮੈਂਟ ਸੀ। ਕਰਨਲ ਬਾਜਵਾ ਅਤੇ ਇਕ ਹੋਰ ਕਰਨਲ ਨੇ ਮੈਨੂੰ ਕਿਹਾ ਕਿ ਰਾਮਗੜ੍ਹੀਆ ਬੁੰਗੇ ਵਿਚ ਕੁਝ ਅਤਿਵਾਦੀ ਹਨ, ਉਹ ਸਾਡੇ ਕੈਪਟਨ ਡਾਕਟਰ ਨੂੰ ਚੁੱਕ ਕੇ ਅੰਦਰ ਲੈ ਗਏ ਹਨ। ਉਹ ਕਹਿੰਦੇ ਹਨ ਕਿ ਜੇਕਰ ਪੰਜ ਸਿੰਘ ਸਾਹਿਬਾਨ ਸਾਨੂੰ ਕਹਿ ਦੇਣ ਤਾਂ ਅਸੀਂ ਹਥਿਆਰ ਸੁੱਟ ਦੇਵਾਂਗੇ। ਮੇਰੇ ਨਾਲ ਗਿਆਨੀ ਪੂਰਨ ਸਿੰਘ ਵੀ ਸਨ। ਦੋ ਸਿੰਘ ਤਾਂ ਬੁੰਗੇ ਦੇ

ਬਾਹਰ ਪਿੱਠਾਂ ਜੋੜ ਕੇ ਹੱਥ ਬੰਨ੍ਹ ਕੇ ਬਿਠਾਏ ਹੋਏ ਸਨ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਜੇਕਰ ਇਹ ਹਥਿਆਰ ਸੁੱਟ ਦੇਣ ਤਾਂ ਤੁਸੀਂ ਗੋਲੀ ਤਾਂ ਨਹੀਂ ਮਾਰੋਗੇ। ਉਹ ਕਹਿਣ ਲੱਗੇ ਕਿ ਜੇ ਸਾਡੇ ਬੰਦੇ ਇਨ੍ਹਾਂ ਨੇ ਨਹੀਂ ਮਾਰੇ ਤਾਂ ਗੋਲੀ ਨਹੀਂ ਮਾਰਾਂਗੇ।

ਬੁੰਗਾ ਰਾਮਗੜ੍ਹੀਆ ਵਿਚ ਬਾਬਾ ਖੜਕ ਸਿੰਘ ਜੀ ਦੇ ਡੇਰੇ ਵੱਲ ਦੀ ਅਸੀਂ ਛੋਟੇ ਲਾਊਡ ਸਪੀਕਰ ਰਾਹੀਂ ਉਨ੍ਹਾਂ ਸਿੰਘਾਂ ਨੂੰ ਪੁੱਛਿਆ ਕਿ ਜੇ ਕੋਈ ਫੌਜੀ ਪਕੜੇ ਹਨ ਤਾਂ ਉਨ੍ਹਾਂ ਨੂੰ ਛੱਡ ਦਿਓ, ਬਾਹਰ ਆ ਜਾਓ, ਇਹ ਤੁਹਾਨੂੰ ਗੋਲੀ ਨਹੀਂ ਮਾਰਨਗੇ। ਹੇਠੋਂ ਉਨ੍ਹਾਂ ਦੀ ਅਵਾਜ਼ ਤਾਂ ਆ ਰਹੀ ਸੀ, ਪਰ ਕੁਝ ਸਮਝ ਨਹੀਂ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਸਾਡੇ ਪਾਸ ਕੋਈ ਬੰਦਾ ਨਹੀਂ। ਇਸ 'ਤੇ ਕਰਨਲ ਸਾਹਿਬ ਕਹਿਣ ਲੱਗੇ ਤੁਸੀਂ ਜਾਓ, ਅਸੀਂ ਇਨ੍ਹਾਂ ਨੂੰ ਆਪੇ ਸਾਂਭ ਲਵਾਂਗੇ। ਗਿਆਨੀ ਜੀ ਦੇ ਆਉਣ ਦਾ ਸਮਾਂ ਹੋ ਰਿਹਾ ਸੀ।

ਗਿਆਨੀ ਜੀ ਆਏ ਤਾਂ ਉਨ੍ਹਾਂ ਦੇ ਕਿਸੇ ਕਰਮਚਾਰੀ ਨੇ ਉਨ੍ਹਾਂ 'ਤੇ ਛੱਤਰੀ ਤਾਣੀ ਹੋਈ ਸੀ। ਤਦ ਮੈਂ ਆਪਣਾ ਸੇਵਾਦਾਰ ਭੇਜਿਆ ਕਿ ਛੱਤਰੀ ਬੰਦ ਕਰੋ। ਉਸ ਨੇ ਬੰਦ ਕਰ ਦਿੱਤੀ।

ਗਿਆਨੀ ਜੀ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਸਿਰੋਪਾਓ ਦੇਣ ਦਾ ਤਾਂ ਸਵਾਲ ਹੀ ਨਹੀਂ ਸੀ। ਉਨ੍ਹਾਂ ਨੇ ਕਿਸੇ ਅਫਸਰ ਨੂੰ ਕਿਹਾ ਕਿ ਮੈਨੂੰ ਗਿਆਨੀ ਸਾਹਿਬ ਸਿੰਘ ਨਾਲ ਮਿਲਾਓ। ਗਿਆਨੀ ਜੀ ਨੇ ਸਭ ਤੋਂ ਪਹਿਲੋਂ ਮੈਥੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਬਾਰੇ ਪੁੱਛਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਉਹ ਠੀਕ-ਠਾਕ ਹਨ।

ਫਿਰ ਉਨ੍ਹਾਂ ਫੌਜੀ ਹਮਲੇ ਬਾਰੇ ਹਾਲਾਤ ਪੁੱਛੇ ਜੋ ਮੈਂ ਵੇਰਵੇ ਸਹਿਤ ਦੱਸੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਫੌਜੀ ਨੰਗੇ ਸਿਰ ਬੂਟਾਂ ਸਮੇਤ ਹੀ ਅੰਦਰ ਹਨ, ਬੀੜੀ ਸਿਗਰਟ ਅਤੇ ਸ਼ਰਾਬਾਂ ਪੀ ਰਹੇ ਹਨ। ਇਨ੍ਹਾਂ ਦਾ ਰਵੱਈਆ ਬੜਾ ਹੀ ਬਦਤਮੀਜ਼ੀ ਵਾਲਾ ਹੈ। ਜਿਸ ਵੀ ਸਿੰਘ ਨੂੰ ਕਿਤੇ ਵੇਖਦੇ ਹਨ, ਗੋਲੀ ਮਾਰ ਦਿੰਦੇ ਹਨ। ਸੈਂਕੜੇ ਹੀ ਨਿਰਦੋਸ਼ ਸਿੰਘਾਂ ਨੂੰ ਮਾਰਿਆ ਹੈ। ਪਾਵਨ ਅਸਥਾਨਾਂ ਅਤੇ ਸਰੋਵਰ ਦੀ ਬੇਅਦਬੀ ਕਰਦੇ ਰਹੇ ਹਨ। ਮੁਗ਼ਲਾਂ ਤੋਂ ਵੀ ਵੱਧ ਜ਼ੁਲਮ ਕੀਤੇ ਹਨ। ਇਹ ਸਭ ਜ਼ੁਲਮ ਤੁਹਾਡੇ ਹੁੰਦਿਆਂ, ਇਕ ਸਿੱਖ ਰਾਸ਼ਟਰਪਤੀ ਦੇ ਹੁੰਦਿਆਂ ਹੋਏ ਹਨ।

ਗਿਆਨੀ ਜੀ ਨੇ ਦੱਸਿਆ ਕਿ ਸ੍ਰੀਮਤੀ ਗਾਂਧੀ ਨੇ ਉਨ੍ਹਾਂ ਨੂੰ ਕੁਝ ਦੱਸਿਆ ਹੀ ਨਹੀਂ ਸੀ। ਉਹ ਕਹਿਣ ਲੱਗੇ, ਮੈਂ ਕੱਲ੍ਹ ੭ ਜੂਨ ਨੂੰ ਹੀ ਆਉਣਾ ਸੀ, ਅੱਜ ਵੀ ਬੜੀ ਮੁਸ਼ਕਲ ਨਾਲ ਆਇਆ ਹਾਂ। ਗਿਆਨੀ ਜੀ ਨੂੰ ਮੈਂ ਦੱਸਿਆ ਕਿ ਇਹ ਫੌਜੀ ਸਾਡੇ ਸਟਾਫ ਅਤੇ ਮੇਰੇ ਨਾਲ ਬੜੀ ਬਕਵਾਸ ਕਰਦੇ ਹਨ, ਬਦਕਲਾਮੀ ਕਰਦੇ ਹਨ, ਸਾਨੂੰ ਡਿਊਟੀ ਕਰਨੀ ਵੀ ਔਖੀ ਹੈ। ਸਾਨੂੰ ਵੀ ਗ੍ਰਿਫਤਾਰ ਕਰ ਲਓ। ਉਨ੍ਹਾਂ ਨੇ ਉਸੇ ਵੇਲੇ ਚਾਰੇ ਜਰਨੈਲਾਂ ਸੁੰਦਰ, ਦਿਆਲ, ਬਰਾੜ ਤੇ ਜਮਵਾਲ ਨੂੰ ਕਿਹਾ ਕਿ ਇਨ੍ਹਾਂ ਦੀ ਪੂਰੀ ਸੁਰੱਖਿਆ ਦਾ ਪ੍ਰਬੰਧ ਕਰੋ। ਮੈਂ ਗਿਆਨੀ ਜੀ ਨੂੰ ਦੱਸਿਆ ਸੀ ਕਿ ਫੌਜ ਨੇ ਕੰਪਲੈਕਸ ਵਿਚ ਅਤੇ ਲਾਗੇ ਸਾਡੇ ਸਟਾਫ ਦੇ, ਇੱਥੋਂ ਤਕ ਕਿ ਗ੍ਰੰਥੀ ਸਿੰਘਾਂ ਦੇ ਘਰ ਲੁੱਟ ਲਏ ਹਨ। ਗਿਆਨੀ ਸੋਹਨ ਸਿੰਘ ਨੂੰ ਬਹੁਤ ਹੀ ਮਾਰਿਆ ਹੈ ਅਤੇ ਗ੍ਰਿਫਤਾਰ ਕਰ ਕੇ ਲੈ ਗਏ ਹਨ। ਇਹ ਪਿਛਲੇ ਬਜ਼ਾਰ ਨੂੰ ਸਾੜਨਾ ਚਾਹੁੰਦੇ ਹਨ। ਗਿਆਨੀ ਜੀ ਨੇ ਗੋਲੀ ਲੱਗੀ ਜ਼ਖਮੀ ਬੀੜ ਦੇ ਵੀ ਦਰਸ਼ਨ ਕੀਤੇ। ਉਨ੍ਹਾਂ ਨੇ ਅੰਦਰ ਦੀ ਹਾਲਤ ਵੇਖ ਲਈ ਸੀ। ਦਿੱਲੀ ਜਾ ਕੇ ਇਕ ਛੋਟੀ ਪੇਟੀ ਰੁਮਾਲਿਆਂ ਦੀ ਭੇਜੀ। ਮੈਂ ਸੋਚਿਆ ਕਿ ਭਾਵੇਂ ਗਿਆਨੀ ਜੀ ਇਕ ਸਿੱਖ ਹਨ, ਪਰ ਰੁਮਾਲੇ ਹਨ ਤਾਂ ਸਰਕਾਰੀ, ਇਸ ਲਈ ਨਹੀਂ ਵਰਤੇ।

ਕੇਂਦਰੀ ਮੰਤਰੀ ਬੂਟਾ ਸਿੰਘ ੯ ਜੂਨ ਨੂੰ ਪਹਿਲੀ ਵਾਰ ਇੱਥੇ ਆਇਆ। ਫਿਰ ਤਾਂ

ਲੱਗਭਗ ਹਰ ਰੋਜ਼ ਹੀ ਆਉਂਦਾ ਰਿਹਾ। ੯ ਜੂਨ ਨੂੰ ਮੈਂ, ਗਿਆਨੀ ਕਿਰਪਾਲ ਸਿੰਘ ਜੀ, ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਬੈਠ ਕੇ ਬੂਟਾ ਸਿੰਘ ਨਾਲ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਫਿਰ ਤਾਂ ਤੋਸ਼ਾਖਾਨਾ, ਕੇਂਦਰੀ ਸਿੱਖ ਅਜਾਇਬ ਘਰ ਅਤੇ ਇਤਿਹਾਸਕ ਸ਼ਸਤਰਾਂ ਬਾਰੇ ਕਮੇਟੀਆਂ ਬਣ ਗਈਆਂ ਤੇ ਹੌਲੀ-ਹੌਲੀ ਪ੍ਰਬੰਧ ਵਿਚ ਸੁਧਾਰ ਕਰਦੇ ਗਏ। ਮੈਂ ੭ ਜੂਨ ਨੂੰ ਹੀ ਮਿਲਟਰੀ ਵਾਲੇ ਅਧਿਕਾਰੀਆਂ ਨੂੰ ਕਹਿ ਦਿੱਤਾ ਸੀ ਕਿ ਅਸੀਂ ਪੰਜ ਸਿੰਘ ਸਾਹਿਬਾਨ ਇਕੱਠੇ ਹੋ ਕੇ ਕੋਈ ਫ਼ੈਸਲਾ ਕਰ ਸਕਦੇ ਹਾਂ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੁਪਰੀਮ ਅਥਾਰਿਟੀ ਹਨ, ਉਹ ਇਕੱਲੇ ਹੀ ਕੋਈ ਫ਼ੈਸਲਾ ਲੈ ਸਕਦੇ ਹਨ। ੧੯ ਜੂਨ ਤਕ ਅਸੀਂ ਸਾਰੇ ਸਿੰਘ ਸਾਹਿਬਾਨ ਇੱਥੇ ਇਕੱਠੇ ਹੋ ਗਏ ਸੀ।

ਉਸ ਸਮੇਂ ਪੰਜਾਬ ਦੇ ਹਾਲਾਤ ਬੜੇ ਹੀ ਭਿਆਨਕ ਸਨ। ਗਿਆਨੀ ਕਿਰਪਾਲ ਸਿੰਘ ਜੀ ਟੀ.ਵੀ. 'ਤੇ ਬਿਆਨ ਪੜ੍ਹ ਚੁੱਕੇ ਸਨ। ਆਪਣੇ ਪ੍ਰਬੰਧਕਾਂ (ਸ. ਭਾਨ ਸਿੰਘ ਤੇ ਸ. ਅਬਿਨਾਸ਼ੀ ਸਿੰਘ ਹੋਰਾਂ) ਦੀ ਸਲਾਹ 'ਤੇ ਹੀ ਮੈਂ ਵੀ ਬਿਆਨ ਦਿੱਤਾ ਸੀ ਤਾਂ ਜੋ ਹਾਲਾਤ ਨਾਰਮਲ ਹੋਣ ਵਿਚ ਕੁਝ ਸਹਾਇਤਾ ਹੋ ਸਕੇ। ਵੈਸੇ ਫੌਜੀ ਅਧਿਕਾਰੀ ਪਹਿਲਾਂ ਬਿਆਨ ਚੈੱਕ ਕਰਦੇ ਸਨ। ਮੈਨੂੰ ਕਹਿ ਰਹੇ ਸਨ— "ਇਸ ਮੇਂ ਤੋ ਕੁਛ ਹੈ ਹੀ ਨਹੀਂ, ਔਰ ਬਿਆਨ ਦੋ!"

ਇਸ ਤਰ੍ਹਾਂ ੨੯ ਸਤੰਬਰ ਨੂੰ ਕੰਪਲੈਕਸ ਸਾਡੇ ਹਵਾਲੇ ਕੀਤਾ ਗਿਆ। ਪਹਿਲੀ ਅਕਤੂਬਰ ਤੋਂ ਪਵਿੱਤਰ ਮਰਯਾਦਾ, ਜਿਨ੍ਹਾਂ ਵਿਚ ਫੌਜੀ ਹਮਲੇ ਕਾਰਨ ਵਿਘਨ ਪੈ ਗਿਆ ਸੀ, ਬਹਾਲ ਕੀਤੀਆਂ ਗਈਆਂ।

■

ਫ਼ੌਜੀ ਸਾਕਾ

-ਗਿਆਨੀ ਪ੍ਰੀਤਮ ਸਿੰਘ

ਸੀ.ਆਰ.ਪੀ. ਵੱਲੋਂ ਸ੍ਰੀ ਦਰਬਾਰ ਸਾਹਿਬ ਉਤੇ ਪਹਿਲੀ ਜੂਨ ਨੂੰ ਫਾਇਰਿੰਗ ਸ਼ੁਰੂ ਕੀਤੀ ਗਈ ਸੀ। ਪਿੱਛੋਂ ਕਰਫ਼ਿਊ ਲੱਗ ਗਿਆ ਸੀ, ਜਿਸ ਵਿਚ ੩ ਜੂਨ ਨੂੰ ਕੁਝ ਸਮੇਂ ਲਈ ਢਿੱਲ ਦਿੱਤੀ ਗਈ ਸੀ। ਕਰਫ਼ਿਊ ਕਾਰਨ ਮੈਂ ੩ ਜੂਨ ਦੀ ਰਾਤ ਨੂੰ ਇੱਥੇ ਹੀ ਰਿਹਾ ਸੀ। ਭਾਈ ਹਰਬੰਸ ਸਿੰਘ, ਭਾਈ ਸਵਰਨ ਸਿੰਘ ਫਰਾਸ਼ ਤੇ ਭਾਈ ਹਰੀ ਸਿੰਘ ਅਖੀਰ ਤਕ ਮੇਰੇ ਨਾਲ ਰਹੇ ਸਨ। ੪ ਜੂਨ ਨੂੰ ਅੰਮ੍ਰਿਤ ਵੇਲੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਾ, ਹੁਕਮਨਾਮਾ ਲਿਆ। ਭਾਈ ਗੁਰਸ਼ਰਨ ਸਿੰਘ ਦਾ ਰਾਗੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਹੇਠਾਂ ਪਰਕਰਮਾ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਿਹਾ ਸੀ। ਲੱਗਭਗ ੪:੪੦ ਵਜੇ ਦਾ ਸਮਾਂ ਹੋਵੇਗਾ ਕਿ ਫੌਜ ਵੱਲੋਂ ਲੱਗਭਗ ੧੦-੧੧ ਗੋਲੇ ਸੁੱਟੇ ਗਏ, ਜਿਸ ਨਾਲ ਉੱਚੀਆਂ ਇਮਾਰਤਾਂ-ਸਿੰਧੀਆਂ ਦੀ ਧਰਮਸ਼ਾਲਾ, ਨਕਈ ਬੁੰਗਾ, ਉੱਚੇ ਚੁਬਾਰੇ ਅਤੇ ਬੁੰਗਾ ਰਾਮਗੜ੍ਹੀਆ ਦੇ ਮੁਨਾਰਿਆਂ ਨੂੰ ਨੁਕਸਾਨ ਪੁੱਜਾ। ਜਦੋਂ ਗੋਲਿਆਂ ਦਾ ਖੜਾਕ ਹੋਇਆ ਤਾਂ ਭਾਈ ਗੁਰਸ਼ਰਨ ਸਿੰਘ ਰਾਗੀ ਦਾ ਜਥਾ ਭੱਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਆ ਗਿਆ। ਕੁਝ ਮਿੰਟਾਂ ਪਿੱਛੋਂ ਹੀ ਗੋਲਿਆਂ ਦੀ ਵਰਖਾ ਸ਼ੁਰੂ ਹੋ ਗਈ। ਇਹ ਵੇਖ ਕੇ ਆਪਣੇ ਸਟਾਫ ਦੀ ਸਲਾਹ ਨਾਲ ਅਸੀਂ ਵਧਾਅ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਜਿੱਥੇ ਮਹਾਰਾਜ ਜੀ ਦਾ ਪ੍ਰਕਾਸ਼ ਸੀ, ਆ ਗਏ।

ਸ਼ਾਮ ਨੂੰ ਸੋਦਰ ਦੀ ਚੌਂਕੀ ਕਰਵਾ ਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ। ਮਰਯਾਦਾ ਅਨੁਸਾਰ ਸ਼ਸਤਰ ਵਿਖਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਰ ਕੇ ਕੋਠਾ ਸਾਹਿਬ ਅੰਦਰ ਬਿਰਾਜਮਾਨ ਕਰ ਦਿੱਤੇ।

ਪੰਜ ਜੂਨ ਨੂੰ ਅੰਮ੍ਰਿਤ ਵੇਲੇ ਹੁਕਮਨਾਮਾ ਲਿਆ, ਭਾਈ ਗੁਰਸ਼ਰਨ ਸਿੰਘ ਦੇ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਕਰ ਕੇ ਕੜਾਹ ਪ੍ਰਸ਼ਾਦ ਦੀ ਦੇਗ ਵੰਡੀ। ਦਿਨੇ ਅਸੀਂ ਵਾਰੀ-ਵਾਰੀ ਮਹਾਰਾਜ ਜੀ ਦੀ ਤਾਬਿਆ ਬੈਠਦੇ ਰਹੇ। ਭਾਵੇਂ ਸਾਰਾ ਦਿਨ ਚਾਰੇ ਪਾਸਿਓਂ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ ਸੀ। ਸ਼ਾਮ ਨੂੰ ਸਟਾਫ ਦੇ ਬਾਕੀ ੫-੬ ਬੰਦੇ ਚਲੇ ਗਏ, ਮੇਰੇ ਨਾਲ ਕੇਵਲ ਇਹ ਤਿੰਨ ਹੀ ਰਹੇ। ਸ਼ਾਮ ਨੂੰ ਲਾਈਟ ਨਹੀਂ ਸੀ, ਅਸੀਂ ਸੋਦਰ ਦੀ ਚੌਂਕੀ, ਰਹਿਰਾਸ ਸਾਹਿਬ ਅਤੇ ਅਰਦਾਸ ਉਪਰੰਤ ਸ਼ਸਤਰਾਂ ਨੂੰ ਮਿਆਨਾਂ ਵਿਚ ਪਾ ਕੇ ਅਲਮਾਰੀ ਵਿਚ, ਜਿੱਥੇ ਉਨ੍ਹਾਂ ਦੀ ਥਾਂ ਸੀ, ਬਿਰਾਜਮਾਨ ਕਰ ਦਿੱਤੇ।

ਰਾਤ ਦੇ ਅੰਦਾਜ਼ਨ ੮ ਵੱਜੇ ਹੋਣਗੇ। ਹਨੇਰਾ ਹੋਣ ਕਰਕੇ ਕੁਝ ਦਿਖਾਈ ਤਾਂ ਦਿੰਦਾ ਨਹੀਂ ਸੀ। ਪਰ ਪਰਕਰਮਾ ਵਿਚ ਬੂਟਾਂ ਦੇ ਖੜਾਕ ਤੋਂ ਸਾਫ਼ ਪਤਾ ਲੱਗਦਾ ਸੀ ਕਿ ਫੌਜ ਆ ਗਈ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਕੇ ਰੋਸ਼ਨੀ ਦਾ ਗੋਲਾ ਤੇ ਫਿਰ ਅੱਥਰੂ ਗੈਸ ਛੱਡੀ। ਬਹੁਤ ਬੁਰੀ ਹਾਲਤ ਸੀ। ਅਸੀਂ ਆਪਣੇ ਗਲ ਵਾਲੇ ਪਰਨਿਆਂ ਨੂੰ ਭਿਉਂ ਕੇ ਅੱਖਾਂ ਉੱਤੇ ਫੇਰਿਆ। ਦੋਵਾਂ ਪਾਸਿਆਂ ਤੋਂ ਬਹੁਤ ਜ਼ੋਰਦਾਰ ਫਾਇਰਿੰਗ

ਹੋ ਰਹੀ ਸੀ। ਹੌਲੀ-ਹੌਲੀ ਫੌਜ ਵੱਲੋਂ ਗੋਲੀ ਘਟਦੀ ਗਈ। ਇਸ ਸਮੇਂ ਉਤਲੀ ਛੱਤੋਂ ਭਿੰਡਰਾਂਵਾਲਿਆਂ ਦੇ ਸਾਥੀਆਂ ਨੇ ਜੈਕਾਰੇ ਛੱਡੇ, ਇਸ ਤੋਂ ਜਾਪਦਾ ਸੀ ਕਿ ਬਹੁਤ ਸਾਰੀ ਫੌਜ ਜੋ ਸਾਹਮਣੇ ਆਈ ਸੀ, ਮਾਰੀ ਗਈ ਹੈ। (ਸਰਕਾਰੀ ਸੂਤਰਾਂ ਅਨੁਸਾਰ ਪਹਿਲਾਂ ੬੦ ਕਮਾਂਡੋ ਉੱਥੇ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ੫੯ ਮਾਰੇ ਗਏ।)

ਇਸ ਪਿੱਛੋਂ ੧੦ ਵਜੇ ਦੇ ਕਰੀਬ ਟੈਂਕ ਪਰਕਰਮਾ ਵਿਚ ਦਾਖਲ ਹੋਏ ਅਤੇ 'ਦੁੱਖਭੰਜਨੀ ਬੇਰੀ' ਅਤੇ 'ਸ਼ਹੀਦ ਬੁੰਗਾ' ਵਾਲੇ ਪਾਸੇ ਤੋਂ ਲਗਾਤਾਰ ਟੈਂਕਾਂ ਨਾਲ ਸਾਰੀ ਰਾਤ ਗੋਲਾਬਾਰੀ ਹੁੰਦੀ ਰਹੀ। ਇਸ ਦੌਰਾਨ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਹੇਠਾਂ ਭੋਰੇ ਵਿਚ ਆ ਗਏ ਜਾਪਦੇ ਸਨ। ਅਸੀਂ ਲਾਗਲੀ ਦੀਵਾਰ ਦੇ ਓਹਲੇ ਆ ਗਏ ਸੀ। ਸਾਰੀ ਰਾਤ ਗੋਲਾ ਮੀਂਹ ਵਾਂਗ ਪੈਂਦਾ ਰਿਹਾ। ਬੇਅੰਤ ਮਲਬਾ ਖਿੱਲਰ ਕੇ ਸਾਡੇ 'ਤੇ ਵੀ ਪੈਂਦਾ ਰਿਹਾ।

ਚਾਰ ਜੂਨ ਨੂੰ ਸੰਤ ਭਿੰਡਰਾਂਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਹੀ ਗੁਣਗੁਣਾਉਂਦੇ ਫਿਰ ਰਹੇ ਸਨ, "ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥" ੬ ਜੂਨ ਸਵੇਰੇ ੮ ਕੁ ਵਜੇ ਦਾ ਵਕਤ ਹੋਏਗਾ। ਜਿੱਥੇ ਗਿਆਨੀ ਸਾਧੂ ਸਿੰਘ ਭੌਰਾ ਦੇ ਕੁਆਰਟਰ ਦੇ ਹੇਠਾਂ ੫-੬ ਫਲੱਸ਼ਾਂ ਬਣੀਆਂ ਸਨ, ਸੰਤ ਜੀ ਆਪਣੇ ਸਾਥੀਆਂ ਨਾਲ ਜੰਗਲ-ਪਾਣੀ ਲਈ ਆਏ। ਇੱਥੇ ਨਲਕੇ ਤੋਂ ਹੱਥ ਧੋ ਕੇ ਸਾਥੀਆਂ ਨਾਲ ਗੱਲਾਂ ਕਰ ਰਹੇ ਸਨ। ਅਸੀਂ ਇਸ ਦੀਵਾਰ ਦੇ ਦੂਜੇ ਬੰਨੇ ਸਹਾਰਾ ਲੈ ਕੇ ਬੈਠੇ ਸੀ। ਉਹ ਫਿਰ ਭੋਰੇ ਅੰਦਰ ਚਲੇ ਗਏ। ਕੋਈ ੮:੩੦ ਵਜੇ ਦੇ ਕਰੀਬ ਭਾਈ ਅਮਰੀਕ ਸਿੰਘ ਜੰਗਲ-ਪਾਣੀ ਲਈ ਆਏ। ਕੁਦਰਤੀ ਇਕ ਗੋਲੇ ਨਾਲ ਦੀਵਾਰ ਵਿਚ ਲੱਗਾ ਦਰਵਾਜ਼ਾ ਖੁੱਲ੍ਹ ਗਿਆ, ਮੈਨੂੰ ਤੇ ਮੇਰੇ ਸਾਥੀਆਂ ਨੂੰ ਬੈਠਿਆਂ ਵੇਖ ਕੇ ਭਾਈ ਅਮਰੀਕ ਸਿੰਘ ਕਹਿਣ ਲੱਗੇ, "ਸਿੰਘ ਸਾਹਿਬ ਜੀ, ਭੁੰਜੇ ਬੈਠੇ ਤੁਸੀਂ ਚੰਗੇ ਨਹੀਂ ਲੱਗਦੇ, ਕਿਸੇ ਕਮਰੇ ਵਿਚ ਮੰਜੇ 'ਤੇ ਬੈਠ ਜਾਣਾ ਸੀ।" ਮੈਂ ਕਿਹਾ ਕਿ ਸਾਰੇ ਕਮਰਿਆਂ ਵਿਚ ਗੋਲੀਆਂ ਆ ਰਹੀਆਂ ਹਨ, ਇਹ ਜਗ੍ਹਾ ਮਹਿਫੂਜ਼ ਹੈ। ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉੱਪਰਲਾ ਹਿੱਸਾ ਢੱਠਾ ਹੋਇਆ ਸਾਫ਼ ਦਿਖਾਈ ਦੇ ਰਿਹਾ ਸੀ ਅਤੇ ਹਾਲੇ ਵੀ ਗੋਲਾਬਾਰੀ ਜਾਰੀ ਸੀ। ਮੈਂ ਉਨ੍ਹਾਂ ਨੂੰ ਪੁੱਛਿਆ, "ਤੁਹਾਡਾ ਕੀ ਪ੍ਰੋਗਰਾਮ ਹੈ?" ਉਨ੍ਹਾਂ ਨੇ ਜਵਾਬ ਦਿੱਤਾ, "ਅਕਾਲ ਤਖ਼ਤ ਸਾਹਿਬ ਦੀ ਦਸ਼ਾ ਬਹੁਤ ਖਰਾਬ ਹੋ ਗਈ ਹੈ। ਐਸੀ ਸੂਰਤ ਵਿਚ ਸਾਡਾ ਜਿਉਂਦਿਆਂ ਰਹਿਣਾ ਯੋਗ ਨਹੀਂ ਹੈ। ਅਸੀਂ ਸਵੇਰੇ ੭:੩੦ ਵਜੇ ਸ਼ਹੀਦ ਹੋਣ ਦਾ ਪ੍ਰੋਗਰਾਮ ਬਣਾਇਆ ਸੀ, ਪਰ ਹੁਣ ਸੰਤਾਂ ਨਾਲ ਸਲਾਹ ਕਰ ਕੇ ੯:੩੦ ਵਜੇ ਦਾ ਬਣਾਇਆ ਹੈ। ਕੌਮ ਵੀ ਬਹੁਤ ਮਾਰੀ ਗਈ ਹੈ, ਅਸੀਂ ਬਚ ਵੀ ਗਏ ਤਾਂ ਲੋਕ ਸਾਨੂੰ ਨਹੀਂ ਛੱਡਣਗੇ।" ਆਪਣੇ ਸੱਚਖੰਡ ਵਾਸੀ ਪਿਤਾ ਸੰਤ ਕਰਤਾਰ ਸਿੰਘ ਜੀ ਵੱਲ ਇਸ਼ਾਰਾ ਕਰ ਕੇ ਕਿਹਾ, "ਇਹ ਵੀ ਚੰਗਾ ਹੈ ਕਿ ਛੇਤੀ-ਛੇਤੀ ਵੱਡੇ ਸੰਤਾਂ ਪਾਸ ਚੱਲਾਂਗੇ।" ਇਸ ਸਮੇਂ ਭਾਈ ਅਮਰੀਕ ਸਿੰਘ ਆਪਣੇ ਸਾਥੀਆਂ ਦੀਆਂ ਡਿਊਟੀਆਂ ਲਗਾ ਰਹੇ ਸਨ, ਕਿਸੇ ਨੂੰ ਕਿਹਾ— ਤੂੰ ਮੇਰੇ ਘਰ ਅਖੰਡ ਪਾਠ ਰਖਵਾਈਂ; ਇਕ ਸਾਥੀ ਨੂੰ ਕਿਹਾ— ਮਹੀਨੇ ਕੁ ਤਕ ਮੇਰੇ ਘਰ ਲੜਕਾ ਪੈਦਾ ਹੋਣਾ ਹੈ, ਤੂੰ ਲੱਡੂ ਵੰਡੀਂ ਆਦਿ।

ਭਾਈ ਅਮਰੀਕ ਸਿੰਘ ਨੇ ਸਾਥੋਂ ਵੀ ਪੁੱਛਿਆ, "ਤੁਹਾਡੇ ਬਾਹਰ ਨਿਕਲਣ ਦਾ ਕੋਈ ਸਾਧਨ ਹੈ?" ਮੇਰੇ ਸਾਥੀ ਮਜਬੂਰ ਕਰ ਰਹੇ ਸਨ ਕਿ ਬਾਹਰਲੇ ਲੋਹੇ ਵਾਲੇ ਦਰਵਾਜ਼ੇ ਦਾ

ਜਿੰਦਰਾ ਖੋਲ੍ਹ ਕੇ ਅਸੀਂ ਬਾਹਰ ਨਿਕਲ ਜਾਈਏ। ਇਸ ਜਿੰਦਰੇ ਦੀ ਚਾਬੀ ਭਿੰਡਰਾਂਵਾਲਿਆਂ ਦੇ ਸਾਥੀਆਂ ਪਾਸ ਸੀ। ਮੈਂ ਕਿਹਾ ਕਿ ਜੇ ਤੁਸੀਂ ਆਗਿਆ ਦਿਉ ਤਾਂ ਬਾਹਰਲਾ ਜਿੰਦਰਾ ਖੋਲ੍ਹ ਕੇ ਅਸੀਂ ਬਾਹਰ ਨਿਕਲ ਜਾਈਏ। ਉਨ੍ਹਾਂ ਕਿਹਾ, "ਨਿਕਲ ਜਾਓ, ਪਰ ਫ਼ੌਜ ਨਹੀਂ ਛੱਡੇਗੀ, ਕੋਈ ਤਰੀਕਾ ਲੱਭਦਾ ਹੈ ਤਾਂ ਨਿਕਲ ਜਾਓ।" ਅਸੀਂ ਦਰਵਾਜ਼ਾ ਖੋਲ੍ਹ ਕੇ ਦੌੜ ਕੇ ਬੋਹੜ ਵਾਲੀ ਹਵੇਲੀ ਚਲੇ ਗਏ, ਜਿੱਥੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਰਹਿੰਦੇ ਸਨ। ਸੇਵਾਦਾਰ ਬਲਬੀਰ ਸਿੰਘ ਤੋਂ ਦਰਵਾਜ਼ਾ ਖੁਲ੍ਹਵਾ ਕੇ ਉਸ ਦੇ ਘਰ ਗਏ। ਇਹ ਕੋਈ ੯ ਵਜੇ ਦੀ ਗੱਲ ਹੋਏਗੀ। ਇੱਥੇ ਸ਼੍ਰੋਮਣੀ ਕਮੇਟੀ ਦੇ ਕੋਈ ੧੦-੧੨ ਮੁਲਾਜ਼ਮ ਤੇ ਉਹ ਸੇਵਾਦਾਰ ਆਪਣੇ ਪਰਿਵਾਰ ਸਮੇਤ ਠਹਿਰੇ ਹੋਏ ਸਨ।

ਅਸੀਂ ੬ ਅਤੇ ੭ ਜੂਨ ਦੀ ਰਾਤ ਉੱਥੇ ਸੇਵਾਦਾਰ ਦੇ ਹੀ ਘਰ ਰਹੇ। ੮ ਜੂਨ ਨੂੰ ਫੌਜ ਨੇ ਆ ਕੇ ਦਰਵਾਜ਼ਾ ਖੜਕਾਇਆ। ਅੰਦਰ ਆ ਕੇ ਸਾਨੂੰ ਪੁੱਛਿਆ ਕਿ ਇੱਥੇ ਕਿਉਂ ਠਹਿਰੇ ਹੋ? ਮੈਂ ਆਪਣੇ ਬਾਰੇ ਦੱਸਿਆ ਤੇ ਕਿਹਾ ਕਿ ਬਾਕੀ ਸਾਰੇ ਸਾਡੇ ਮੁਲਾਜ਼ਮ ਹਨ। ਆਪਣਾ ਪਛਾਣ-ਪੱਤਰ ਵਿਖਾਇਆ। ਪਰ ਉਹ ਕਹਿਣ ਲੱਗੇ ਕਿ ਤੁਸੀਂ ਸਾਰੇ ਅੱਤਵਾਦੀ ਹੋ। ਉਨ੍ਹਾਂ ਹੋਰ ਫੌਜੀ ਸੱਦ ਲਏ। ਘਰ ਦੀ ਤਲਾਸ਼ੀ ਲਈ, ਪਰ ਕੋਈ ਹਥਿਆਰ ਜਾਂ ਇਤਰਾਜ਼ਯੋਗ ਚੀਜ਼ ਨਾ ਲੱਭੀ। ਫਿਰ ਉਨ੍ਹਾਂ ਨੇ ਸਿਵਾਇ ਕਛਹਿਰਿਆਂ ਦੇ ਸਾਡੇ ਸਾਰੇ ਕੱਪੜੇ ਜ਼ਬਰਦੰਸਤੀ ਲੁਹਾ ਲਏ ਅਤੇ ਸਭ ਨੂੰ ਇਕ ਲਾਈਨ ਵਿਚ ਖੜ੍ਹੇ ਕਰ ਲਿਆ। ਉਨ੍ਹਾਂ ਫੌਜੀਆਂ ਪਾਸ ਇਕ ਐੱਲ.ਐੱਮ.ਜੀ. ਸੀ। ਸਾਨੂੰ ਗੋਲੀ ਮਾਰਨ ਲੱਗੇ ਸਨ ਕਿ ਉਨ੍ਹਾਂ ਵਿੱਚੋਂ ਇਕ ਨੇ ਕਿਹਾ ਕਿ ਮੈਗਜ਼ੀਨ ਵਿਚ ਸਿਰਫ ਦੋ ਹੀ ਗੋਲੀਆਂ ਹਨ, ਨਵਾਂ ਮੈਗਜ਼ੀਨ ਲੋਡ ਕਰ ਲੈ। ਹਾਂ, ਪਹਿਲੇ ਫੌਜੀਆਂ ਵਿਚ ਇਕ ਸਿੱਖ ਸਿਪਾਹੀ ਸੀ। ਉਹ ਦੌੜ ਕੇ ਬੀ.ਐੱਸ.ਐੱਫ. ਦੇ ਮੇਜਰ ਰਤਨ ਸਿੰਹੁ (ਹਰਿਆਣਵੀ ਜਾਟ) ਨੂੰ ਸਾਡੇ ਬਾਰੇ ਦੱਸ ਕੇ ਲੈ ਆਇਆ। ਸਾਨੂੰ ਗੋਲੀ ਮਾਰਨ ਹੀ ਲੱਗੇ ਸਨ ਕਿ ਰਤਨ ਸਿੰਹੁ ਨੇ ਆ ਕੇ ਕਿਹਾ, "ਠਹਿਰੋ, ਇਨ੍ਹਾਂ ਨੂੰ ਮੇਰੇ ਪਾਸ ਮੰਦਰ (ਕਾਠੀਆਂ ਵਾਲਾ ਬਜ਼ਾਰ) ਭੇਜ ਦਿਉ।" ਅਸੀਂ ਦੁਬਾਰਾ ਕੱਪੜੇ ਪਹਿਨ ਲਏ।

ਉਧਰ ਗਏ। ਗਲੀ ਵਿਚ ੩੦-੪੦ ਸਿੱਖਾਂ ਨੂੰ ਪਿੱਛੇ ਬਾਹਾਂ ਬੰਨ੍ਹ ਕੇ ਪਹਿਲਾਂ ਹੀ ਬਿਠਾਇਆ ਹੋਇਆ ਸੀ ਤੇ ਰਾਈਫਲਾਂ ਦੇ ਬੱਟਾਂ, ਸੋਟੀਆਂ ਜਾਂ ਬੂਟਾਂ ਦੇ ਠੁੱਡਿਆਂ ਨਾਲ ਬੁਰੀ ਤਰ੍ਹਾਂ ਮਾਰ ਰਹੇ ਸਨ। ਰਤਨ ਸਿੰਹੁ ਨੇ ਪੁੱਛਿਆ, "ਤੁਸੀਂ ਅੱਤਵਾਦੀ ਹੋ?" ਮੈਂ ਦੱਸਿਆ ਕਿ ਮੈਂ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਹਾਂ। ਉਹ ਕਹਿਣ ਲੱਗਾ, "ਅਸੀਂ ਅਨਾਊਂਸਮੈਂਟ ਕੀਤੀ ਸੀ, ਤੁਸੀਂ ਪਹਿਲਾਂ ਕਿਉਂ ਗ੍ਰਿਫਤਾਰ ਨਹੀਂ ਹੋਏ?" ਮੈਂ ਦੱਸਿਆ ਕਿ ਅਸੀਂ ਸ਼੍ਰੋਮਣੀ ਕਮੇਟੀ ਦੇ ਕੁਆਰਟਰ ਵਿਚ ਸਾਂ, ਸਾਨੂੰ ਕੋਈ ਅਵਾਜ਼ ਨਹੀਂ ਸੁਣੀ। ਉਸ ਨੇ ਕਿਹਾ ਕਿ ਅੱਜ ਸਾਰੇ ਹੀ ਅਤਿਵਾਦੀ ਹਨ, ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ ਜਾਏਗਾ। ਸਾਡੀ ਤਲਾਸ਼ੀ ਲਈ; ਜੇਬਾਂ ਵਿੱਚੋਂ ਪੈਸੇ ਕੱਢ ਲਏ। ਇਕ ਫੌਜੀ ਹਵਾਲਦਾਰ ਮੈਨੂੰ ਪੁੱਛਣ ਲੱਗਾ, "ਤੂੰ ਸਿੱਖ ਏਂ ਕਿ ਮੁਸਲਮਾਨ?" ਮੈਂ ਕਿਹਾ, "ਮੈਂ ਸ੍ਰੀ ਗੁਰੂ ਰਾਮਦਾਸ ਦਾ ਸਿੱਖ ਹਾਂ ਅਤੇ ਆਪਣੇ ਗੁਰੂ ਦੀ ਸੇਵਾ ਕਰ ਰਿਹਾ ਹਾਂ।" ਉਸ ਹਵਾਲਦਾਰ ਨੇ ਮੈਨੂੰ ਗਾਲ੍ਹ ਕੱਢੀ, ਮੇਰੀ ਛਾਤੀ 'ਤੇ ਬੰਦੂਕ ਰੱਖ ਕੇ ਕਹਿਣ ਲੱਗਾ, "ਸੱਦ ਆਪਣੇ ਗੁਰੂ ਰਾਮਦਾਸ ਨੂੰ ਤੇਰੀ ਮਦਦ ਕਰੇ।" ਮੇਰੇ ਮਨ ਹੀ ਮਨ 'ਚੋਂ ਇਕ ਹੂਕ ਨਿਕਲੀ ਕਿ ਅੱਜ ਇਹ ਫੌਜ ਮੇਰੇ ਗੁਰੂ ਨੂੰ ਵੰਗਾਰ ਰਹੀ ਹੈ। ਮਨ ਹੀ ਮਨ ਵਿਚ ਗੁਰੂ ਨੂੰ ਧਿਆਇਆ, "ਹੇ ਸੱਚੇ ਪਾਤਸ਼ਾਹ! ਆਪਣੇ ਨਾਂ ਦੀ ਲਾਜ ਰੱਖੋ, ਆਪਣੇ ਬਿਰਦ ਦੀ

ਪੈਜ ਰੱਖੋ।" ਰਤਨ ਸਿੰਹੁ ਰਾਊਂਡ ਕਰਦਾ-ਕਰਦਾ ਉੱਥੇ ਆਇਆ। ਇਤਨੇ ਨੂੰ ਫੌਜੀਆਂ ਨੂੰ ਚਾਹ-ਪਾਣੀ ਪਿਆਉਣ ਆਏ ਕੁਝ ਹਿੰਦੂਆਂ ਨੇ ਮੈਨੂੰ ਪਹਿਚਾਣ ਲਿਆ ਸੀ ਤੇ ਮੇਜਰ ਪਾਸ ਮੇਰੀ ਸਿਫਾਰਿਸ਼ ਕੀਤੀ। ਉਸ ਨੇ ਮੈਨੂੰ ਆਪਣੇ ਪਾਸ ਬੁਲਾਇਆ ਤੇ ਬੈਠਣ ਲਈ ਕੁਰਸੀ ਵੀ ਦਿੱਤੀ। ਇਹ ਮੇਰੇ ਗੁਰੂ ਨੇ ਆਪ ਪਹੁੰਚ ਕੇ ਬਿਰਦ ਦੀ ਪੈਜ ਰੱਖੀ ਸੀ।

ਮੈਂ ਮੇਜਰ ਨੂੰ ਕਿਹਾ, "ਫੌਜ ਨੂੰ ਬੜੀ ਜ਼ਾਬਤੇ ਵਾਲੀ ਸਮਝਿਆ ਜਾਂਦਾ ਹੈ, ਪਰ ਤੁਹਾਡੇ ਵਿਚ ਫ਼ੌਜ ਵਾਲਾ ਕੋਈ ਅਸੂਲ ਨਹੀਂ ਹੈ, ਸਭ ਨੇ ਕਸਾਈਆਂ ਵਾਲ ਕੰਮ ਫੜਿਆ ਹੋਇਆ ਹੈ।" ਉਸ ਦੇ ਦਿਲ ਵਿਚ ਸ਼ਾਇਦ ਦਇਆ ਆਈ, ਮੈਨੂੰ ਗਲਵਕੜੀ ਵਿਚ ਲੈ ਕੇ ਕਹਿਣ ਲੱਗਾ, "ਮੈਂ ਤੁਹਾਨੂੰ ਬਚਾਉਣ ਲਈ ਵੱਧ ਤੋਂ ਵੱਧ ਜਤਨ ਕਰਾਂਗਾ।" ਫਿਰ ਉਸ ਨੇ ਏਰੀਆ ਇੰਚਾਰਜ ਨਾਲ ਵਾਇਰਲੈੱਸ 'ਤੇ ਗੱਲ ਕੀਤੀ। ਪਿੱਛੋਂ ਮੈਨੂੰ ਕਹਿਣ ਲੱਗਾ, "ਤੁਸੀਂ ਧਾਰਮਿਕ ਵਿਅਕਤੀ ਹੋ, ਇਸ ਲਈ ਮੈਂ ਜੋ ਕੁਝ ਪੁੱਛਾਂਗਾ, ਸੱਚ-ਸੱਚ ਦੱਸਣਾ?" ਮੈਂ ਜਵਾਬ ਦਿੱਤਾ, "ਬਿਲਕੁਲ ਸੱਚ ਦੱਸਾਂਗਾ।" ਉਸ ਨੇ ਪੁੱਛਿਆ, "ਕੀ ਮੇਰੇ ਨਾਲ ਦੇ ੧੨-੧੩ ਵਿਅਕਤੀ ਵਾਕਈ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ?" ਮੈਂ ਸ਼ਾਹਦੀ ਭਰੀ। ਫਿਰ ਉਸ ਨੇ ਮੇਰੇ ਪਾਸੋਂ ਬਾਕੀ ੪੦-੫੦ ਬੰਦਿਆਂ ਬਾਰੇ ਪੁੱਛਿਆ। ਉਨ੍ਹਾਂ ਵਿੱਚੋਂ ਮੈਂ ਕਿਸੇ ਨੂੰ ਵੀ ਨਹੀਂ ਜਾਣਦਾ ਸੀ, ਇਸ ਲਈ ਕਹਿ ਦਿੱਤਾ ਕਿ ਹੋ ਸਕਦਾ ਹੈ ਇਨ੍ਹਾਂ ਵਿਚ ਕੁਝ ਨਵੇਂ ਮੁਲਾਜ਼ਮ ਹੋਣ ਜਿਨ੍ਹਾਂ ਨੂੰ ਮੈਂ ਨਾ ਜਾਣਦਾ ਹੋਵਾਂ! ਉਸ ਨੇ ਕਿਹਾ, "ਨਹੀਂ, ਇਹ ਸਾਰੇ ਅੱਤਵਾਦੀ ਹਨ।" (ਪਿੱਛੋਂ ਉਹ ਸਾਰੇ ਮਾਰ ਦਿੱਤੇ ਗਏ)

ਮੇਜਰ ਨੇ ਕਿਹਾ ਕਿ ਮੈਂ ਤੁਹਾਨੂੰ ਕਿਸੇ ਵੀ ਸੂਰਤ ਵਿਚ ਛੱਡ ਨਹੀਂ ਸਕਦਾ। ਇਸ ਲਈ ਬਿਹਤਰ ਰਹੇਗਾ ਕਿ ਤੁਹਾਨੂੰ ਮਿਲਟਰੀ ਕੈਂਪ ਭੇਜ ਦਿੱਤਾ ਜਾਏ, ਉੱਥੋਂ ਕੁਝ ਦਿਨਾਂ ਪਿੱਛੋਂ ਤੁਹਾਨੂੰ ਛੱਡ ਦਿੱਤਾ ਜਾਏਗਾ। ਫਿਰ ਇਕ ਫੌਜੀ ਸਾਨੂੰ ਮਾਈ ਸੇਵਾਂ ਦੇ ਬਜ਼ਾਰ ਵੱਲ ਲੈ ਕੇ ਤੁਰ ਪਿਆ। ਰਾਹ ਵਿਚ ਅਸੀਂ ਅਨੇਕਾਂ ਹੀ ਸਿੱਖਾਂ ਦੀਆਂ ਰੁਲਦੀਆਂ ਲਾਸ਼ਾਂ ਵੇਖੀਆਂ। ਬਾਜ਼ਾਰ ਵਿੱਚੋਂ ਫਕੀਰ ਸਿੰਘ ਦੀ ਦੁਕਾਨ ਸਾਹਮਣਿਓਂ ਸਾਨੂੰ ਇਕ ਟਰੱਕ ਰਾਹੀਂ ਕੈਂਪ 'ਚ ਲਿਆਂਦਾ ਗਿਆ। ਇੱਥੋਂ ੧੭ ਜੂਨ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਸਮੇਂ ਸ੍ਰੀ ਦਰਬਾਰ ਸਾਹਿਬ ਲਿਆਂਦਾ ਗਿਆ ਅਤੇ ਪਿੱਛੋਂ ਰਿਹਾਅ ਕੀਤਾ ਗਿਆ।

■

ਅੱਖੀਂ ਡਿੱਠਾ ਜੂਨ ੧੯੮੪

-ਗਿਆਨੀ ਮੋਹਨ ਸਿੰਘ

੧ ਜੂਨ, ੧੯੮੪ ਨੂੰ ਬਿਨਾਂ ਕਿਸੇ ਭੜਕਾਹਟ ਦੇ ਸੀ.ਆਰ.ਪੀ. ਨੇ ਹਰਿਮੰਦਰ ਸਾਹਿਬ 'ਤੇ ਪਰਕਰਮਾ ਵਿਚ ਦੁਪਹਿਰੇ ੧:੩੦ ਵਜੇ ਫਾਇਰਿੰਗ ਸ਼ੁਰੂ ਕਰ ਦਿੱਤੀ ਸੀ ਅਤੇ ੩੦ ਗੋਲੀਆਂ ਹਰਿਮੰਦਰ ਸਾਹਿਬ 'ਤੇ ਲੱਗੀਆਂ ਸਨ। ਹਰਿਮੰਦਰ ਸਾਹਿਬ ਦੇ ਸੁਨਹਿਰੀ ਕਲਸ ਵਿਚ ਗੋਲੀ ਲੱਗਣ ਕਰਕੇ ਮੰਘੋਰਾ ਹੋ ਗਿਆ ਸੀ। ਬਾਹਰੋਂ ਆਏ ਕੁਝ ਸ਼ਰਧਾਲੂ ਇਸਤਰੀਆਂ ਬੱਚੇ ਵੀ ਫਾਇਰਿੰਗ ਨਾਲ ਸ਼ਹੀਦ ਹੋ ਗਏ ਸਨ। ਇਕ ਸਿੱਖ ਭਾਈ ਮਹਿੰਗਾ ਸਿੰਘ ਜਗਾਧਰੀ ਦੇ ਇਲਾਕੇ ਦਾ ਗੁਰਦੁਆਰਾ ਬਾਬਾ ਅਟੱਲ ਰਾਏ ਦੀ ਉਤਲੀ ਮੰਜ਼ਲ 'ਤੇ ਖੜ੍ਹਾ ਸੀ ਜੋ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ ਸੀ।

੩ ਜੂਨ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਦੂਰੋਂ-ਨੇੜਿਓਂ ਗੁਰਪੁਰਬ ਮਨਾਉਣ ਲਈ ਬਹੁਤ ਸੰਗਤ ਆਈ ਹੋਈ ਸੀ, ਜਿਨ੍ਹਾਂ ਵਿਚ ਬੱਚੇ, ਇਸਤਰੀਆਂ ਅਤੇ ਮਰਦ ਸਨ। ਧਰਮ ਯੁੱਧ ਮੋਰਚੇ ਵਿਚ ਹਿੱਸਾ ਲੈਣ ਲਈ ਕੁਝ ਜਥੇ ਆਏ ਹੋਏ ਸਨ। ਕੁਝ ਜਥੇ ਜੇਲ੍ਹਾਂ ਵਿੱਚੋਂ ਰਿਹਾਅ ਹੋ ਕੇ ਆਏ ਹੋਏ ਸਨ। ਇਸ ਕਰਕੇ ਪਰਕਰਮਾ, ਗੁਰੂ ਰਾਮਦਾਸ ਸਰਾਂ ਤੇ ਗੁਰੂ ਨਾਨਕ ਨਿਵਾਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਭੀੜ ਸੀ। ਦਿਨੇ ਕਰਫ਼ਿਊ ਲੱਗਣ ਕਰਕੇ ਕੋਈ ਵੀ ਬਾਹਰ ਨਹੀਂ ਜਾ ਸਕਿਆ। ਸਭ ਇੱਥੇ ਹੀ ਰੁਕ ਗਏ।

੪ ਜੂਨ ਨੂੰ ਹੁਕਮਨਾਮੇ ਮਗਰੋਂ ਲੱਗਭਗ ੪:੪੫ ਵਜੇ ਸਵੇਰੇ ਫੌਜੀਆਂ ਨੇ ਤੋਪ ਦਾ ਪਹਿਲਾ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮਾਰਿਆ ਸੀ। ਉਸ ਮਗਰੋਂ ਦਿਨੇ ਤੋਪ ਦੇ ਗੋਲੇ ਤੇ ਗੋਲੀਆਂ ਚੱਲਦੀਆਂ ਹੀ ਰਹੀਆਂ। ਫੌਜੀਆਂ ਵੱਲੋਂ ਪਹਿਲਾਂ ਕੋਈ ਵਾਰਨਿੰਗ ਨਹੀਂ ਦਿੱਤੀ ਗਈ ਸੀ ਕਿ ਅੱਤਵਾਦੀ ਆਤਮ-ਸਮਰਪਣ ਕਰ ਦੇਣ, ਨਹੀਂ ਤਾਂ ਫਾਇਰਿੰਗ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਦਿਨ ਪਰਕਰਮਾ ਵਿਚ ਬਹੁਤ ਜ਼ਿਆਦਾ ਗਿਣਤੀ ਵਿਚ ਸ਼ਰਧਾਲੂ ਤੇ ਫੌਜੀ ਮਾਰੇ ਗਏ। ੪ ਜੂਨ ਨੂੰ ਅੰਧਾ-ਧੁੰਦ ਫਾਇਰਿੰਗ ਕਾਰਨ ਸ਼ਾਮ ਦੇ ਟਾਈਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ ਜਾ ਸਕੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਹਰਿ ਕੀ ਪੌੜੀ ਉੱਪਰਲੀ ਮੰਜ਼ਿਲ 'ਤੇ ਰੱਖ ਦਿੱਤੀ ਗਈ।

੫ ਜੂਨ ਨੂੰ ਪਰਕਰਮਾ ਇਕ ਯੁੱਧ ਭੂਮੀ ਬਣੀ ਹੋਈ ਸੀ। ਪਰਕਰਮਾ ਸ਼ਰਧਾਲੂਆਂ ਸਮੇਤ ਹਰੀ ਵਰਦੀ ਦੇ ਸੈਨਿਕਾਂ ਦੀਆਂ ਲਾਸ਼ਾਂ ਨਾਲ ਭਰੀ ਪਈ ਸੀ। ਸਭ ਥਾਂ ਖ਼ੂਨ ਹੀ ਖ਼ੂਨ ਵਗ ਰਿਹਾ ਸੀ ਤੇ ਸਰੋਵਰ ਦੇ ਪਾਣੀ ਵਿਚ ਮਿਲ ਰਿਹਾ ਸੀ, ਜਿਸ ਕਰਕੇ ਪਾਣੀ ਦਾ ਰੰਗ ਵੀ ਤਬਦੀਲ ਹੁੰਦਾ ਜਾ ਰਿਹਾ ਸੀ। ਸਰੋਵਰ ਵਿਚ ਵੀ ਕਾਫੀ ਲਾਸ਼ਾਂ ਤੈਰ ਰਹੀਆਂ ਸਨ। ਇਸੇ ਦਿਨ ਸ਼ਾਮ ਤਕ ਸਿੰਘਾਂ ਦੇ ਲੱਗਭਗ ਸਾਰੇ ਮੋਰਚੇ ਟੁੱਟ ਚੁੱਕੇ ਸਨ, ਪਰ ਇਸ ਦਿਨ ਦਰਬਾਰ ਸਾਹਿਬ 'ਚ ਮਰਯਾਦਾ ਅਨੁਸਾਰ ਕੀਰਤਨ ਹੁੰਦਾ ਰਿਹਾ। ੫ ਜੂਨ ਦੀ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਹੋਇਆ ਤੇ ਸ਼ਾਮ ਲੱਗਭਗ ੮:੫੦ 'ਤੇ ਸਮਾਪਤੀ ਕਰ ਦਿੱਤੀ ਗਈ। ਸਭ ਸਿੰਘ ਸ਼ਰਧਾਲੂ ਅਤੇ ਸੇਵਾਦਾਰ ਕਰਮਚਾਰੀ ਆਦਿ ਉੱਥੇ ਹੀ ਰਹੇ। ਉਸ ਸਮੇਂ ਬਿਜਲੀ,

ਪਾਣੀ ਤੇ ਟੈਲੀਫੋਨ ਸਭ ਬੰਦ ਸਨ। ਸਖ਼ਤ ਗਰਮੀ ਦਾ ਦਿਨ ਸੀ ਤੇ ਤੋਪ ਦੇ ਗੋਲਿਆਂ ਅਤੇ ਗੋਲੀਆਂ ਦੇ ਧੂੰਏਂ ਨਾਲ ਵਾਯੂਮੰਡਲ ਭੱਠ ਵਾਂਗ ਤਪ ਰਿਹਾ ਸੀ। ਇਸੇ ਦਿਨ ਰਾਤ ੮:੫੦ ਵਜੇ ਟੈਂਕਾਂ ਨਾਲ ਫੌਜ ਪਰਕਰਮਾ ਵਿਚ ਦਾਖਲ ਹੋ ਗਈ। ਪਰਕਰਮਾ ਵਿਚ ਅੱਠ ਟੈਂਕ ਦਾਖਲ ਹੋਏ। ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਸ਼ਹੀਦ ਦੇ ਪਾਸ ਖੜ੍ਹਾ ਟੈਂਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੋਲਾਬਾਰੀ ਕਰ ਰਿਹਾ ਸੀ। ਕਈ ਥਾਵਾਂ 'ਤੇ ਬਾਹਰ ਖੜ੍ਹੀਆਂ ਤੋਪਾਂ ਵੀ ਗੋਲਾਬਾਰੀ ਕਰ ਰਹੀਆਂ ਸਨ। ਅਸੀਂ ਉੱਪਰਲੀ ਮੰਜ਼ਲ ਵਿਚ ਬੈਠੇ ਖਿੜਕੀਆਂ ਤੇ ਝਰੋਖਿਆਂ ਵਿੱਚੋਂ ਇਹ ਸਭ ਕੁਝ ਵੇਖ ਰਹੇ ਸੀ।

੬ ਜੂਨ, ੧੯੮੪ ਨੂੰ ਅੰਮ੍ਰਿਤ ਵੇਲੇ ੪:੦੦ ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਮਰਯਾਦਾ ਅਨੁਸਾਰ ਪ੍ਰਕਾਸ਼ ਕੀਤਾ, ਸਵੇਰੇ ੮ ਵਜੇ ਘੰਟਾ-ਘਰ ਅਤੇ ਲਾਇਬ੍ਰੇਰੀ ਵਾਲੇ ਪਾਸਿਓਂ ਹਰਿਮੰਦਰ ਸਾਹਿਬ ਉੱਤੇ ਗੋਲੀਆਂ ਵਰ੍ਹਨੀਆਂ ਸ਼ੁਰੂ ਹੋਈਆਂ। ਹੱਥ-ਲਿਖਤ ਬੀੜ ਜਿਸ ਦਾ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਪ੍ਰਕਾਸ਼ ਹੁੰਦਾ ਚਲਿਆ ਆ ਰਿਹਾ ਸੀ, ਉਸ ਵਿਚ ਇਕ ਗੋਲੀ ਲੱਗੀ, ਜੋ ਸੁਖਮਨੀ ਸਾਹਿਬ ਤਕ ਦੇ ਪੱਤਰੇ ਚੀਰ ਗਈ, ਉਹ ਗੋਲੀ ਉਸੇ ਪਾਵਨ ਬੀੜ ਵਿਚ ਹੀ ਹੈ, ਜੋ ਸੰਭਾਲ ਕੇ ਰੱਖੀ ਹੋਈ ਹੈ। ਇਹ ਪਾਵਨ ਬੀੜ ਅੱਜਕਲ੍ਹ ਤੋਸ਼ੇਖਾਨੇ ਵਿਚ ਸੰਭਾਲੀ ਹੋਈ ਹੈ।

ਦੋ ਗੋਲੀਆਂ ਇਕ ਅੰਦਰ ਬੈਠੇ ਸ਼ਰਧਾਲੂ ਭਾਈ ਅਵਤਾਰ ਸਿੰਘ ਅਖੰਡ ਕੀਰਤਨੀਏ ਦੇ ਲੱਗੀਆਂ। ਅਸੀਂ ਪੱਗਾਂ ਦੇ ਕੱਪੜੇ ਨਾਲ ਖ਼ੂਨ ਰੋਕਣ ਲਈ ਪੱਟੀਆਂ ਬੰਨ੍ਹੀਆਂ ਸਨ ਪਰ ਖ਼ੂਨ ਰੁਕ ਨਹੀਂ ਸੀ ਰਿਹਾ ਜਿਸ ਕਰਕੇ ਉਹ ਸ਼ਾਮ ੭ ਵਜੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਅਕਾਲ ਚਲਾਣਾ ਕਰ ਗਏ। ਜੇਕਰ ਉਸ ਸਮੇਂ ਡਾਕਟਰੀ ਸਹਾਇਤਾ ਮਿਲ ਜਾਂਦੀ ਤਾਂ ਬਚ ਸਕਦੇ ਸਨ।

ਅਸੀਂ ਦੋ ਦਿਨ ਦੇ ਭੁੱਖੇ-ਪਿਆਸੇ ਬੈਠੇ ਸਾਂ। ਵਰ੍ਹਦੀਆਂ ਗੋਲੀਆਂ ਵਿਚ ਸਰੋਵਰ ਵਿੱਚੋਂ ਜਲ ਲਿਆਉਣਾ ਵੀ ਜਾਨ ਜੋਖਮ ਦਾ ਕੰਮ ਸੀ। ਫੱਟੜ ਹੋਏ ਭਾਈ ਅਵਤਾਰ ਸਿੰਘ ਦੀ ਪਿਆਸ ਬੁਝਾਉਣ ਲਈ ਲੇਟ-ਲੇਟ ਕੇ ਕੁਝ ਪਾਣੀ ਲਿਆਂਦਾ; ਜਿਸ ਵਿੱਚੋਂ ਸਭ ਘੁੱਟ-ਘੁੱਟ ਪੀ ਕੇ ਬੁੱਲ੍ਹ ਹੀ ਤਰ ਕਰ ਸਕੇ। ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਜੀ ਅਤੇ ਦੋ ਹੋਰ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਅਵਤਾਰ ਸਿੰਘ ਲਾਚੀ ਬੇਰੀ ਦੇ ਪਾਸ ਗੋਲੀਆਂ ਨਾਲ ਸ਼ਹੀਦ ਹੋ ਗਏ ਸੀ। ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਸੂਰਮਾ ਸਿੰਘ ਸੀ, ਉਹ ਇਹ ਵੇਖ ਹੀ ਨਹੀਂ ਸਕਿਆ ਕਿ ਬਾਹਰ ਤਾਂ ਲਾਸ਼ਾਂ ਦੇ ਢੇਰ ਹਨ, ਮੈਂ ਕਿਵੇਂ ਬਚ ਸਕਾਂਗਾ'?

ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ 'ਤੇ ੩੫੦ ਤੋਂ ਵੀ ਵਧੇਰੇ ਗੋਲੀਆਂ ਦੇ ਨਿਸ਼ਾਨ ਸਭ ਨੇ ਗਿਣੇ ਸਨ। ਚਾਰ-ਚੁਫੇਰੇ ਪਰਕਰਮਾ ਦੇ ਬਰਾਂਡਿਆਂ ਤੇ ਥੰਮ੍ਹਾਂ ਅਤੇ ਹੋਰ ਕਮਰਿਆਂ ਦੀਆਂ ਦੀਵਾਰਾਂ ਗੋਲੀਆਂ ਦੇ ਨਿਸ਼ਾਨਾਂ ਨਾਲ ਮਾਤਾ ਦੇ ਦਾਗਾਂ ਵਾਂਗ ਭਰ ਗਈਆਂ ਸਨ, ਜੋ ਮਗਰੋਂ ਫੌਜੀਆਂ ਨੇ ਸਭ ਨਿਸ਼ਾਨ ਮੁਰੰਮਤ ਕਰ ਕੇ ਮਿਟਾ ਦਿੱਤੇ ਸਨ।

ਜਦ ਫਾਇਰਿੰਗ ਹੋ ਰਹੀ ਸੀ, ਗੋਲੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਤਖ਼ਤੇ ਭੰਨ੍ਹ ਕੇ ਅੰਦਰ ਜਾ ਰਹੀਆਂ ਸਨ। ਉੱਪਰਲੀ ਮੰਜ਼ਲ ਵਿਚ ਇਕ ਪਾਠੀ ਸਿੰਘ ਦੇ ਪਾਠ ਕਰਦਿਆਂ ਹੱਥ 'ਤੇ ਗੋਲੀ ਲੱਗੀ ਤੇ ਲਹੂ ਤਤੀਰੀਆਂ ਬਣ ਕੇ ਵਗ ਰਿਹਾ ਸੀ। ਉਸ ਦਾ ਲਹੂ ਲਿਬੜਿਆ ਹੱਥ ਪਾਵਨ ਬੀੜ ਦੇ ਪੱਤਰੇ 'ਤੇ ਜਾ ਲੱਗਿਆ ਜੋ ਹੁਣ ਤੀਕ ਕਾਇਮ ਹੈ। ਉਸ ਦਿਨ ਸ੍ਰੀ ਹਰਿਮੰਦਰ

ਸਾਹਿਬ 'ਚ ੧੫ ਮੁਲਾਜ਼ਮ ਤੇ ੭ ਸ਼ਰਧਾਲੂ ਸਨ। ਉੱਥੇ ੬ ਜੂਨ ਨੂੰ ਸ਼ਾਮ ੪ ਵਜੇ ਤਕ ਸਭ ਥਾਵਾਂ 'ਤੇ ਫੌਜ ਦਾ ਕਬਜ਼ਾ ਹੋ ਚੁੱਕਾ ਸੀ ਤੇ ਫਾਇਰਿੰਗ ਬੰਦ ਹੋ ਗਈ ਸੀ।

ਜਨਰਲ ਬਰਾੜ ਨੇ ਮੈਗਾ ਫੋਨ 'ਤੇ ਅਨਾਊਂਸ ਕਰ ਦਿੱਤਾ ਕਿ ਹਰਿਮੰਦਰ ਸਾਹਿਬ ਵਿਚ ਜਿਤਨੇ ਵੀ ਸਿੱਖ ਹਨ, ਸਭ ਹੱਥ ਖੜ੍ਹੇ ਕਰ ਕੇ ਬਾਹਰ ਆ ਜਾਓ। ਜਦ ਸਭ ਬਾਹਰ ਆ ਗਏ, ਸਭਨਾਂ ਦੀਆਂ ਦਸਤਾਰਾਂ ਨਾਲ ਹੱਥ ਬੰਨ੍ਹ ਕੇ ਪਰਕਰਮਾ ਵਿਚ ਬਿਠਾ ਦਿੱਤੇ। ਦਾਸ ਨੂੰ ਅਤੇ ਭਾਈ ਪੂਰਨ ਸਿੰਘ ਜੀ ਨੂੰ ਕੁਝ ਖੁੱਲ੍ਹ ਦੇ ਦਿੱਤੀ ਤੇ ਪਾਣੀ ਪਿਲਾ ਦਿੱਤਾ। ਹੋਰ ਸਭ ਸਿੰਘ ੨੪ ਘੰਟੇ ਉੱਥੇ ਹੀ ਬਿਠਾ ਛੱਡੇ। ਜਨਰਲ ਬਰਾੜ ਨੇ ਸਾਨੂੰ ਪੁੱਛਿਆ ਕਿ ਅੰਦਰ ਸ੍ਰੀ ਹਰਿਮੰਦਰ ਸਾਹਿਬ 'ਚ ਕੋਈ ਅੱਤਵਾਦੀ ਹੈ ਅਤੇ ਅੰਦਰ ਕਿਸ ਤਰ੍ਹਾਂ ਦੇ ਹਥਿਆਰ ਹਨ? ਅਸੀਂ ਕਿਹਾ, "ਅੰਦਰ ਕਦੀ ਵੀ ਕੋਈ ਵੀ ਅੱਤਵਾਦੀ ਨਹੀਂ ਆਇਆ ਤੇ ਨਾ ਹੀ ਕੋਈ ਹਥਿਆਰ ਹੈ।" ਉਨ੍ਹਾਂ ਪੰਜ ਫੌਜੀ ਸਾਡੇ ਨਾਲ ਅੰਦਰ ਭੇਜ ਕੇ ਤਲਾਸ਼ੀ ਲਈ, ਅੰਦਰ ਨਾ ਕੋਈ ਅੱਤਵਾਦੀ ਤੇ ਨਾ ਕੋਈ ਹਥਿਆਰ ਮਿਲਿਆ। ਜਦ ਅਸੀਂ ਅੰਦਰ ਗਏ ਤਾਂ ਭਾਈ ਅਵਤਾਰ ਸਿੰਘ ਅਕਾਲ ਚਲਾਣਾ ਕਰ ਚੁੱਕੇ ਸਨ।

੭ ਜੂਨ ਨੂੰ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਅਤੇ ਕੀਰਤਨ ਕਰਨ ਜਾਂ ਕੋਈ ਹੋਰ ਮਰਯਾਦਾ ਨਹੀਂ ਹੋਈ। ਇਹ ਮਰਯਾਦਾ ਦਾ ਭੰਗ ਹੋਣਾ ਮੁਗ਼ਲ ਰਾਜ ਦੇ ੨੦੦ ਸਾਲਾਂ ਮਗਰੋਂ ਹੋਇਆ ਸੀ। ਇਸ ਦਿਨ ਆਸਾ ਜੀ ਦੀ ਵਾਰ ਦਾ ਕੀਰਤਨ ਨਹੀਂ ਹੋਇਆ। ਕੇਵਲ ੯:੦੦ ਵਜੇ ਹੋਰ ਬੀੜ ਲਿਆ ਕੇ ਪ੍ਰਕਾਸ਼ ਕਰ ਦਿੱਤਾ ਸੀ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰ ਲਿਆ ਸੀ।

੮ ਜੂਨ ਨੂੰ ਮਰਯਾਦਾ ਸ਼ੁਰੂ ਹੋ ਗਈ ਸੀ ਤੇ ਜਲੰਧਰ ਵਾਲਿਆਂ ਨੇ ਰੇਡੀਓ 'ਤੇ ਬ੍ਰਾਡਕਾਸਟ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦਿਨ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਆ ਗਏ ਸਨ। ਦਰਬਾਰ ਸਾਹਿਬ ਦੋ ਮਹੀਨੇ ਕੋਈ ਸ਼ਰਧਾਲੂ ਦਾਖ਼ਲ ਨਹੀਂ ਹੋਣ ਦਿੱਤਾ। ਫੌਜੀ ਹੁਕਮ ਨਾਲ ਕਿਸੇ ਵੀ ਸ਼ਰਧਾਲੂ ਨੂੰ ਅੰਦਰ ਜਾ ਕੇ ਮੱਥਾ ਟੇਕਣ ਦੀ ਆਗਿਆ ਨਹੀਂ ਸੀ।

ਪਰਕਰਮਾ ਵਿਚ ਟੈਂਕਾਂ ਦੇ ਦਾਖਲ ਹੋਣ ਨਾਲ, ਪਰਕਰਮਾ ਦੇ ਫਰਸ਼ਾਂ ਵਿਚ ਸੰਗਮਰਮਰ ਦੇ ਲੱਗੇ ਸਲੈਬ ਚੂਰ-ਚੂਰ ਹੋ ਗਏ ਸਨ। ਮਗਰੋਂ ਫੌਜੀਆਂ ਵੱਲੋਂ ਕੀਤੀ ਮੁਰੰਮਤ ਨਾਲ ਵੀ ਪਰਕਰਮਾ ਵਿਚ ਪਹਿਲੇ ਵਰਗੀ ਸੁੰਦਰਤਾ ਨਹੀਂ ਆ ਸਕੀ।

ਜਦ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾ ਕੇ ਗੋਲਾਬਾਰੀ ਹੋ ਰਹੀ ਸੀ, ਉਸ ਸਮੇਂ ਕੁਝ ਗੋਲੇ ਦਰਸ਼ਨੀ ਡਿਓੜ੍ਹੀ ਉੱਪਰ ਵੀ ਲੱਗੇ ਜਿਨ੍ਹਾਂ ਨਾਲ ਦਰਸ਼ਨੀ ਡਿਓੜ੍ਹੀ ਦੇ ਉੱਪਰ ਇਸ ਪਾਸੇ ਬਣਿਆ ਗੁੰਬਦ ਅਤੇ ਤੋਸ਼ੇਖਾਨੇ ਦੇ ਕਮਰੇ ਉੱਤੇ ਵੀ ਗੋਲੇ ਵਰ੍ਹੇ ਜਿਸ ਕਾਰਨ ਗੁਰਦੁਆਰਾ ਲਾਚੀ ਬੇਰ ਸਮੇਤ ਬ੍ਰਿਛ ਤਬਾਹ ਹੋ ਗਏ। ਤੋਸ਼ੇਖਾਨਾ ਦੇ ਕਮਰੇ ਵਿਚ ਦੀਵਾਰ ਭੰਨ੍ਹ ਕੇ ਗੋਲਾ ਅੰਦਰ ਜਾ ਡਿੱਗਿਆ ਤੇ ਅੰਦਰ ਅੱਗ ਲੱਗ ਗਈ ਤੇ ਲੱਖਾਂ ਦੀ ਕੀਮਤੀ ਚਾਂਦਨੀ ਜਲ ਕੇ ਰਾਖ਼ ਹੋ ਗਈ। ਪਰ ਤੋਸ਼ੇਖਾਨੇ ਦੀਆਂ ਅਰਬਾਂ ਦੀ ਕੀਮਤ ਦੀਆਂ ਵਸਤੂਆਂ ਮਜ਼ਬੂਤ ਕਿਵਾੜ ਲੱਗੇ ਹੋਣ ਕਰਕੇ ਬਚ ਗਈਆਂ। ਪਰ ਸਭ ਧੁਆਂਖੀਆਂ ਗਈਆਂ ਜੋ ਬਾਅਦ ਵਿਚ ਸਾਫ ਸਫਾਈ ਤੇ ਪਾਲਸ਼ ਕਰਵਾ ਲਈਆਂ।

■

ਜੂਨ ੧੯੮੪ ਦੇ ਫੌਜੀ ਸਾਕੇ ਦੀ ਅੱਖੀਂ-ਡਿੱਠੀ ਕਹਾਣੀ

-ਗਿਆਨੀ ਜੋਗਿੰਦਰ ਸਿੰਘ

੪ ਜੂਨ, ੧੯੮੪ ਈ. ਨੂੰ ਮੈਂ ਸਵੇਰੇ ਤਿੰਨ ਵਜੇ ਉਠਿਆ। ਇਸ਼ਨਾਨ-ਪਾਣੀ ਤੋਂ ਵਿਹਲਾ ਹੋ ਕੇ ਠੀਕ ਚਾਰ ਵਜੇ ਮੈਂ ਆਪਣੀ ਧਰਮ ਪਤਨੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ 'ਤੇ ਪੁੱਜਾ। ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਜਥੇ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕੀਤਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਲਕੀ ਸਾਹਿਬ ਆਉਣ ਉਪਰੰਤ ਸਾਢੇ ਚਾਰ ਵਜੇ ਹੁਕਮਨਾਮਾ ਹੋਇਆ। ਲੱਗਭਗ ਪੌਣੇ ਪੰਜ ਵਜੇ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਆਸਾ ਜੀ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਤੋਪ ਦਾ ਇਕ ਗੋਲਾ ਸਿੰਧੀਆਂ ਦੀ ਧਰਮਸ਼ਾਲਾ ਵਿਚ ਆ ਡਿੱਗਾ। ਇਹ ਧਰਮਸ਼ਾਲਾ ਉੱਤਰ ਵੱਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਥੜ੍ਹਾ ਸਾਹਿਬ ਦੇ ਵਿਚਕਾਰ ਸਥਿਤ ਸੀ ਜੋ ਹੁਣ ਢਾਹ ਦਿੱਤੀ ਗਈ ਹੈ। ਤੋਪ ਦਾ ਇਹ ਗੋਲਾ ਜੱਲ੍ਹਿਆਂ ਵਾਲੇ ਬਾਗ ਵੱਲੋਂ ਆਇਆ ਜਾਪਦਾ ਸੀ। ਇਸ ਬੰਬ ਧਮਾਕੇ ਤੋਂ ਤਿੰਨ-ਚਾਰ ਮਿੰਟ ਬਾਅਦ ਵੱਖ-ਵੱਖ ਥਾਵਾਂ 'ਤੇ ਤੋਪਾਂ ਦੇ ਗੋਲੇ ਵਰ੍ਹਦੇ ਰਹੇ। ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਤੇ ਬਾਰੀਆਂ ਅੰਦਰੋਂ ਬੰਦ ਕਰ ਲਈਆਂ ਸਨ। ਪਰਕਰਮਾ ਵਿਚ ਹਾਲੇ ਗੋਲੀਆਂ ਆਉਣੀਆਂ ਸ਼ੁਰੂ ਨਹੀਂ ਹੋਈਆਂ ਸਨ ਅਤੇ ਸਿੰਘ ਸਾਹਿਬ ਗਿਆਨੀ ਸੋਹਨ ਸਿੰਘ ਡਿਊਟੀ ਤੋਂ ਫ਼ਾਰਗ ਹੋ ਕੇ ਆਪਣੀ ਰਿਹਾਇਸ਼ 'ਤੇ ਚਲੇ ਗਏ। ੪ ਜੂਨ, ੧੯੮੪ ਈ. ਦੀ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ ਨਿਤਨੇਮ ਦੀ ਸਮਾਪਤੀ ਅੱਠ ਵਜੇ ਹੀ ਕਰ ਦਿੱਤੀ ਗਈ। ਉਸ ਰਾਤ ਪਾਲਕੀ ਸਾਹਿਬ ਤੇ ਮਹਾਰਾਜ ਦਾ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ ਲਿਜਾਇਆ ਗਿਆ ਸਗੋਂ ਹਰਿ ਕੀ ਪੌੜੀ ਉੱਪਰ ਹੀ ਮਹਾਰਾਜ ਦਾ ਸੁਖ-ਆਸਣ ਕੀਤਾ ਗਿਆ।

ਦਸ ਵਜੇ ਰਾਤ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਤੇ ਆਸ-ਪਾਸ ਦੀਆਂ ਬਿਲਡਿੰਗਾਂ ਦੀ ਬਿਜਲੀ ਕੱਟ ਦਿੱਤੀ ਗਈ। ਰਾਤ ਦੇ ਹਨੇਰੇ ਵਿਚ ਫੌਜੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਉੱਚੀਆਂ ਬਿਲਡਿੰਗਾਂ ਵਿਚ ਮੋਰਚੇ ਸਾਂਭ ਲਏ। ਰਾਤ ਸਾਢੇ ਦਸ ਵਜੇ ਤੋਂ ਅਗਲੀ ਸਵੇਰ ਦੇ ਕੋਈ ਪੌਣੇ ਪੰਜ ਵਜੇ ਤਕ ਫਾਇਰਿੰਗ ਬੰਦ ਰਹੀ।

ਇਸ ਤਰ੍ਹਾਂ ਪੰਜ ਜੂਨ ਨੂੰ ਫਿਰ ਫਾਇਰਿੰਗ ਸ਼ੁਰੂ ਹੋ ਗਈ। ਸਾਰੇ ਪਾਸਿਆਂ ਤੋਂ ਪਰਕਰਮਾ ਅੰਦਰ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਗੋਲੀਆਂ ਲੱਗਣੀਆਂ ਸ਼ੁਰੂ ਹੋ ਗਈਆਂ। ਇਸ ਲਈ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੇ ਖਿੜਕੀਆਂ ਬੰਦ ਕਰ ਲਈਆਂ। ਇਸ ਵਕਤ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੋਈ ਵੀ ਸਥਾਨ ਸੁਰੱਖਿਅਤ ਨਹੀਂ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਤਕਰੀਬਨ ਚਾਰ-ਪੰਜ ਅਖੰਡ ਪਾਠੀ ਸਿੰਘ, ਪੰਦਰਾਂ-ਵੀਹ ਸੇਵਾਦਾਰ, ਦਸ ਕੁ ਸ਼ਰਧਾਲੂ ਤੇ ਪ੍ਰੇਮੀ ਸਿੰਘ ਮੌਜੂਦ ਸਨ। ਇਨ੍ਹਾਂ ਵਿਚ ਸ. ਹਰਭਜਨ ਸਿੰਘ, ਸ਼ਹੀਦ ਭਾਈ ਫੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ, ਇਨ੍ਹਾਂ

ਦੀ ਭੈਣ ਬੀਬੀ ਪਰਮਜੀਤ ਕੌਰ, ਭਾਈ ਰਾਮ ਸਿੰਘ, ਭਾਈ ਠਾਹਰਾ ਸਿੰਘ ਮੌਜੂਦ ਸਨ। ਬੀਬੀ ਪਰਮਜੀਤ ਕੌਰ ੫ ਜੂਨ ਦੀ ਰਾਤ ਨੂੰ ਬਾਬਾ ਸਵਾਇਆ ਸਿੰਘ ਜੀ ਦੀ ਛਬੀਲ ਲਾਗੇ ਸ਼ਹੀਦ ਹੋ ਗਈ ਸੀ। ਉਸ ਨਾਲ ਇਕ ਬੀਬੀ ਹੋਰ ਸੀ ਜਿਸ ਨੂੰ ਜ਼ਖ਼ਮੀ ਹਾਲਤ ਵਿਚ ਗ੍ਰਿਫਤਾਰ ਕੀਤਾ ਗਿਆ।

੪ ਜੂਨ ਨੂੰ ਅਸੀਂ ਸਾਢੇ ਗਿਆਰਾਂ ਵਜੇ ਤਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਰਹੇ। ਸਾਢੇ ਗਿਆਰਾਂ ਵਜੇ ਭਾਈ ਗੁਰਦੀਪ ਸਿੰਘ ਡਿਊਟੀ 'ਤੇ ਆ ਗਏ। ਗਿਆਨੀ ਸੋਹਨ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਤਿੰਨ ਸੇਵਾਦਾਰ ਪਿੱਤਲ ਦੇ ਜੰਗਲਿਆਂ ਵਿਚ ਦੀ ਲੰਮੇ ਪੈ ਕੇ ਅਰਕਾਂ ਭਾਰ ਤੁਰਦੇ ਹੋਏ ਦਰਸ਼ਨੀ ਡਿਓੜ੍ਹੀ ਤਕ ਪਹੁੰਚੇ। ਅੱਗੋਂ ਉੱਠ ਕੇ ਬਰਾਂਡੇ ਦੀ ਓਟ ਲੈ ਲਈ। ਇਉਂ ਅਸੀਂ ਲੁਕਦੇ-ਛਿਪਦੇ ਆਪੋ-ਆਪਣੀ ਰਿਹਾਇਸ਼ 'ਤੇ ਪਹੁੰਚ ਗਏ। ਉਸ ਸਮੇਂ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਦੋ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ। ਮੇਰੀ ਰਿਹਾਇਸ਼ ਵੀ ਉੱਥੇ ਸੁਰੱਖਿਅਤ ਨਹੀਂ ਸੀ ਪਰ ਬਾਹਰ ਨਿਕਲਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਛੇ ਕੁ ਵਜੇ ਸ਼ਾਮੀਂ ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਟੈਂਕੀ ਇਕ ਸ਼ਕਤੀਸ਼ਾਲੀ ਬੰਬ ਮਾਰ ਕੇ ਤੋੜ ਦਿੱਤੀ ਗਈ, ਜਿਸ ਦਾ ਪਾਣੀ ਅਸੀਂ ਡਿੱਗਦਾ ਦੇਖਿਆ।

੫ ਜੂਨ ਨੂੰ ਸ਼ਾਮ ਦੇ ਅੱਠ ਕੁ ਵਜੇ ਫੌਜ ਨੇ ਪਾਪੜਾਂ ਵਾਲੇ ਬਜ਼ਾਰ ਵੱਲੋਂ ਤੰਗ ਗਲੀਆਂ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਘੇਰਾ ਪਾਉਣ ਦਾ ਜਤਨ ਕੀਤਾ ਗਿਆ। ਫੌਜੀਆਂ ਨੂੰ ਕਮਾਂਡਰਾਂ ਵੱਲੋਂ ਮਿਲ ਰਹੀਆਂ ਹਦਾਇਤਾਂ ਦੀ ਅਵਾਜ਼ ਸਾਨੂੰ ਸਾਫ਼ ਸੁਣਾਈ ਦੇ ਰਹੀ ਸੀ। ਪਰ ਸਾਡੇ ਪਾਸੇ ਦੀ ਗੁੱਠ ਉੱਪਰੋਂ ਇਕ ਸਿੰਘ ਨੇ ਪਿਛਲੀ ਗਲੀ ਵਿਚ ਦਾਖਲ ਹੋਏ ਫੌਜੀਆਂ ਉੱਪਰ ਕੁਝ ਸੁੱਟਿਆ। ਫੌਜੀਆਂ ਦੀ 'ਮਾਰ ਦੀਆ ਮਾਰ ਦੀਆ' ਦੀ ਅਵਾਜ਼ ਸਾਨੂੰ ਸੁਣਾਈ ਦਿੱਤੀ। ਸ਼ਾਇਦ ਉੱਥੇ ਸਾਰੇ ਫੌਜੀ ਮਾਰੇ ਗਏ। ਇਸ ਤੋਂ ਕੋਈ ਪੰਜ ਮਿੰਟ ਬਾਅਦ ਫੌਜੀਆਂ ਨੇ ਸਾਡੇ ਮਕਾਨ ਦੇ ਪਿਛਲੇ ਪਾਸੇ ਲੱਗਦੀ ਗਲੀ ਵਿਚ ਇਕ ਫੌਜੀ ਜੀਪ ਲਿਆ ਕੇ ਖੜ੍ਹੀ ਕਰਨ ਦਾ ਜਤਨ ਕੀਤਾ। ਇਸ ਜੀਪ ਉੱਪਰ ਇਕ ਤੋਪ ਫਿੱਟ ਕੀਤੀ ਹੋਈ ਸੀ ਅਤੇ ਉਸ ਜੀਪ ਵਿਚ ਫੌਜੀ ਜਵਾਨ ਸਵਾਰ ਸਨ। ਪਰ ਉੱਪਰ ਕਿਸੇ ਟਿਕਾਣੇ 'ਤੇ ਸਿੰਘ ਸਨ ਜਿਨ੍ਹਾਂ ਨੇ ਆਖਰੀ ਦਮ ਤਕ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਇਨ੍ਹਾਂ ਫੌਜੀਆਂ ਨੂੰ ਰੋਕੀ ਰੱਖਿਆ।

ਰਾਤ ਨੂੰ ਕੋਈ ਪੌਣੇ ਦਸ ਵਜੇ ਇਕ ਛੋਟਾ ਟੈਂਕ ਪਰਕਰਮਾ ਵਿਚ ਦਾਖਲ ਹੋਇਆ। ਇਸ ਟੈਂਕ ਦਾ ਇਕ ਗੋਲਾ ਸਾਡੇ ਗੁੱਠ ਵਾਲੇ ਕਮਰੇ ਵਿਚ ਆ ਕੇ ਲੱਗਾ। ਇਸ ਗੋਲੇ ਨਾਲ ਉਪਰੋਕਤ ਸਿੰਘਾਂ ਵਿੱਚੋਂ ਇਕ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ ਸੀ ਜਿਸ ਨੂੰ ਉਸ ਦੇ ਸਾਥੀ ਹੇਠਾਂ ਛੱਡ ਗਏ ਸਨ। ਇਸ ਟੈਂਕ ਨੂੰ ਨਕਾਰਾ ਹੁੰਦਿਆਂ ਅਸੀਂ ਅੱਖੀਂ ਦੇਖਿਆ। ਅਗਲੇ ਦਿਨ ਇਹ ਟੈਂਕ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਗੁੱਠ ਵਿਚ ਉਸੇ ਹਾਲਤ ਵਿਚ ਖੜ੍ਹਾ ਸੀ। ਅਜਾਇਬ ਘਰ ਵੱਲੋਂ ਰਾਤ ਦੇ ਕੋਈ ਬਾਰ੍ਹਾਂ ਵਜੇ ਤਕ ਫੌਜ ਨੂੰ ਅੱਗੇ ਵਧਣ ਤੋਂ ਰੁਕਾਵਟ ਪੈਂਦੀ ਰਹੀ। ਉਸ ਤੋਂ ਬਾਅਦ ਉਹ ਪਾਸਾ ਫੌਜ ਨੇ ਆਪਣੇ ਕਬਜ਼ੇ ਵਿਚ ਲੈ ਲਿਆ।

੫ ਜੂਨ ਰਾਤ ਦੇ ਕੋਈ ਸਾਢੇ ਕੁ ਦਸ ਵਜੇ ਕੁਝ ਟੈਂਕ ਲੰਗਰ ਵਾਲੀ ਡਿਓੜ੍ਹੀ ਰਾਹੀਂ ਪਰਕਰਮਾ ਵਿਚ ਦਾਖਲ ਹੋਏ ਸਨ। ਇਨ੍ਹਾਂ ਵਿੱਚੋਂ ਇਕ ਟੈਂਕ ਨੇ ਰੋਸ਼ਨੀ ਦਾ ਗੋਲਾ ਚਲਾ ਕੇ ਰੋਸ਼ਨੀ ਕੀਤੀ ਅਤੇ ਦੂਸਰੇ ਟੈਂਕ ਦੀ ਤੋਪ ਦਾ ਗੋਲਾ ਛਬੀਲ ਨਾਲ ਲੱਗਦੇ ਇਕ ਕਮਰੇ ਵਿਚ ਮਾਰਿਆ ਗਿਆ। ਅਗਲੇ ਦਿਨ ਇਕ ਟੈਂਕ ਬਾਬਾ ਦੀਪ ਸਿੰਘ ਵਾਲੀ ਛਬੀਲ ਦੇ ਨਜ਼ਦੀਕ,

ਇਕ ਟੈਂਕ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਸਥਾਨ ਲੰਘ ਕੇ ਅੱਗੇ ਅਤੇ ਇਕ ਟੈਂਕ ਜੋ ਪਹਿਲਾਂ ਦਾਖਲ ਹੋਇਆ ਸੀ ਉਹ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਖੜ੍ਹਾ ਸੀ। ਪਹਿਲਾਂ ਜ਼ਹਿਰੀਲੀ ਗੈਸ ਦਾ ਗੋਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ ਜਿਸ ਦਾ ਅਸਰ ਸਾਡੀ ਰਿਹਾਇਸ਼ ਵਾਲੇ ਕਮਰਿਆਂ ਤਕ ਹੋਇਆ। ਫਿਰ ਇਨ੍ਹਾਂ ਟੈਂਕਾਂ ਨੇ ਸਾਰੀ ਰਾਤ ਭਾਰੀ ਗੋਲਾਬਾਰੀ ਕੀਤੀ। ਪਰਕਰਮਾ ਤੇ ਇਸ ਦੇ ਨਜ਼ਦੀਕ ਹਰੇਕ ਕਮਰੇ ਵਿਚ ਗੋਲੇ ਮਾਰੇ ਗਏ। ੪ ਜੂਨ ਦੀ ਸ਼ਾਮ ਤੋਂ ਬਾਅਦ ਅਸੀਂ ਆਪਣੇ ਵਾਸਤੇ ਲੰਗਰ ਤਿਆਰ ਨਾ ਕਰ ਸਕੇ ਅਤੇ ਨਾ ਹੀ ੫ ਜੂਨ ਦੀ ਰਾਤ ਨੂੰ ਅਸੀਂ ਸੌਂ ਸਕੇ ਸਾਂ ਕਿਉਂਕਿ ਸਾਡੇ ਮਕਾਨ ਅੰਦਰ ਵੀ ਗੋਲੀਆਂ ਆ ਰਹੀਆਂ ਸਨ। ਇਸ ਤੋਂ ਬਾਅਦ ਫੌਜ ਸਾਰੇ ਪਾਸਿਆਂ ਤੋਂ ਕਾਬਜ਼ ਹੋ ਗਈ ਸੀ।

੬ ਜੂਨ ਨੂੰ ਚਾਰ ਵੱਜ ਕੇ ਪੰਜ ਮਿੰਟ 'ਤੇ ਫੌਜੀਆਂ ਵੱਲੋਂ ਮੈਗਾਫੋਨ 'ਤੇ ਅਨਾਊਂਸਮੈਂਟ ਕੀਤੀ ਗਈ ਕਿ ਕੰਪਲੈਕਸ ਅੰਦਰ ਮੌਜੂਦ ਸਾਰੇ ਵਿਅਕਤੀ ਅੱਧੇ ਘੰਟੇ ਵਿਚ ਬਾਹਰ ਆ ਜਾਣ। ਪਹਿਲਾਂ ਤਾਂ ਅਸੀਂ ਜੱਕੋ-ਤੱਕੀ ਵਿਚ ਸਾਂ ਪਰ ਜਦ ਅਸੀਂ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਭਾਈ ਗੁਰਦੀਪ ਸਿੰਘ ਅਰਦਾਸੀਏ ਤੇ ਹੋਰ ਸੇਵਾਦਾਰਾਂ ਨੂੰ ਆਉਂਦੇ ਦੇਖਿਆ ਤਾਂ ਝਟ-ਪਟ ਹੇਠਾਂ ਉਤਰ ਆਏ। ਕਾਹਲੀ ਵਿਚ ਅਸੀਂ ਕੇਵਲ ਬਾਹਰੀ ਗੇਟ ਨੂੰ ਹੀ ਤਾਲਾ ਮਾਰਿਆ। ਕਮਰਿਆਂ ਨੂੰ ਕੇਵਲ ਕੁੰਡੇ ਮਾਰੇ ਸਨ। ਕੁਝ ਕੁ ਜ਼ਰੂਰੀ ਸਾਮਾਨ ਤੇ ਨਕਦੀ, ਦੋ ਘੜੀਆਂ ਤੇ ਕੁਝ ਜ਼ੇਵਰਾਤ ਥੈਲੇ ਵਿਚ ਪਾ ਲਿਆ। ਥੈਲਾ ਸਾਡੇ ਪਾਸੋਂ ਫੌਜੀਆਂ ਨੇ ਖੋਹ ਲਿਆ ਕਿਉਂਕਿ ਮੇਰੇ ਹੱਥ ਤਾਂ ਉਨ੍ਹਾਂ ਨੇ ਪੌੜੀਆਂ ਉਤਰਦੇ ਹੀ ਉੱਪਰ ਕਰਵਾ ਦਿੱਤੇ ਸਨ। ਫਿਰ ਦੱਖਣ ਵਾਲੀ ਡਿਓੜ੍ਹੀ ਪਾਸ ਜਾ ਕੇ ਸਿਰ ਦੀ ਛੋਟੀ ਦਸਤਾਰ ਨਾਲ ਮੇਰੇ ਹੱਥ ਪਿੱਛੇ ਕਰ ਕੇ ਨੂੜ ਦਿੱਤੇ ਸਨ। ਉੱਥੇ ਦੋ ਕੁ ਸੌ ਸਿੰਘ, ਬੀਬੀਆਂ ਅਤੇ ਬੱਚੇ ਇਕੱਠੇ ਕੀਤੇ ਸਨ। ਗ੍ਰਿਫਤਾਰੀ ਸਮੇਂ ਹੇਠਾਂ ਛਬੀਲ ਕੋਲ ਇਕ ਵੀਹ ਕੁ ਦਿਨਾਂ ਦੇ ਬੱਚੇ ਦੀ ਲਾਸ਼ ਪਈ ਸੀ। ਬਹੁਤ ਸਾਰੀਆਂ ਲਾਸ਼ਾਂ ਸਾਹਮਣੇ ਪਰਕਰਮਾ ਵਿਚ ਪਈਆਂ ਸਨ। ਕਈ ਲਾਸ਼ਾਂ ਕਮਰਿਆਂ ਵਿਚ ਦਿੱਸਦੀਆਂ ਸਨ। ਕੋਈ ਪੰਜ-ਛੇ ਲਾਸ਼ਾਂ ਬਰਾਂਡੇ ਵਿਚ ਪਈਆਂ ਸਨ। ਅੰਦਰ ਮੌਜੂਦ ਸਾਰੇ ਵਿਅਕਤੀਆਂ ਨੂੰ ਦਰਸ਼ਨੀ ਡਿਓੜ੍ਹੀ 'ਤੇ ਇਕੱਠੇ ਕਰ ਲਿਆ ਗਿਆ। ਇਨ੍ਹਾਂ ਸਿੰਘ-ਸਿੰਘਣੀਆਂ ਨੂੰ ਕੋਈ ਚਾਲ੍ਹੀ-ਚਾਲ੍ਹੀ ਦੀ ਗਿਣਤੀ ਨਾਲ ਫੌਜ ਦੀਆਂ ਅੱਡ-ਅੱਡ ਯੂਨਿਟਾਂ ਦੇ ਹਵਾਲੇ ਕੀਤਾ ਗਿਆ। ਮੇਰੇ ਪਰਵਾਰ ਦੇ ਜੀਅ ਵੀ ਮੇਰੇ ਨਾਲ ਹੀ ਸਨ। ਜਦ ਸਾਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਫੌਜੀਆਂ ਨੇ ਕਿਹਾ ਸੀ ਕਿ ਇਧਰ-ਓਧਰ ਨਹੀਂ ਦੇਖਣਾ। ਪਰ ਫਿਰ ਵੀ ਮੈਂ ਚੋਰੀ ਅੱਖ ਨਾਲ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਓੜ੍ਹੀ ਨੂੰ ਅੱਗ ਨੇ ਆਪਣੀ ਲਪੇਟ ਵਿਚ ਲੈ ਲਿਆ ਸੀ। ਅੱਗ ਦੀਆਂ ਲਪਟਾਂ ਅਸਮਾਨ ਨੂੰ ਛੂਹ ਰਹੀਆਂ ਸਨ।

ਇਉਂ ਜਦ ਅਸੀਂ ਦਰਸ਼ਨੀ ਡਿਓੜ੍ਹੀ ਤੋਂ ਘੰਟਾ-ਘਰ ਵੱਲ ਚੱਲੇ ਤਾਂ ਮੈਂ ਦੇਖਿਆ ਕਿ ਤਕਰੀਬਨ ਛੇ-ਸੱਤ ਲਾਸ਼ਾਂ ਦੁੱਖਭੰਜਨੀ ਬੇਰੀ ਕੋਲ ਪਈਆਂ ਸਨ। ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦਾ ਕਮਰਾ ਦਗ-ਦਗ ਸੜ ਰਿਹਾ ਸੀ। ਇਸ ਕਮਰੇ ਨੂੰ ਟੈਂਕ ਦੇ ਲੱਗੇ ਗੋਲੇ ਨਾਲ ਅੱਗ ਲੱਗੀ ਸੀ। ਇਸ ਤੋਂ ਅੱਗੇ ਜ਼ਨਾਨਾ ਤੇ ਮਰਦਾਨਾ ਇਸ਼ਨਾਨ ਘਰ ਲਾਸ਼ਾਂ ਨਾਲ ਭਰੇ ਪਏ ਸਨ। ਸਾਰੀ ਪਰਕਰਮਾ ਕਾਰਤੂਸਾਂ ਦੇ ਖਾਲੀ ਖੋਲਾਂ ਨਾਲ ਭਰੀ ਪਈ ਸੀ। ਟੈਂਕਾਂ, ਤੋਪਾਂ ਨਾਲ ਡਿੱਗੇ ਮਲਬੇ ਉੱਪਰ ਸਾਨੂੰ ਘੰਟਾ-ਘਰ ਵਿਖੇ ਬੈਠਣ ਲਈ ਕਿਹਾ ਗਿਆ। ਸਾਡੇ ਜਾਣ ਤੋਂ ਪਹਿਲਾਂ ਹੀ ਉੱਥੇ ਕਾਫੀ ਸਿੰਘ ਮੌਜੂਦ ਸਨ। ਜੇਕਰ ਕੋਈ ਪਾਣੀ ਮੰਗਦਾ ਜਾਂ ਪਿਸ਼ਾਬ ਕਰਨ ਲਈ ਕਹਿੰਦਾ

ਤਾਂ ਉਸ ਨੂੰ ਠੁੱਡੇ ਤੇ ਬੱਟ ਵੱਜਣੇ ਸ਼ੁਰੂ ਹੋ ਜਾਂਦੇ। ਕਹਿੰਦੇ ਕਿ ਥੋੜ੍ਹੀ ਦੇਰ ਠਹਿਰੋ, ਅਬੀ ਪਿਲਾਏਂਗੇ ਪਾਨੀ !

ਅਸੀਂ ਇੱਥੇ ਕੋਈ ਛੇ ਵਜੇ ਬਿਠਾਏ ਗਏ ਸਾਂ। ਤਕਰੀਬਨ ਸੱਤ ਕੁ ਵਜੇ ਚਾਰ ਕਮਾਂਡੋ ਆਏ। ਉਨ੍ਹਾਂ ਨੇ ਹੱਥ ਵਿਚ ਕੁਝ ਫੋਟੋਆਂ ਫੜੀਆਂ ਹੋਈਆਂ ਸਨ। ਸਾਡੇ ਸਾਰਿਆਂ ਦੇ ਚਿਹਰੇ ਫੋਟੋ ਨਾਲ ਮਿਲਾ ਮਿਲਾ ਕੇ ਦੇਖੇ। ਉਹ ਕਹਿ ਰਹੇ ਸਨ, ਭਿੰਡਰ ਕਹਾਂ ਹੈ ? ਉਹ ਆਪਣੀ ਕਾਰਵਾਈ ਕਰ ਕੇ ਚਲੇ ਗਏ।

ਅਸੀਂ ਠੁੱਡ ਤੇ ਬੱਟ ਖਾ-ਖਾ ਕੇ ਤਕਰੀਬਨ ਦਸ ਕੁ ਵਜੇ ਰਾਤ ਤਕ ਤਾਂ ਤ੍ਰੇਹ ਬਰਦਾਸ਼ਤ ਕੀਤੀ ਪਰ ਫਿਰ ਹਾਹਾਕਾਰ ਮੱਚ ਉੱਠੀ। ਇਸ 'ਤੇ ਫੌਜੀਆਂ ਨੇ ਦਸ ਵਜੇ ਆਪ ਇਕ-ਇਕ ਗਿਲਾਸ ਪਾਣੀ ਸਾਡੇ ਮੂੰਹ ਨਾਲ ਲਗਾ ਕੇ ਪਿਲਾ ਦਿੱਤਾ। ਸਾਡੇ ਵਿੱਚੋਂ ਚਾਰ ਕੁ ਨੌਜਵਾਨਾਂ ਦੀ ਰਾਤ ਨੂੰ ਬਹੁਤ ਕੁਟਾਈ ਕੀਤੀ ਗਈ। ਸ਼ਾਮ ਨੂੰ ਅਸੀਂ ਜਦੋਂ ਉੱਥੇ ਆ ਕੇ ਬੈਠੇ ਸਾਂ ਤਾਂ ਪੰਜਾਬ ਐਂਡ ਸਿੰਧ ਬੈਂਕ ਦੇ ਸਾਹਮਣੇ ਕੋਈ ਚਾਰ ਲਾਸ਼ਾਂ ਪਈਆਂ ਸਨ। ਪਰ ਦਿਨ ਚੜ੍ਹਨ 'ਤੇ ਇੱਥੇ ੧੩ ਲਾਸ਼ਾਂ ਹੋ ਗਈਆਂ ਸਨ।

ਜਿਸ ਨੂੰ ਮਿਲਟਰੀ ਵਾਲਿਆਂ ਨੇ ਮਾਰਨਾ ਹੁੰਦਾ ਸੀ ਉਸ ਨੂੰ ਲਾਈਨ ਵਿੱਚੋਂ ਉਠਾ ਕੇ ਲੈ ਜਾਂਦੇ ਸਨ। ਅੱਧੀ ਰਾਤ ਤਕ ਅਸੀਂ ਇਸੇ ਤਰ੍ਹਾਂ ਪਿੱਛੇ ਹੱਥ ਨੂੜੇ ਅੱਗੇ ਵੱਲ ਸਿਰ ਨੀਵਾਂ ਕਰ ਕੇ ਬੈਠੇ ਰਹੇ। ਅੱਧੀ ਰਾਤ ਤੋਂ ਬਾਅਦ ਸਾਨੂੰ ਕਿਹਾ ਗਿਆ ਕਿ ਲੇਟ ਜਾਓ। ਹੱਥ ਪਿੱਛੇ ਨੂੜੇ ਹੋਣ ਕਰਕੇ ਲੇਟਿਆ ਤਾਂ ਨਹੀਂ ਸੀ ਜਾਂਦਾ ਪਰ ਅਸੀਂ ਵਿੰਗੇ-ਟੇਢੇ ਇਧਰ-ਉਧਰ ਰਿੜ੍ਹਦੇ ਰਹੇ। ੭ ਜੂਨ ਦੀ ਸਵੇਰ ਸੱਤ ਕੁ ਵਜੇ ਇੰਚਾਰਜ ਫੌਜੀ ਆਪਣੇ ਕਮਾਂਡਰਾਂ ਨੂੰ ਵਾਇਰਲੈੱਸ ਕਰ ਰਹੇ ਸਨ ਕਿ ਸੰਤ ਭਿੰਡਰਾਂਵਾਲਾ ਮਾਰਿਆ ਗਿਆ ਹੈ ਅਤੇ ਦਰਬਾਰ ਸਾਹਿਬ 'ਤੇ ਸਾਡਾ ਕਬਜ਼ਾ ਹੋ ਚੁੱਕਾ ਹੈ। ਸਵੇਰ ਹੋਣ 'ਤੇ ਸਾਨੂੰ ਸਾਹਮਣੇ ਤੋਂ ਉਠਾ ਕੇ ਜੋੜੇ ਘਰ ਵੱਲ ਬਿਠਾ ਦਿੱਤਾ। ਤਕਰੀਬਨ ਅੱਠ ਵਜੇ ਸਵੇਰੇ ਫੌਜੀ ਅਫਸਰਾਂ ਦੀਆਂ ਕਾਰਾਂ ਸ੍ਰੀ ਦਰਬਾਰ ਸਾਹਿਬ ਵੱਲ ਆਉਣੀਆਂ ਸ਼ੁਰੂ ਹੋ ਗਈਆਂ। ਤਿੰਨ ਫੌਜੀ ਗੱਡੀਆਂ ਅਸਲੇ ਦੀਆਂ ਭਰੀਆਂ ਹੋਈਆਂ ਬਾਹਰੋਂ ਆਈਆਂ ਜਿਨ੍ਹਾਂ ਵਿਚ ਭਾਂਤ-ਭਾਂਤ ਦੀਆਂ ਬੰਦੂਕਾਂ, ਤਲਵਾਰਾਂ ਅਤੇ ਭਾਲੇ ਆਦਿ ਸਨ। ਇਹ ਸਾਰੇ ਹਥਿਆਰ ਫੋਟੋ ਖਿੱਚਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲਿਜਾਏ ਗਏ। ਸ੍ਰੀ ਦਰਬਾਰ ਸਾਹਿਬ ਅੰਦਰੋਂ ਦੋ ਫੌਜੀ ਅਫਸਰਾਂ ਦੀਆਂ ਲਾਸ਼ਾਂ, ਉੱਪਰ ਚਿੱਟੀਆਂ ਚਾਦਰਾਂ ਪਾ ਕੇ ਬਾਹਰ ਲਿਆਂਦੀਆਂ ਗਈਆਂ। ਇਸ ਤੋਂ ਬਾਅਦ ਇਕ ਲਾਸ਼ ਉਹ ਵੀ ਲਿਆਂਦੀ ਗਈ ਜੋ ਸੰਤ ਜਰਨੈਲ ਸਿੰਘ ਜੀ ਦੀ ਦੱਸੀ ਜਾਂਦੀ ਸੀ। ਇਸ ਲਾਸ਼ ਉੱਪਰ ਪੀਲੇ ਰੰਗ ਦਾ ਕੱਪੜਾ ਪਾਇਆ ਹੋਇਆ ਸੀ। ਇਸ ਲਾਸ਼ ਨੂੰ ਘੰਟਾ-ਘਰ ਵਾਲੀ ਡਿਓੜ੍ਹੀ ਦੇ ਵਿਚਕਾਰ ਬਰਫ ਉੱਪਰ ਰੱਖਿਆ ਗਿਆ। ਫੌਜੀ, ਸ. ਨਰਿੰਦਰ ਸਿੰਘ (ਨੰਦਾ), ਭਾਈ ਹਰਚਰਨ ਸਿੰਘ ਰਾਗੀ ਨੂੰ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਲਾਸ਼ ਦੀ ਸ਼ਨਾਖ਼ਤ ਕਰਵਾਉਣ ਲਈ ਲੈ ਗਏ। ਜਦ ਉਹ ਵਾਪਸ ਪਰਤੇ ਤਾਂ ਮੈਂ ਭਾਈ ਹਰਚਰਨ ਸਿੰਘ ਰਾਗੀ ਨੂੰ ਪੁੱਛਿਆ ਕਿ ਕੀ ਉਹ ਲਾਸ਼ ਸੰਤ ਭਿੰਡਰਾਂਵਾਲਿਆਂ ਦੀ ਸੀ ? ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਦਾ ਚਿਹਰਾ ਤਾਂ ਉਡਿਆ ਹੋਇਆ ਸੀ। ਇਕ ਗੋਲੀ ਗਲੇ ਵਿੱਚੋਂ ਵੀ ਲੰਘੀ ਹੋਈ ਸੀ। ਪੂਰੀ ਤਰ੍ਹਾਂ ਪਛਾਣ ਨਹੀਂ ਹੁੰਦੀ ਪਰ ਸ਼ਕਲ ਉਨ੍ਹਾਂ ਨਾਲ ਮਿਲਦੀ-ਜੁਲਦੀ ਹੈ। ਉੱਥੇ ਸਾਰੇ ਹੀ ਇਹ ਕਹਿ ਰਹੇ ਸਨ ਕਿ ਸੰਤ ਭਿੰਡਰਾਂਵਾਲਾ ਇਹ ਹੀ ਹੈ।

ਸ੍ਰੀ ਦਰਬਾਰ ਸਾਹਿਬ ਦਾ ਇਨਫਰਮੇਸ਼ਨ ਅਫਸਰ ਸ. ਨਰਿੰਦਰ ਸਿੰਘ (ਨੰਦਾ) ਅਤੇ ਭਾਈ ਹਰਚਰਨ ਸਿੰਘ ਰਾਗੀ ਵੀ ਸਾਡੇ ਨਾਲ ਹੀ ਸੀ।

੭ ਜੂਨ ਨੂੰ ਸਵੇਰੇ ਕੋਈ ਅੱਠ-ਨੌਂ ਵਜੇ ਦੇ ਵਿਚਕਾਰ ਦਾ ਸਮਾਂ ਸੀ। ਭਾਈ ਜਗੀਰ ਸਿੰਘ ਰਾਗੀ ਦੀ ਵਹੁਟੀ ਨੂੰ ਕੁਝ ਫੌਜੀ ਘਸੀਟਦੇ ਹੋਏ ਉਨ੍ਹਾਂ ਦੇ ਘੰਟਾ-ਘਰ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਉੱਪਰਲੇ ਰਿਹਾਇਸ਼ੀ ਮਕਾਨਾਂ ਵਿੱਚੋਂ ਹੇਠਾਂ ਅਤੇ ਸਾਡੇ ਪਾਸ ਲੈ ਆਏ। ਉਹ ਰੋਂਦੀ, ਪਿੱਟਦੀ ਅਤੇ ਵਿਰਲਾਪ ਕਰਦੀ ਕਹਿ ਰਹੀ ਸੀ ਕਿ ਇਨ੍ਹਾਂ ਫੌਜੀਆਂ ਨੇ ਮੇਰੇ ਪਤੀ ਨੂੰ ਕਮਰੇ ਵਿੱਚੋਂ ਬਾਹਰ ਕੱਢ ਕੇ ਮਾਰ ਦਿੱਤਾ। ਸਾਡੇ ਸਾਹਮਣੇ ਹੀ ਉਸ ਨੂੰ ਗਸ਼ ਪੈ ਗਈ। ਉੱਥੋਂ ਉਸ ਨੂੰ ਹਸਪਤਾਲ ਲੈ ਗਏ। ਜਦ ਮੈਂ ਆ ਕੇ ਪਤਾ ਕੀਤਾ ਤਾਂ ਪਤਾ ਲੱਗਾ ਕਿ ਉਹ ਆਪਣੇ ਪਤੀ ਦੇ ਵਿਛੋੜੇ ਦਾ ਸਦਮਾ ਸਹਾਰ ਨਾ ਸਕੀ ਤੇ ਪਰਲੋਕ ਜਾ ਵੱਸੀ।

ਭਾਈ ਤਰਸੇਮ ਸਿੰਘ ਜੋ ਪਿੰਡ ਪਲਾਸੌਰ (ਤਰਨਤਾਰਨ) ਦਾ ਰਹਿਣ ਵਾਲਾ ਸੀ ਸ੍ਰੀ ਦਰਬਾਰ ਸਾਹਿਬ ਵਿਚ ਮੀਤ ਮੈਨੇਜਰ ਲੱਗਾ ਹੋਇਆ ਸੀ, ਉਸ ਨੂੰ ਫੌਜੀ ੭ ਜੂਨ ਨੂੰ ਨੌਂ ਵਜੇ ਦੇ ਕਰੀਬ ਜ਼ਖ਼ਮੀ ਹਾਲਤ ਵਿਚ ਸ੍ਰੀ ਦਰਬਾਰ ਸਾਹਿਬ ਵਿੱਚੋਂ ਕੱਢ ਕੇ ਸਾਡੇ ਕੋਲ ਲਿਆਏ ਸਨ। ਉੱਥੇ ਉਹ ਘੰਟੇ ਕੁ ਬਾਅਦ ਹੀ ਅਕਾਲ ਚਲਾਣਾ ਕਰ ਗਿਆ।

੭ ਜੂਨ ਨੂੰ ਕੋਈ ਦਸ ਕੁ ਵਜੇ ਫੌਜੀ ਅਫਸਰਾਂ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਕੀਰਤਨ ਅਰੰਭ ਕਰਵਾਇਆ। ਸਾਡੇ ਹੱਥ ੬ ਜੂਨ ਸ਼ਾਮੀਂ ਸਵਾ ਚਾਰ ਵਜੇ ਦੇ ਨੂੜੇ ਹੋਏ ੭ ਜੂਨ ਨੂੰ ਦੁਪਹਿਰੇ ਕੋਈ ਬਾਰਾਂ ਕੁ ਵਜੇ ਖਾਣਾ ਖਾਣ ਲਈ ਖੋਲ੍ਹੇ ਗਏ। ਇਹ ਖਾਣਾ ਕਿੱਥੋਂ ਅਤੇ ਕਿਵੇਂ ਆਇਆ ਇਹ ਇੱਥੇ ਦੱਸਣਾ ਜ਼ਰੂਰੀ ਜਾਪਦਾ ਹੈ। ਇਹ ਖਾਣਾ ਉਹ ਹਿੰਦੂ ਦੁਕਾਨਦਾਰ ਵਰਤਾ ਰਹੇ ਸਨ ਜਿਹੜੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਕਾਰਨ ਲੋੜ ਤੋਂ ਵੱਧ ਖੁਸ਼ ਸਨ ਅਤੇ ਫੌਜੀਆਂ ਲਈ ਖੁੱਲ੍ਹੇ ਦਿਲ ਨਾਲ ਚਾਹ, ਰੋਟੀਆਂ, ਪੂੜੀਆਂ, ਮਠਿਆਈਆਂ, ਸਬਜ਼ੀਆਂ, ਦਾਲਾਂ ਆਦਿ ਤਿਆਰ ਕਰ ਕੇ ਭੇਜ ਰਹੇ ਸਨ। ਉਸ ਵਿੱਚੋਂ ਹੀ ਖਾਣਾ ਸਾਡੇ ਵੱਲ ਭੇਜਿਆ ਗਿਆ ਸੀ। ਸਾਡਾ ਮਨ ਖਾਣਾ ਖਾਣ ਨੂੰ ਨਹੀਂ ਸੀ ਕਰਦਾ ਭਾਵੇਂ ਅਸੀਂ ਪਿਛਲੇ ਦੋ ਦਿਨਾਂ ਤੋਂ ਕੁਝ ਨਹੀਂ ਸੀ ਖਾਧਾ ਪਰ ਪਿਛਲੇ ਦੋ ਦਿਨਾਂ ਤੋਂ ਭੁੱਖੇ-ਤਿਹਾਏ ਬੈਠੇ ਬੱਚੇ ਤੇ ਬੱਚੀਆਂ ਦੀ ਦਰਦਨਾਕ ਦਸ਼ਾ ਨੂੰ ਧਿਆਨ ਵਿਚ ਰੱਖ ਕੇ ਤੇ ਦੂਜਾ ਇਹ ਸੋਚ ਕੇ ਕਿ ਖਾਣੇ ਤੋਂ ਇਨਕਾਰ ਸਾਡੇ ਪ੍ਰਤੀ ਇਨ੍ਹਾਂ ਫੌਜੀਆਂ ਦੇ ਮਨਾਂ ਵਿਚ ਹੋਰ ਘਿਰਣਾ ਦੀ ਅੱਗ ਭੜਕਾਏਗਾ, ਅਸੀਂ ਵੀ ਥੋੜ੍ਹਾ- ਬਹੁਤ ਖਾਣਾ ਖਾ ਲਿਆ। ਸਾਡੇ ਹੱਥ ਫਿਰ ਉਸੇ ਤਰ੍ਹਾਂ ਬੰਨ੍ਹ ਦਿੱਤੇ ਗਏ।

ਇਸ ਤਰ੍ਹਾਂ ਹੀ ਭਾਈ ਪ੍ਰੀਤਮ ਸਿੰਘ ਅਤੇ ਭਾਈ ਰਣਧੀਰ ਸਿੰਘ ਦੇ ਸਕੇ ਭਰਾ ਇੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾਦਾਰ ਲੱਗੇ ਹੋਏ ਸਨ। ਇਹ ਪਿੱਛੋਂ ਯੂ. ਪੀ. ਦੇ ਰਹਿਣ ਵਾਲੇ ਸਨ ਅਤੇ ਕਈ ਸਾਲਾਂ ਤੋਂ ਇੱਥੇ ਨੌਕਰੀ ਕਰ ਰਹੇ ਸਨ। ਬ੍ਰਹਮ ਬੂਟੇ ਅਖਾੜੇ ਦੇ ਉੱਤਰ ਵੱਲ ਸੇਵਾਦਾਰਾਂ ਦੇ ਕੁਆਰਟਰਾਂ ਵਿਚ ਇਨ੍ਹਾਂ ਦੀ ਰਿਹਾਇਸ਼ ਸੀ। ਇਨ੍ਹਾਂ ਵਿੱਚੋਂ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਅਤੇ ਉਸ ਦੀਆਂ ਦੋ ਛੋਟੀ ਉਮਰ ਦੀਆਂ ਲੜਕੀਆਂ ਇੱਥੇ ਉਸ ਪਾਸ ਸਨ ਜਦਕਿ ਭਾਈ ਰਣਧੀਰ ਸਿੰਘ ਦੀ ਵਹੁਟੀ ਆਪਣੇ ਪੇਕੇ ਦਿੱਲੀ ਗਈ ਹੋਈ ਸੀ। ੫ ਜੂਨ ਨੂੰ ਇਨ੍ਹਾਂ ਦੇ ਮਕਾਨ ਦੀ ਤਲਾਸ਼ੀ ਲਈ ਗਈ। ਤਲਾਸ਼ੀ ਲੈਣ ਤੋਂ ਬਾਅਦ ਫੌਜੀ ਇਨ੍ਹਾਂ ਨੂੰ ਕਹਿ ਗਏ ਕਿ ਤੁਸੀਂ ਕਿਧਰੇ ਬਾਹਰ ਨਹੀਂ ਜਾਣਾ, ਇੱਥੇ ਹੀ ਰਹਿਣਾ। ਪਰ ੭ ਜੂਨ ਨੂੰ ਪੰਜ-ਸੱਤ ਫੌਜੀ ਆਏ ਉਨ੍ਹਾਂ ਨੇ ਭਾਈ ਪ੍ਰੀਤਮ ਸਿੰਘ ਦਾ ਬੂਹਾ ਖੁਲ੍ਹਵਾ ਕੇ ਉਸ ਨੂੰ ਬਾਹਰ ਕੱਢ ਲਿਆ। ਉਸ ਦੀਆਂ

ਬਾਹਾਂ ਉੱਪਰ ਖੜ੍ਹੀਆਂ ਕਰਵਾ ਕੇ ਗੁਰੂ ਰਾਮਦਾਸ ਸਰਾਂ ਵੱਲ ਡਾਕਖਾਨੇ ਦੇ ਸਾਹਮਣੇ ਲੈ ਗਏ। ਉਸ ਦਾ ਭਰਾ ਰਣਧੀਰ ਸਿੰਘ ਨੰਗੇ ਪਿੰਡੇ ਆਪਣੇ ਭਰਾ ਪ੍ਰੀਤਮ ਸਿੰਘ ਦੀ ਇਕ ਲੜਕੀ ਕੁੱਛੜ ਚੁੱਕ ਕੇ ਪਿੱਛੇ-ਪਿੱਛੇ ਆ ਗਿਆ। ਨਾਲ ਹੀ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਆਪਣੀ ਦੂਸਰੀ ਲੜਕੀ ਨੂੰ ਚੁੱਕ ਕੇ ਉਨ੍ਹਾਂ ਦੇ ਪਿੱਛੇ ਉੱਥੇ ਡਾਕਖਾਨੇ ਕੋਲ ਆ ਗਈ। ਇੱਥੇ ਫੌਜੀਆਂ ਨੇ ਪਹਿਲਾਂ ਭਾਈ ਪ੍ਰੀਤਮ ਸਿੰਘ ਨੂੰ ਗੋਲੀਆਂ ਮਾਰ ਕੇ ਉਸ ਪਤਨੀ, ਭਰਾ ਅਤੇ ਲੜਕੀਆਂ ਦੇ ਦੇਖਦੇ-ਦੇਖਦੇ ਸ਼ਹੀਦ ਕਰ ਦਿੱਤਾ। ਭਰਾ ਨੂੰ ਗੋਲੀਆਂ ਲੱਗਦੀਆਂ ਦੇਖ ਕੇ ਭਾਈ ਰਣਧੀਰ ਸਿੰਘ ਅੱਗੇ ਵਧਿਆ ਤਾਂ ਫੌਜੀਆਂ ਨੇ ਉਸ ਨੂੰ ਵੀ ਸਮੇਤ ਕੁੱਛੜ ਚੁੱਕੀ ਛੋਟੀ ਲੜਕੀ ਦੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਨੂੰ ਉਸ ਦੀ ਦੂਸਰੀ ਲੜਕੀ ਸਮੇਤ ਘਸੀਟਦੇ ਹੋਏ ਸਾਡੇ ਕੋਲ ਛੱਡ ਗਏ। ਉਹ ਰੋਂਦੀ, ਪਿੱਟਦੀ ਹੋਈ ਦੱਸ ਰਹੀ ਸੀ ਕਿ ਇਨ੍ਹਾਂ ਫੌਜੀਆਂ ਨੇ ਉਸ ਦਾ ਪਤੀ ਅਤੇ ਉਸ਼ ਦੇ ਦਿਉਰ ਨੂੰ ਸਮੇਤ ਉਸ ਦੀ ਕੁੱਛੜ ਚੁੱਕੀ ਲੜਕੀ ਦੇ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਮਾਰ ਕੇ ਭੁੰਨ ਸੁੱਟਿਆ ਹੈ।

੭ ਜੂਨ ਨੂੰ ਸ਼ਾਮ ਦੇ ਕੋਈ ਸਾਢੇ ਤਿੰਨ ਵਜੇ ਫੌਜੀ ਗੱਡੀਆਂ ਆਈਆਂ। ਸਾਨੂੰ ਉਨ੍ਹਾਂ ਵਿਚ ਚੜ੍ਹਨ ਲਈ ਕਿਹਾ ਗਿਆ। ਪਿੱਛੇ ਹੱਥ ਬੰਨ੍ਹੇ ਹੋਣ ਕਰਕੇ ਜੋ ਚੜ੍ਹਨ ਵਿਚ ਢਿੱਲ ਕਰਦਾ ਸੀ, ਉਸ ਦੀ ਬੰਦੂਕਾਂ ਦੇ ਬੱਟਾਂ ਨਾਲ ਕੁਟਾਈ ਸ਼ੁਰੂ ਹੋ ਜਾਂਦੀ ਸੀ। ਬਾਬਾ ਸ਼ਾਮ ਸਿੰਘ ਦੇ ਡੇਰੇ ਵਾਲਾ ਬਾਬਾ ਸਰਦਾਰ ਸਿੰਘ ਗੁਰੂ-ਘਰ ਦਾ ਬੜਾ ਪ੍ਰੇਮੀ ਸੀ। ਤਿੰਨ ਪਹਿਰੇ ਦੀ ਚੌਂਕੀ ਵੇਲੇ ਉਹ ਸ੍ਰੀ ਹਰਿਮੰਦਰ ਸਾਹਿਬ ਹਰ ਰੋਜ਼ ਡੇਰੇ ਤੋਂ ਦੇਗ ਸਜਾ ਕੇ ਭੇਟ ਕਰਿਆ ਕਰਦਾ ਸੀ। ਬਿਰਧ ਅਵਸਥਾ ਵਿਚ ਹੋਣ ਕਰਕੇ ਟਰੱਕਾਂ ਵਿਚ ਚੜ੍ਹਨ-ਉਤਰਨ ਵੇਲੇ ਬਹੁਤ ਮਾਰ-ਕੁਟਾਈ ਹੋਈ। ਉਸ ਕੋਲੋਂ ਕੁਟਾਈ ਦੀ ਤਾਬ ਨਾ ਸਹਾਰ ਹੋਈ ਅਤੇ ਕੈਂਪ ਜੇਲ੍ਹ ਵਿਚ ਜਾ ਕੇ ਪ੍ਰਾਣ ਤਿਆਗ ਦਿੱਤੇ। ਇਉਂ ਹੀ ਗੱਠੜੀ ਘਰ ਦਾ ਸੇਵਾਦਾਰ ਭਾਈ ਕਿੱਕਰ ਸਿੰਘ ਉਰਫ ਭਾਈ ਕੁਲਵੰਤ ਸਿੰਘ ਸੀ, ਉਸ ਦੀਆਂ ਲੱਤਾਂ ਠੀਕ ਕੰਮ ਨਹੀਂ ਕਰਦੀਆਂ ਸਨ, ਉਸ ਦੀ ਵੀ ਚੜ੍ਹਨ-ਉਤਰਨ ਸਮੇਂ ਬਹੁਤ ਮਾਰ-ਕੁਟਾਈ ਹੋਈ। ਉਹ ਵੀ ਕੈਂਪ ਜੇਲ੍ਹ ਵਿਚ ਪੁੱਜ ਕੇ ੯ ਜੂਨ ਨੂੰ ਦੁਪਹਿਰ ਨੂੰ ਚਲਾਣਾ ਕਰ ਗਿਆ।

ਛਾਉਣੀ ਵਿਚ ਬਣੇ ਸੈਨਿਕ ਸਕੂਲ ਦੀ ਉੱਪਰਲੀ ਛੱਤ ਦੇ ਤੰਗ ਜਿਹੇ ਕਮਰੇ ਵਿਚ ਸਾਨੂੰ ਪੰਜਾਹ ਬੰਦਿਆਂ ਨੂੰ ਤਾੜ ਦਿੱਤਾ ਗਿਆ। ਪਿਆਸ ਨਾਲ ਸਾਰੇ ਵਿਆਕੁਲ ਹੋ ਰਹੇ ਸਨ। ਤਕਰੀਬਨ ਤਿੰਨ ਘੰਟੇ ਬਾਅਦ ਪੀਣ ਨੂੰ ਪਾਣੀ ਦਿੱਤਾ ਗਿਆ। ਬੀਬੀਆਂ ਅਤੇ ਬੱਚੇ ਸਾਡੇ ਨਾਲੋਂ ਵੱਖ ਕਰ ਦਿੱਤੇ ਗਏ। ਇਸ ਕਮਰੇ ਵਿਚ ਇਕ ਟੂਟੀ ਪਖਾਨੇ ਵਾਲੇ ਕਮਰੇ ਵਿਚ ਸੀ ਜਿੱਥੋਂ ਸਿੰਘ ਪੀਣ ਅਤੇ ਇਸ਼ਨਾਨ ਆਦਿ ਕਰਨ ਲਈ ਪਾਣੀ ਵਰਤਦੇ ਰਹੇ। ਦਿਨ ਵਿਚ ਦੋ ਵਾਰ ਸੁੱਕੀਆਂ-ਸੜੀਆਂ ਰੋਟੀਆਂ ਸਾਨੂੰ ਵਰਤਾਈਆਂ ਜਾਂਦੀਆਂ ਸਨ।

ਇੱਥੇ ਹਰ ਇਕ ਬੰਦੇ ਦੀ ਵੱਖ-ਵੱਖ ਪੁੱਛਗਿੱਛ ਕੀਤੀ ਗਈ। ਦੋ-ਦੋ ਦਫਾ ਸਾਡੇ ਫੋਟੋ ਵੀ ਲਏ ਗਏ। ਪੁੱਛ-ਪੜਤਾਲ ਸਮੇਂ ਸਾਡੇ ਪਾਸੋਂ ਜਿਹੜੇ ਸਵਾਲ ਪੁੱਛੇ ਗਏ ਉਹ ਇਸ ਤਰ੍ਹਾਂ ਹਨ:

ੳ. ਅੱਤਵਾਦੀ ਕਦੋਂ ਤੋਂ ਹਥਿਆਰ ਜਮ੍ਹਾਂ ਕਰਦੇ ਆਏ ਹਨ?

ਅ. ਕੀ ਉਹ ਇੱਥੇ ਦਰਬਾਰ ਸਾਹਿਬ ਅੰਦਰ ਲੜਕੀਆਂ ਨਾਲ ਬਦਫੈਲੀ ਵੀ ਕਰਦੇ ਰਹੇ ਹਨ ?

ੲ. ਕੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਵੀ ਹੈ?

ਸ. ਕੀ ਉਹ ਦਰਬਾਰ ਸਾਹਿਬ ਦੇ ਲਾਗੇ ਦੀਆਂ ਦੁਕਾਨਾਂ ਦਾ ਸਾਮਾਨ ਜ਼ਬਰਦਸਤੀ ਚੁੱਕ ਕੇ

ਅੰਦਰ ਲਿਆਉਂਦੇ ਰਹੇ ਹਨ ?

ਹ. ਅੱਤਵਾਦੀਆਂ ਕੋਲ ਹਥਿਆਰ ਕਿਵੇਂ ਤੇ ਕਿੱਥੋਂ ਆਉਂਦੇ ਰਹੇ ?

ਇਨ੍ਹਾਂ ਸਵਾਲਾਂ ਦੇ ਤਰਤੀਬਵਾਰ ਉੱਤਰ ਮੈਂ ਇਉਂ ਦਿੱਤੇ :

ੳ. ਹਥਿਆਰਾਂ ਦੀ ਸਰਕਾਰ ਦੀ ਸੀ. ਆਈ. ਡੀ. ਨੂੰ ਹੀ ਸਹੀ ਜਾਣਕਾਰੀ ਹੋਵੇਗੀ। ਮੈਨੂੰ ਕੁਝ ਨਹੀਂ ਪਤਾ।

ਅ. ਲੜਕੀਆਂ ਬਾਰੇ ਅਜਿਹੀ ਗੱਲ ਪਹਿਲਾਂ ਅਸੀਂ ਨਾ ਸੁਣੀ, ਨਾ ਹੀ ਦੇਖੀ ਹੈ।

ੲ. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਕੋਈ ਸੁਰੰਗ ਨਹੀਂ।

ਸ. ਸਾਮਾਨ ਚੁੱਕ ਕੇ ਲਿਆਉਣ ਬਾਰੇ ਵੀ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ। ਮੇਰਾ ਵਾਸਤਾ ਆਪਣੀ ਡਿਊਟੀ ਨਾਲ ਹੀ ਸੀ।

ਹ. ਹਥਿਆਰ ਉਨ੍ਹਾਂ ਪਾਸ ਕਿੱਥੋਂ ਤੇ ਕਿਵੇਂ ਪਹੁੰਚੇ, ਇਸ ਬਾਰੇ ਮੈਨੂੰ ਉੱਕੀ ਹੀ ਕੋਈ ਜਾਣਕਾਰੀ ਨਹੀਂ।

ਪੁੱਛਗਿੱਛ ਅਤੇ ਛਾਣਬੀਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ੮੩ ਹੋਰ ਮੁਲਾਜ਼ਮਾਂ ਸਮੇਤ ਮੈਨੂੰ ੧੨ ਜੂਨ ਨੂੰ ਰਿਹਾਅ ਕੀਤਾ ਗਿਆ। ਇਸ ਤਰ੍ਹਾਂ ਮੌਤ ਦੇ ਮੂੰਹ ਵਿੱਚੋਂ ਮੇਰੀ ਖਲਾਸੀ ਹੋਈ। ਪਰ ਮੇਰੇ ਬਾਕੀ ਪਰਵਾਰ ਦੇ ਮੈਂਬਰਾਂ ਨੂੰ ਨਾ ਛੱਡਿਆ ਗਿਆ। ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਮੈਂ ਉਨ੍ਹਾਂ ਨੂੰ ੨੯ ਜੂਨ ਨੂੰ ਜਮਾਨਤ ਕਰਵਾ ਕੇ ਬਾਹਰ ਲਿਆਂਦਾ।

ਸ੍ਰੀ ਦਰਬਾਰ ਸਾਹਿਬ ਅੰਦਰ ਤਾਇਨਾਤ ਫੌਜੀਆਂ ਦੀ ਸਹਾਇਤਾ ਨਾਲ ਮੈਂ ਆਪਣੀ ਰਿਹਾਇਸ਼ ਵਾਲਾ ਮਕਾਨ ਵੇਖਣ ਗਿਆ। ਬਾਹਰ ਦਾ ਤਾਲਾ ਟੁੱਟਾ ਹੋਇਆ ਸੀ। ਘਰ ਦਾ ਸਾਰਾ ਸਾਮਾਨ ਇੱਥੋਂ ਤਕ ਕਿ ਭਾਂਡੇ ਤੇ ਕੱਪੜੇ ਆਦਿ ਵੀ ਸਭ ਚੁੱਕੇ ਗਏ ਸਨ। ਕੇਵਲ ਲੱਕੜ ਦੀਆਂ ਕੁਝ ਚੀਜ਼ਾਂ ਜੋ ਆਸਾਨੀ ਨਾਲ ਨਹੀਂ ਚੁੱਕੀਆਂ ਜਾ ਸਕਦੀਆਂ ਸਨ, ਰਹਿ ਗਈਆਂ ਸਨ, ਪਰ ਉਹ ਵੀ ਭੰਨੀਆਂ-ਤੋੜੀਆਂ ਪਈਆਂ ਸਨ।

ਸ੍ਰੀ ਦਰਬਾਰ ਸਾਹਿਬ ਦੇ ਕਈ ਮੁਲਾਜ਼ਮਾਂ ਦੀ ਰਿਹਾਇਸ਼ ਪਰਕਰਮਾ ਦੇ ਚੁਗਿਰਦੇ ਦੇ ਮਕਾਨਾਂ ਵਿਚ ਸੀ। ਉਨ੍ਹਾਂ ਮੁਲਾਜ਼ਮਾਂ ਨੂੰ ਫੌਜੀ ਐਕਸ਼ਨ ਸਮੇਂ ਉਨ੍ਹਾਂ ਦੇ ਪਰਵਾਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ। ਕੁਝ ਕੁ ਮੁਲਾਜ਼ਮਾਂ ਦੀਆਂ ਜਾਨਾਂ ਵੀ ਗਈਆਂ। ਕਈਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਉਨ੍ਹਾਂ ਦੇ ਘਰਾਂ ਦਾ ਸਾਮਾਨ ਲੁੱਟਿਆ-ਪੁੱਟਿਆ ਤੇ ਸਾੜਿਆ ਗਿਆ।

■

ਜਦ ਮਾਸੂਮ ਬੱਚੇ ਬਲਦੀ ਅੱਗ ਵਿਚ ਸੁੱਟੇ ਗਏ !

-ਭਾਈ ਛੋਟਾ ਸਿੰਘ

ਸੰਨ ੧੯੮੪ ਵਿਚ ਮੈਂ ਸ੍ਰੀ ਦਰਬਾਰ ਸਾਹਿਬ ਵਿਖੇ ਆਰਜ਼ੀ ਸੇਵਾਦਾਰ ਦੇ ਤੌਰ 'ਤੇ ਲੰਗਰ ਦੀ ਸੇਵਾ ਕਰਦਾ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪ੍ਰੇਮ ਪਿਆਰ ਸਦਕਾ ਮੈਨੂੰ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਖੇ ਵੀ ਸੇਵਾ ਕਰਨ ਦਾ ਮੌਕਾ ਮਿਲਦਾ ਸੀ। ੫ ਜੂਨ ਦੀ ਸ਼ਾਮ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਸਾਡੇ ਕੋਲੋਂ ਅਲੱਗ ਹੋ ਚੁੱਕੇ ਸਨ। ਤੇਜਾ ਸਿੰਘ ਸਮੁੰਦਰੀ ਹਾਲ ਦੀ ਤੀਸਰੀ ਮੰਜ਼ਿਲ 'ਤੇ ਅਸੀਂ ਅਕਾਲੀ ਦਲ ਦੇ ਕੁਝ ਵਰਕਰ ਸ. ਨਛੱਤਰ ਸਿੰਘ, ਸ. ਬੱਗਾ ਸਿੰਘ, ਸ. ਗੁਰਚਰਨ ਸਿੰਘ (ਸਕੱਤਰ, ਸ਼੍ਰੋਮਣੀ ਅਕਾਲੀ ਦਲ) ਆਦਿ ਬੈਠੇ ਸੀ। ੬ ਜੂਨ ਨੂੰ ਤੜਕੇ ੩ ਵਜੇ ਅਸੀਂ ਅਵਾਜ਼ ਸੁਣੀ ਕਿ "ਸਾਰੇ ਹੱਥ ਖੜ੍ਹੇ ਕਰਕੇ ਬਾਹਰ ਆ ਜਾਓ !" ਅਸੀਂ ਬਾਹਰ ਆ ਗਏ। ਸ੍ਰੀ ਗੁਰੂ ਰਾਮਦਾਸ ਸਰਾਂ ਵਿਚ, ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸਿਓਂ ਦੀ ਅੰਦਰ ਦਾਖਲ ਹੁੰਦਿਆਂ ਹੀ ਸਾਡੀ ਤਲਾਸ਼ੀ ਲਈ ਗਈ ਅਤੇ ਸਾਡਿਆਂ ਸਾਰਿਆਂ ਦੇ ਗਲੋਂ ਕ੍ਰਿਪਾਨਾਂ ਉਤਾਰ ਕੇ ਖੜ੍ਹੇ ਗੰਦੇ ਪਾਣੀ ਵਿਚ ਸੁੱਟ ਦਿੱਤੀਆਂ।

ਜਦ ਅਸੀਂ ਗੁਰੂ ਰਾਮਦਾਸ ਸਰਾਂ ਦੇ ਅੰਦਰ ਖੁੱਲ੍ਹੀ ਜਗ੍ਹਾ 'ਤੇ ਗਏ ਜਿਹੜੀ ਕਿ ਹੁਣ ਨਾਲੋਂ ਕੁਝ ਨੀਵੀਂ ਸੀ, ਦੇਖਿਆ ਕਿ ਸਰਾਂ ਦੇ ਬਿਸਤਰੇ ਸੜ ਰਹੇ ਸਨ ਜਿਸ ਦੀਆਂ ਲਾਟਾਂ ਛੱਤਾਂ ਨੂੰ ਛੂਹ ਰਹੀਆਂ ਸਨ। ਫੌਜੀਆਂ ਨੇ ਬੀਬੀਆਂ ਨੂੰ ਸਰਾਂ ਦੇ ਬਰਾਂਡੇ ਵਿਚ ਪਹਾੜ ਵਾਲੀ ਬਾਹੀ ਵੱਲ ਬਿਠਾਇਆ ਹੋਇਆ ਸੀ। ਇਸ ਸਮੇਂ ਮੈਂ ਬਹੁਤ ਹੀ ਖੌਫ਼ਨਾਕ ਤੇ ਦਿਲ-ਕੰਬਾਊ ਦ੍ਰਿਸ਼ ਦੇਖਿਆ। ਫੌਜੀ ਉਨ੍ਹਾਂ ਬੀਬੀਆਂ ਤੋਂ ਜਿਊਂਦੇ ਚਾਰ-ਪੰਜ ਮਾਸੂਮ ਬੱਚੇ (ਜੋ ਸਾਲ-ਡੇਢ ਸਾਲ ਦੀ ਉਮਰ ਦੇ ਹੀ ਹੋਣਗੇ) ਖੋਹ ਖੋਹ ਕੇ ਸੜ ਰਹੇ ਬਿਸਤਰਿਆਂ ਉੱਪਰ ਸੁੱਟ ਰਹੇ ਸਨ। ਫੌਜੀ ਬੀਬੀਆਂ ਕੋਲੋਂ ਬੱਚੇ ਖੋਹ ਰਹੇ ਸਨ ਪਰ ਬੀਬੀਆਂ ਬੱਚਿਆਂ ਨੂੰ ਨਹੀਂ ਛੱਡ ਰਹੀਆਂ ਸਨ ਤਾਂ ਇਕ ਫੌਜੀ ਬੀਬੀ ਦੀਆਂ ਬਾਹਾਂ ਫੜਦਾ ਤੇ ਦੂਸਰਾ ਉਸ ਪਾਸੋਂ ਬੱਚਾ ਖੋਂਹਦਾ, ਫਿਰ ਬਲਦੀ ਅੱਗ ਵਿਚ ਸੁੱਟ ਦਿੰਦਾ। ਇਸ ਸਮੇਂ ਬੀਬੀਆਂ ਦੀ ਕੁਰਲਾਹਟ ਨਾ-ਕਾਬਲੇ ਬਰਦਾਸ਼ਤ ਸੀ। ਉਨ੍ਹਾਂ ਦੀਆਂ ਚੀਕਾਂ ਇੰਨੀਆਂ ਦਿਲ-ਕੰਬਾਊ ਸਨ ਕਿ ਸਾਡੇ ਵੀ ਦਿਲ ਰੋਣੋਂ ਨਾ ਰਹਿ ਸਕੇ। ਰੋ-ਕੁਰਲਾ ਰਹੀਆਂ ਬੀਬੀਆਂ ਨੂੰ ਫੌਜੀ ਪੌੜੀਆਂ ਰਾਹੀਂ ਧੂਹ-ਧੂਹ ਕੇ ਸਰਾਂ ਦੀ ਦੂਸਰੀ ਮੰਜ਼ਿਲ ਦੇ ਕਮਰਿਆਂ ਅੰਦਰ ਲਿਜਾ ਰਹੇ ਸੀ। ਪਤਾ ਨਹੀਂ ਉਨ੍ਹਾਂ ਨਾਲ ਫੌਜੀਆਂ ਨੇ ਉੱਥੇ ਕੀ ਸਲੂਕ ਕੀਤਾ ਹੋਵੇਗਾ !

ਇਧਰ ਹੇਠਾਂ ਦੇਸ਼ ਦੀ ਨੌਜਵਾਨ ਪਨੀਰੀ ਨੂੰ ਲਾਈਨਾਂ ਵਿਚ ਲਗਾ ਕੇ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਸੀ। ਇਹ ਭਿਆਨਕ ਨਾ ਦੇਖਣਯੋਗ ਦ੍ਰਿਸ਼ ਅਸੀਂ ਮਜਬੂਰੀ ਦੀ ਹਾਲਤ ਵਿਚ ਦੇਖ ਰਹੇ ਸਾਂ ਤਾਂ ਅਚਾਨਕ ਥੋੜ੍ਹੀ ਦੇਰ ਬਾਅਦ ਸਰਾਂ ਦੀ ਉੱਪਰਲੀ ਮੰਜ਼ਿਲ ਤੋਂ ਇਕ ਸ਼ਕਤੀਸ਼ਾਲੀ ਬੰਬ ਸੁੱਟਿਆ ਗਿਆ। ਇਸ ਬੰਬ ਧਮਾਕੇ ਵਿਚ ਮੈਂ ਫੱਟੜ ਹੋ ਗਿਆ। ਮੇਰੇ ਸੱਜੇ ਮੋਢੇ ਅਤੇ ਮੂੰਹ ਦੇ ਸੱਜੇ ਪਾਸੇ ਵੀ ਕਾਫੀ ਵੱਡੇ ਜ਼ਖਮ ਹੋ ਗਏ ਸਨ। ਮੇਰੇ ਨਾਲ ਬੈਠੇ ਬਹੁਤ ਸਾਰੇ ਸਿੰਘ ਸ਼ਹੀਦ ਅਤੇ ਫੱਟੜ ਹੋ ਗਏ ਜਿਨ੍ਹਾਂ ਵਿਚ ਸ. ਨਛੱਤਰ ਸਿੰਘ, ਸ. ਬੱਗਾ ਸਿੰਘ ਤੇ ਸ.

ਗੁਰਚਰਨ ਸਿੰਘ ਵੀ ਸ਼ਾਮਲ ਸਨ। ਮੈਂ ਥੋੜ੍ਹੀ ਦੇਰ ਬਾਅਦ ਹੀ ਬੇਹੋਸ਼ ਹੋ ਗਿਆ।

ਚੌਥੇ ਦਿਨ ਜਿਸ ਸਮੇਂ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਆਪਣੇ ਆਪ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲ ਪਾਇਆ। ਅਜੇ ਮੇਰੇ ਜ਼ਖ਼ਮ ਰਿਸਦੇ ਸਨ ਕਿ ਮੈਨੂੰ ਹਸਪਤਾਲ ਤੋਂ ਸੈਂਟਰਲ ਜੇਲ੍ਹ ਅੰਮ੍ਰਿਤਸਰ ਭੇਜ ਦਿੱਤਾ ਗਿਆ। ਸਾਡੇ ਰੋਣ-ਕੁਰਲਾਉਣ ਦੇ ਬਾਵਜੂਦ ਵੀ ਜੇਲ੍ਹ ਅਧਿਕਾਰੀ ਕੋਈ ਧਿਆਨ ਨਹੀਂ ਸੀ ਦੇ ਰਹੇ। ਉਸ ਸਮੇਂ ਸਾਡੇ ਨਾਲ ਵਾਲਾ ਸਾਥੀ ਭਾਈ ਜਰਨੈਲ ਸਿੰਘ ਸੇਵਾਦਾਰ ਹੀ ਸਾਡੀ ਸਾਂਭ-ਸੰਭਾਲ ਕਰਦਾ ਰਿਹਾ।

ਜੇਲ੍ਹ ਤੋਂ ਰਿਹਾਅ ਹੋ ਕੇ ਮੈਂ ਆਪਣੇ ਪਿੰਡ ਸੰਗਤਪੁਰਾ (ਸੰਗਰੂਰ) ਵਿਖੇ ਗਿਆ। ਸਾਡੇ ਪਿੰਡ ਦਾ ਪੰਡਤਾਂ ਦਾ ਲੜਕਾ ਸ੍ਰੀ ਬਲਰਾਜ ਸ਼ਰਮਾ ਡਾਕਟਰ ਸੀ। ਉਸ ਨੇ ਮੇਰਾ ਸਾਰਾ ਇਲਾਜ ਬੜੇ ਪ੍ਰੇਮ ਨਾਲ, ਆਪਣੇ ਕੋਲੋਂ ਖਰਚ ਕਰ ਕੇ ਕੀਤਾ ਜੋ ਕਿ ਕਾਫੀ ਮਹਿੰਗਾ ਇਲਾਜ ਸੀ।

■

ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰ ਕੇ

-ਗਿਆਨੀ ਸੰਤੋਖ ਸਿੰਘ

ਜੂਨ ੧੯੮੪ ਵਿਚ ਸਿੱਖਾਂ ਨਾਲ, 'ਜੱਗੋਂ ਤੇਰ੍ਹਵੀਂ' ਹਿੰਦ ਸਰਕਾਰ ਨੇ ਕੀਤੀ; ਜਦੋਂਕਿ ਸਮੁੱਚੀ ਸਿੱਖ ਕੌਮ ਉੱਪਰ ਫੌਜਾਂ ਇਉਂ ਚਾੜ੍ਹ ਦਿੱਤੀਆਂ ਜਿਵੇਂ ਕਿਤੇ ਉਹ ਆਪਣੇ ਦੇਸ਼ ਦੇ ਗੁਰਧਾਮਾਂ ਅੰਦਰ, ਪਰਵਾਰਾਂ ਸਣੇ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਨਾ ਮਨਾ ਰਹੇ ਹੋਣ ਸਗੋਂ ਦੁਸ਼ਮਣਾਂ ਦੀ ਹਮਲਾਵਰ ਫੌਜ ਹੋਵੇ। ਖ਼ੈਰ, ਇਸ ਬਾਰੇ ਦੁਨੀਆਂ ਦੇ ਨਿਰਪੱਖ ਸੂਝਵਾਨਾਂ ਵੱਲੋਂ, ਪਿਛਲੇ ਸਾਲਾਂ ਦੇ ਸਮੇਂ ਦੌਰਾਨ, ਬਹੁਤ ਕੁਝ ਕਿਹਾ-ਸੁਣਿਆ ਗਿਆ ਹੈ।

ਹਿੰਦ ਦੇ ਰੱਖਿਆ ਮੰਤਰੀ, ਸ੍ਰੀ ਜਾਰਜ ਫਰਨਾਂਡੇਜ਼ ਨੇ ਆਖ ਕੇ, ਲਗਾਤਾਰ ਹਿੰਦ ਸਰਕਾਰ ਵੱਲੋਂ ਵਾਰ-ਵਾਰ ਬੋਲੇ ਜਾ ਰਹੇ ਝੂਠ ਦਾ ਭਾਂਡਾ ਚੌਰਾਹੇ ਦੇ ਵਿਚ ਭੰਨਿਆ। ਸਰਕਾਰ ਕਹਿੰਦੀ, ਲਿਖਦੀ ਤੇ ਬੋਲਦੀ ਆ ਰਹੀ ਸੀ ਕਿ ਸ੍ਰੀ ਦਰਬਾਰ ਸਾਹਿਬ ਉੱਪਰ ਜੂਨ ੧੯੮੪ ਵਿਚ ਕੀਤੇ ਗਏ ਫੌਜੀ ਹਮਲੇ ਦੌਰਾਨ, ੭ ਜੂਨ ਵਾਲੇ ਦਿਨ 'ਅੱਤਵਾਦੀਆਂ' ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਥਿਤ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਅੱਗ ਲਾ ਕੇ ਸਾੜ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਜਥੇ. ਗੁਰਚਰਨ ਸਿੰਘ ਟੌਹੜਾ ਨੇ ਆਪਣੇ ਵਸੀਲਿਆਂ ਰਾਹੀਂ ਇਸ ਸਚਾਈ ਦਾ ਪਤਾ ਲਾ ਲਿਆ ਸੀ ਕਿ ਲਾਇਬ੍ਰੇਰੀ ਸਾੜੀ ਨਹੀਂ ਗਈ ਬਲਕਿ ਉਸ ਵਿਚਲਾ ਸਾਹਿਤ ਕੱਢ ਕੇ ਬਾਕੀ ਘੱਟ ਜ਼ਰੂਰੀ ਸਮਝੇ ਗਏ ਕਾਗਜ਼ਾਂ ਨੂੰ ਅੱਗ ਲਾ ਕੇ 'ਅੱਤਵਾਦੀਆਂ' ਦੁਆਰਾ ਲਾਇਬ੍ਰੇਰੀ ਸਾੜਨ ਦਾ ਡਰਾਮਾ ਰਚਿਆ ਗਿਆ ਸੀ ਤਾਂ ਕਿ ਸਿੱਖ ਸੰਗਤਾਂ ਦੇ ਅੱਖੀਂ ਘੱਟਾ ਪਾਇਆ ਜਾ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਿੰਦ ਸਰਕਾਰ ਨੂੰ ਮੁੜ-ਮੁੜ ਚਿੱਠੀਆਂ ਲਿਖ ਕੇ ਲਾਇਬ੍ਰੇਰੀ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕਿਸੇ ਚਿੱਠੀ ਦਾ ਜਵਾਬ ਤਕ ਨਹੀਂ ਦਿੱਤਾ। ਮੰਨਿਆ ਹੀ ਨਹੀਂ ਕਿ ਕੋਈ ਚਿੱਠੀ ਮਿਲੀ ਵੀ ਹੈ। ਇਕ ਐਮ. ਪੀ. ਸ. ਜਗਮੀਤ ਸਿੰਘ ਨੇ ਲੋਕ ਸਭਾ ਵਿਚ ਕੀਤੀ ਗਈ ਆਪਣੀ ਤਕਰੀਰ ਦੌਰਾਨ ਇਹ ਭੇਦ ਵੀ ਖੋਲ੍ਹਿਆ ਕਿ ਮੇਰਠ ਦੇ ਮਿਲਟਰੀ ਹੈਡ ਕੁਆਰਟਰਜ਼ ਵਿਚ ਫੌਜੀ ਹਿਫ਼ਾਜ਼ਤ ਅੰਦਰ ਰੱਖੀ ਗਈ ਲਾਇਬ੍ਰੇਰੀ ਸਿੱਖ ਕੌਮ ਨੂੰ ਵਾਪਸ ਕੀਤੀ ਜਾਵੇ ਤੇ ਨਾਲ ਹੀ ਇਸ ਭਿਆਨਕ ਗੁਨਾਹ ਦੀ ਸਿੱਖ ਕੌਮ ਪਾਸੋਂ ਸਰਕਾਰ ਮੁਆਫ਼ੀ ਮੰਗੇ। ਸਰਕਾਰ ਨੇ ਸਪੀਚ ਸੁਣ ਲਈ ਪਰ ਹਾਂ ਜਾਂ ਨਾਂਹ ਵਿਚ ਕੋਈ ਉੱਤਰ ਨਹੀਂ ਸੀ ਵਾਚਿਆ।

ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਧੀ ਰੱਖਿਆ ਮੰਤਰਾਲੇ ਨੂੰ ਚਿੱਠੀਆਂ ਲਿਖਣ ਲੱਗ ਪਈ। ਅਖੀਰ ਵਿਚ ਭਾਰਤ ਦੇ ਰੱਖਿਆ ਮੰਤਰੀ, ਸ੍ਰੀ ਜਾਰਜ ਫ਼ਰਨਾਂਡੇਜ਼ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸਿਆ ਹੈ ਕਿ ਲਾਇਬ੍ਰੇਰੀ ਹੈ ਪਰ ਉਸ ਦੇ ਮੰਤਰਾਲੇ ਪਾਸ ਨਹੀਂ ਸਗੋਂ ਸੀ. ਬੀ. ਆਈ. ਪਾਸ ਹੈ ਤੇ ਇਸ ਦੀ ਪ੍ਰਾਪਤੀ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਧੀ ਸੰਬੰਧਤ ਮੰਤਰਾਲੇ ਨਾਲ ਲਿਖਾ-ਪੜ੍ਹੀ ਕਰਨੀ

ਚਾਹੀਦੀ ਹੈ।

ਸਵਾਲ ਉੱਠਦਾ ਹੈ ਕਿ ਇੰਨੇ ਸਾਲਾਂ ਪਿੱਛੋਂ ਇਕ ਸਰਕਾਰੀ ਵਜ਼ੀਰ ਨੇ ਇਸ ਸੱਚਾਈ ਨੂੰ ਹੁਣ ਕਿਉਂ ਕਬੂਲ ਕੀਤਾ ਜਦੋਂਕਿ ਪਿਛਲੀਆਂ ਸਰਕਾਰਾਂ, ਸਮੇਤ ਪਾਰਲੀਮੈਂਟ ਦੇ, ਸਾਰੀ ਦੁਨੀਆਂ ਨੂੰ ਇਸ ਬਾਰੇ ਝੂਠ ਬੋਲ ਤੇ ਝੂਠ ਲਿਖ ਕੇ ਗੁੰਮਰਾਹ ਕਰਦੀਆਂ ਆ ਰਹੀਆਂ ਸਨ! ਕੀ ਇਸ ਸੱਚਾਈ ਨੂੰ ਕਬੂਲਣ ਦੇ ਪਿੱਛੇ ਕਿਤੇ ਸ਼੍ਰੀ ਫਰਨਾਂਡੇਜ਼ ਦੀ ਆਪਣੀ ਨਿੱਜੀ ਸ਼ਖਸੀਅਤ ਹੀ ਤਾਂ ਕਾਰਨ ਨਹੀਂ! ਸੁਣਦੇ ਸਾਂ ਕਿ ੧੯੭੫ ਵਿਚ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੌਰਾਨ, ਆਪਣੀ ਗ੍ਰਿਫਤਾਰੀ ਤੋਂ ਬਚਣ ਲਈ, ਸ਼੍ਰੀ ਫਰਨਾਂਡੇਜ਼ ਇਕ ਸਿੱਖ ਦੇ ਭੇਸ ਵਿਚ ਵਿਚਰਦੇ ਰਹੇ ਸਨ ਤੇ ਕੁਦਰਤੀ ਹੈ ਕਿ ਇਸ ਦੌਰਾਨ ਸਿੱਖ ਵਿਅਕਤੀਆਂ ਅਤੇ ਸਿੱਖ ਸੰਸਥਾਵਾਂ ਦੇ ਸੰਪਰਕ ਵਿਚ ਆਉਣ ਸਦਕਾ, ਸ਼੍ਰੀ ਚੰਦਰ ਸ਼ੇਖਰ ਵਾਂਗ ਇਨ੍ਹਾਂ ਦੇ ਦਿਲ ਵਿਚ ਵੀ ਸਿੱਖਾਂ ਦੀਆਂ ਸਿਫਤਾਂ ਦਾ ਕੋਈ ਥੋੜ੍ਹਾ-ਬਹੁਤਾ ਪ੍ਰਭਾਵ ਰਹਿ ਗਿਆ ਹੋਵੇ ਤੇ ਉਸ ਕਰਕੇ ਹੀ ਉਨ੍ਹਾਂ ਨੇ ਲਾਇਬ੍ਰੇਰੀ ਸਬੰਧੀ ਸੱਚਾਈ ਨੂੰ ਮੰਨ ਲਿਆ ਹੋਵੇ! ਜਾਂ ਫੇਰ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦਿਨਾਂ ਦੌਰਾਨ ਕੁਝ ਗੁੰਡਿਆਂ ਵੱਲੋਂ ਈਸਾਈ ਸੰਸਥਾਵਾਂ ਅਤੇ ਅਬਲਾਵਾਂ ਉੱਪਰ ਹਮਲੇ ਹੋ ਰਹੇ ਹੋਣ ਕਰਕੇ ਸ਼੍ਰੀ ਜਾਰਜ ਫਰਨਾਂਡੇਜ਼ ਨੂੰ ਸਿੱਖਾਂ ਦੇ ਸਾਥ ਦੀ ਜ਼ਰੂਰਤ ਮਹਿਸੂਸ ਹੋਈ ਹੋਵੇ; ਕਿਉਂਕਿ ਦੋ ਵਿਅਕਤੀ ਜਾਂ ਦੋ ਕਮਿਊਨਿਟੀਆਂ ਜੋ ਕਿ ਇਕ ਜ਼ਾਲਮ ਦੇ ਜ਼ੁਲਮ ਦਾ ਸ਼ਿਕਾਰ ਬਣਦੀਆਂ ਹਨ, ਉਨ੍ਹਾਂ ਦਾ ਇਕ-ਦੂਜੇ ਦੇ ਨੇੜੇ ਆਉਣਾ ਕੁਦਰਤੀ ਹੈ। ਸਾਂਝੇ ਜ਼ਾਲਮ ਦੁਸ਼ਮਣ ਤੋਂ ਬਚਾ ਕਰਨ ਦੀ ਭਾਵਨਾ ਦੋ ਮਜ਼ਲੂਮਾਂ ਨੂੰ ਮਿੱਤਰ ਬਣਨ ਵਿਚ ਸਹਾਈ ਹੋ ਜਾਂਦੀ ਹੈ; ਅਤੇ ਇਸ ਦੇ ਸਬੂਤ ਵਜੋਂ ਇਕ ਤੋਂ ਵੱਧ ਥਾਵਾਂ 'ਤੇ ਕੁਝ ਸਿੱਖ ਨੌਜਵਾਨਾਂ ਨੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ, ਈਸਾਈ ਸੰਤਣੀਆਂ ਦੀ ਬੇਪਤੀ ਕਰਨ ਤੋਂ ਗੁੰਡਿਆਂ ਨੂੰ ਰੋਕ ਕੇ ਭਜਾਇਆ ਵੀ ਹੈ।

ਉਪਰੋਕਤ ਦੋਵੇਂ ਕਾਰਨਾਂ ਵਿੱਚੋਂ ਕੋਈ ਇਕ ਜਾਂ ਦੋਵੇਂ ਵੀ ਹੋਣ ਤਾਂ ਧੰਨਭਾਗ! ਪਰ ਇਕ ਤੀਜਾ ਕਾਰਨ ਵੀ ਹੋ ਸਕਦਾ ਹੈ ਜਿਸ ਤੋਂ ਜ਼ਿੰਮੇਵਾਰ ਸਿੱਖ ਵਿਅਕਤੀਆਂ, ਸੰਸਥਾਵਾਂ ਅਤੇ ਵਿਦਵਾਨਾਂ ਨੂੰ ਬੜੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਇਕ ਸਾਹਮਣੇ ਵਾਪਰੀ ਘਟਨਾ ਦਾ ਜ਼ਿਕਰ ਕਰਦਾ ਹਾਂ। ੧੯੯੫ ਦੇ ਤਕਰੀਬਨ ਅੱਧ ਜਿਹੇ ਦਾ ਵਾਕਿਆ ਹੈ। ਬ੍ਰਿਸਬਿਨ ਦੇ ਇਕ ਸਬਅਰਬ ਵਿਚ ਕਿਸੇ ਸੱਜਣ ਦੇ ਘਰ ਕੁਝ ਸਿੱਖ ਸਰਦਾਰ ਰਾਤ ਦੇ ਭੋਜਨ ਉੱਪਰ ਇਕੱਤਰ ਹੋਏ ਸਨ। ਘਰ ਵਾਲੇ ਸੱਜਣ ਦਾ ਨਾਂ ਹੁਣ ਮੈਨੂੰ ਯਾਦ ਨਹੀਂ ਰਿਹਾ। ਓਥੇ ਹੀ, ਉਸ ਸਮੇਂ ਮੁਰਵਿਲੰਭਾ ਅਤੇ ਹੁਣ ਨਾਰਥ ਕਵੀਨਜ਼ੈਂਡ ਵਾਸੀ, ਸ. ਸ਼ਿੰਗਾਰਾ ਸਿੰਘ, ਮੈਨੂੰ ਵੀ ਲੈ ਗਏ। ਗੱਲਬਾਤ ਦੌਰਾਨ ਨਾਰਥ ਕਵੀਨਜ਼ੈਂਡ ਦੇ ਵਸਨੀਕ ਸ. ਸਤਿਨਾਮ ਸਿੰਘ ਨੇ ਬਹੁਤ ਹੀ ਭੇਤ ਵਾਲੀ ਅਤੇ ਮਹੱਤਵਪੂਰਨ ਗੱਲ ਓਥੇ ਆਖੀ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਸਾੜੀ ਨਹੀਂ ਗਈ ਬਲਕਿ ਓਥੋਂ ਕੱਢ ਕੇ ਲੈ ਜਾਈ ਗਈ ਹੈ। ਮੇਰੇ ਇਸ ਸਵਾਲ 'ਤੇ ਕਿ ਲੈ ਜਾਣ ਦਾ ਕੀ ਫਾਇਦਾ ਸਰਕਾਰ ਨੂੰ? ਤਾਂ ਉੱਤਰ ਵਿਚ ਉਨ੍ਹਾਂ ਨੇ ਕਿਹਾ ਕਿ ਸਰਕਾਰ ਉਸ ਵਿਚ ਮਨਮਾਨੀਆਂ ਤਬਦੀਲੀਆਂ ਕਰ ਕੇ ਫੇਰ ਵਾਪਸ ਲੋਕਾਂ ਵਿਚ ਪੁਚਾਵੇਗੀ ਤਾਂ ਕਿ ਸਿੱਖ ਸਿਧਾਂਤ, ਸਿੱਖ ਇਤਿਹਾਸ, ਸਿੱਖ ਧਰਮ, ਸਿੱਖ ਫ਼ਲਸਫ਼ੇ ਵਿਚ ਰੋਲ-ਘਚੋਲਾ ਪਾਇਆ ਜਾਵੇ। ਇਨ੍ਹਾਂ ਦੇ ਸ਼ਬਦ-ਗੁਰੂ, ਗੁਰੂ-ਪੰਥ ਵਾਲੀ ਸੋਚ ਨੂੰ ਕੁਰਾਹੇ ਪਾਇਆ ਜਾ ਸਕੇ। ਮੈਨੂੰ ਇਸ ਸਨਸਨੀਖੇਜ਼ ਇੰਕਸ਼ਾਫ 'ਤੇ ਇਤਬਾਰ ਨਾ ਆਇਆ ਤੇ ਸਵਾਲ ਕੀਤਾ, "ਤੁਹਾਨੂੰ ਇਸ ਗੱਲ ਦਾ ਕਿਵੇਂ

ਪਤਾ ਹੈ?" ਤਾਂ ਉੱਤਰ ਮਿਲਿਆ ਕਿ ਉਨ੍ਹਾਂ ਨੂੰ ਕਿਸੇ ਰਿਸ਼ਤੇਦਾਰ ਤੋਂ ਇਸ ਗੱਲ ਦੀ ਸੁੰਧਕ ਮਿਲੀ ਹੈ।

ਹਾਲਾਂਕਿ ਮੈਂ ਆਪਣੇ ਸੁਭਾਅ ਅਨੁਸਾਰ ਹਰੇਕ ਦੀ ਗੱਲ ਨੂੰ ਸਤਿ ਕਰਕੇ ਹੀ ਮੰਨ ਲੈਂਦਾ ਹਾਂ ਪਰ ਇਹ ਗੱਲ ਮੈਨੂੰ ਅਸੱਤ ਜਿਹੀ ਲੱਗੀ ਤੇ ਮੈਂ ਇਸ ਨੂੰ ਸਰਦਾਰਾਂ ਦੇ ਰਾਤਰੀ ਭੋਜਨ ਦੌਰਾਨ ਮਾਰੀ ਗਈ ਇਕ ਗੱਪ ਹੀ ਸਮਝਿਆ। ਹੁਣ ਉਹ ਸੱਚਾਈ ਬਣ ਕੇ ਸਾਹਮਣੇ ਆਈ ਜਿਸ ਨੂੰ ਏਨਾ ਚਿਰ ਪਹਿਲਾਂ ਮੈਂ ਹਨੇਰੇ ਵਿਚ ਮਾਰੀ ਗਈ ਤਲਵਾਰ ਹੀ ਸਮਝਦਾ ਰਿਹਾ ਸਾਂ। ਸੱਚ ਹੀ ਕਿਸੇ ਨੇ ਕਿਹਾ ਹੈ ਕਿ ਔਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਬਾਅਦ ਵਿਚ ਪਤਾ ਦਿੰਦਾ ਹੈ।

ਇਕ ਅਹਿਮ ਸਵਾਲ ਇਹ ਵੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਲਾਇਬ੍ਰੇਰੀ ਦੇ ਗ੍ਰੰਥਾਂ ਨੂੰ ਫੌਜ ਚੁੱਕ ਕੇ, ਅੰਮ੍ਰਿਤਸਰ ਸਥਿਤ ਆਪਣੇ ਹੈਡ-ਕੁਆਰਟਰਜ਼ ਵਿਚ ਲੈ ਕੇ ਗਈ, ਓਥੇ ਉਨ੍ਹਾਂ ਗ੍ਰੰਥਾਂ ਦੀ ਲਿਸਟ ਤਿਆਰ ਕਰ ਕੇ, ਟਰੱਕਾਂ ਵਿਚ ਲੱਦ ਕੇ, ਕਿਸੇ ਅਣਜਾਣੀ ਥਾਂ 'ਤੇ ਲਿਜਾਇਆ ਗਿਆ ਅਤੇ ਸ. ਜਗਮੀਤ ਸਿੰਘ ਦੀ ਲੋਕ ਸਭਾ ਵਿੱਚ ਦਿੱਤੀ ਗਈ ਸਪੀਚ ਅਨੁਸਾਰ, ਉਹ ਗ੍ਰੰਥ ਅਤੇ ਸਾਡਾ ਪੰਜ ਸਦੀਆਂ ਦਾ ਧਾਰਮਿਕ ਤੇ ਇਤਿਹਾਸਕ ਸਾਹਿਤ, ਮੇਰਠ ਵਿਖੇ ਫੌਜੀ ਕੰਟਰੋਲ ਵਿਚ ਰੱਖਿਆ ਗਿਆ; ਪਰ ਹੁਣ ਰੱਖਿਆ ਮੰਤਰੀ ਆਖ ਰਹੇ ਹਨ ਕਿ ਉਹ ਸਾਰਾ ਕੁਝ ਸੀ. ਬੀ. ਆਈ. ਪਾਸ ਹੈ। ਕੀ ਇਨ੍ਹਾਂ ਵਾਕਿਆਤ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਨ੍ਹਾਂ ਸਾਰੇ ਗ੍ਰੰਥਾਂ ਦੀ ਸੀ. ਬੀ. ਆਈ. ਦੇ ਅਦਾਰੇ ਅੰਦਰ ਕੰਮ ਕਰਦੇ, ਸਰਕਾਰੀ ਖ੍ਰੀਦੇ ਹੋਏ ਵਿਦਵਾਨਾਂ ਪਾਸੋਂ ਛਾਣ-ਬੀਣ ਕਰਵਾ ਕੇ ਤੇ ਉਨ੍ਹਾਂ ਵਿਚ ਲੋੜੀਂਦੀ ਅਦਲਾ-ਬਦਲੀ ਕਰ ਕੇ ਤਿਆਰ ਕੀਤਾ ਜਾ ਰਿਹਾ ਹੈ!

■

ਜੂਨ ਚੌਰਾਸੀ 'ਚ ਜਦੋਂ ਪਾਕਿਸਤਾਨੋਂ ਜਥਾ ਵਾਪਸ ਪਰਤਿਆ

-ਸ. ਕੁਲਵੰਤ ਸਿੰਘ

ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ੩ ਜੂਨ, ੧੯੮੪ ਨੂੰ ਮਨਾਉਣ ਉਪਰੰਤ ਰੇਲਵੇ ਸਟੇਸ਼ਨ ਬਦਾਮੀ ਬਾਗ ਤੋਂ ੪ ਜੂਨ ਦੀ ਸਵੇਰ ਨੂੰ ੭-੫੦ ਵਜੇ ਲੱਗਭਗ ੮੦੦ ਯਾਤਰੀ, ਸਪੈਸ਼ਲ ਟਰੇਨ ਰਾਹੀਂ ਲਾਹੌਰ ਸਟੇਸ਼ਨ ਲਈ ਚੱਲ ਪਏ। ੮ ਵਜੇ ਲਾਹੌਰ ਰੇਲਵੇ ਸਟੇਸ਼ਨ 'ਤੇ ਪੁੱਜ ਕੇ ਯਾਤਰੀਆਂ ਨੇ ਇਮੀਗਰੇਸ਼ਨ ਕਰਵਾਈ। ਯਾਤਰੀਆਂ ਦਾ ਸਾਮਾਨ ਗੱਡੀ ਵਿੱਚੋਂ ਉਤਾਰਨ ਤੋਂ ਬਿਨਾਂ ਹੀ ਕਸਟਮ ਅਧਿਕਾਰੀਆਂ ਨੇ ਟੈਸਟ ਚੈਕਿੰਗ ਕੀਤੀ। ੧੦ ਵਜੇ ਤੀਕ ਯਾਤਰੀ ਗੱਡੀ ਵਿਚ ਆਪਣੀਆਂ ਸੀਟਾਂ 'ਤੇ ਬੈਠ ਚੁੱਕੇ ਸਨ ਅਤੇ ਕਈ ਆਪਣੇ ਬੱਚਿਆਂ ਲਈ ਪਲੇਟਫਾਰਮ ਤੋਂ ਟਾਫੀਆਂ, ਬਿਸਕੁੱਟ ਅਤੇ ਖਿਡਾਉਣੇ ਲੈ ਕੇ ਪਾਕਿਸਤਾਨੀ ਕਰੰਸੀ ਨੂੰ ਮੁਕਾ ਰਹੇ ਸਨ। ਗੱਡੀ ਚੱਲਣ ਲਈ ਪੂਰੀ ਤਰ੍ਹਾਂ ਤਿਆਰ ਸੀ, ਪਰ ਸਿਗਨਲ ਨਾ ਮਿਲਣ ਕਾਰਨ ਚੱਲ ਨਹੀਂ ਸੀ ਰਹੀ। ੧੫-੨੦ ਮਿੰਟ ਉਡੀਕ ਕਰਨ ਪਿੱਛੋਂ ਅਸਾਂ ਵਕਫ ਬੋਰਡ ਦੇ ਅਧਿਕਾਰੀਆਂ ਤੋਂ ਦੇਰੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਅਟਾਰੀ ਰੇਲਵੇ ਸਟੇਸ਼ਨ ਨਾਲ ਸੰਪਰਕ ਨਹੀਂ ਹੋ ਰਿਹਾ, ਭਾਰਤ ਤੋਂ ਕਲੀਅਰੈਂਸ ਦੀ ਉਡੀਕ ਹੈ। ੧੦-੩੦ ਵਜੇ ਅਸੀਂ ਰੇਲਵੇ ਕੰਟਰੋਲ ਰੂਮ ਵਿਚ ਗਏ। ਮੇਰੇ ਨਾਲ ਪਾਰਟੀ ਲੀਡਰ, ਵਕਫ ਬੋਰਡ ਦੇ ਅਧਿਕਾਰੀ ਅਤੇ ਇਮੀਗਰੇਸ਼ਨ ਇੰਚਾਰਜ ਸਨ। ਕਾਫ਼ੀ ਜਤਨ ਕਰਨ ਦੇ ਬਾਵਜੂਦ ਇਹ ਗੱਲ ਸਪਸ਼ਟ ਹੋ ਗਈ ਕਿ ਭਾਰਤ ਨਾਲ ਅਟਾਰੀ ਅਤੇ ਵਾਹਗਾ ਬਾਰਡਰ ਤੋਂ ਸੰਪਰਕ ਨਹੀਂ ਹੋ ਰਿਹਾ। ਇਸ ਦੌਰਾਨ ਪਾਕਿਸਤਾਨ ਸਥਿਤ ਭਾਰਤੀ ਅੰਬੈਸੀ ਦਾ ਫਸਟ ਸਕੱਤਰ ਅਤੇ ਕੁਝ ਹੋਰ ਅਮਲਾ ਜੋ ਸਾਡੇ ਨਾਲ ਸਨ, ਵਿੱਚੋਂ ਇਕ ਅਧਿਕਾਰੀ ਸੜਕ ਰਸਤੇ ਵਾਹਗਾ ਬਾਰਡਰ ਤੋਂ ਹੋ ਕੇ ਆਇਆ। ਉਸ ਨੇ ਦੱਸਿਆ ਕਿ ਪੰਜਾਬ ਵਿਚ ਫੌਜ ਨੇ ਸਾਰਾ ਪ੍ਰਬੰਧ ਸੰਭਾਲਿਆ ਹੋਇਆ ਹੈ ਅਤੇ ਸਮੁੱਚੇ ਪੰਜਾਬ ਵਿਚ ਕਰਫ਼ਿਊ ਲੱਗਾ ਹੋਇਆ ਹੈ। ਸਰਹੱਦ ਸੀਲ ਕੀਤੀ ਹੋਈ ਹੈ। ਕੋਈ ਭਾਰਤੀ ਅਧਿਕਾਰੀ ਉਨ੍ਹਾਂ ਨੂੰ ਮਿਲਣ ਨਹੀਂ ਆਇਆ। ਇਹ ਗੱਲ ਸੁਣ ਕੇ ਕਈ ਨੌਜਵਾਨ ਮਿਸਟਰ ਨਈਅਰ, ਫਸਟ ਸੈਕਟਰੀ ਦੇ ਗਲ਼ ਪੈਣ ਤੀਕ ਗਏ।

ਬੜੀ ਮੁਸ਼ਕਲ ਨਾਲ ਅਸਾਂ ਕੰਟਰੋਲ ਕੀਤਾ ਅਤੇ ਉਸ ਨੂੰ ਖਿੱਚ-ਧੂਹ ਤੋਂ ਬਚਾਇਆ। ਸਾਰੇ ਜਥੇ ਵਿਚ ਮਾਯੂਸੀ ਛਾਈ ਹੋਈ ਸੀ। ਫ਼ਿਕਰਮੰਦ ਚਿਹਰੇ ਉਤਰੇ ਹੋਏ ਸਨ। ੧੧-੩੦ ਵਜੇ ਤੀਕ ਪਾਕਿਸਤਾਨੀ ਅਧਿਕਾਰੀ ਇਹ ਫ਼ੈਸਲਾ ਲੈ ਚੁੱਕੇ ਸਨ ਕਿ ਜਥੇ ਨੂੰ ਵਾਪਸ ਗੁਰਦੁਆਰਾ ਡੇਰਾ ਸਾਹਿਬ ਭੇਜ ਦਿੱਤਾ ਜਾਵੇ।

ਯਾਤਰੀ ਭੁੱਖੇ ਸਨ ਤੇ ਸਵੇਰੇ ਚੱਲਣ ਸਮੇਂ ਕੇਵਲ ਚਾਹ ਹੀ ਪੀ ਕੇ ਤੁਰ ਪਏ ਸਨ। ਕਿਉਂਕਿ ਉਨ੍ਹਾਂ ਦਾ ਜਤਨ ਹੁੰਦਾ ਹੈ ਕਿ ਪਹਿਲਾਂ ਪਹੁੰਚ ਕੇ ਗੱਡੀ ਵਿਚ ਚੰਗੀਆਂ ਸੀਟਾਂ ਹਾਸਲ ਕਰ ਲਈਆਂ ਜਾਣ। ਸਥਿਤੀ ਨੂੰ ਭਾਂਪਦਿਆਂ ਮੈਂ ਲੰਗਰ ਨਾਲ ਸੰਬੰਧਤ ਸਟਾਫ ਨੂੰ ਲੰਗਰ ਤਿਆਰ ਕਰਨ ਲਈ ਟਾਂਗਿਆਂ 'ਤੇ ਗੁਰਦੁਆਰਾ ਡੇਰਾ ਸਾਹਿਬ ਲਈ ਤੋਰ ਦਿੱਤਾ। ਚਾਰ ਵਜੇ ਦੇ ਕਰੀਬ ਐਡੀਸ਼ਨਲ ਡਿਪਟੀ ਕਮਿਸ਼ਨਰ ਲਾਹੌਰ ਨੇ ਆ ਕੇ ਕਿਹਾ ਕਿ ਭਾਰਤ ਸਰਕਾਰ ਦੀ

ਬੇਨਤੀ 'ਤੇ ਅਸੀਂ ਤੁਹਾਡਾ ਦੋ ਦਿਨਾਂ ਲਈ ਵੀਜ਼ਾ ਵਧਾ ਦਿੱਤਾ ਹੈ। ਯਾਤਰੀਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਗੱਡੀ ਭਾਰਤ ਜਾਣ ਦੀ ਬਜਾਏ ਰੇਲਵੇ ਸਟੇਸ਼ਨ ਬਦਾਮੀ ਬਾਗ ਲਈ ਚੱਲਣ ਲੱਗੀ ਹੈ ਤਾਂ ਕੁਝ ਜਜ਼ਬਾਤੀ ਨੌਜਵਾਨ ਰੇਲ ਦੀ ਪਟੜੀ 'ਤੇ ਲੰਮੇ ਪੈ ਗਏ ਅਤੇ ਮੰਗ ਕੀਤੀ ਕਿ ਗੱਡੀ ਅਟਾਰੀ ਵੱਲ ਤੋਰੀ ਜਾਵੇ। ਮੇਰੇ ਨਾਲ ਸ. ਗੁਰਦੇਵ ਸਿੰਘ ਸ਼ਾਂਤ ਪਾਰਟੀ ਲੀਡਰ ਉਨ੍ਹਾਂ ਪਾਸ ਗਏ ਅਤੇ ਸਾਰੇ ਹਾਲਾਤ ਦੱਸ ਕੇ ਸਮਝਾਉਣ ਦਾ ਜਤਨ ਕੀਤਾ ਪਰ ਅੜੀਅਲਪੁਣੇ ਦੀ ਹੱਦੋਂ ਟੱਪੇ ਨੌਜਵਾਨ, ਸਾਡੀ ਗੱਲ ਮੰਨਣ ਦੀ ਥਾਂ ਹੋਰ ਗਰਮ ਹੋ ਗਏ। ਸਾਡੇ ਪਾਸ ਡਿਊਟੀ ਮੈਜਿਸਟਰੇਟ ਪੁਲਿਸ ਅਧਿਕਾਰੀਆਂ ਸਮੇਤ ਖੜ੍ਹਾ ਸੀ। ਉਸ ਨੇ ਸਾਨੂੰ ਕਿਹਾ ਕਿ ਸਰਦਾਰ ਜੀ, ਤੁਸੀਂ ਹੁਣ ਪਿੱਛੇ ਹਟ ਜਾਓ, ਮੈਂ ਇਨ੍ਹਾਂ ਨਾਲ ਗੱਲ ਕਰਦਾ ਹਾਂ। ਸਾਡੇ ਪਿੱਛੇ ਹੱਟਣ 'ਤੇ ਉਸ ਨੇ ਨੌਜਵਾਨਾਂ ਨੂੰ ਕਿਹਾ ਕਿ ਤੁਸੀਂ ਇਸ ਸਮੇਂ ਸਾਡੇ ਮਹਿਮਾਨ ਹੋ ਇਸ ਲਈ ਮੇਰੀ ਬੇਨਤੀ ਮੰਨ ਕੇ ਪਟੜੀ ਖਾਲੀ ਕਰ ਦਿਓ। ਨਰਮੀ ਦਾ ਅਸਰ ਨਾ ਵੇਖ, ਉਸ ਨੇ ਦੁਬਾਰਾ ਕਿਹਾ ਕਿ ਪਾਕਿਸਤਾਨ ਵਿਚ ਭਾਰਤ ਦਾ ਕਾਨੂੰਨ ਨਹੀਂ ਚੱਲਦਾ। ਇੱਥੇ ਜਨਾਬ ਜਨਰਲ ਮੁਹੰਮਦ ਜ਼ਿਆ-ਉਲ-ਹੱਕ ਦਾ ਕਾਨੂੰਨ ਲਾਗੂ ਹੈ। ਜੇਕਰ ਤੁਸੀਂ ਤਿੰਨ ਮਿੰਟ ਦੇ ਅੰਦਰ-ਅੰਦਰ ਪਟੜੀ ਤੋਂ ਨਾ ਉਠੇ ਤਾਂ ਮੈਂ ਪੁਲੀਸ ਨੂੰ ਹੁਕਮ ਦੇ ਦਿਆਂਗਾ ਕਿ ਤੁਹਾਡੇ ਨਾਲ ਵੀ ਉਹੀ ਸਲੂਕ ਕਰਨ ਜੋ ਇਸ ਸਮੇਂ ਪਾਕਿਸਤਾਨੀ ਸ਼ਹਿਰੀਆਂ ਨਾਲ ਕਰਦੇ ਹਨ। ਇਹ ਗੱਲ ਕਹਿਣ ਦੀ ਦੇਰ ਸੀ ਕਿ ਇਕ ਮਿੰਟ ਤੋਂ ਵੀ ਪਹਿਲਾਂ ਪਟੜੀ ਖਾਲੀ ਹੋ ਗਈ ਅਤੇ ੧੨-੩੦ ਵਜੇ ਦੇ ਕਰੀਬ ਗੱਡੀ ਵਾਪਸ ਬਦਾਮੀ ਬਾਗ ਲਈ ਚੱਲ ਪਈ।

ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਆਰਥਿਕ ਸਮੱਸਿਆ ਖੜ੍ਹੀ ਹੋ ਗਈ। ਯਾਤਰੀ ਆਪਣੇ ਬੱਚਿਆਂ ਦੇ ਖਰਚੇ ਲਈ ਰਕਮ ਚਾਹੁੰਦੇ ਸਨ—ਗੱਲ ਉਨ੍ਹਾਂ ਦੀ ਠੀਕ ਸੀ, ਬੱਚਿਆਂ ਦੀ ਜ਼ਿੱਦ ਪੂਰੀ ਕਰਨ ਅਥਵਾ ਛੋਟੇ ਬੱਚਿਆਂ ਲਈ ਲੋੜ ਪੈਣ 'ਤੇ ਦੁੱਧ ਆਦਿ ਦਾ ਪ੍ਰਬੰਧ ਕਰਨ ਲਈ ਹੱਕ ਬਾਜਬ ਸਨ। ਜਥੇ ਵਿਚ ਜਨਰਲ ਪ੍ਰਬੰਧਕ ਹੋਣ ਕਰਕੇ ਸਾਰਾ ਘੇਰਾ ਮੇਰੇ ਦੁਆਲੇ ਸੀ ਜਿਸ ਕਰਕੇ ਮੈਂ ਅੰਬੈਂਸੀ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਾਸਪੋਰਟਾਂ ਦੀ ਗਰੰਟੀ 'ਤੇ ਘੱਟੋ-ਘੱਟ ਸੌ-ਸੌ ਰੁਪਏ ਦੇ ਦੇਣ। ਪਰ ਉਹ ਅਜਿਹਾ ਕਰਨ ਦੀ ਸਾਰੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ 'ਤੇ ਸੁੱਟ ਕੇ ਕਰਜ਼ ਦੇ ਰੂਪ ਵਿਚ ਸ਼੍ਰੋਮਣੀ ਕਮੇਟੀ ਨੂੰ ਰਕਮ ਦੇਣ ਲਈ ਤਿਆਰ ਸਨ। ਚੂੰਕਿ ਸਾਰੇ ਭਾਰਤ ਵਿੱਚੋਂ ਆਏ ਯਾਤਰੂਆਂ ਤੋਂ ਸਾਨੂੰ ਰਕਮ ਵਾਪਸ ਮਿਲਣੀ ਮੁਸ਼ਕਲ ਸੀ ਇਸ ਲਈ ਸਾਡਾ ਜ਼ੋਰ ਯਾਤਰੀਆਂ ਨੂੰ ਸਿੱਧੇ ਤੌਰ 'ਤੇ ਅੰਬੈਂਸੀ ਵੱਲੋਂ ਰਕਮ ਦੇਣ 'ਤੇ ਸੀ ਪਰ ਗੱਲ ਕਿਸੇ ਪਾਸੇ ਨਾ ਲੱਗੀ।

ਪਾਰਟੀ ਲੀਡਰ ਨੂੰ ਨਾਲ ਲੈ ਕੇ ਮੈਂ ਅਤੇ ਪ੍ਰਿੰਸੀਪਲ ਪ੍ਰਕਾਸ਼ ਸਿੰਘ ਏਅਰ ਇੰਡੀਆ ਦੇ ਦਫਤਰ ਫਸਟ ਸੈਕਟਰੀ ਮਿਸਟਰ ਨਈਅਰ ਕੋਲ ਗਏ ਜਿੱਥੇ ਇਸਲਾਮਾਬਾਦ ਤੋਂ ਹੋਰ ਜ਼ਿੰਮੇਵਾਰ ਅਧਿਕਾਰੀ ਵੀ ਆ ਗਏ ਸਨ। ਅਸਾਂ ਕਿਹਾ ਕਿ ਸਾਨੂੰ ਹੰਗਾਮੀ ਹਾਲਤ ਵਿਚ ਮਿਥੇ ਸਮੇਂ ਤੋਂ ਵਾਧੂ ਰੋਕਿਆ ਗਿਆ ਹੈ, ਇਸ ਲਈ ਵਾਧੂ ਸਮਾਂ ਰੁਕਣ ਤੀਕ ਸਾਡਾ ਲੰਗਰ ਆਦਿ ਦਾ ਖਰਚ ਵੀ ਤੁਹਾਨੂੰ ਕਰਨਾ ਚਾਹੀਦਾ ਹੈ ਪਰ ਉਹ ਇਕ ਹੀ ਗੱਲ ਕਹਿੰਦੇ ਸਨ ਕਿ ਅਸੀਂ ਕਰਜ਼ ਤਾਂ ਦੇ ਦੇਵਾਂਗੇ ਪਰ ਸਾਢੇ ਤਿੰਨ ਹਜ਼ਾਰ ਰੁਪਏ ਪ੍ਰਤੀ ਦਿਨ ਦਾ ਰਾਸ਼ਨ ਦੇਣ ਲਈ ਤਿਆਰ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਰਕਮ ਭਾਵੇਂ ਇਸ ਤੋਂ ਵੀ ਘੱਟ ਖਰਚ ਹੋਵੇ ਪਰ ਲੰਗਰ ਦਾ ਸਾਰਾ ਰਾਸ਼ਨ ਹੀ ਖਰੀਦ ਦੇਣ। ਪਰ ਅੰਬੈਂਸੀ ਦੇ ਅਧਿਕਾਰੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ। ਦੂਜੇ ਪਾਸੇ ਪਾਕਿਸਤਾਨ ਟੀ.ਵੀ. ਅਤੇ ਰੇਡੀਓ ਪ੍ਰਸਾਰਨਾਂ ਤੋਂ ਇਹ ਪਤਾ ਲੱਗ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜ ਵੱਲੋਂ ਹਮਲਾ ਕੀਤਾ ਗਿਆ ਹੈ। ਸੰਗਤਾਂ

ਦੇ ਮਨ ਇਹ ਸੁਣ ਕੇ ਅਤਿਅੰਤ ਦੁਖੀ ਸਨ। ਸ਼ਾਮ ਨੂੰ ਸੱਤ ਵਜੇ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਇਕੱਠੇ ਕਰ ਕੇ ਸਾਰੇ ਹਾਲਾਤ 'ਤੇ ਵਿਚਾਰ ਕਰਨ ਲਈ ਦੀਵਾਨ ਸਜਾਇਆ ਗਿਆ ਜਿਸ ਵਿਚ ਭਾਰਤੀ ਅੰਬੈਂਸੀ ਦੇ ਅਤੇ ਵਕਫ ਬੋਰਡ ਦੇ ਉੱਚ ਅਧਿਕਾਰੀ ਹਾਜ਼ਰ ਸਨ। ਸ. ਗੁਰਦੇਵ ਸਿੰਘ ਸ਼ਾਂਤ ਪਾਰਟੀ ਲੀਡਰ ਵੱਲੋਂ ਸੰਗਤਾਂ ਨੂੰ ਸਥਿਤੀ ਤੋਂ ਜਾਣੂ ਕਰਾ ਕੇ ਦੁਖਦਾਈ ਘੜੀ ਵਿਚ ਸੰਜਮ 'ਚ ਰਹਿਣ ਅਤੇ ਪ੍ਰਬੰਧਕਾਂ ਨੂੰ ਮਿਲਵਰਤਨ ਕਰਨ ਦੀ ਅਪੀਲ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫੌਜੀ ਹਮਲੇ ਕਰਕੇ ਸਾਰਿਆਂ ਦੇ ਦੁਖੀ ਹਿਰਦੇ ਪੀੜਤ ਤੇ ਵਲੂੰਧਰੇ ਹੋਏ ਸਨ ਅਤੇ ਅੰਬੈਂਸੀ ਦੇ ਅਧਿਕਾਰੀਆਂ ਦਾ ਰਵੱਈਆ ਵੇਖ ਕੇ ਭਾਰਤ ਸਰਕਾਰ ਵਿਰੁੱਧ ਨਫ਼ਰਤ ਦਾ ਮਾਹੌਲ ਬਣ ਗਿਆ ਸੀ ਇਸ ਲਈ ਪਾਰਟੀ ਲੀਡਰ ਅਤੇ ਜਥੇ ਵਿਚ ਸ਼ਾਮਲ ਪਤਵੰਤਿਆਂ ਨਾਲ ਮਸ਼ਵਰਾ ਕਰਨ ਪਿੱਛੋਂ ਮੈਂ ਇਹ ਗੱਲ ਸੰਗਤ ਵਿਚ ਕਹੀ ਕਿ ਰੋਸ ਵਜੋਂ ਅਸੀਂ ਭਾਰਤ ਸਰਕਾਰ ਦੀ ਲੰਗਰ ਦੀ ਸਹਾਇਤਾ ਨਹੀਂ ਲਵਾਂਗੇ ਅਤੇ ਨਾ ਹੀ ਪਾਕਿਸਤਾਨ ਸਰਕਾਰ ਪਾਸੋਂ ਮੰਗ ਕਰਾਂਗੇ। ਲੰਗਰ ਦਾ ਪ੍ਰਬੰਧ ਆਪਣੇ ਅਸਰ-ਰਸੂਖ ਦੀ ਵਰਤੋਂ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਚੂੰਕਿ ਸੰਗਤਾਂ ਦੀ ਮੰਗ ਸੀ ਕਿ ਉਹ ਕਿਸੇ ਹਾਲਤ ਵਿਚ ਵੀ ਵਾਪਸ ਆਪਣੇ ਪਰਵਾਰਾਂ ਵਿਚ ਜਾ ਕੇ ਮੁਸੀਬਤ ਦਾ ਟਾਕਰਾ ਰਲ਼-ਮਿਲ ਕੇ ਕਰਨ ਦੇ ਖਾਹਿਸ਼ਮੰਦ ਹਨ। ਇਹ ਗੱਲ ਸੁਭਾਵਕ ਤੌਰ 'ਤੇ ਦਰੁਸਤ ਵੀ ਸੀ। ਇਸ ਲਈ ਜਥੇ ਦਾ ਵੀਜ਼ਾ ਐਕਸਟੈਂਡ ਕਰਨ 'ਤੇ ਪਾਕਿਸਤਾਨ ਸਰਕਾਰ 'ਤੇ ਵੀ ਰੋਸ ਪ੍ਰਗਟ ਕੀਤਾ। ਵਕਫ ਬੋਰਡ ਦੇ ਡਿਪਟੀ ਐਡਮਨਿਸਟਰੇਟਰ ਮੌਲਵੀ ਮਹਿਮੂਦ ਉਲ ਹਸਨ ਨੇ ਉੱਤਰ ਵਿਚ ਬੋਲਦਿਆਂ ਕਿਹਾ ਕਿ ਉਸ ਨੂੰ ਡੀ.ਸੀ. ਲਾਹੌਰ ਵੱਲੋਂ ਸਿੱਖ ਭਰਾਵਾਂ ਨੂੰ ਅਪੀਲ ਕਰਨ ਲਈ ਹੁਕਮ ਹੋਇਆ ਹੈ ਕਿ ਲਾਹੌਰ ਸ਼ਹਿਰ ਦੇ ਮੇਅਰ ਨੇ ਸ਼ਹਿਰੀਆਂ ਵੱਲੋਂ ਇਸ ਔਖੀ ਘੜੀ ਵਿਚ ਹਮਦਰਦੀ ਦਾ ਸੁਨੇਹਾ ਭੇਜਿਆ ਹੈ ਅਤੇ ਗੁਜ਼ਾਰਿਸ਼ ਕੀਤੀ ਹੈ ਕਿ ਸਿੱਖ ਭਰਾ ਸਾਡੇ ਮਹਿਮਾਨ ਹਨ ਅਤੇ ਜਿੰਨਾ ਚਿਰ ਇੱਥੇ ਠਹਿਰਨਗੇ ਅਸੀਂ ਆਪਣੇ ਮਹਿਮਾਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਾਂਗੇ, ਇਸ ਵਿਚ ਸਰਕਾਰ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੋਵੇਗੀ। ਪਾਰਟੀ ਲੀਡਰ ਦੀ ਸਲਾਹ ਨਾਲ ਮੈਂ ਉੱਤਰ ਦਿੱਤਾ ਕਿ ਸ਼ਹਿਰ ਵਾਸੀਆਂ ਵੱਲੋਂ ਵਿਖਾਈ ਹਮਦਰਦੀ ਅਤੇ ਲੰਗਰ ਦੀ ਪੇਸ਼ਕਸ਼ ਲਈ ਅਸੀਂ ਧੰਨਵਾਦ ਕਰਦੇ ਹਾਂ ਅਤੇ ਇਹ ਪੇਸ਼ਕਸ਼ ਪ੍ਰਵਾਨ ਕਰਦੇ ਹਾਂ। ਸੰਗਤਾਂ ਨੇ ਜੈਕਾਰੇ ਬੁਲਾ ਕੇ ਇਸ ਦੀ ਪੁਸ਼ਟੀ ਕੀਤੀ। ਮੈਂ ਅੱਗੇ ਬੋਲਦਿਆਂ ਕਿਹਾ ਕਿ ਹਾਲ ਦੀ ਘੜੀ ਅਸੀਂ ਕੰਮ ਚਲਾ ਰਹੇ ਹਾਂ, ਲੋੜ ਪੈਣ 'ਤੇ ਸ਼ਹਿਰ ਨਿਵਾਸੀ ਭਰਾਵਾਂ ਦੀਆਂ ਸੇਵਾਵਾਂ ਪ੍ਰਾਪਤ ਕਰ ਲਈਆਂ ਜਾਣਗੀਆਂ। ਦੀਵਾਨ ਵਿਚ ਹਾਜ਼ਰ ਭਾਰਤੀ ਸਫ਼ਾਰਤਖ਼ਾਨੇ ਦੇ ਅਧਿਕਾਰੀਆਂ ਨੇ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਅਤੇ ਕਿਹਾ ਕਿ ਉਹ ਸਾਡੀ ਗੱਲ ਭਾਰਤੀ ਰਾਜਦੂਤ ਨਾਲ ਕਰਵਾ ਦੇਣਗੇ ਕਿਉਂਕਿ ਉਹ ਆਪ ਕੋਈ ਫ਼ੈਸਲਾ ਨਹੀਂ ਲੈ ਸਕਦੇ।

ਸ. ਗੁਰਦੇਵ ਸਿੰਘ ਸ਼ਾਂਤ ਪਾਰਟੀ ਲੀਡਰ ਜੋ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਵੀ ਸਨ, ਉਹ ਮੈਨੂੰ ਅਤੇ ਸ. ਪ੍ਰਕਾਸ਼ ਸਿੰਘ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨੂੰ ਲੈ ਕੇ ਫਸਟ ਸੈਕਟਰੀ ਨਾਲ ਇੰਡੀਅਨ ਏਅਰ ਲਾਈਨਜ਼ ਦੇ ਦਫ਼ਤਰ ਵਿਚ ਗਏ। ਉੱਥੋਂ ਪਤਾ ਲੱਗਾ ਕਿ ਸਫ਼ਾਰਤਖ਼ਾਨੇ ਦਾ ਕੋਈ ਉੱਚ ਅਧਿਕਾਰੀ ਕਿਸੇ ਪੰਜ ਤਾਰਾ ਹੋਟਲ ਵਿਚ ਪਹੁੰਚ ਚੁੱਕਾ ਹੈ। ਅਸੀਂ ਸਾਰੇ ਹੋਟਲ ਵਿਚ ਪਹੁੰਚੇ ਅਤੇ ਸੰਬੰਧਿਤ ਅਧਿਕਾਰੀ ਨੂੰ ਜਥੇ ਦੀਆਂ ਮੁਸ਼ਕਿਲਾਂ ਦੀ ਜਾਣਕਾਰੀ ਦਿੱਤੀ ਅਤੇ ਸਪਸ਼ਟ ਤੌਰ 'ਤੇ ਕਿਹਾ ਕਿ ਇਹ ਸਾਡੇ ਲਈ ਕੈਦ ਤੋਂ ਛੁਟ ਕੁਝ ਨਹੀਂ। ਹੁਣ ਅਸੀਂ ਆਪਣੇ ਆਪ ਨੂੰ ਯਾਤਰੀ ਮਹਿਸੂਸ ਨਹੀਂ ਕਰ ਰਹੇ ਸਗੋਂ ਕੈਦੀ ਸਮਝ ਰਹੇ ਹਾਂ।

ਉਸ ਨੇ ਕਿਹਾ ਕਿ ਉਹ ਸਾਡੀ ਗੱਲ ਸ੍ਰੀ ਕੇ. ਡੀ. ਸ਼ਰਮਾ ਰਾਜਦੂਤ ਨਾਲ ਕਰਾ ਦੇਵੇਗਾ। ਕਾਫ਼ੀ ਦੇਰ ਪਿੱਛੋਂ ਸ਼ਰਮਾ ਜੀ ਨਾਲ ਸੰਪਰਕ ਹੋਇਆ। ਮੈਂ ਉਸ ਨਾਲ ਗੱਲਬਾਤ ਸਮੇਂ ਕਿਹਾ ਕਿ ਅਸੀਂ ਭਾਰਤੀ ਨਾਗਰਿਕ ਹਾਂ। ਐਸੀ ਹਾਲਤ ਵਿਚ ਜਥੇ ਨੂੰ ਇੱਥੇ ਰੋਕਣਾ ਭਾਰਤ ਦੀ ਬੇਇੱਜ਼ਤੀ ਵਾਲੀ ਗੱਲ ਹੈ; ਵੱਡੀਆਂ-ਵੱਡੀਆਂ ਜੰਗਾਂ ਵਿਚ ਵੀ ਹਰ ਮੁਲਕ ਆਪਣੇ ਸ਼ਹਿਰੀ ਨੂੰ ਦੁਸ਼ਮਣ ਦੇਸ਼ਾਂ ਵਿੱਚੋਂ ਮੰਗ ਕਰ ਕੇ ਸੁਰੱਖਿਅਤ ਆਪਣੇ ਦੇਸ਼ ਵਿਚ ਲਿਆਉਂਦੇ ਹਨ। ਹੁਣ ਕਿਹੜੀ ਜੰਗ ਲੱਗੀ ਹੋਈ ਹੈ ਕਿ ਸਾਨੂੰ ਇੱਥੇ ਕੈਦੀ ਬਣਾਇਆ ਗਿਆ ਹੈ ? ਜੇਕਰ ਕੈਦੀ ਹੀ ਬਣਾਉਣਾ ਹੈ ਤਾਂ ਘੱਟੋ-ਘੱਟ ਆਪਣੇ ਦੇਸ਼ ਵਿਚ ਤਾਂ ਰੱਖਿਆ ਜਾ ਸਕਦਾ ਹੈ ! ਮੇਰੀ ਜਜ਼ਬਾਤ ਭਰੀ ਗੱਲ ਸੁਣ ਕੇ ਉਸ ਨੇ ਧੀਰਜ ਵਰਤਣ ਲਈ ਕਿਹਾ ਅਤੇ ਭਰੋਸਾ ਦਿੱਤਾ ਕਿ ਉਹ ਛੇਤੀ ਹੀ ਜਥੇ ਦੀ ਵਾਪਸੀ ਦਾ ਪ੍ਰਬੰਧ ਕਰੇਗਾ ਅਤੇ ਆਪਣੇ ਵੱਲੋਂ ਹਰ ਸੰਭਵ ਜਤਨ ਕਰੇਗਾ। ਉਸ ਨੇ ਦੱਸਿਆ ਕਿ ਟੈਲੀਫੋਨ ਰਾਹੀਂ ਭਾਰਤ ਸਰਕਾਰ ਨਾਲ ਸੰਪਰਕ ਨਹੀਂ ਹੋ ਰਿਹਾ। ਟੈਲਕਸ ਰਾਹੀਂ ਮੈਸਜ਼ ਭੇਜਿਆ ਹੈ, ਉੱਤਰ ਉਡੀਕ ਰਿਹਾ ਹਾਂ; ਦੂਤ-ਘਰ ਦੇ ਅਧਿਕਾਰੀ ਹਰ ਸਮੇਂ ਤੁਹਾਡੇ ਪਾਸ ਹਾਜ਼ਰ ਰਹਿਣਗੇ। ਮੈਂ ਉਸ ਨੂੰ ਫਿਰ ਕਿਹਾ ਕਿ ਜਿੱਥੇ ਯਾਤਰੀ ਪਰੇਸ਼ਾਨ ਹਨ, ਇਸੇ ਤਰ੍ਹਾਂ ਭਾਰਤ ਵਿਚ ਉਨ੍ਹਾਂ ਦੇ ਪਰਵਾਰ ਵੀ ਫ਼ਿਕਰਮੰਦ ਹੋਣਗੇ। ਇਸ ਲਈ ਭਾਰਤੀ ਟੀ. ਵੀ. ਰਾਹੀਂ ਘੱਟੋ-ਘੱਟ ਇਹ ਜਾਣਕਾਰੀ ਤਾਂ ਭੇਜੀ ਜਾ ਸਕਦੀ ਹੈ ਕਿ ਮਜਬੂਰਨ ਜਥੇ ਦੇ ਯਾਤਰੀਆਂ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਰੋਕ ਲਿਆ ਗਿਆ ਹੈ ਅਤੇ ਇਹ ਸਭ ਸੁਰੱਖਿਅਤ ਹਨ। ਸਫੀਰ ਨੇ ਅਜਿਹਾ ਕਰਨ ਲਈ ਟੈਲਕਸ ਭੇਜਣ ਦਾ ਭਰੋਸਾ ਤਾਂ ਦੇ ਦਿੱਤਾ ਪਰ ਇਹ ਨਹੀਂ ਦੱਸਿਆ ਕਿ ਪੰਜਾਬ ਨਾਲੋਂ ਸਾਰੇ ਸੰਪਰਕ ਤੋੜ ਦਿੱਤੇ ਗਏ ਹਨ।

ਕੁਝ ਸਮੇਂ ਬਾਅਦ ਹੋਟਲ ਵਿਚ ਹੀ ਸਾਨੂੰ ਟੈਲਕਸ ਮੈਸਜ਼ ਵਿਖਾਇਆ ਗਿਆ ਜਿਸ ਦਾ ਅਰਥ ਸੀ ਕਿ ਸਾਰੇ ਸਿੱਖ ਯਾਤਰੀ ਐਜੀਟੇਟਰ ਹਨ ਇਸ ਲਈ ਉਨ੍ਹਾਂ ਨੂੰ ਇੱਥੇ ਰੋਕਣਾ ਠੀਕ ਨਹੀਂ। ਅਸੀਂ ਕਿਹਾ ਕਿ ਸਾਡੀ ਮਜਬੂਰੀ ਨੂੰ ਵੀ ਤੁਸਾਂ ਮਹਿਸੂਸ ਨਾ ਕਰ ਕੇ ਸਾਡੀਆਂ ਭਾਵਨਾਵਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਸਾਨੂੰ ਖਾਣੇ ਦੀ ਪੇਸ਼ਕਸ਼ ਕੀਤੀ ਪਰ ਅਸੀਂ ਕਿਹਾ ਕਿ ਕੇਵਲ ਲੰਗਰ ਦਾ ਪਰਸ਼ਾਦਾ ਹੀ ਛਕਾਂਗੇ।

੫ ਜੂਨ, ੧੯੮੪ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਆਸਾ ਕੀ ਵਾਰ ਦਾ ਭੋਗ ਪੈਣ ਉਪਰੰਤ ਮੌਲਵੀ ਮਹਿਮੂਦ ਨੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਕਿ ਪਾਕਿਸਤਾਨ ਸਰਕਾਰ ਨੇ ਸਿੱਖ ਯਾਤਰੀ ਜਥੇ ਦੀਆਂ ਭਾਵਨਾਵਾਂ/ਜਜ਼ਬਾਤਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਹੈ ਅਤੇ ਭਾਰਤੀ ਰਾਜਦੂਤ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਯਾਤਰੀਆਂ ਦੇ ਵੀਜ਼ੇ ਵਿਚ ਪਹਿਲਾਂ ਕੀਤੇ ਦੋ ਦਿਨਾਂ ਦੇ ਵਾਧੇ ਉਪਰੰਤ ਹੋਰ ਵੀਜ਼ਾ ਨਹੀਂ ਵਧਾਉਣਗੇ ਜਿਸ ਕਰਕੇ ਹੋਏ ਫ਼ੈਸਲੇ ਅਨੁਸਾਰ ੬ ਜੂਨ ਨੂੰ ਸਵੇਰੇ ਹਰ ਹਾਲਤ ਵਿਚ ਯਾਤਰੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਜਾਵੇਗਾ। ਇਹ ਸੁਣ ਕੇ ਸੰਗਤਾਂ ਨੇ ਜੈਕਾਰਾ ਬੁਲਾ ਕੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਕਈ ਯਾਤਰੀ ਵੀਜ਼ਾ ਪ੍ਰਾਪਤ ਕਰਨ ਉਪਰੰਤ ਕਿਸੇ ਘਰੇਲੂ ਮਜਬੂਰੀ ਕਾਰਨ ਜਥੇ ਨਾਲ ਨਹੀਂ ਆ ਸਕੇ ਸਨ, ਹਾਲਾਂਕਿ ਉਨ੍ਹਾਂ ਲਈ ਨਿਯਤ ਕਰੰਸੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਪਾਸ ਮੌਜੂਦ ਸੀ— ਇਹ ਬਚੇ ਹੋਏ ਟਰੈਵਲਿੰਗ ਚੈੱਕ ਕੈਸ਼ ਕਰਵਾ ਕੇ ਲੰਗਰ ਦਾ ਪ੍ਰਬੰਧ ਭਲੀ-ਭਾਂਤ ਨੇਪਰੇ ਚੜ੍ਹ ਗਿਆ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸੰਗਤਾਂ ਨੂੰ ਪਾਰਟੀ ਲੀਡਰ ਵੱਲੋਂ ਬੇਨਤੀ ਕੀਤੀ ਗਈ ਕਿ ੬ ਜੂਨ ਨੂੰ ਗੁਰਦੁਆਰਾ ਸਾਹਿਬ ਤੋਂ ਤੁਰਨ ਤੋਂ ਘੱਟੋ-ਘੱਟ ਦੁਪਹਿਰ ਦਾ ਲੰਗਰ ਸਾਰੇ ਆਪਣੇ ਨਾਲ ਲੈ ਕੇ ਚੱਲਣ ਅਤੇ ਲੰਗਰ ਤਿਆਰ ਕਰਨ ਲਈ ਵੀ ਪ੍ਰਬੰਧਕਾਂ ਨੂੰ ਸਹਿਯੋਗ ਦੇਣ। ਸੰਗਤਾਂ ਵੱਲੋਂ

ਪੂਰਾ ਮਿਲਵਰਤਨ ਮਿਲਿਆ ਅਤੇ ਜਥੇ ਵਿਚ ਸ਼ਾਮਲ ਬੀਬੀਆਂ ਨੇ ਲੰਗਰ ਪਕਾਉਣ ਵਿਚ ਵਧ-ਚੜ੍ਹ ਕੇ ਕੰਮ ਕੀਤਾ। ਸਾਰੇ ਯਾਤਰੀਆਂ ਨੇ ਦੁਪਹਿਰ ਨੂੰ ਛਕਣ ਲਈ ਲੰਗਰ ਵਿਚ ਪਰਸ਼ਾਦੇ, ਸਬਜ਼ੀ, ਆਚਾਰ ਆਦਿ ਲੈ ਲਿਆ।

੬ ਜੂਨ ਨੂੰ ਦੁਪਹਿਰੇ ਇਕ ਵਜੇ ਦੇ ਕਰੀਬ ਵਾਹਗਾ ਰੇਲਵੇ ਸਟੇਸ਼ਨ ਤੋਂ ਅਟਾਰੀ ਲਈ ਗੱਡੀ ਚੱਲੀ ਤਾਂ ਕੰਡਿਆਲੀ ਤਾਰ ਵਾਲੀ ਥਾਂ 'ਤੇ ਲੋਹੇ ਦੇ ਗੇਟ 'ਤੇ ਗੱਡੀ ਰੁਕ ਗਈ ਕਿਉਂਕਿ ਗੇਟ ਦੇ ਤਾਲੇ ਦੀ ਚਾਬੀ ਇਸ ਸਮੇਂ ਤੀਕ ਨਹੀਂ ਪੁੱਜੀ ਸੀ। ਤਕਰੀਬਨ ਅੱਧੇ ਘੰਟੇ ਦੀ ਉਡੀਕ ਪਿੱਛੋਂ ਗੱਡੀ ਅਟਾਰੀ ਰੇਲਵੇ ਸਟੇਸ਼ਨ ਲਈ ਚੱਲੀ ਤਾਂ ਰੇਲਵੇ ਲਾਈਨ ਦੇ ਦੋਵੇਂ ਪਾਸਿਆਂ 'ਤੇ ਜਗ੍ਹਾ-ਜਗ੍ਹਾ 'ਤੇ ਫੌਜੀ ਸਿਪਾਹੀ ਖੜ੍ਹੇ ਸਨ। ਗੱਡੀ ਹੌਲੀ-ਹੌਲੀ ਚੱਲਦੀ ਦੋ ਵਜੇ ਦੇ ਕਰੀਬ ਅਟਾਰੀ ਪਹੁੰਚੀ ਤਾਂ ਲਾਊਡ ਸਪੀਕਰ ਰਾਹੀਂ ਅਵਾਜ਼ ਆਈ ਕਿ ਗੱਡੀ ਵਿੱਚੋਂ ਕੋਈ ਵੀ ਬਾਹਰ ਨਾ ਨਿਕਲੇ। ਕੁਝ ਚਿਰ ਬਾਅਦ ਸਾਮਾਨ ਤੋਂ ਬਿਨਾਂ ਯਾਤਰੀਆਂ ਨੂੰ ਗੱਡੀ ਖਾਲੀ ਕਰਨ ਲਈ ਕਿਹਾ ਗਿਆ। ਪਲੇਟਫਾਰਮ 'ਤੇ ਇਮੀਗਰੇਸ਼ਨ ਵਿਭਾਗ ਦੀ ਪੁਲੀਸ, ਕਸਟਮ ਅਧਿਕਾਰੀਆਂ ਤੋਂ ਇਲਾਵਾ ਫੌਜ ਵੀ ਡਿਊਟੀ ਉੱਪਰ ਸੀ। ਇਮੀਗਰੇਸ਼ਨ ਦਰਜ ਕਰਨ ਲਈ ਯਾਤਰੀ ਆਪਣੇ ਨਿਯਤ ਕਾਊਂਟਰਾਂ 'ਤੇ ਚਲੇ ਗਏ। ਡਿਊਟੀ 'ਤੇ ਹਾਜ਼ਰ ਪੁਲੀਸ ਕਰਮਚਾਰੀ ਜ਼ੁਬਾਨ ਨਹੀਂ ਖੋਲ੍ਹ ਰਹੇ ਸਨ ਕਿਉਂਕਿ ਉਨ੍ਹਾਂ ਦੇ ਨਾਲ ਫੌਜ ਦੇ ਅਧਿਕਾਰੀ ਵੀ ਖੜ੍ਹੇ ਸਨ। ਇਹ ਕੰਮ ਹੋਣ ਪਿੱਛੋਂ ਸਾਮਾਨ ਉਤਾਰ ਕੇ ਕਸਟਮ ਚੈੱਕ ਕਰਾਉਣ ਲਈ ਕਿਹਾ ਗਿਆ। ਕਸਟਮ ਅਧਿਕਾਰੀ ਬੜੀ ਬਾਰੀਕੀ ਨਾਲ ਸਾਮਾਨ ਦੀ ਚੈਕਿੰਗ ਕਰ ਰਹੇ ਸਨ। ਉਨ੍ਹਾਂ ਦੇ ਨਾਲ ਫੌਜੀ ਨੁਮਾਇੰਦੇ ਹਾਜ਼ਰ ਸਨ। ਸਾਮਾਨ ਦੀ ਚੈਕਿੰਗ, ਕਸਟਮ ਅਤੇ ਫੌਜੀ ਅਧਿਕਾਰੀਆਂ ਨੇ ਮਿਲ ਕੇ ਕੀਤੀ ਪਰ ਕਿਸੇ ਯਾਤਰੀ ਪਾਸੋਂ ਕੋਈ ਇਤਰਾਜ਼ਯੋਗ ਵਸਤੂ ਨਾ ਮਿਲੀ। ਇਸ ਕਾਰਵਾਈ ਦੌਰਾਨ ਦੱਬੀ ਅਵਾਜ਼ ਵਿਚ ਇਮੀਗਰੇਸ਼ਨ ਕਰਮਚਾਰੀਆਂ ਨੇ ਦੱਸਿਆ ਕਿ ਸਾਰੇ ਪੰਜਾਬ ਵਿਚ ਕਰਫ਼ਿਊ ਲੱਗਾ ਹੋਇਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਲਾਂ ਵੀ ਗੋਲਾਬਾਰੀ ਹੋ ਰਹੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇ. ਗੁਰਚਰਨ ਸਿੰਘ ਟੌਹੜਾ ਨੂੰ ਬੰਦੀ ਬਣਾ ਲਿਆ ਗਿਆ ਹੈ ਪਰ ਹੋਰ ਵੇਰਵਾ ਨਹੀਂ ਮਿਲ ਰਿਹਾ।

ਸ਼ਾਮ ੬ ਵਜੇ ਤੀਕ ਅਸੀਂ ਸਾਰੀਆਂ ਫਾਰਮੈਲਟੀਆਂ ਪੂਰੀਆਂ ਕਰ ਕੇ ਗੱਡੀ ਵਿਚ ਬੈਠ ਚੁੱਕੇ ਸਾਂ। ਸਰਕਾਰੀ ਅਧਿਕਾਰੀ ਜੋ ਆਬਜ਼ਰਵਰ ਦੀ ਡਿਊਟੀ 'ਤੇ ਸਾਡੇ ਨਾਲ ਸਨ, ਪਾਸੋਂ ਜਾਣਕਾਰੀ ਮਿਲੀ ਕਿ ਗੱਡੀ ਅੰਮ੍ਰਿਤਸਰ ਨਹੀਂ ਖੜ੍ਹੀ ਕਰ ਰਹੇ, ਪਤਾ ਨਹੀਂ ਕੀ ਪ੍ਰੋਗਰਾਮ ਹੈ ! ਰੇਲਵੇ ਸਟੇਸ਼ਨ 'ਤੇ ਪਾਣੀ ਤੋਂ ਬਿਨਾਂ ਕੋਈ ਸਟਾਲ ਨਹੀਂ ਸੀ ਕਿ ਕੁਝ ਖਾਣ-ਪੀਣ ਲਈ ਖਰੀਦਿਆ ਜਾ ਸਕੇ। ਖਾਸ ਕਰਕੇ ਬੱਚਿਆਂ ਲਈ ਬਹੁਤ ਮੁਸ਼ਕਿਲ ਨਜ਼ਰ ਆ ਰਹੀ ਸੀ। ੬-੧੫ ਵਜੇ ਯਾਤਰੀਆਂ ਨੂੰ ਆਪਣੀਆਂ ਸੀਟਾਂ 'ਤੇ ਬੈਠ ਜਾਣ ਲਈ ਹੁਕਮ ਦਿੱਤਾ ਗਿਆ ਅਤੇ ਬਾਹਰ ਫੌਜੀ ਖੜ੍ਹੇ ਕਰ ਦਿੱਤੇ ਗਏ। ੬-੩੦ ਵਜੇ ਗੱਡੀ ਅਟਾਰੀ ਰੇਲਵੇ ਸਟੇਸ਼ਨ ਤੋਂ ਚੱਲੀ ਤਾਂ ਥੋੜ੍ਹੀ ਰਫਤਾਰ ਨਾਲ ਚੱਲਦੀ ਹੋਈ ਇਕ ਘੰਟੇ ਪਿੱਛੋਂ ਅੰਮ੍ਰਿਤਸਰ ਵਿਚ ਦਾਖਲ ਹੋਈ। ਰਸਤੇ ਵਿਚ ਅਤੇ ਸ਼ਹਿਰ ਵਿਚ ਬਿਲਕੁਲ ਸੁੰਨਸਾਨ ਮਾਹੌਲ ਸੀ ਜਿਵੇਂ ਇੱਥੋਂ ਅਬਾਦੀ ਖ਼ਤਮ ਹੋ ਗਈ ਹੋਵੇ। ਅਸੀਂ ਉਸ ਸਮੇਂ ਕਾਫ਼ੀ ਹੈਰਾਨ ਸਾਂ ਜਦੋਂ ਗੱਡੀ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਪੁੱਜ ਕੇ ਤੇਜ਼ ਰਫ਼ਤਾਰ ਹੋ ਗਈ ਅਤੇ ਪਲੇਟਫਾਰਮ 'ਤੇ ਫੌਜੀ ਇਸ ਤਰ੍ਹਾਂ ਰਾਈਫਲਾਂ ਦੇ ਮੂੰਹ ਗੱਡੀ ਵੱਲ ਕਰ ਕੇ ਖੜ੍ਹੇ ਸਨ ਜਿਵੇਂ ਕੋਈ ਯਾਤਰੀ ਗੱਡੀ ਵਿੱਚੋਂ ਉਤਰੇ ਤਾਂ ਸ਼ੂਟ ਕਰ ਦਿੱਤਾ ਜਾਵੇਗਾ। ਸ਼ਹਿਰ ਤੋਂ ਬਾਹਰ ਜਾ ਕੇ ਗੱਡੀ ਦੀ ਚਾਲ ਕੁਝ ਮੱਧਮ ਹੋਈ ਅਤੇ ਇਸੇ ਤਰ੍ਹਾਂ ਬਿਨਾਂ ਕਿਤੇ ਰੁਕਣ ਦੇ ਲਗਾਤਾਰ ਅੱਠ ਘੰਟਿਆਂ ਵਿਚ ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਰੁਕੀ। ਸਾਰਾ ਰਸਤਾ ਕਿਸੇ

ਅਬਾਦੀ ਵਿਚ ਲਾਈਟ ਨਹੀਂ ਨਜ਼ਰ ਆਈ। ਹਰਿਆਣਾ ਪ੍ਰਾਂਤ ਵਿਚ ਗੱਡੀ ਦਾਖਲ ਹੋਈ ਤਾਂ ਜ਼ਿੰਦਗੀ ਦੇ ਆਸਾਰ ਨਜ਼ਰ ਆਏ। ਗਰਮੀ ਦਾ ਪੂਰਾ ਜ਼ੋਰ ਸੀ। ਯਾਤਰੀ ਪਿਆਸ ਨਾਲ ਬੇਹਾਲ ਹੋਏ ਹੋਏ ਸਨ। ਇੱਥੋਂ ਤੀਕ ਕਿ ਬਾਥਰੂਮਾਂ ਦੀਆਂ ਟੂਟੀਆਂ ਵਿੱਚੋਂ ਵੀ ਬੁੱਲ੍ਹ ਗਿੱਲੇ ਕਰਨ ਲਈ ਵੀ ਪਾਣੀ ਨਹੀਂ ਸੀ ਮਿਲ ਰਿਹਾ। ਅੰਬਾਲਾ ਜੰਕਸ਼ਨ 'ਤੇ ਗੱਡੀ ਖੜ੍ਹੀ ਹੋਈ ਤਾਂ ਇਹ ਅਨਾਊਂਸਮੈਂਟ ਹੋ ਰਹੀ ਸੀ ਕਿ ਇਹ ਗੱਡੀ ਦਿੱਲੀ ਜਾ ਕੇ ਰੁਕੇਗੀ, ਇਸ ਲਈ ਜਿਹੜੇ ਯਾਤਰੀ ਦਿੱਲੀ ਜਾਣਾ ਚਾਹੁੰਦੇ ਹਨ ਉਹ ਜਾ ਸਕਦੇ ਹਨ। ਪਰ ਜਿਨ੍ਹਾਂ ਨੇ ਪੰਜਾਬ ਵਾਪਸ ਜਾਣਾ ਹੈ ਉਹ ਉਤਰ ਜਾਣ, ਉਨ੍ਹਾਂ ਲਈ ਸਕੂਲ ਵਿਚ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ ਅਤੇ ਲੰਗਰ ਵੀ ਤਿਆਰ ਹੈ। ਕੁਝ ਵਾਲੰਟੀਅਰ ਸੇਵਾ-ਭਾਵ ਨਾਲ ਅੱਗੇ ਵਧ, ਅਜਿਹੀ ਜਾਣਕਾਰੀ ਦੇ ਰਹੇ ਸਨ ਪਰ ਸੰਗਤਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਪਹਿਲਾਂ ਖਾਣ-ਪੀਣ ਦਾ ਪ੍ਰਬੰਧ ਕਰ ਦਿਓ। ਕੁਝ ਚਿਰ ਪਿੱਛੋਂ ਪਾਣੀ ਪੀਣ ਨਾਲ ਧਰਵਾਸ ਮਿਲੀ ਤਾਂ ਅਗਲੇ ਪ੍ਰੋਗਰਾਮ ਲਈ ਸੋਚਣ ਦਾ ਮੌਕਾ ਮਿਲਿਆ। ਰਾਤ ਕਾਫ਼ੀ ਲੰਘ ਚੁੱਕੀ ਸੀ। ਇਸ ਕਰਕੇ ਪੰਜਾਬ ਵਾਸੀ ਖਾਲਸਾ ਹਾਈ ਸਕੂਲ ਵਿਚ ਬਣੇ ਕੈਂਪ ਵਿਚ ਚਲੇ ਗਏ। ਕੈਂਪ ਦੁਆਲੇ ਵੀ ਸੀ. ਆਰ. ਪੀ. ਦਾ ਪਹਿਰਾ ਸੀ।

੭ ਜੂਨ ਨੂੰ ਲੋਕਲ ਸੰਗਤਾਂ ਵੱਲੋਂ ਚਾਹ-ਪਰਸ਼ਾਦੇ ਦਾ ਪ੍ਰਬੰਧ ਸਕੂਲ ਵਿਚ ਹੀ ਕੀਤਾ ਗਿਆ। ਅਗਲੇ ਪ੍ਰੋਗਰਾਮ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲ ਰਹੀ। ਇਸ ਲਈ ਕਈ ਯਾਤਰੀ ਜੋ ਇਕੱਲੇ ਸਨ ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਪਾਸ ਚਲੇ ਗਏ ਪਰ ਇਨ੍ਹਾਂ ਨੂੰ ਹੋਰ ੧੦ ਦਿਨਾਂ ਤੀਕ ਵਾਪਸ ਘਰਾਂ ਨੂੰ ਪਰਤਣ ਦਾ ਮੌਕਾ ਨਸੀਬ ਨਹੀਂ ਸੀ ਹੋਇਆ। ਬਾਕੀ ਜਿਨ੍ਹਾਂ ਦੇ ਕੁਝ ਪਰਵਾਰ ਮੈਂਬਰ ਤਾਂ ਨਾਲ ਸਨ ਅਤੇ ਬਾਕੀ ਪੰਜਾਬ ਵਿਚ ਪਤਾ ਨਹੀਂ ਕਿਸ ਹਾਲਾਤ ਵਿਚ ਹੋਣ, ਇਸ ਸੋਚ ਵਿਚ ਹਾਲਾਤ ਦੀ ਉਡੀਕ ਕਰਨ ਲੱਗੇ। ਇਨ੍ਹਾਂ ਵਿਚ ਐਸੇ ਯਾਤਰੀ ਵੀ ਸ਼ਾਮਲ ਸਨ ਜਿਨ੍ਹਾਂ ਦਾ ਸਮੁੱਚਾ ਪਰਵਾਰ ਪਿੱਛੇ ਸੀ ਅਤੇ ਉਨ੍ਹਾਂ ਨੂੰ ਮਿਲਣ ਦੀ ਤੜਪ ਨੇ ਕਿਸੇ ਪਾਸੇ ਨਾ ਜਾਣ ਦਿੱਤਾ। ਸਾਰਾ ਦਿਨ ਅਸ਼ਾਂਤ ਮਾਹੌਲ ਵਿਚ ਲੰਘਿਆ। ਸਭ ਦੇ ਚਿਹਰੇ ਚਿੰਤਾ ਵਿਚ ਡੁੱਬੇ ਹੋਏ ਸਨ। ਦਿਨ ਬਿਤਾਉਣਾ ਮੁਸ਼ਕਿਲ ਹੋ ਰਿਹਾ ਸੀ। ਅੰਬਾਲੇ ਵਿਚ ਵੀ ਮਾਹੌਲ ਸ਼ਾਂਤ ਨਹੀਂ ਲੱਗ ਰਿਹਾ ਸੀ। ਕੋਈ ਸਿਆਸੀ ਕਾਰਕੁੰਨ ਯਾਤਰੀਆਂ ਨੂੰ ਧਰਵਾਸਾ ਦੇਣ ਨਹੀਂ ਪੁੱਜਾ। ਰਾਤ ੧੦ ਵਜੇ ਇਹ ਜਾਣਕਾਰੀ ਮਿਲੀ ਕਿ ੮ ਜੂਨ ਨੂੰ ਸਵੇਰੇ ੬-੩੦ ਵਜੇ ਬੱਸਾਂ ਰਾਹੀਂ ਯਾਤਰੀਆਂ ਨੂੰ ਵਾਪਸ ਪੰਜਾਬ ਭੇਜ ਦਿੱਤਾ ਜਾਵੇਗਾ। ਸਾਡੇ ਪਾਸੋਂ ਯਾਤਰੀਆਂ ਦੀਆਂ ਜ਼ਿਲ੍ਹੇਵਾਰ ਲਿਸਟਾਂ ਲੈ ਲਈਆਂ ਗਈਆਂ ਸਨ। ੮ ਜੂਨ ਨੂੰ ੬-੩੦ ਵਜੇ ਸਾਰੇ ਯਾਤਰੀ ੭ ਬੱਸਾਂ ਵਿਚ ਬੈਠ ਗਏ। ਪ੍ਰਬੰਧਕਾਂ ਨੇ ਬੱਸਾਂ ਵਿਚ ਹੀ ਚਾਹ ਨਾਲ ਇਕ-ਇਕ ਪਰਸ਼ਾਦਾ ਦੇ ਦਿੱਤਾ। ਇਨ੍ਹਾਂ ਬੱਸਾਂ ਵਿਚ ਫੌਜ ਦਾ ਇਕ-ਇਕ ਸਿਪਾਹੀ ਸੀ ਅਤੇ ਇਕ ਜੇ.ਸੀ.ਓ. ਕੁਝ ਜਵਾਨਾਂ ਸਮੇਤ ਵੱਖਰੀ ਗੱਡੀ ਵਿਚ ਸੀ ਜਿਸ ਦੀ ਨਿਗਰਾਨੀ ਵਿਚ ਅਸੀਂ ਜਾਣਾ ਸੀ। ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਨੇ ੪੩-੪੩ ਰੁਪਏ ਕਿਰਾਇਆ ਭਾਵ ਡਬਲ ਕਿਰਾਇਆ ਵਸੂਲ ਕੀਤਾ ਹਾਲਾਂਕਿ ਯਾਤਰੀਆਂ ਨੇ ਰੋਸ ਪ੍ਰਗਟ ਕੀਤਾ ਕਿ ਉਹ ਆਪਣੀ ਮਰਜ਼ੀ ਨਾਲ ਨਹੀਂ ਸਨ ਆਏ ਸਗੋਂ ਸਰਕਾਰ ਨੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਅੰਬਾਲੇ ਲਿਆਂਦਾ ਸੀ ਜਿਸ ਕਾਰਨ ਵਾਪਸ ਭੇਜਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਪਰ ਕਿਸੇ ਨੇ ਇਹ ਗੱਲ ਨਾ ਮੰਨੀ। ਲੱਗਭਗ ੮-੦੦ ਵਜੇ ਅੰਬਾਲਾ ਛਾਉਣੀ ਤੋਂ ਬੱਸਾਂ ਚੱਲੀਆਂ। ਸਾਡਾ ਅਨੁਮਾਨ ਸੀ ਕਿ ੧-੦੦ ਵਜੇ ਤੀਕ ਅੰਮ੍ਰਿਤਸਰ ਪਹੁੰਚ ਜਾਵਾਂਗੇ। ਪਰ ਪੰਜਾਬ ਦੇ ਬਾਰਡਰ 'ਤੇ ਪੁੱਜ ਕੇ ਪੰਜਾਬ ਵਿਚ ਦਾਖਲ ਹੋਣ ਲਈ ਕਾਫ਼ੀ ਸਮਾਂ ਬੱਸਾਂ ਰੁਕੀਆਂ ਰਹੀਆਂ। ਪੰਜਾਬ ਵਿਚ ਦਾਖਲ ਹੋਏ ਤਾਂ ਸੜਕਾਂ ਤਾਂ

ਸੁੰਨਸਾਨ ਹੋਈਆਂ ਸਨ, ਕਿਸੇ ਪਿੰਡ ਵਿਚ ਵੀ ਕੋਈ ਘਰਾਂ ਤੋਂ ਬਾਹਰ ਨਹੀਂ ਸੀ ਫਿਰ ਰਿਹਾ। ਫੌਜ ਵੱਲੋਂ ਕਰੜਾ ਕਰਫਿਊ ਲਾਇਆ ਹੋਇਆ ਸੀ। ਰਾਜਪੁਰੇ ਤੋਂ ਪਹਿਲਾਂ ਇਕ ਨਾਕੇ 'ਤੇ ਬੱਸਾਂ ਰੋਕ ਲਈਆਂ ਗਈਆਂ। ਪਤਾ ਲੱਗਾ ਕਿ ਅੱਗੇ ਜਾਣ ਲਈ ਕਿਸੇ ਹੋਰ ਏਰੀਆ ਕਮਾਂਡਰ ਤੋਂ ਆਗਿਆ ਲਈ ਜਾਣੀ ਸੀ। ਇਕ ਪੇਂਡੂ ਜੋ ਕਿਸੇ ਮਜਬੂਰੀ ਕਾਰਨ ਸਾਈਕਲ ਲੈ ਕੇ ਸੜਕ 'ਤੇ ਆਇਆ ਤਾਂ ਫੌਜੀਆਂ ਨੇ ਸਜ਼ਾ ਵਜੋਂ ਉਸ ਨੂੰ ਸਾਈਕਲ ਚੁੱਕ ਕੇ ਵਾਪਸ ਜਾਣ ਦੀ ਸਜ਼ਾ ਦਿੱਤੀ। ਥਾਂ-ਥਾਂ 'ਤੇ ਲੱਗੇ ਨਾਕਿਆਂ 'ਤੇ ਰੁਕਦੇ, ੧੨ ਵਜੇ ਤੀਕ ਲੁਧਿਆਣੇ ਵਿਚ ਦਾਖਲ ਹੋਏ। ਇੱਥੋਂ ਤਿੰਨ ਬੱਸਾਂ ਜਿਨ੍ਹਾਂ ਵਿਚ ਲੁਧਿਆਣਾ, ਪਟਿਆਲਾ, ਫਿਰੋਜ਼ਪੁਰ, ਸੰਗਰੂਰ, ਬਠਿੰਡਾ ਵਾਲੇ ਪਾਸਿਆਂ ਦੇ ਯਾਤਰੀ ਸਨ; ਬੱਸ ਸਟੈਂਡ 'ਤੇ ਰੋਕ ਲਈਆਂ ਅਤੇ ੪ ਬੱਸਾਂ ਅੱਗੇ ਚੱਲ ਪਈਆਂ।

ਇਕ ਵਜੇ ਤੀਕ ਹਾਲਾਂ ਅਸੀਂ ਸਤਲੁਜ ਦਰਿਆ ਦੇ ਪੁਲ ਤੋਂ ਅੱਧਾ ਕਿਲੋਮੀਟਰ ਪਿੱਛੇ ਹੀ ਸਾਂ ਕਿ ਪਿੱਛੋਂ ਇਕ ਕਰਨਲ ਦੀ ਗੱਡੀ ਤੇਜ਼ੀ ਨਾਲ ਓਵਰਟੇਕ ਕਰ ਕੇ ਬੱਸਾਂ ਦੇ ਅੱਗੇ ਖੜ੍ਹੀ ਹੋ ਗਈ। ਬੱਸਾਂ ਰੁਕ ਗਈਆਂ। ਨਾਲ ਚੱਲ ਰਹੇ ਜੇ.ਸੀ.ਓ. ਨੇ ਕਰਨਲ ਦੀ ਤਸੱਲੀ ਕਰਾਉਣ ਲਈ ਮਿਲਟਰੀ ਹੈੱਡ ਕੁਆਰਟਰ ਦੇ ਆਰਡਰ ਵਿਖਾਏ ਪਰ ਉਸ ਨੇ ਕੋਈ ਗੱਲ ਨਾ ਸੁਣੀ ਅਤੇ ਵਾਪਸ ਲੁਧਿਆਣੇ ਲਿਆ ਕੇ ਮਿਲਟਰੀ ਕੈਂਪ ਸਾਹਮਣੇ ਬੱਸਾਂ ਲਗਾ ਦਿੱਤੀਆਂ। ਸਾਨੂੰ ਇੱਥੇ ਰੋਕ ਕੇ ਜੇ.ਸੀ.ਓ. ਡਿਪਟੀ ਕਮਿਸ਼ਨਰ ਪਾਸ ਗਿਆ ਅਤੇ ਕਾਫ਼ੀ ਜੱਦੋ-ਜਹਿਦ ਦੇ ਪਿੱਛੋਂ ਦੁਪਹਿਰੇ ੨-੩੦ ਵਜੇ ਬੱਸਾਂ ਨੂੰ ਅੱਗੇ ਜਾਣ ਦੀ ਆਗਿਆ ਮਿਲੀ। ਗਰਮੀ ਦਾ ਪੂਰਾ ਜ਼ੋਰ ਸੀ। ਬੱਚੇ ਤਾਂ ਕੀ, ਸਿਆਣੇ ਵੀ ਭੁੱਖੇ-ਤਿਹਾਏ ਬੇਹਾਲ ਹੋ ਰਹੇ ਸਨ। ਪੀਣ ਲਈ ਲਾਗੇ ਪਾਣੀ ਵੀ ਨਹੀਂ ਸੀ। ਹੌਲੀ-ਹੌਲੀ ਨਾਕਿਆਂ 'ਤੇ ਠਹਿਰਦਿਆਂ ਹੋਇਆਂ ੪ ਵਜੇ ਬੱਸਾਂ ਜਲੰਧਰ ਬੱਸ ਅੱਡੇ ਦੇ ਬਾਹਰ ਰੁਕੀਆਂ। ਇਸ ਸਮੇਂ ਜਲੰਧਰ ਵਿਚ ਦੋ ਘੰਟੇ ਲਈ ਕਰਫ਼ਿਊ ਵਿਚ ਢਿੱਲ ਦਿੱਤੀ ਹੋਈ ਸੀ ਜਿਸ ਕਰਕੇ ਪੀਣ ਲਈ ਪਾਣੀ ਮਿਲ ਗਿਆ। ਇਕ ਬੱਸ ਵਿਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਦੀਆਂ ਬਹੁਤ ਥੋੜ੍ਹੀਆਂ ਸਵਾਰੀਆਂ ਸਨ ਜਿਸ ਕਰਕੇ ਉਨ੍ਹਾਂ ਨੂੰ ਉਤਾਰ ਕੇ ਬੱਸਾਂ ਅੱਗੇ ਚੱਲ ਪਈਆਂ ਅਤੇ ਸ਼ਾਮ ੬-੦੦ ਵਜੇ ਦਰਿਆ ਬਿਆਸ ਦੇ ਪੁਲ 'ਤੇ ਰੋਕੀਆਂ ਗਈਆਂ। ਸਾਡੇ ਵੇਖਦਿਆਂ-ਵੇਖਦਿਆਂ ਫੌਜੀ ਜਵਾਨਾਂ ਨੇ ਮਸ਼ੀਨਗੰਨਾਂ ਫਿੱਟ ਕਰ ਕੇ ਮੋਰਚੇ ਸੰਭਾਲ ਲਏ। ਇਉਂ ਜਾਪਦਾ ਸੀ ਕਿ ਅਸੀਂ ਕੈਦੀ ਹਾਂ ਤੇ ਸਾਡੇ ਵਿੱਚੋਂ ਕੈਦ ਵਿੱਚੋਂ ਭੱਜਣ ਦੀ ਸੂਰਤ ਵਿਚ ਫਾਇਰ ਖੋਲ੍ਹ ਦਿੱਤਾ ਜਾਵੇਗਾ। ਥੋੜ੍ਹੇ ਸਮੇਂ ਪਿੱਛੋਂ ਇਕ ਟੈਂਕ ਬੱਸਾਂ ਦੇ ਅੱਗੇ ਲਿਜਾ ਕੇ ਪੁਲ 'ਤੇ ਪੈਂਤੜੇ ਕੱਢਣ ਲੱਗ ਪਿਆ। ਅਸੀਂ ਇਹ ਕਾਰਵਾਈ ਵੇਖ ਕੇ ਹੈਰਾਨ ਸਾਂ। ਸ਼ਾਇਦ ਇਹ ਸਭ ਕੁਝ ਸਾਡੇ 'ਤੇ ਦਹਿਸ਼ਤ ਦਾ ਪ੍ਰਭਾਵ ਦੇਣ ਲਈ ਕੀਤਾ ਜਾ ਰਿਹਾ ਸੀ। ਫਿਰ ਵੀ ਹੌਂਸਲਾ ਕਰ ਕੇ ਮੈਂ ਅਤੇ ਸ. ਰਮਿੰਦਰ ਬੀਰ ਸਿੰਘ ਬੱਸਾਂ ਤੋਂ ਹੇਠਾਂ ਉਤਰੇ ਅਤੇ ਨਾਲ ਚੱਲ ਰਹੇ ਫੌਜੀਆਂ ਨੂੰ ਪਾਣੀ ਲਈ ਕਿਹਾ ਕਿ ਪਿਆਸ ਨਾਲ ਯਾਤਰੀਆਂ ਦਾ ਬੁਰਾ ਹਾਲ ਹੈ, ਇਸ ਲਈ ਨਲਕੇ ਤੋਂ ਪਾਣੀ ਪੀਣ ਦਿੱਤਾ ਜਾਵੇ। ਉਨ੍ਹਾਂ ਨੇ ਪੁਲ 'ਤੇ ਕੰਟਰੋਲ ਕਰ ਰਹੇ ਇੰਚਾਰਜ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ ਸਾਰੇ ਯਾਤਰੀ ਬੱਸਾਂ ਵਿਚ ਹੀ ਬੈਠੇ ਰਹਿਣ ਪਰ ਕੁਝ ਯਾਤਰੀ ਨਲਕੇ ਤੋਂ ਪਾਣੀ ਲੈ ਕੇ ਪਿਲਾ ਲੈਣ। ਦਰਿਆ ਦੇ ਕੰਢੇ ਨਲਕਾ ਹੋਣ ਕਰਕੇ ਪਾਣੀ ਮਿੱਠਾ ਅਤੇ ਕਾਫ਼ੀ ਠੰਡਾ ਸੀ। ਸਾਰਿਆਂ ਨੇ ਪਾਣੀ ਪੀ ਕੇ ਪਿਆਸ ਬੁਝਾਈ ਪਰ ਭੁੱਖ ਮਿਟਾਉਣ ਲਈ ਕੋਈ ਸਾਧਨ ਨਹੀਂ ਸੀ। ਜਿਨ੍ਹਾਂ ਪਾਸ ਰੈਬਰ ਕੂਲਰ ਸਨ ਉਹ ਸਾਰੇ ਇਸ ਠੰਡੇ ਪਾਣੀ ਨਾਲ ਭਰ ਕੇ ਬੱਸਾਂ ਵਿਚ ਰੱਖ ਲਏ ਕਿਉਂਕਿ ਪਤਾ ਨਹੀਂ ਸੀ ਕਿ ਅੱਗੇ ਕੀ ਬੀਤਣੀ ਸੀ। ਦੋ ਘੰਟੇ ਪਿੱਛੋਂ ਪੁਲ ਪਾਰ ਕਰਨ ਦੀ ਆਗਿਆ ਮਿਲੀ। ਪੁਲ ਪਾਰ ਕਰ ਕੇ ਬੱਸਾਂ ਫਿਰ ਖੜ੍ਹੀਆਂ ਕਰ ਦਿੱਤੀਆਂ ਗਈਆਂ। ਅੱਗੇ ਜਾਣ ਲਈ ਹੁਕਮ ਨਹੀਂ ਮਿਲ ਰਿਹਾ

ਸੀ।

ਰਾਤ ਦੇ ੧੦ ਵਜੇ ਇਕ ਗੁਰਸਿੱਖ ਕਰਨਲ ਸਾਡੇ ਪਾਸ ਆਇਆ ਅਤੇ ਆਉਂਦਿਆਂ ਹੀ ਪੁੱਛਿਆ ਕਿ ਤੁਹਾਨੂੰ ਕੋਈ ਤਕਲੀਫ਼ ਤਾਂ ਨਹੀਂ ? ਮੈਂ ਹੱਸ ਕੇ ਕਿਹਾ ਕਿ ਸਰਦਾਰ ਜੀ, ਤਕਲੀਫ਼ਾਂ ਤਾਂ ਹਨ ਪਰ ਤੁਹਾਡੇ ਹਮਦਰਦੀ ਭਰੇ ਬੋਲ ਸੁਣ ਕੇ ਮਨ ਪ੍ਰਸੰਨ ਹੋ ਗਿਆ ਹੈ। ਉਸ ਨੇ ਕਿਹਾ ਕਿ ਅੰਮ੍ਰਿਤਸਰ ਤੀਕ ਮੈਂ ਤੁਹਾਡੇ ਨਾਲ ਚੱਲਾਂਗਾ ਅਤੇ ਜਤਨ ਕਰਾਂਗਾ ਕਿ ਤੁਹਾਨੂੰ ਘਰੋ-ਘਰੀ ਪੁਚਾ ਸਕੀਏ। ਇਹ ਬੱਸਾਂ ਤਾਂ ਬੱਸ ਸਟੈਂਡ ਤੀਕ ਹੀ ਜਾਣਗੀਆਂ। ਸ਼ਹਿਰ ਵਿਚ ਹਾਲਾਤ ਚੰਗੇ ਨਹੀਂ। ਅਸੀਂ ਮਜਬੂਰ ਹਾਂ, ਆਪਣੀ ਯੂਨਿਟ ਦੀਆਂ ਗੱਡੀਆਂ ਰਾਹੀਂ ਹੀ ਤੁਹਾਨੂੰ ਘਰੀਂ ਭੇਜ ਦਿਆਂਗੇ। ਹਮਦਰਦੀ ਨਾਲ ਸਾਰਿਆਂ ਦੇ ਚਿਹਰਿਆਂ 'ਤੇ ਰੌਣਕ ਆ ਗਈ ਭਾਵੇਂ ਕਿ ਭੁੱਖ ਨੇ ਨਿਢਾਲ ਕੀਤਾ ਹੋਇਆ ਸੀ। ਰਾਤ ਦੇ ੧੦-੩੦ ਵਜੇ ਦੇ ਕਰੀਬ ਬੱਸਾਂ ਚੱਲੀਆਂ ਅਤੇ ਮਕਬੂਲਪੁਰਾ ਚੌਂਕ 'ਤੇ ਜਾ ਕੇ ਰੋਕ ਲਈਆਂ ਗਈਆਂ। ਇਸ ਥਾਂ 'ਤੇ ਫੌਜੀ ਸਰਗਰਮੀ ਬਹੁਤ ਜ਼ਿਆਦਾ ਸੀ ਅਤੇ ਇੱਥੋਂ ਦਾ ਕਮਾਂਡਰ ਕਰਨਲ ਬੜੀ ਰੁੱਖੀ ਜ਼ੁਬਾਨ ਬੋਲਦਿਆਂ ਕਹਿ ਰਿਹਾ ਸੀ ਕਿ ਅੱਗੇ ਕਿਸੇ ਹਾਲਤ ਵਿਚ ਵੀ ਨਹੀਂ ਜਾਣ ਦਿਆਂਗੇ। ਕੁਝ ਫੌਜੀ ਬੱਸਾਂ ਵਿਚ ਆ ਕੇ ਸਾਮਾਨ ਅਤੇ ਸਵਾਰੀਆਂ ਨੂੰ ਚੈੱਕ ਕਰਨ ਲੱਗੇ। ਉਨ੍ਹਾਂ ਨਾਲ ਅਸਲਾ ਚੈੱਕ ਕਰਨ ਲਈ ਜਾਨਵਰ ਫੜੇ ਹੋਏ ਸਨ। ਸਾਡੇ ਨਾਲ ਆਏ ਸਰਦਾਰ ਕਰਨਲ ਦੀ ਪੇਸ਼ ਨਹੀਂ ਜਾ ਰਹੀ ਸੀ। ਕਾਫ਼ੀ ਸਮਾਂ ਹੈੱਡ ਕੁਆਰਟਰ ਨਾਲ ਗੱਲਬਾਤ ਚੱਲਦੀ ਰਹੀ। ਆਖ਼ਰ ਜਦੋਂ ਬੱਸ ਅੱਡੇ ਤੀਕ ਜਾਣ ਦਾ ਫ਼ੈਸਲਾ ਹੋ ਗਿਆ ਤਾਂ ਡਿਊਟੀ ਵਾਲਾ ਕਰਨਲ ਫਿਰ ਬੱਸ ਵਿਚ ਆਇਆ ਤੇ ਮੈਨੂੰ ਕਹਿਣ ਲੱਗਾ ਕਿ ਪਤਾ ਨਹੀਂ ਤੁਸੀਂ ਸਾਮਾਨ ਵਿਚ ਕੀ ਲਿਜਾ ਰਹੇ ਹੋ, ਇਸ ਲਈ ਸਾਮਾਨ ਦੀ ਤਲਾਸ਼ੀ ਲੈਣ ਪਿੱਛੋਂ ਹੀ ਅੱਗੇ ਜਾਣ ਦਿੱਤਾ ਜਾਵੇਗਾ। ਉਸ ਦੀ ਭਾਸ਼ਾ ਸੁਣ ਕੇ ਗੁੱਸਾ ਤਾਂ ਬਹੁਤ ਆਇਆ ਪਰ ਮੈਂ ਜਾਣਦਾ ਸਾਂ ਕਿ ਇਸ ਸਮੇਂ ਜੰਗ ਵਰਗਾ ਮਾਹੌਲ ਹੈ ਅਤੇ ਕੋਈ ਜ਼ਾਬਤਾ ਨਹੀਂ ਪਰ ਫਿਰ ਵੀ ਹੌਂਸਲਾ ਕਰਕੇ ਸਮਝਾਉਣ ਵਾਲੇ ਰੁਖ਼ ਨਾਲ ਮੈਂ ਕਰਨਲ ਨੂੰ ਕਿਹਾ ਕਿ ਜਦੋਂ ਅਟਾਰੀ ਰੇਲਵੇ ਸਟੇਸ਼ਨ ਤੋਂ ਅਸੀਂ ਭਾਰਤ ਵਿਚ ਦਾਖਲ ਹੋਏ ਸਾਂ ਤਾਂ ਸਾਡਾ ਸਾਰਾ ਸਾਮਾਨ ਕਸਟਮ ਅਤੇ ਫੌਜੀ ਅਧਿਕਾਰੀਆਂ ਨੇ ਇਕੱਠਿਆਂ ਚੈੱਕ ਕੀਤਾ ਸੀ, ਅਸੀਂ ਸਾਰੇ ਉਸ ਸਮੇਂ ਤੋਂ ਫੌਜ ਦੀ ਨਿਗਰਾਨੀ ਹੇਠ ਹਾਂ, ਅਸੀਂ ਇਸ ਮੁਲਕ ਦੇ ਮੁਅੱਜ਼ਜ਼ ਸ਼ਹਿਰੀ ਹਾਂ, ਅਸੀਂ ਜੰਗੀ ਕੈਦੀ ਨਹੀਂ ਹਾਂ। ਸਾਮਾਨ ਦੀ ਘੜੀ-ਘੜੀ ਤਲਾਸ਼ੀ ਵਾਲੀ ਗੱਲ ਮੰਨਣਯੋਗ ਨਹੀਂ ਅਤੇ ਨਾ ਹੀ ਅਸੀਂ ਹਨੇਰੀ ਰਾਤ ਵਿਚ ਤਲਾਸ਼ੀ ਲਈ ਸਾਮਾਨ ਹੇਠਾਂ ਉਤਾਰਾਂਗੇ। ਗੱਲ ਜਿਸ ਲਹਿਜ਼ੇ ਵਿਚ ਕਹੀ ਗਈ ਸੀ ਕਰਨਲ ਨਿਰੁੱਤਰ ਹੋ ਗਿਆ। ਹੈੱਡ ਕੁਆਰਟਰ ਤੋਂ ਅੱਗੇ ਜਾਣ ਦਾ ਹੁਕਮ ਉਸ ਨੂੰ ਮਿਲ ਚੁੱਕਾ ਸੀ, ਇਸ ਲਈ ਉਹ ਹੇਠਾਂ ਉਤਰ ਗਿਆ ਅਤੇ ਰਾਤ ੧੨ ਵਜੇ ਤੋਂ ਪਿੱਛੋਂ ਸਾਨੂੰ ਬੱਸ ਅੱਡੇ 'ਤੇ ਉਤਾਰ ਦਿੱਤਾ ਗਿਆ।

ਬੱਸ ਅੱਡਾ ਸੁੰਨਸਾਨ ਸੀ। ਵਰਾਂਡਿਆਂ ਵਿਚ ਲਾਈਟ ਹੋਣ ਕਾਰਨ ਪੱਖੇ ਚਲਾ ਲਏ ਗਏ। ਪੀਣ ਲਈ ਪਾਣੀ ਵਾਲੀਆਂ ਟੂਟੀਆਂ ਚੱਲ ਰਹੀਆਂ ਸਨ। ਸਾਨੂੰ ਤਾੜਨਾ ਕਰ ਦਿੱਤੀ ਗਈ ਕਿ ਵਰਾਂਡਿਆਂ ਤੋਂ ਬਾਹਰ ਕਿਸੇ ਨੇ ਨਹੀਂ ਨਿਕਲਣਾ, ਬਾਹਰ ਕਿਸੇ ਵੇਲੇ ਵੀ ਗੋਲੀ ਲੱਗ ਸਕਦੀ ਹੈ। ਸਾਡੇ ਪਾਸ ਪਿੰਨੀਆਂ ਦਾ ਪ੍ਰਸ਼ਾਦ ਸੀ, ਉਹ ਯਾਤਰੀਆਂ ਵਿਚ ਵੰਡ ਦਿੱਤਾ ਤਾਂ ਕਿ ਭੁੱਖ ਮਿਟਾ ਸਕਣ। ਪਰ ਉਹ ਵੀ ਸੰਘ ਤੋਂ ਹੇਠਾਂ ਨਹੀਂ ਸੀ ਉਤਰ ਰਿਹਾ। ਬੱਚਿਆਂ ਦੀ ਹਾਲਤ ਹੋਰ ਵੀ ਤਰਸਯੋਗ ਸੀ। ਆਖਰ ਬਿਸਤਰੇ ਵਿਛਾ ਕੇ ਲੰਮੇ ਪੈ ਗਏ। ਦਰਬਾਰ ਸਾਹਿਬ ਵਾਲੇ ਪਾਸੇ ਤੋਂ ਰੁਕ-ਰੁਕ ਕੇ ਗੋਲੇ ਚੱਲਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ੯ ਜੂਨ ਨੂੰ ਸਵੇਰੇ ਸ਼ਰੀਫਪੁਰਾ

ਅਬਾਦੀ ਦੇ ਕੁਝ ਹਿੰਦੂ ਨੌਜਵਾਨਾਂ ਨੇ ਬੱਚਿਆਂ ਲਈ ਦੁੱਧ ਆਦਿ ਪਹੁੰਚਾਉਣ ਦਾ ਜਤਨ ਕੀਤਾ ਪਰ ਫੌਜੀਆਂ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਦੁਸ਼ਮਣ ਨੂੰ ਦੁੱਧ ਦੇਣ ਦਾ ਜਤਨ ਨਾ ਕਰੋ। ਉਨ੍ਹਾਂ ਕਾਫ਼ੀ ਸਮਝਾਉਣ ਦਾ ਜਤਨ ਕੀਤਾ ਕਿ ਇਹ ਦੁਸ਼ਮਣ ਨਹੀਂ ਪਰ ਅਸਰ ਕੁਝ ਨਾ ਹੋਇਆ। ਸੜਕਾਂ 'ਤੇ ਫੌਜੀ ਗੱਡੀਆਂ ਗਸ਼ਤ ਕਰ ਰਹੀਆਂ ਸਨ ਅਤੇ ਬਿਨਾਂ ਵਜ੍ਹਾ ਹਵਾ ਵਿਚ ਗੋਲੀਆਂ ਚਲਾ ਕੇ ਦਹਿਸ਼ਤ ਪੈਦਾ ਕਰ ਰਹੀਆਂ ਸਨ। ਹਰਿਮੰਦਰ ਸਾਹਿਬ ਵੱਲ ਇੱਕਾ-ਦੁੱਕਾ ਗੋਲੇ ਚੱਲਣ ਦੀਆਂ ਅਵਾਜ਼ਾਂ ਹਾਲਾਂ ਵੀ ਆ ਰਹੀਆਂ ਸਨ। ਐੱਸ. ਐਚ. ਓ. ਥਾਣਾ ਰਾਮਬਾਗ ਨੇ ਆ ਕੇ ਦੱਸਿਆ ਕਿ ੧੧ ਵਜੇ ਕਰਫ਼ਿਊ ਵਿਚ ਢਿੱਲ ਹੋ ਰਹੀ ਹੈ, ਉਸ ਸਮੇਂ ਘਰਾਂ ਨੂੰ ਚਲੇ ਜਾਣਾ। ਇਸ 'ਤੇ ਫੌਜੀ ਅਧਿਕਾਰੀਆਂ ਨੇ ਉਸ ਦੀ ਵੀ ਬੇਇੱਜ਼ਤੀ ਕੀਤੀ ਹਾਲਾਂਕਿ ਉਹ ਹਿੰਦੂ ਜੈਂਟਲਮੈਨ ਸੀ।

੯ ਵਜੇ ਇਕ ਸੈਕੰਡ-ਲੈਫਟੀਨੈਂਟ ਕੁਝ ਜੁਆਨਾਂ ਸਮੇਤ ਆਇਆ। ਉਸ ਨੇ ਦੱਸਿਆ ਕਿ ਤੁਹਾਨੂੰ ਘਰਾਂ ਤੀਕ ਪਹੁੰਚਾਉਣ ਲਈ ਉਸ ਦੀ ਡਿਊਟੀ ਲੱਗੀ ਹੈ। ਉਹ ਆਪ ਤਾਂ ਇਹ ਗੱਲ ਕਹਿ ਕੇ ਕੁਝ ਸਿਵਲ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਚਲਾ ਗਿਆ। ਇਕ ਨਾਇਕ ਨੇ ਯਾਤਰੀਆਂ ਨੂੰ ਕਿਹਾ ਕਿ ਵਰਾਂਡੇ ਤੋਂ ਬਾਹਰ ਆਪਣਾ ਸਾਮਾਨ ਲੈ ਕੇ ਇਕ ਲਾਈਨ ਵਿਚ ਰੱਖ ਲਵੋ। ਯਾਤਰੀ ਤਾਂ ਕਾਹਲੇ ਸਨ। ਆਖਰ ਇਕ ਪਾਸੇ ਦੋ ਬੱਸਾਂ ਖੜ੍ਹੀਆਂ ਕਰ ਕੇ ਸਾਮਾਨ ਰੱਖ ਕੇ ਬੱਸਾਂ ਵਿਚ ਸਵਾਰ ਹੋਣ ਲਈ ਕਹਿ ਦਿੱਤਾ ਪਰ ਕਿਸੇ ਨੂੰ ਲਾਈਨ ਤੋੜਨ ਦਾ ਹੁਕਮ ਨਹੀਂ ਸੀ। ਇਹ ਬੱਸਾਂ ਚਾਟੀਵਿੰਡ ਚੌਂਕ ਤੀਕ ਹੋ ਕੇ ਵਾਪਸ ਆ ਗਈਆਂ। ਪਰ ਵਾਪਸ ਅੱਧੀਆਂ-ਅੱਧੀਆਂ ਬੱਸਾਂ ਦੀਆਂ ਸਵਾਰੀਆਂ ਵੀ ਸਨ ਕਿਉਂਕਿ ਉਨ੍ਹਾਂ ਨੇ ਮਜੀਠਾ ਰੋਡ ਤੋਂ ਯੂਨੀਵਰਸਿਟੀ ਵਾਲੇ ਪਾਸੇ ਤੀਕ ਜਾਣਾ ਸੀ। ਦੁਬਾਰਾ ਦੋ ਬੱਸਾਂ ਲੱਗੀਆਂ ਤਾਂ ਮੈਂ ਨਾਇਕ ਨੂੰ ਕਾਫ਼ੀ ਸਮਝਾਉਣ ਦਾ ਜਤਨ ਕੀਤਾ ਕਿ ਜੇਕਰ ਤੁਸਾਂ ਸਾਨੂੰ ਘਰੋ-ਘਰੀ ਪਹੁੰਚਾਉਣਾ ਹੈ ਤਾਂ ਸਾਡੀ ਸਲਾਹ ਨਾਲ ਬੱਸਾਂ ਵਿਚ ਯਾਤਰੀ ਬਿਠਾਓ। ਜਿੰਨੇ ਪਹਿਲੇ ਚੱਕਰ ਵਿਚ ਅੱਧੀਆਂ ਸਵਾਰੀਆਂ ਵਾਪਸ ਆ ਗਈਆਂ ਹਨ, ਜੇਕਰ ਇਸ ਪਾਸੇ ਜਾਣ ਵਾਲੇ ਯਾਤਰੀ ਹੀ ਬੈਠਦੇ ਤਾਂ ਕੰਮ ਠੀਕ ਰਹਿਣਾ ਸੀ। ਪਰ ਉਸ ਨੇ ਕਿਹਾ ਕਿ ਮੈਂ ਤਾਂ ਆਪਣੇ ਅਫਸਰ ਦਾ ਹੁਕਮ ਹੀ ਮੰਨਣਾ ਹੈ, ਤੁਸੀਂ ਆਪ ਉਨ੍ਹਾਂ ਨਾਲ ਗੱਲ ਕਰ ਲਵੋ। ਜਦੋਂ ਉਸ ਅਫਸਰ ਨਾਲ ਗੱਲ ਕੀਤੀ ਤਾਂ ਪਹਿਲਾਂ ਤਾਂ ਉਸ ਦਾ ਉੱਤਰ ਸੀ ਕਿ ਹੁਣ ਅਸੀਂ ਪਹਿਲੇ ਪਾਸੇ ਨਹੀਂ ਜਾਵਾਂਗੇ ਪਰ ਕੁਝ ਚਿਰ ਗੱਲਬਾਤ ਕਰਨ 'ਤੇ ਉਸ ਨੂੰ ਸਾਡੇ ਨਾਲ ਸਹਿਮਤ ਹੋਣਾ ਪਿਆ। ਤਦ ਉਸ ਨੇ ਕਿਹਾ ਕਿ ਸਾਰੇ ਯਾਤਰੀ ਦੋ ਬੱਸਾਂ ਵਿਚ ਬੈਠ ਜਾਣ। ਸੰਗਤਾਂ ਵਿਚ ਹਫੜਾ-ਦਫੜੀ ਮੱਚ ਗਈ ਅਤੇ ਧੱਕੇ ਦੇ ਕੇ ਇਕ-ਦੂਜੇ ਦੇ ਅੱਗੇ ਹੋ ਕੇ ਦੋ ਬੱਸਾਂ ਨੱਕੋ-ਨੱਕ ਭਰ ਦਿੱਤੀਆਂ। ਮੈਂ ਆਪਣੇ ਸਾਥੀਆਂ ਨੂੰ ਰੋਕ ਲਿਆ ਤਾਂ ਕਿ ਸਾਡੇ ਪਿੱਛੇ ਕੋਈ ਯਾਤਰੀ ਇੱਥੇ ਰਹਿ ਕੇ ਖਰਾਬ ਨਾ ਹੋਵੇ। ਮੈਂ ਫਿਰ ਲੈਫਟੀਨੈਂਟ ਨੂੰ ਇਕ ਬੱਸ ਹੋਰ ਲਗਾਉਣ ਲਈ ਮਨਾਇਆ। ਮੇਰੇ ਨਾਲ ਮੇਰੀ ਧਰਮ ਪਤਨੀ ਅਤੇ ਦੋ ਲੜਕੀਆਂ ਸਨ। ਇਸੇ ਤਰ੍ਹਾਂ ਸ. ਰਾਮਿੰਦਰ ਬੀਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ. ਬਲਵੰਤ ਸਿੰਘ ਪੱਟੀ (ਮੀਤ ਸਕੱਤਰ), ਸ. ਅਨੂਪ ਸਿੰਘ ਅਸਿਸਟੈਂਟ ਚੀਫ ਗੁ: ਇੰਸਪੈਕਟਰ, ਸ. ਮਲਕੀਅਤ ਸਿੰਘ ਸੁਪਰਵਾਈਜ਼ਰ ਲੰਗਰ ਜ਼ਿੰਮੇਵਾਰ ਅਧਿਕਾਰੀ ਸਨ। ਘੱਟੋ-ਘੱਟ ੨੦ ਸਵਾਰੀਆਂ ਬਾਕੀ ਰਹਿੰਦੀਆਂ ਸਨ। ਜਦੋਂ ਤੀਸਰੀ ਬੱਸ ਲੱਗੀ ਤਾਂ ਪਹਿਲੀਆਂ ਬੱਸਾਂ ਵਿੱਚੋਂ ਵੀ ਸਵਾਰੀਆਂ ਇਸ ਬੱਸ ਵੱਲ ਭੱਜੀਆਂ। ਤਿੰਨੇ ਬੱਸਾਂ ਦੇ ਡਰਾਈਵਰ, ਕੰਡਕਟਰ ਵੀ ਭੁੱਖੇ ਸਨ ਪਰ ਫੌਜ ਅੱਗੇ ਅੜ ਨਹੀਂ ਸਕੇ। ਕਾਫਲਾ ਸੁਲਤਾਨਵਿੰਡ ਗੇਟ ਵੱਲ ਤੁਰਿਆ। ਮੈਂ ਅਜੀਤ ਨਗਰ ਵਾਲੇ ਚੌਂਕ ਵਿਚ ਬੱਸ ਖੜ੍ਹੀ ਕਰਵਾਈ ਤਾਂ ਅੱਧੋਂ ਵੱਧ ਸਵਾਰੀਆਂ ਉਤਰ ਗਈਆਂ। ਅਸੀਂ ਸਾਮਾਨ ਚੁੱਕ ਕੇ ਥੋੜ੍ਹੀ ਦੂਰ ਹੀ ਗਏ ਸਾਂ ਕਿ

ਅਬਾਦੀ ਵਾਲੇ ਕੁਝ ਨੌਜਵਾਨਾਂ ਨੇ ਸਾਡੇ ਪਾਸੋਂ ਸਾਮਾਨ ਚੁੱਕ ਲਿਆ। ਬਾਹਰਲੀ ਅਬਾਦੀ ਹੋਣ ਕਰਕੇ ਇੱਥੇ ਕਰਫ਼ਿਊ ਦੀ ਸਖ਼ਤੀ ਨਹੀਂ ਸੀ ਅਤੇ ਨਾ ਹੀ ਫੌਜ ਦੀ ਗਸ਼ਤ ਸੀ। ਫੌਜੀ ਦਬਾਅ ਅੰਦਰੂਨੀ ਸ਼ਹਿਰ ਵਿਚ ਜ਼ਿਆਦਾ ਸੀ। ਅਸੀਂ ਸਵੇਰੇ ੧੦-੩੦ ਵਜੇ ਆਪਣੇ ਘਰ ਪਹੁੰਚ ਗਏ ਜਿੱਥੇ ਮੇਰੀ ਮਾਤਾ ਅਤੇ ਲੜਕਾ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਕੁਝ ਯਾਤਰੀ ਗੁ: ਸ਼ਹੀਦ ਬਾਬਾ ਦੀਪ ਸਿੰਘ ਵਿਖੇ ਉਤਰ ਗਏ ਅਤੇ ਬਾਕੀ ਸਰਕੂਲਰ ਰੋਡ ਰਾਹੀਂ ਭੰਡਾਰੀ ਪੁਲ ਵੱਲ ਚਲੇ ਗਏ ਜਿੱਥੇ ਉਨ੍ਹਾਂ ਨੂੰ ਆਪਣੇ ਘਰੀਂ ਪਹੁੰਚਣਾ ਸੁਖਾਲਾ ਹੋ ਗਿਆ ਕਿਉਂਕਿ ੧੧-੦੦ ਵਜੇ ਦੋ ਘੰਟਿਆਂ ਲਈ ਕਰਫ਼ਿਊ ਵਿਚ ਢਿੱਲ ਦਿੱਤੀ ਗਈ ਸੀ। ਘਰ ਪਹੁੰਚਣ 'ਤੇ ਦੁਖਦਾਈ ਘਟਨਾਵਾਂ ਦੀ ਜਾਣਕਾਰੀ ਮਿਲੀ ਪਰ ਪਰਵਾਰ ਵਿਚ ਮਿਲ-ਬੈਠ ਕੇ ਪਿਛਲਾ ਥਕੇਵਾਂ ਭੁੱਲ ਗਿਆ।

੧੦ ਜੂਨ ਨੂੰ ਸਵੇਰੇ ੮ ਵਜੇ ਅਜੀਤ ਨਗਰ ਵਿਖੇ ਸਾਡੇ ਘਰ ਦੇ ਸਾਹਮਣੇ ਫੌਜ ਦੀਆਂ ਜੀਪਾਂ ਆ ਕੇ ਖੜ੍ਹੀਆਂ ਹੋ ਗਈਆਂ। ਸ. ਰਣਜੀਤ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਮੇਰੇ ਪਾਸ ਆਏ ਅਤੇ ਕਹਿਣ ਲੱਗੇ ਕਿ ਦਰਬਾਰ ਸਾਹਿਬ ਦੇ ਅੰਦਰ ਤੋਸ਼ੇਖਾਨੇ ਦੇ ਸੰਬੰਧ ਵਿਚ ਮੀਟਿੰਗ ਹੈ, ਤੁਹਾਨੂੰ ਨਾਲ ਲਿਜਾਣਾ ਹੈ ਅਤੇ ਫੌਜੀ ਅਧਿਕਾਰੀ ਸ. ਭਾਨ ਸਿੰਘ ਸਕੱਤਰ ਅਤੇ ਸ. ਅਬਿਨਾਸ਼ੀ ਸਿੰਘ ਨੂੰ ਨਾਲ ਲੈ ਕੇ ਆਏ ਹਨ। ਮੈਂ ਕੱਪੜੇ ਬਦਲ ਕੇ ਬਾਹਰ ਆਇਆ ਤਾਂ ਕਰਨਲ ਗੁਰਾਇਆ ਨਾਲ ਮੇਰੀ ਜਾਣ-ਪਛਾਣ ਕਰਵਾਈ ਗਈ। ਬੰਦ ਜੀਪ ਦੇ ਅੰਦਰ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਬੈਠੇ ਸਨ। ਅਸੀਂ ਉਨ੍ਹਾਂ ਦੇ ਨਾਲ ਬੈਠ ਗਏ। ਜਥੇਦਾਰ ਕਿਰਪਾਲ ਸਿੰਘ ਵੱਖਰੀ ਗੱਡੀ ਵਿਚ ਸਨ। ਸ. ਅਬਿਨਾਸ਼ੀ ਸਿੰਘ ਨੇ ਦੱਸਿਆ ਕਿ ਤੋਸ਼ੇਖਾਨੇ ਦੀ ਲਿਸਟ ਤਿਆਰ ਕਰਨ ਲਈ ਸਰਕਾਰ ਨੇ ਇਕ ਬੋਰਡ ਬਣਾਇਆ ਹੈ। ਤੁਸੀਂ ਭਾਵੇਂ ਉਸ ਬੋਰਡ ਵਿਚ ਨਹੀਂ ਪਰ ਅਸੀਂ ਫੌਜੀ ਅਧਿਕਾਰੀਆਂ ਨੂੰ ਸੁਝਾਅ ਦਿੱਤਾ ਸੀ ਕਿ ਤੁਹਾਨੂੰ ਨਾਲ ਲੈ ਲਿਆ ਜਾਵੇ। ਇਸ 'ਤੇ ਮੇਰੇ ਕਹਿਣ 'ਤੇ ਸ. ਕੁਲਦੀਪ ਸਿੰਘ (ਭਾਟੀਆ) ਮੀਤ ਸਕੱਤਰ ਨੂੰ ਵੀ ਨਾਲ ਲੈ ਲਿਆ ਜੋ ਇਸ ਅਬਾਦੀ ਵਿਚ ਹੀ ਰਹਿੰਦੇ ਸੀ। ਰਸਤੇ ਵਿਚ ਅਤੇ ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਆਪਣੀ ਗ੍ਰਿਫਤਾਰੀ ਦਾ ਵੇਰਵਾ ਸਾਨੂੰ ਦੱਸਿਆ। ਸਾਨੂੰ ਇਨ੍ਹਾਂ ਜੀਪਾਂ ਵਿੱਚੋਂ ਘੰਟਾ-ਘਰ ਵਾਲੀ ਬਾਹੀ 'ਤੇ ਉਤਾਰਿਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਹੋਏ। ਅਸਾਂ ਸਾਰਿਆਂ ਪਰਕਰਮਾ ਵਿਚ ਦਾਖਲ ਹੋਣ ਤੋਂ ਪਹਿਲਾਂ ਮੱਥਾ ਟੇਕਿਆ। ਕਰਨਲ ਗੁਰਾਇਆ ਹੀ ਸਾਡੇ ਨਾਲ ਪਰਕਰਮਾ ਵਿਚ ਗਿਆ, ਬਾਕੀ ਫੌਜੀ ਬਾਹਰ ਰਹਿ ਗਏ। ਪਰਕਰਮਾ ਵਿਚ ਦਾਖਲ ਹੋ ਕੇ ਜਦੋਂ ਅਸੀਂ ਬਾਬਾ ਬੁੱਢਾ ਜੀ ਦੇ ਬੇਰ ਵੱਲ ਚੱਲਣ ਲੱਗੇ ਤਾਂ ਅੱਗੋਂ ਇਕ ਫੌਜੀ ਸਿਪਾਹੀ ਨੇ ਰੋਕ ਲਿਆ। ਕਰਨਲ ਗੁਰਾਇਆ ਵੱਲੋਂ ਆਪਣੀ ਪਛਾਣ ਦੱਸਣ 'ਤੇ ਵੀ ਅੱਗੋਂ ਇਹ ਜਵਾਬ ਮਿਲਿਆ ਕਿ ਜਦ ਤੀਕ ਉਸ ਦੇ ਕਮਾਂਡਰ ਦਾ ਹੁਕਮ ਨਹੀਂ ਮਿਲਦਾ, ਤੁਸੀਂ ਅੱਗੇ ਨਹੀਂ ਜਾ ਸਕਦੇ। ਉਸ ਨੇ ਆਪਣੇ ਕਮਾਂਡਰ ਤੋਂ ਹੁਕਮ ਮਿਲਣ 'ਤੇ ਹੀ ਅੱਗੇ ਜਾਣ ਦਿੱਤਾ ਪਰ ਨੁੱਕਰ ਵਾਲੀ ਛਬੀਲ ਤੋਂ ਅੱਗੇ ਕਮਾਂਡ ਬਦਲ ਗਈ। ਇਸ ਲਈ ਸਾਨੂੰ ਕੁਝ ਦੇਰ ਹੋਰ ਰੁਕਣਾ ਪਿਆ। ਆਖਰ ੯ ਵਜੇ ਤੀਕ ਅਸੀਂ ਦਰਬਾਰ ਸਾਹਿਬ ਦੇ ਅੰਦਰ ਮੱਥਾ ਟੇਕ ਕੇ ਹਰਿ ਕੀ ਪੌੜੀ ਦੇ ਸਾਹਮਣੇ ਵਰਾਂਡੇ ਵਿਚ ਬੈਠ ਗਏ। ਇੱਥੇ ਹੀ ਮੀਟਿੰਗ ਹੋਣੀ ਸੀ। ਇੱਥੇ ਜਥੇਦਾਰ ਗਿ. ਕਿਰਪਾਲ ਸਿੰਘ ਜੀ ਅਤੇ ਸਿੰਘ ਸਾਹਿਬ ਗਿ. ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੀ ਬੈਠੇ ਹੋਏ ਸਨ। ਸ. ਸਰਦਾਰਾ ਸਿੰਘ ਸਾਬਕਾ ਡੀ.ਸੀ. ਅੰਮ੍ਰਿਤਸਰ, ਸ. ਜੇ. ਐੱਸ. ਕੇਸਰ ਡੀ. ਸੀ. ਜਲੰਧਰ ਅਤੇ ਅੰਮ੍ਰਿਤਸਰ ਦੇ ਇੰਡਸਟਰੀਅਲ ਅਫਸਰ ਵੀ ਬੋਰਡ ਦੇ ਮੈਂਬਰ ਸਨ ਜੋ ਥੋੜ੍ਹੇ ਸਮੇਂ ਵਿਚ ਹੀ ਪੁੱਜ ਗਏ।

ਤੋਸ਼ੇਖਾਨੇ ਦੀ ਸੰਭਾਲ ਲਈ ਬਣਾਏ ਬੋਰਡ ਦੀ ਮੀਟਿੰਗ ਕਰਨ ਸਮੇਂ ਪਹਿਲਾਂ ਤੋਸ਼ੇਖਾਨੇ ਵਾਲਾ ਕਮਰਾ ਖੋਲ੍ਹਿਆ ਗਿਆ। ਟੈਂਕ ਜਾਂ ਤੋਪ ਦਾ ਗੋਲਾ ਕੰਧ ਪਾੜ ਕੇ ਅੰਦਰ ਜਾਣ ਕਾਰਨ ਕੀਮਤੀ ਚਾਨਣੀ, ਜੋ ਨਿਜ਼ਾਮ ਹੈਦਰਾਬਾਦ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਗਈ ਸੀ ਅਤੇ ਜਿਸ ਦੀ ਸੁੰਦਰਤਾ ਤੋਂ ਪ੍ਰਭਾਵਤ ਹੋ ਕੇ ਮਹਾਰਾਜੇ ਵੱਲੋਂ ਇਹ ਚਾਨਣੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰ ਦਿੱਤੀ ਗਈ ਸੀ, ਸੜ ਕੇ ਸਵਾਹ ਹੋ ਚੁੱਕੀ ਸੀ। ਧੂੰਏਂ ਤੇ ਸੇਕ ਦਾ ਅਸਰ ਜਲੌ ਦੇ ਬਾਕੀ ਸਾਮਾਨ 'ਤੇ ਵੀ ਨਜ਼ਰ ਆ ਰਿਹਾ ਸੀ ਪਰ ਹਾਲਾਤ ਅਨੁਸਾਰ ਸਾਮਾਨ ਪੂਰਾ ਜਾਪਦਾ ਸੀ। ਤੋਸ਼ੇਖਾਨੇ ਵਾਲੇ ਰਜਿਸਟਰ ਨਾਲ ਮਿਲਾਨ ਕੀਤਾ ਗਿਆ। ਵੇਖਣ ਉਪਰੰਤ ਤਾਲੇ ਲਗਾ ਕੇ ਫੌਜ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਨਿਯਤ ਕੀਤੀ ਗਈ। ਹੋਈ ਕਾਰਵਾਈ 'ਤੇ ਬੋਰਡ ਦੇ ਮੈਂਬਰਾਂ ਤੋਂ ਛੁੱਟ ਸ. ਕੁਲਦੀਪ ਸਿੰਘ ਮੀਤ ਸਕੱਤਰ ਦੇ ਦਸਤਖ਼ਤ ਵੀ ਕਰਵਾਏ ਗਏ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਸ਼ਸਤਰਾਂ ਦਾ ਜ਼ਿਕਰ ਆਇਆ ਤਾਂ ਜਥੇਦਾਰ ਕਿਰਪਾਲ ਸਿੰਘ ਜੀ ਨੇ ਦੱਸਿਆ ਕਿ ੯ ਜੂਨ ਨੂੰ ਪੰਜਾਂ ਪਿਆਰਿਆਂ ਨੂੰ ਸੱਦ ਕੇ ਭਾਲ ਕੀਤੀ ਜਾ ਚੁੱਕੀ ਹੈ। ਤਸੱਲੀ ਹੋਣ 'ਤੇ ਫੌਜੀ ਅਧਿਕਾਰੀਆਂ ਨੇ ਕਿਸੇ ਹੋਰ ਕੀਮਤੀ ਵਸਤੂ ਹੋਣ ਬਾਰੇ ਪੁੱਛਿਆ ਜਿਸ 'ਤੇ ਮੈਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਲਕੀ 'ਪੁਰ ਸੋਨਾ ਲੱਗਾ ਹੋਇਆ, ਉਸ ਦਾ ਵੇਰਵਾ ਕਿਧਰੇ ਨਹੀਂ ਮਿਲਿਆ ਤਾਂ ਸਾਰੇ ਅਧਿਕਾਰੀ ਮੌਕੇ 'ਪੁਰ ਗਏ। ਤੋਪਾਂ ਦੇ ਗੋਲਿਆਂ ਨਾਲ ਪਾਲਕੀ ਸਾਹਿਬ ਵਾਲੀ ਜਗ੍ਹਾ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਮਲਬੇ ਦੇ ਢੇਰ ਵਿੱਚੋਂ ਕੁਝ ਟੁਕੜੇ ਸੰਬੰਧਿਤ ਅਧਿਕਾਰੀਆਂ ਨੂੰ ਵਿਖਾਏ ਗਏ ਤਾਂ ਉਨ੍ਹਾਂ ਸੋਨੇ ਦੇ ਪੱਤਰਿਆਂ ਦੀ ਭਾਲ ਦਾ ਵਿਸ਼ਵਾਸ ਦਿਵਾਇਆ। ਉਹ ਕਮਰਾ (ਗੁ: ਕੋਠਾ ਸਾਹਿਬ) ਜਿੱਥੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ ਸੁਸ਼ੋਭਿਤ ਕੀਤੀ ਜਾਂਦੀ ਸੀ, ਅੰਦਰੋਂ ਬਿਲਕੁਲ ਠੀਕ ਸੀ। ਕਿਸੇ ਗੋਲੀ ਆਦਿ ਦਾ ਨਿਸ਼ਾਨ ਨਹੀਂ ਸੀ। ਇਸ ਕਮਰੇ ਦੇ ਦਰਵਾਜ਼ੇ ਅੰਦਰ ਖੜ੍ਹੇ ਹੋ ਕੇ ਵੇਖੀਏ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਿਲਕੁਲ ਸਾਹਮਣੇ ਵਿਖਾਈ ਦਿੰਦਾ ਸੀ। ਅਸੀਂ ਇਹ ਵੇਖ ਕੇ ਹੈਰਾਨ ਵੀ ਸਾਂ ਕਿ ਇਤਨੀ ਭਾਰੀ ਗੋਲਾਬਾਰੀ ਸਮੇਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਾਕੀ ਇਮਾਰਤ ਖੰਡਰ ਬਣ ਗਈ ਸੀ ਤਾਂ ਇਹ ਕਮਰਾ ਕਿਸ ਤਰ੍ਹਾਂ ਬਚ ਗਿਆ। ਤਕਰੀਬਨ ਇਕ ਵਜੇ ਤੋਂ ਪਿੱਛੋਂ ਸਾਨੂੰ ਘਰੋ-ਘਰੀ ਪਹੁੰਚਾ ਦਿੱਤਾ ਗਿਆ ਅਤੇ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਨੂੰ ਫੌਜੀ ਅਧਿਕਾਰੀ ਨਾਲ ਲੈ ਗਏ ਪਰ ਇਨ੍ਹਾਂ ਨੇ ਸਾਨੂੰ ਦੱਸ ਦਿੱਤਾ ਸੀ ਕਿ ਹਫਤਾ-ਦਸ ਦਿਨ ਤੀਕ ਇਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ।

੧੧ ਜੂਨ ਸਵੇਰੇ ਅੱਠ ਵਜੇ ਤਿਆਰ ਰਹਿਣ ਲਈ ਸ. ਰਣਜੀਤ ਸਿੰਘ ਮੈਨੇਜਰ ਨੇ ਮੈਨੂੰ ਕਿਹਾ। ਮਿਥੇ ਸਮੇਂ 'ਤੇ ਕਰਨਲ ਗੁਰਾਇਆ ਅਤੇ ਸ. ਰਣਜੀਤ ਸਿੰਘ ਛੋਟੀ ਜੀਪ ਵਿਚ ਘਰੋਂ ਲੈ ਗਏ। ਫੌਜ ਦੀ ਇਕ ਜੀਪ ਸਾਡੇ ਨਾਲ ਹੋਰ ਸੀ। ਸਾਨੂੰ ਦੱਸਿਆ ਗਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਕੁਝ ਪੁਸਤਕਾਂ ਬਾਰੇ ਜਾਣਕਾਰੀ ਲੈਣੀ ਹੈ। ਗੁਰੂ ਰਾਮਦਾਸ ਨਿਵਾਸ ਦੇ ਸਾਹਮਣੇ ਸਾਨੂੰ ਉਤਾਰ ਕੇ ਡਿਓੜ੍ਹੀ ਰਾਹੀਂ ਪਰਕਰਮਾ ਵਿਚ ਲਿਜਾਇਆ ਗਿਆ। ਡਿਓੜ੍ਹੀ ਤੋਂ ਹੇਠਾਂ ਉਤਰਨ ਵਾਲੇ ਸੰਗਮਰਮਰ ਦੇ ਪੌੜ ਟੁੱਟੇ ਹੋਏ ਸਨ। ਸਾਨੂੰ ਦੱਸਿਆ ਗਿਆ ਕਿ ਟੈਂਕ ਇਸੇ ਰਸਤੇ ਪਰਕਰਮਾ ਵਿਚ ਉਤਾਰੇ ਗਏ ਸਨ। ਪਰਕਰਮਾ ਵਿਚ ਨੰਗੇ ਪੈਰੀਂ ਤੁਰਨਾ ਮੁਸ਼ਕਿਲ ਹੋ ਰਿਹਾ ਸੀ। ਪਰਕਰਮਾ ਸਵਾਹ, ਇੱਟਾਂ ਅਤੇ ਸੰਗਮਰਮਰ ਦੀਆਂ ਕੰਕਰਾਂ ਨਾਲ ਭਰੀਆਂ ਹੋਈਆਂ ਸਨ। ਟੈਂਕਾਂ ਦੇ ਚੱਲਣ ਨਾਲ ਸੰਗਮਰਮਰ 'ਤੇ ਝਰੀਟਾਂ ਅਤੇ ਤਰੇੜਾਂ ਸਾਫ਼ ਦਿੱਸ ਰਹੀਆਂ ਸਨ।

ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗੁਰਦੁਆਰਾ ਸਾਹਿਬ ਤੋਂ ਪਹਿਲਾਂ ਹੀ ਕਈ ਥਾਵਾਂ 'ਤੇ ਸੰਗਮਰਮਰ ਹੇਠਾਂ ਦੱਬਿਆ ਹੋਇਆ ਤੇ ਟੁੱਟਾ ਹੋਇਆ ਸੀ ਜਿਸ ਬਾਰੇ ਦੱਸਿਆ ਗਿਆ ਕਿ ਇਸ ਥਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਰਾਹੀਂ ਗੋਲੇ ਚਲਾਏ ਗਏ ਸਨ। ਇਹੋ ਹਾਲਤ ਆਟਾ ਮੰਡੀ ਵਾਲੀ ਡਿਓੜ੍ਹੀ ਤੀਕ ਸੀ। ਪਰ ਫਰਸ਼ 'ਤੇ ਟੈਂਕਾਂ ਦੀ ਰਗੜ ਅੱਗੇ ਤੀਕ ਵੀ ਜਾਂਦੀ ਸੀ। ਅਸਾਂ ਭਾਂਪ ਲਿਆ ਕਿ ਇਸ ਪਾਸੇ ਤੋਂ ਟੈਂਕਾਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਗਈ ਸੀ। ਆਟਾ ਮੰਡੀ ਵਾਲੀ ਡਿਓੜ੍ਹੀ ਲਾਗੇ ਇਕ ਨਾਇਬ ਸੂਬੇਦਾਰ ਜਿਸ ਦਾਹੜੀ ਟਰਿਮ ਕੀਤੀ ਹੋਈ ਸੀ, ਫ਼ੌਜੀ ਸਫਾਈ ਮਹਿਕਮੇ ਦੇ ਜਵਾਨਾਂ ਨਾਲ ਫਲੀਟਾਂ ਪਾਈ ਕੰਮ ਕਰਵਾ ਰਿਹਾ ਸੀ। ਉਸ ਨੇ ਦੱਸਿਆ ਕਿ ਨੰਗੇ ਪੈਰੀਂ ਕੰਮ ਨਹੀਂ ਹੋ ਸਕਦਾ। ਡਿਓੜ੍ਹੀ ਉੱਪਰ ਚੜ੍ਹ ਕੇ ਜਦੋਂ ਅਸੀਂ ਰੈਫਰੈਂਸ ਲਾਇਬ੍ਰੇਰੀ ਦੀਆਂ ਪੌੜੀਆਂ ਪਾਸ ਗਏ ਤਾਂ ਸਾਨੂੰ ਇਹ ਵੇਖ ਕੇ ਬਹੁਤ ਦੁੱਖ ਹੋਇਆ ਕਿ ਪੌੜੀਆਂ ਚੜ੍ਹਨ ਤੋਂ ਪਹਿਲਾਂ ਖੱਬੇ ਪਾਸੇ ਵਾਲੀ ਦੁਕਾਨ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਇਕੱਤਰ ਕਰ ਕੇ ਰੈਕਾਂ ਵਿਚ ਰੱਖੀਆਂ ਹੋਈਆਂ ਸਨ, ਅੰਦਰ ਇਕ ਮੰਜੇ 'ਤੇ ਬੈਠਾ ਫ਼ੌਜੀ ਸਿਪਾਹੀ ਸਿਗਰਟ ਪੀ ਰਿਹਾ ਸੀ। ਸਾਡੇ ਇਤਰਾਜ਼ ਕਰਨ 'ਤੇ ਫ਼ੌਜੀ ਨੇ ਸਿਗਰਟ ਪੀਣੀ ਤਾਂ ਬੰਦ ਕਰ ਦਿੱਤੀ ਪਰ ਮੰਜੇ ਉੱਪਰ ਬੈਠਾ ਰਿਹਾ। ਅਸਾਂ ਕਰਨਲ ਗੁਰਾਇਆ ਨੂੰ ਸਮਝਾਇਆ ਤਾਂ ਉਸ ਨੇ ਭਰੋਸਾ ਦਿਵਾਇਆ ਕਿ ਇਸ ਕਮਰੇ ਨੂੰ ਤਾਲਾ ਲਾ ਕੇ ਪੂਰੀ ਸੰਭਾਲ ਕਰ ਲਈ ਜਾਵੇਗੀ। ਇਸ ਕਮਰੇ ਬਾਰੇ ਹੀ ਉਨ੍ਹਾਂ ਨੂੰ ਜਾਣਕਾਰੀ ਦੀ ਲੋੜ ਜ਼ਿਆਦਾ ਸੀ। ਉੱਪਰ ਜਾ ਕੇ ਵੇਖਿਆ ਤਾਂ ਕਮਰੇ ਸਾਰੇ ਠੀਕ ਸਨ ਪਰ ਅਲਮਾਰੀਆਂ ਵਿੱਚੋਂ ਪੁਸਤਕਾਂ ਗਾਇਬ ਸਨ। ਫਿਰ ਵੀ ਕਈ ਕੀਮਤੀ ਪੁਸਤਕਾਂ ਖਿੱਲਰੀਆਂ ਹੋਈਆਂ ਸਨ। ਅੱਗੇ ਜਾ ਕੇ ਝਾਤ ਮਾਰੀ ਤਾਂ ਡਿਓੜ੍ਹੀ ਦੇ ਉੱਪਰ ਵਾਲੇ ਸਾਰੇ ਹਿੱਸੇ ਵਿਚ ਰੈਕ ਸੜੇ ਹੋਏ ਸਨ ਅਤੇ ਸਵਾਹ ਦੇ ਢੇਰ ਲੱਗੇ ਹੋਏ ਸਨ। ਇਸ ਥਾਂ 'ਤੇ ਆਮ ਤੌਰ 'ਤੇ ਅਖ਼ਬਾਰਾਂ ਹੀ ਰੱਖੀਆਂ ਹੋਈਆਂ ਸਨ ਜਿਨ੍ਹਾਂ ਤੋਂ ਬਹੁਤ ਪੁਰਾਣੇ ਰੈਫਰੈਂਸ ਲਏ ਜਾ ਸਕਦੇ ਸਨ। ਇਹ ਗੱਲ ਸਾਫ਼ ਸੀ ਕਿ ਕੀਮਤੀ ਪੁਸਤਕਾਂ ਸਾੜੀਆਂ ਨਹੀਂ ਸਗੋਂ ਲਿਜਾਈਆਂ ਜਾ ਚੁੱਕੀਆਂ ਸਨ। ਜੋ ਪੁਸਤਕਾਂ ਉਸ ਸਮੇਂ ਉੱਥੇ ਖਿੱਲਰੀਆਂ ਪਈਆਂ ਸਨ, ਬਾਅਦ ਵਿਚ ਉਨ੍ਹਾਂ ਵਿੱਚੋਂ ਵੀ ਕੋਈ ਪੁਸਤਕ ਨਹੀਂ ਮਿਲ ਸਕੀ। ਤਕਰੀਬਨ ੯-੩੦ ਵਜੇ ਤੀਕ ਅਸੀਂ ਪਰਕਰਮਾ ਵਿੱਚੋਂ ਬਾਹਰ ਆ ਗਏ ਤਾਂ ਸਾਨੂੰ ਮਿਲਟਰੀ ਦੇ ਕੈਂਪ ਵਿਚ ਕਰਨਲ ਗੁਰਾਇਆ ਲੈ ਗਏ ਜਿੱਥੇ ਉਨ੍ਹਾਂ ਸਾਨੂੰ ਆਪਣੇ ਦਫ਼ਤਰ ਵਿਚ ਬਿਠਾਇਆ ਅਤੇ ਦੱਸਿਆ ਕਿ ੧੧-੩੦ ਵਜੇ ਸਕਰੀਨਿੰਗ ਕਮੇਟੀ ਦੀ ਮੀਟਿੰਗ ਹੈ ਜਿਸ ਵਿਚ ਫ਼ੌਜੀ ਅਧਿਕਾਰੀਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਪੁਲੀਸ ਦੇ ਨੁਮਾਇੰਦੇ ਵੀ ਹਨ, ਤੁਸਾਂ ਆਪਣੇ ਮੁਲਾਜ਼ਮਾਂ ਦੀ ਪਛਾਣ ਕਰਨੀ ਹੈ। ਸਾਨੂੰ ਦਫ਼ਤਰ ਵਿਚ ਚਾਹ ਪਿਲਾਈ ਗਈ। ਕਰਨਲ ਗੁਰਾਇਆ ਕੁਝ ਸਮੇਂ ਲਈ ਦਫ਼ਤਰ ਵਿੱਚੋਂ ਬਾਹਰ ਚਲਾ ਗਿਆ। ਇੱਥੇ ਦਫ਼ਤਰ ਵਿਚ ਇਕ ਮੇਜਰ ਬੈਠਾ ਸੀ। ਚਾਹ ਪੀਂਦਿਆਂ ਉਸ ਨੇ ਕਿਹਾ ਕਿ "ਸਰਦਾਰ ਜੀ, ਇਸ ਮਿਲਟਰੀ ਐਕਸ਼ਨ ਕੇ ਬਾਰੇ ਮੇਂ ਆਪ ਕਾ ਕਿਆ ਵਿਚਾਰ ਹੈ ?"

ਮੈਂ ਠਰ੍ਹੰਮੇ ਨਾਲ ਗੱਲ ਕਰਦਿਆਂ ਉਸ ਨੂੰ ਦੱਸਿਆ ਇਸ ਕਾਰਵਾਈ ਵਿਚ ਫ਼ੌਜ ਦਾ ਹਿੱਸਾ ਲੈਣਾ ਦੇਸ਼ ਲਈ ਹਾਨੀਕਾਰਕ ਹੈ ਕਿਉਂਕਿ ਫ਼ੌਜ ਦਾ ਸਤਿਕਾਰ ਜਨਤਾ ਦੇ ਮਨਾਂ ਵਿਚ ਇਸ ਕਰਕੇ ਜ਼ਿਆਦਾ ਹੁੰਦਾ ਹੈ ਕਿ ਹਰ ਕੋਈ ਜਾਣਦਾ ਹੈ ਕਿ ਫ਼ੌਜ ਨੇ ਬਾਹਰਲੇ ਹਮਲਾਵਰਾਂ ਤੋਂ ਦੇਸ਼ ਨੂੰ ਬਚਾਉਣਾ ਹੁੰਦਾ ਹੈ। ਇਸੇ ਕਰਕੇ ੧੯੬੫ ਅਤੇ ੧੯੭੧ ਦੀਆਂ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਵਿਚ ਜੋ ਹਿੱਸਾ ਪੰਜਾਬੀਆਂ ਨੇ ਪਾਇਆ ਜਿਵੇਂ ਅਸਲਾ, ਰਾਸ਼ਨ, ਦੁੱਧ ਅਤੇ ਖਾਣ-

ਪੀਣ ਵਾਲੀਆਂ ਵਸਤੂਆਂ ਅਗਲੇ ਮੋਰਚਿਆਂ ਤੀਕ ਪੁਚਾ ਕੇ ਜਵਾਨਾਂ ਦੇ ਹੌਸਲੇ ਵਧਾਏ, ਜੇਕਰ ਜਨਤਾ ਦਾ ਸਹਿਯੋਗ ਨਾ ਹੁੰਦਾ ਤਾਂ ਭਾਰਤੀ ਫੌਜ ਦਾ ਇੱਥੋਂ ਪਾਕਿਸਤਾਨ ਅੱਗੇ ਟਿਕਣਾ ਮੁਸ਼ਕਿਲ ਸੀ। ਉਸ ਸਮੇਂ ਫੌਜੀ ਜਵਾਨਾਂ ਲਈ ਲੋਕਾਂ ਦੀ ਹਮਦਰਦੀ ਸੀ ਅਤੇ ਇਸ ਐਕਸ਼ਨ ਪਿੱਛੋਂ ਫੌਜ ਪ੍ਰਤੀ ਨਫ਼ਰਤ ਪੈਦਾ ਹੋ ਗਈ ਹੈ। ਪਰਮਾਤਮਾ ਨਾ ਕਰੇ, ਜੇ ਕਿਧਰੇ ਫਿਰ ਲੜਾਈ ਲੱਗੀ ਤਾਂ ਫੌਜ ਨੂੰ ਇੱਥੇ ਦੂਣੀ ਤਾਕਤ ਦੀ ਵਰਤੋਂ ਕਰਨੀ ਪਵੇਗੀ। ਉਸ ਨੇ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਪਰ ਨਾਲ ਹੀ ਕਿਹਾ ਕਿ ਫੌਜੀ ਜਵਾਨ ਦੇ ਕੀ ਵੱਸ ਹੈ, ਇਹ ਤਾਂ ਹੁਕਮ ਮੰਨਣ ਵਾਲੇ ਹਨ, ਇਹ ਸੋਚ ਤਾਂ ਹਾਕਮਾਂ ਨੂੰ ਹੋਣੀ ਚਾਹੀਦੀ ਹੈ ਕਿ ਫੌਜ ਨੂੰ ਘਰੇਲੂ ਮਸਲਿਆਂ ਵਿਚ ਨਾ ਵਰਤਣ।

ਨਿਯਤ ਸਮੇਂ 'ਤੇ ਕਰਨਲ ਗੁਰਾਇਆ ਛਾਉਣੀ ਵਿਚਲੇ ਸਕੂਲ ਵਿਚ ਲੈ ਗਿਆ। ਸਾਨੂੰ ਦਫ਼ਤਰ ਵਿਚ ਬਿਠਾ ਦਿੱਤਾ ਗਿਆ। ਸਕੂਲ ਦੀ ਇਮਾਰਤ ਦੀ ਦੂਸਰੀ ਮੰਜ਼ਲ 'ਤੇ ਸਾਡੇ ਕੁਝ ਮੁਲਾਜ਼ਮਾਂ ਨੇ ਸਾਨੂੰ ਵੇਖ ਲਿਆ ਅਤੇ ਹੱਥ ਨਾਲ ਇਸ਼ਾਰੇ ਕਰਨ ਲੱਗੇ। ਅਸੀਂ ਕਮਰੇ ਤੋਂ ਬਾਹਰ ਵੀ ਨਹੀਂ ਸਾਂ ਜਾ ਸਕਦੇ। ਗਿਆਨੀ ਪ੍ਰੀਤਮ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਬਰਾਂਡੇ ਵਿਚ ਆਏ। ਉਨ੍ਹਾਂ ਦੇ ਗਲ਼ ਵਿਚ ਪਾਟੀ ਹੋਈ ਚਿੱਕੜ ਵਰਗੀ ਬੁਨੈਣ ਅਤੇ ਕਛਹਿਰਾ ਸੀ। ਇਹੋ ਜਿਹੀ ਹੀ ਦਸ਼ਾ ਬਾਕੀਆਂ ਦੀ ਵੀ ਸੀ। ਅਸੀਂ ਮਾਯੂਸ ਬੈਠੇ ਕੁਝ ਨਹੀਂ ਸੀ ਕਰ ਸਕਦੇ। ਪਰ ਆਸ ਸੀ ਕਿ ਇਨ੍ਹਾਂ ਦੀ ਪਹਿਚਾਣ ਹੋਣ ਪਿੱਛੋਂ ਇਨ੍ਹਾਂ ਨੂੰ ਛੁਟਕਾਰਾ ਮਿਲ ਜਾਵੇਗਾ। ਦੁਪਹਿਰੇ ੨-੩੦ ਵਜੇ ਤੀਕ ਸਿਵਲ ਅਧਿਕਾਰੀ ਕਿਸੇ ਕਾਰਨ ਨਾ ਪੁੱਜੇ ਪਰ ਇਹ ਫੌਜੀ ਕਰਨਲ ਸ਼ਰਮਾ ਜੋ ਬੰਦੀਆਂ ਦਾ ਇੰਚਾਰਜ ਵੀ ਲੱਗਦਾ ਸੀ, ਬੜੇ ਗੁੱਸੇ ਵਿਚ ਬੋਲਿਆ ਕਿ ਅਸੀਂ ਇਹੋ ਜਿਹੀ ਸਿਆਸਤ ਨਹੀਂ ਚੱਲਣ ਦੇਣੀ, ਕੋਈ ਪਛਾਣ ਨਹੀਂ ਕਰਾਉਣੀ। ਕਰਨਲ ਗੁਰਾਇਆ ਸਾਨੂੰ ਨਾਲ ਲੈ ਕੇ ਗੁੱਸੇ ਵਿਚ ਬੋਲਦਾ ਬਾਹਰ ਆ ਗਿਆ ਕਿ ਤੁਸੀਂ ਕਿੰਨੇ ਦੇਸ਼ ਭਗਤ ਹੋ, ਮੈਂ ਜਾਣਦਾ ਹਾਂ। ਸਾਂਬਾ ਸੈਕਟਰ ਵਿਚ ਪਾਕਿਸਤਾਨ ਨਾਲ ਜਾਸੂਸੀ ਕਰਦੇ ੭ ਸ਼ਰਮੇ ਅਫ਼ਸਰ ਹੀ ਫੜੇ ਗਏ ਸਨ। ਪਰ ਇਹ ਤਾਂ ਆਪਣੇ ਕੰਢੇ ਲੂਹਣ ਵਾਲੀ ਗੱਲ ਸੀ। ਉਹ ਵੀ ਮਾਯੂਸ ਸੀ। ਫਿਰ ਵੀ ਉਸ ਨੇ ਕਿਹਾ ਕਿ ਘੱਟੋ-ਘੱਟ ਢਾਈ ਵਜੇ ਤੀਕ ਕਮੇਟੀ ਮੈਂਬਰਾਂ ਦੀ ਉਡੀਕ ਕਰ ਲਈਏ, ਸ਼ਾਇਦ ਗੱਲ ਬਣ ਜਾਵੇ। ਕਰਨਲ ਗੁਰਾਇਆ ਪੂਰੀ ਹਮਦਰਦੀ ਨਾਲ ਸਾਡੇ ਨਾਲ ਵਿਚਰ ਰਿਹਾ ਸੀ। ਧਰਵਾਸ ਦਿੰਦਿਆਂ, ਗੱਲਾਂ ਕਰਦਿਆਂ ਫੌਜੀ ਭਰਤੀ ਆਫਿਸ ਸਾਹਮਣੇ ਆਫੀਸਰ ਮੈੱਸ ਵਿਚ ਸਾਨੂੰ ਲਿਜਾ ਕੇ ਜ਼ੋਰ ਦੇ ਕੇ ਦੋ-ਦੋ ਫੁਲਕੇ ਛਕਾਏ। ਸਾਡੇ ਮਨ ਤਾਂ ਭਰੇ ਹੋਏ ਸਨ ਪਰ ਸਮਾਂ ਕਾਫ਼ੀ ਹੋ ਜਾਣ ਕਾਰਨ ਭੁੱਖ ਵੀ ਲੱਗੀ ਸੀ। ਕਾਫ਼ੀ ਸਮੇਂ ਦੀ ਉਡੀਕ ਤੋਂ ਪਿੱਛੋਂ ਨਿਰਾਸ਼ਾ ਭਰੀ ਹਾਲਤ ਵਿਚ ਉਹ ਸਾਨੂੰ ਘਰੀਂ ਛੱਡ ਗਿਆ।

ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਦੋ ਦਿਨ ਪਹਿਲਾਂ ਸ. ਸੁਰਜੀਤ ਸਿੰਘ ਮੀਤ ਸਕੱਤਰ, ਸ. ਗੁਰਬਚਨ ਸਿੰਘ ਚਾਂਦ ਚੀਫ ਗੁ: ਇੰਸਪੈਕਟਰ ਅਤੇ ਸ. ਹਰਪਾਲ ਸਿੰਘ ਅਰਦਾਸੀਆ ਪਾਸੋਂ ਵੀ ਕੁਝ ਮੁਲਾਜ਼ਮਾਂ ਦੀ ਸ਼ਨਾਖਤ ਕਰਵਾਈ ਗਈ ਸੀ। ਨੌਜਵਾਨ ਮੁਲਾਜ਼ਮਾਂ ਨੂੰ ਤਾਂ ਫੌਜ ਨੇ ਨਹੀਂ ਛੱਡਿਆ ਜਦਕਿ ੩੫ ਸਾਲ ਤੋਂ ਉੱਪਰ ਦੇ ਮੁਲਾਜ਼ਮਾਂ ਸਮੇਤ ਗਿਆਨੀ ਪ੍ਰੀਤਮ ਸਿੰਘ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੁਝ ਦਿਨਾਂ ਬਾਅਦ ਛੱਡ ਦਿੱਤਾ ਗਿਆ ਸੀ। ■

ਜੂਨ ੧੯੮੪ ਈ. ਵਿਚ
ਗੁਰਦੁਆਰਿਆਂ 'ਤੇ ਹੋਏ ਫ਼ੌਜੀ ਹਮਲੇ

-ਸਿਮਰਜੀਤ ਸਿੰਘ

ਸਿੱਖਾਂ ਵਾਸਤੇ ਗੁਰਦੁਆਰਾ ਸਿਰਫ਼ ਪੂਜਾ-ਅਸਥਾਨ ਹੀ ਨਹੀਂ ਸਗੋਂ ਉਹ ਪਾਵਨ ਪਵਿੱਤਰ ਅਸਥਾਨ ਹੈ ਜਿੱਥੇ ਉਨ੍ਹਾਂ ਦੇ ਜਾਗਤ-ਜੋਤਿ ਦਸ ਗੁਰੂ ਸਾਹਿਬਾਨ ਦੇ ਪਾਵਨ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹੁੰਦੇ ਹਨ ਜੋ ਕਿ ਉਨ੍ਹਾਂ ਨੂੰ ਹਰ ਰੋਜ਼ ਹੁਕਮਨਾਮੇ ਦੇ ਰੂਪ ਵਿਚ ਜੀਵਨ-ਖੇਤਰ 'ਚ ਜੂਝਣ ਵਾਸਤੇ ਅਗਵਾਈ ਬਖ਼ਸ਼ਦੇ ਹਨ। ਸਿੱਖ ਗੁਰੂ ਦੇ ਹੁਕਮ ਅਨੁਸਾਰ ਜੀਵਨ ਬਸਰ ਕਰ ਕੇ ਹੀ ਆਪਣੇ ਆਪ 'ਚ ਸੁਰਖਰੂ ਤੇ ਸੰਤੁਸ਼ਟ ਮਹਿਸੂਸ ਕਰਦਾ ਹੈ। ਗੁਰੂ ਦੇ ਦੁਆਰੇ 'ਤੇ ਹਾਜ਼ਰ ਹੋਣ ਤੋਂ ਬਗ਼ੈਰ ਹਰੇਕ ਗੁਰੂ ਨਾਨਕ ਨਾਮ-ਲੇਵਾ ਸਿੱਖ ਆਪਣੇ ਆਪ 'ਚ ਅਧੂਰਾ ਤੇ ਸੁੰਞਾ ਜਿਹਾ ਪ੍ਰਤੀਤ ਕਰਦਾ ਹੈ। ਆਪਣਾ ਧਰਮ-ਅਸਥਾਨ ਹਰੇਕ ਧਾਰਮਿਕ ਮੱਤ ਦੇ ਧਾਰਨੀ ਨੂੰ ਕੁਦਰਤੀ ਤੌਰ 'ਤੇ ਪਿਆਰਾ ਲੱਗਦਾ ਹੈ ਪਰ ਸਿੱਖ ਸੰਗਤਾਂ ਨੂੰ ਤਾਂ ਆਪਣੇ ਗੁਰਦੁਆਰੇ ਜਾਨ ਤੋਂ ਵੀ ਪਿਆਰੇ ਹਨ। ਇਸ ਹਕੀਕਤ ਦੀ ਪੁਸ਼ਟੀ ਹਰੇਕ ਵਕਤ 'ਚ ਗਾਹੇ-ਬਗਾਹੇ ਹੁੰਦੀ ਰਹੀ ਹੈ। ਬਾਬਾ ਦੀਪ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਸੁਣ ਕੇ ਇਸ ਦਾ ਸਨਮਾਨ ਬਹਾਲ ਕਰਨ ਵਾਸਤੇ ਜਾਨਾਂ ਵਾਰ ਦੇਣਾ ਅਤੇ ਸ. ਮਹਿਤਾਬ ਸਿੰਘ ਤੇ ਸ. ਸੁੱਖਾ ਸਿੰਘ ਦਾ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਕਰਨ ਵਾਲੇ ਮੱਸੇ ਰੰਗੜ ਨੂੰ ਰਾਜਸਥਾਨ ਤੋਂ ਆ ਕੇ ਸੋਧਣਾ ਦੋ ਪ੍ਰਮੁੱਖ ਉਦਾਹਰਣਾਂ ਹਨ। ਹੋਰ ਉਦਾਹਰਣਾਂ ਵੀ ਅਨੇਕਾਂ ਹਨ। ਪਰੰਤੂ ਅਫ਼ਸੋਸਨਾਕ ਪਹਿਲੂ ਹੈ ਕਿ ਹਰੇਕ ਸਰਕਾਰ ਰਾਜਸੀ ਸੱਤਾ ਤੇ ਤਾਕਤ ਦੀ ਖੁਮਾਰੀ 'ਚ ਗੁਰਦੁਆਰਿਆਂ ਵਾਸਤੇ ਜਾਨਾਂ ਵਾਰ ਦੇਣ ਵਾਲੀ ਸਿੱਖ ਮਾਨਸਿਕਤਾ ਨੂੰ ਦਰ-ਕਿਨਾਰ ਕਰ ਕੇ ਸਿੱਖਾਂ ਦੇ ਗੁਰਦੁਆਰਿਆਂ 'ਤੇ ਆਨੇ-ਬਹਾਨੇ ਜਾਂ ਸਪਸ਼ਟ ਬਲ-ਪ੍ਰਯੋਗ ਕਰਨੋਂ ਪਿਛਾਂਹ ਨਹੀਂ ਰਹਿੰਦੀ ਰਹੀ। ਰਾਜਤੰਤਰੀ ਸਰਕਾਰਾਂ ਜਾਂ ਐਲਾਨੀਆਂ ਕੱਟੜ ਮਜ਼ਬੀ ਨੀਤੀ ਦੀਆਂ ਧਾਰਨੀ ਸਰਕਾਰਾਂ ਨੇ ਤਾਂ ਐਸਾ ਕਰਨਾ ਹੀ ਸੀ ਪਰੰਤੂ ਘੋਰ ਦੁਖਦਾਇਕ ਤੱਥ ਇਹ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਨ ਤੇ ਦਮ ਭਰਨ ਵਾਲੀ ਉੱਤਰ-ਸੁਤੰਤਰਤਾ ਕਾਲ ਦੀ ਭਾਰਤ ਦੀ ਕੇਂਦਰੀ ਸਰਕਾਰ ਨੇ ੧੯੮੪ ਈ: ਵਿਚ ਪਹਿਲਾਂ ਕੁਝ ਸਾਲਾਂ ਤੋਂ ਬੜੀ ਹੀ ਸ਼ਾਤਰਤਾ ਤੇ ਚੁਸਤੀ-ਚਲਾਕੀ ਨਾਲ ਹਾਲਾਤ ਨੂੰ ਮਨ-ਮਰਜ਼ੀ ਦੇ ਮੋੜ ਦਿੱਤੇ ਅਤੇ ਫਿਰ ਆਪਣੀ ਹੀ ਰਿਆਇਆ ਬਣੀ ਸਿੱਖ ਕੌਮ ਦੇ ਪਰਮ ਪਾਵਨ ਕੇਂਦਰੀ-ਅਸਥਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਇਸ ਦੇ ਨਾਲ ਸਮੂਹ ਪੰਜਾਬ 'ਚ ੪੦ ਦੇ ਲੱਗਭਗ ਹੋਰ ਗੁਰਦੁਆਰਾ ਸਾਹਿਬਾਨ ਨੂੰ ਇੱਕੋ ਸਮੇਂ ਫ਼ੌਜੀ ਹਮਲੇ ਦਾ ਸ਼ਿਕਾਰ ਬਣਾ ਕੇ, ਕਤਲੋਗ਼ਾਰਤ ਦਾ ਵਰਤਾਰਾ ਵਰਤਾ ਕੇ ਆਪਣੀ ਘੋਰ ਕਰੂਰਤਾ ਤੇ ਅਕ੍ਰਿਤਘਣਤਾ ਦਾ ਵਿਖਾਵਾ ਕੀਤਾ। ਅਠਾਰ੍ਹਵੀਂ ਸਦੀ ਦੇ ਮੁਗ਼ਲ ਹਾਕਮਾਂ ਅਤੇ ਅਫ਼ਗਾਨ ਹਮਲਾਵਰਾਂ ਵੱਲੋਂ ਵਰਤਾਏ ਘੱਲੂਘਾਰਿਆਂ ਦੀ ਹੀ ਤਰਜ਼ 'ਤੇ ਸਿੱਖ ਕੌਮ ਦਾ ਸਰਬਨਾਸ਼ ਜਾਂ ਨਸਲਘਾਤ ਕਰਨ ਦੇ ਅਤਿ ਮੰਦੇ ਇਰਾਦਿਆਂ ਨੂੰ ਇਸ ਸਮੂਹਿਕ ਫ਼ੌਜੀ ਹਮਲੇ ਦੁਆਰਾ ਮੂਰਤੀਮਾਨ ਕੀਤਾ ਗਿਆ। ਇਸ ਹਮਲੇ ਦਾ ਸੱਚ ਕਈ ਕਾਰਨਾਂ ਕਰਕੇ ਇਕਦਮ ਸਾਰੀ ਦੁਨੀਆਂ ਅੱਗੇ ਜ਼ਾਹਰ ਨਹੀਂ ਹੋ

ਸਕਿਆ। ਇਹ ਹੌਲੀ-ਹੌਲੀ ਜ਼ਾਹਰ ਹੋ ਰਿਹਾ ਹੈ।

ਹਾਕਮਾਂ ਦੀ ਗਿਣੀ-ਮਿਥੀ ਸੋਚ ਦੇ ਤਹਿਤ, ਨੀਲਾ ਤਾਰਾ ਤੇ ਇਸ ਦੇ ਨਾਲ ਜੁੜਵੀਂ ਫ਼ੌਜੀ ਕਾਰਵਾਈ ਲਈ ਵੱਧ ਤੋਂ ਵੱਧ ਸਿੱਖੀ ਦਿੱਖ ਵਾਲੇ ਜਰਨੈਲਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ, ਦੁਨੀਆਂ ਨੂੰ ਇਹ ਜਚਾਉਣ ਲਈ ਕਿ ਉਨ੍ਹਾਂ ਦੇ ਮਨਾਂ ਅੰਦਰ ਸਿੱਖਾਂ ਵਿਰੁੱਧ ਕੋਈ ਮਾੜੀ ਭਾਵਨਾ ਨਹੀਂ ਹੈ ਅਤੇ ਸਿੱਖਾਂ ਦੇ ਵੱਡੇ ਹਿੱਸੇ ਉਨ੍ਹਾਂ ਦੀ ਇਸ ਕਾਰਵਾਈ ਦੇ ਹੱਕ ਵਿਚ ਹਨ। ੨ ਜੂਨ, ੧੯੮੪ ਈ. ਤਕ ਭਾਰਤੀ ਫ਼ੌਜ ਨੇ ਜੰਮੂ-ਕਸ਼ਮੀਰ ਤੋਂ ਲੈ ਕੇ ਗੰਗਾ ਨਗਰ ਤਕ ਅੰਤਰਰਾਸ਼ਟਰੀ ਸਰਹੱਦ ਨੂੰ ਤਕਰੀਬਨ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਸੀ। ਸਾਰੇ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਫ਼ੌਜ ਦੀਆਂ ਲੱਗਭਗ ੭ ਡਵੀਜ਼ਨਾਂ ਤਾਇਨਾਤ ਕਰ ਦਿੱਤੀਆਂ ਗਈਆਂ ਸਨ ਅਤੇ ਫ਼ੌਜੀਆਂ ਨੂੰ ਪਹਿਲਾਂ ਹੀ ਮਿਥੀਆਂ ਗਈਆਂ ਥਾਂਵਾਂ 'ਤੇ ਪੁਜ਼ੀਸ਼ਨਾਂ ਲੈਣ ਲਈ ਕਹਿ ਦਿੱਤਾ ਗਿਆ ਸੀ।

ਸਮੁੱਚੀ ਲੜਾਈ ਦੀ ਲਗਾਤਾਰ ਜਾਣਕਾਰੀ ਰੱਖਣ ਲਈ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਸੀ ਜਿਸ ਦੀ ਸਮੁੱਚੀ ਕਮਾਂਡ ਕਥਿਤ ਤੌਰ 'ਤੇ ਉਸ ਸਮੇਂ ਦੇ ਵੱਡੇ ਰਾਜਸੀ ਨੇਤਾ ਦੇ ਪੁੱਤਰ ਦੇ ਹੱਥ ਵਿਚ ਸੀ। ਅਰੁਣ ਨਹਿਰੂ ਜੋ ਕਪੂਰਥਲਾ ਰਿਆਸਤ ਦੇ ਇਕ ਪੁਰਾਣੇ ਰਜਵਾੜੇ ਖਾਨਦਾਨ ਦੀ ਸੰਤਾਨ ਹੈ, ਕ੍ਰਿਆਸ਼ੀਲ ਅਤੇ ਉਪ ਰੱਖਿਆ ਮੰਤਰੀ ਕੇ.ਪੀ. ਸਿੰਘ ਦਿਓ ਉਸ ਦੀ ਸਹਾਇਤਾ ਕਰ ਰਿਹਾ ਸੀ।

ਜਨਰਲ ਗੌਰੀ ਸ਼ੰਕਰ ਨੂੰ ਪੰਜਾਬ ਦੇ ਰਾਜਪਾਲ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ। ਲੈਫ. ਜਨਰਲ ਕ੍ਰਿਸ਼ਨਾ ਸਵਾਮੀ ਸੁੰਦਰਜੀ ਨੂੰ ਫੌਜੀ ਹਮਲੇ ਦਾ ਸਮੁੱਚਾ ਚਾਰਜ ਸੌਂਪਿਆ ਗਿਆ। ਲੈਫ. ਜਨਰਲ ਰਣਜੀਤ ਸਿੰਘ ਦਿਆਲ ਨੂੰ ਉਸ ਦਾ ਸਹਾਇਕ ਲਗਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਆਰ.ਐੱਸ. ਦਿਆਲ ਕਥਿਤ ਤੌਰ 'ਤੇ ਨਿਰੰਕਾਰੀ ਮੰਡਲ ਦਾ ਪੈਰੋਕਾਰ ਸੀ।

ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸਮੁੱਚੀ ਕਾਰਵਾਈ ਦਾ ਮੁੱਖ ਸੰਚਾਲਕ ਬਣਾਇਆ ਗਿਆ ਅਤੇ ਪੰਜਾਬ ਦੇ ਗਵਰਨਰ ਦਾ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ।

ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ

ਮੇਜਰ ਜਨਰਲ ਕੁਲਦੀਪ ਸਿੰਘ (ਬਰਾੜ) ਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦੀ ਅਗਵਾਈ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਫ਼ੌਜ ਦੀਆਂ ਪੰਜ ਪਲਟਨਾਂ ਪਹਿਲੀ, ਦੂਜੀ, ਦਸਵੀਂ, ਗਿਆਰ੍ਹਵੀਂ ਅਤੇ ਪੰਦਰ੍ਹਵੀਂ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਲਈ ਤਾਇਨਾਤ ਕੀਤਾ ਗਿਆ। ਇਹ ਦਸਤੇ ਫ਼ੌਜ ਦੇ ਵਧੀਆ ਲੜਾਕੂ ਦਲਾਂ 'ਚੋਂ ਚੁਣੇ ਗਏ ਸਨ। ਇਸ ਤੋਂ ਇਲਾਵਾ ਸਿਖਲਾਈ ਪ੍ਰਾਪਤ ਕਮਾਂਡੋਆਂ ਦੀਆਂ ਦੋ ਬਟਾਲੀਅਨਾਂ ਸਨ ਜਿਨ੍ਹਾਂ ਨੇ ਗੂੜ੍ਹੇ ਲਾਲ ਰੰਗ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਸਿਰਾਂ 'ਤੇ ਗੂੜ੍ਹੇ ਕਾਲੇ ਰੰਗ ਦੇ ਲੋਹ ਟੋਪ ਪਹਿਨੇ ਹੋਏ ਸਨ ਤਾਂ ਕਿ ਰਾਤ ਦੇ ਹਨੇਰੇ ਵਿਚ ਨਜ਼ਰ ਨਾ ਆਉਣ। ਸਾਰੇ ਕਮਾਂਡੋਆਂ ਨੇ ਬੁਲਟ ਪਰੂਫ ਜਾਕਟਾਂ ਪਹਿਨੀਆਂ ਹੋਈਆਂ ਸਨ। ਫੌਜੀ ਹਮਲੇ ੧੯੮੪ ਦੌਰਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ 'ਤੇ ੫੦੦ ਗੋਲੀਆਂ ਦੇ ਸੁਰਾਖ ਲੱਗੇ ਜਿਨ੍ਹਾਂ ਵਿੱਚੋਂ ੩੮੦ ਗੋਲੀਆਂ ਦੇ ਨਿਸ਼ਾਨ ਸੋਨੇ ਦੇ ਪੱਤਰਿਆਂ 'ਤੇ ਲੱਗੇ ਹੋਏ ਸਨ। ਕੇਵਲ ਦਰਬਾਰ ਸਾਹਿਬ ਦੀ ਇਮਾਰਤ ਦੇ ਨੁਕਸਾਨ ਦਾ ਅੰਦਾਜ਼ਾ ਉਸ ਸਮੇਂ ੧੦,੦੦,੦੦੦ ਰੁਪਏ ਦਾ ਲਗਾਇਆ ਗਿਆ।

ਮੇਜਰ ਜਨਰਲ ਜੇ. ਐੱਸ. (ਜਸਵਾਲ) ਨੂੰ ਅੰਮ੍ਰਿਤਸਰ, ਬਟਾਲਾ ਤੇ ਗੁਰਦਾਸਪੁਰ ਅੰਦਰ ਫ਼ੌਜੀ ਕਾਰਵਾਈ ਦਾ ਚਾਰਜ ਸੰਭਾਲਿਆ ਗਿਆ ਸੀ।

ਭਾਵੇਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਚਾਰੇ ਪਾਸੇ ਤੋਂ ਨੀਮ ਫ਼ੌਜੀ ਦਲ ਅਤੇ ਫ਼ੌਜੀ ਦਲਾਂ ਨੇ ਕਾਫ਼ੀ ਸਮਾਂ ਪਹਿਲਾਂ ਹੀ ਘੇਰਾਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਹਰ ਆਉਣ-ਜਾਣ ਵਾਲੇ ਯਾਤਰੀ ਦੀ ਤਲਾਸ਼ੀ ਲਈ ਜਾਂਦੀ ਸੀ। ਸੀ.ਆਰ.ਪੀ.ਐਫ. ਦੇ ਸਿਪਾਹੀਆਂ ਵੱਲੋਂ ਬਿਨਾਂ ਵਜ੍ਹਾ ਤੰਗ-ਪ੍ਰੇਸ਼ਾਨ ਵੀ ਕੀਤਾ ਜਾਂਦਾ ਸੀ। ਸੰਗਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਇਕੱਠੀ ਹੋ ਰਹੀ ਸੀ। ੧ ਜੂਨ, ੧੯੮੪ ਨੂੰ ਜਦੋਂ ਸਾਰੇ ਪੰਜਾਬ ਵਿਚ ਇੱਕੋ ਸਮੇਂ ਕਰਫ਼ਿਊ ਲਗਾ ਦਿੱਤਾ ਗਿਆ ਅਤੇ ੧੨:੪੦ 'ਤੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ। ਇਸ ਗੋਲੀਬਾਰੀ ਨਾਲ ਕਈ ਯਾਤਰੂ ਸ਼ਹੀਦ ਹੋ ਚੁੱਕੇ ਸਨ। ਇਹ ਗੋਲੀਬਾਰੀ ਰਾਤ ਤਕ ਚੱਲਦੀ ਰਹੀ। ਫ਼ੌਜ ਦੀ ਇਸ ਕਾਰਵਾਈ ਦੀ ਸ਼ਿਕਾਇਤ ਕਰਨ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਅਬਿਨਾਸ਼ੀ ਸਿੰਘ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਵੱਲੋਂ ਗਵਰਨਰ ਪੰਜਾਬ ਅਤੇ ਭਾਰਤ ਦੇ ਰਾਸ਼ਟਰਪਤੀ ਨਾਲ ਟੈਲੀਫ਼ੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਫ਼ੌਜ ਵੱਲੋਂ ਟੈਲੀਫ਼ੋਨ ਲਾਈਨਾਂ ਬੰਦ ਕਰ ਦਿੱਤੀਆਂ ਗਈਆਂ ਸਨ ਅਤੇ ਕਿਸੇ ਨਾਲ ਵੀ ਤਾਲ-ਮੇਲ ਨਾ ਹੋ ਸਕਿਆ। ੨ ਜੂਨ ਨੂੰ ਹੋਰ ਫ਼ੌਜ ਆ ਗਈ ਸੀ ਅਤੇ ਗੋਲੀਬਾਰੀ ਹੁੰਦੀ ਰਹੀ। ੩ ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ। ਫ਼ੌਜ ਵੱਲੋਂ ਸਵੇਰੇ ੬:੦੦ ਵਜੇ ਤੋਂ ੧੦:੦੦ ਵਜੇ ਤਕ ਅਚਾਨਕ ਕਰਫ਼ਿਊ ਵਿਚ ਢਿੱਲ ਦੇ ਦਿੱਤੀ ਗਈ ਜਿਸ ਕਾਰਨ ਬਹੁਤ ਸਾਰੀ ਸੰਗਤ ਸ੍ਰੀ ਦਰਬਾਰ ਸਾਹਿਬ ਪਹੁੰਚ ਗਈ। ਅਚਾਨਕ ਹੀ ਫਿਰ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਫ਼ੌਜ ਵੱਲੋਂ ਕਰਫ਼ਿਊ ਲਗਾ ਦਿੱਤਾ ਗਿਆ ਜਿਸ ਕਾਰਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਆਏ ਬਹੁਤ ਸਾਰੇ ਸ਼ਰਧਾਲੂ ਅੰਦਰ ਰਹਿਣ ਲਈ ਮਜਬੂਰ ਹੋ ਗਏ। ੩ ਜੂਨ ਨੂੰ ਸਾਰਾ ਪੰਜਾਬ ਅਚਾਨਕ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਫ਼ੌਜ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਕਿ ਉਹ ਕਿਸੇ ਨੂੰ ਵੀ ਜਾਨੋਂ ਮਾਰ ਸਕਦੇ ਹਨ। ਫ਼ੌਜ ਨੇ ਸਾਰੇ ਪੰਜਾਬ ਵਿਚ ਆਵਾਜਾਈ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ। ਸ੍ਰੀ ਅੰਮ੍ਰਿਤਸਰ ਦੀ ਟੈਲੀਫ਼ੋਨ ਅਤੇ ਬਿਜਲੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਤਾਂ ਕਿ ਅੰਮ੍ਰਿਤਸਰ ਬਾਰੇ ਦੁਨੀਆਂ ਵਿਚ ਕੁਝ ਵੀ ਪਤਾ ਨਾ ਲੱਗ ਸਕੇ। ੪ ਜੂਨ ਨੂੰ ਫਿਰ ਫ਼ੌਜ ਵੱਲੋਂ ਭਾਰੀ ਗੋਲੀਬਾਰੀ ਹੋਣ ਲੱਗੀ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਚਾਰੇ ਪਾਸੇ ਤੋਂ ਗੋਲੀਬਾਰੀ ਹੋ ਰਹੀ ਸੀ। ਤੇਜਾ ਸਿੰਘ ਸਮੁੰਦਰੀ ਹਾਲ 'ਤੇ ਬੁਰੀ ਤਰ੍ਹਾਂ ਗੋਲੀਆਂ ਦੀ ਬੁਛਾੜ ਕੀਤੀ ਜਾ ਰਹੀ ਸੀ। ੫ ਜੂਨ ਨੂੰ ਗੋਲੀਬਾਰੀ ਹੋਰ ਤੇਜ਼ ਹੋ ਗਈ। ਆਏ ਯਾਤਰੂਆਂ ਦਾ ਲੰਗਰ-ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ ਹੋ ਸਕਿਆ। ਸ੍ਰੀ ਗੁਰੂ ਰਾਮਦਾਸ ਸਰਾਂ ਅੰਦਰ ਪਾਣੀ ਵਾਲੀ ਟੈਂਕੀ ਨੂੰ ਫ਼ੌਜ ਨੇ ਬੰਬ ਮਾਰ ਕੇ ਉਡਾ ਦਿੱਤਾ ਸੀ। ਗੋਲੀਬਾਰੀ ਤੇਜ਼ ਹੁੰਦੀ ਜਾ ਰਹੀ ਸੀ। ਫ਼ੌਜ ਘੰਟਾ-ਘਰ ਵਾਲੇ ਪਾਸੇ ਤੋਂ ਜੁੱਤੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋ ਗਈ। ਸ੍ਰੀ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਗੇਟ ਤੋੜ ਕੇ ਫ਼ੌਜ ਤੋਪਾਂ ਟੈਂਕਾਂ ਨਾਲ ਲੈਸ ਹੋ ਕੇ ਅੰਦਰ ਦਾਖ਼ਲ ਹੋ ਗਈ।

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

੫ ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕਰ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਅੱਗ ਦੀਆਂ ਲਪਟਾਂ ਦੀ ਲਪੇਟ ਵਿਚ ਆ

ਚੁੱਕੀ ਸੀ। ਫ਼ੌਜ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਯਾਤਰੂਆਂ ਦੇ ਧਾਰਮਿਕ ਚਿੰਨ੍ਹ ਕਿਰਪਾਨਾਂ ਲਾਹ ਕੇ ਨਾਲੀਆਂ ਵਿਚ ਸੁੱਟ ਦਿੱਤੀਆਂ ਗਈਆਂ। ਜੇਕਰ ਕੋਈ ਪਾਣੀ ਮੰਗਦਾ ਤਾਂ ਉਸ ਨੂੰ ਰਾਈਫਲਾਂ ਦੇ ਬੱਟਾਂ ਨਾਲ ਕੁੱਟਿਆ ਜਾਂਦਾ ਸੀ। ਫ਼ੌਜ ਵੱਲੋਂ ਬੱਚਿਆਂ ਅਤੇ ਬਜ਼ੁਰਗਾਂ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਜਾ ਰਿਹਾ। ਇਕ ਛੋਟਾ ਬੱਚਾ ਜਿਸ ਦੀ ਮਾਂ ਗੋਲੀ ਲੱਗਣ ਨਾਲ ਮਰ ਚੁੱਕੀ ਸੀ, ਉਹ 'ਮੰਮੀ! ਮੰਮੀ!' ਕਰਦਾ ਰੋ ਰਿਹਾ ਸੀ। ਇਕ ਫ਼ੌਜੀ ਨੇ ਉਸ ਨੂੰ ਉਸ ਦੀ ਮਰੀ ਹੋਈ ਮਾਂ ਦੀ ਲਾਸ਼ ਉੱਪਰ ਲਿਟਾ ਕੇ ਉਸ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਚਾਰੇ ਪਾਸੇ ਜਿੱਥੇ ਤਕ ਨਜ਼ਰ ਜਾਂਦੀ ਸੀ, ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ ਸਨ। ਕਮਰਿਆਂ ਵਿੱਚੋਂ ਖ਼ੂਨ ਵਗ ਕੇ ਬਾਹਰ ਬਰਾਂਡਿਆਂ ਤਕ ਆ ਰਿਹਾ ਸੀ। ਫ਼ੌਜ ਵਾਲੇ ਕਮਰਿਆਂ ਅੰਦਰ ਬਾਹਰੋਂ ਗਰਨੇਡ ਸੁੱਟ ਰਹੇ ਸਨ ਅਤੇ ਦਿਲ ਦਹਿਲਾਉਣ ਵਾਲਾ ਚੀਕ-ਚਿਹਾੜਾ ਚਾਰੇ ਪਾਸੇ ਸੁਣਾਈ ਦੇ ਰਿਹਾ ਸੀ। ਬਾਅਦ ਵਿਚ ਇਨ੍ਹਾਂ ਕਮਰਿਆਂ 'ਚੋਂ ਲਾਸ਼ਾਂ ਚੁੱਕ ਕੇ ਸ਼ਮਸ਼ਾਨ ਘਾਟ ਵਿਚ ਲਿਜਾ ਕੇ ਬਿਨਾਂ ਕਿਸੇ ਨੂੰ ਦੱਸੇ ਫ਼ੌਜ ਦੀ ਨਿਗਰਾਨੀ ਹੇਠ ਸਸਕਾਰ ਕਰ ਦਿੱਤਾ ਗਿਆ।

ਇਸ ਫੌਜੀ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਥਿਤ ਪਾਵਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ੨ ਕਰੋੜ, ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦਾ ੧੦ ਲੱਖ, ਦਰਸ਼ਨੀ ਡਿਉੜੀ ਦਾ ੨੦ ਲੱਖ, ਤੋਸ਼ੇਖਾਨੇ ਵਿਚ ਪਈਆਂ ਕੀਮਤੀ ਵਸਤਾਂ ਦਾ ੨੦੦ ਕਰੋੜ, ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ੫੦ ਲੱਖ, ਕੇਂਦਰੀ ਸਿੱਖ ਅਜਾਇਬ ਘਰ ਦਾ ੧੦ ਲੱਖ, ਪਰਕਰਮਾ ਦਾ ੨ ਕਰੋੜ, ਲੰਗਰ ਹਾਲ ਸ੍ਰੀ ਗੁਰੂ ਰਾਮਦਾਸ ਹਾਲ ਦਾ ੧੫ ਲੱਖ, ਅਕਾਲ ਰੈਸਟ ਹਾਊਸ ਦਾ ੧੦ ਲੱਖ, ਸ੍ਰੀ ਗੁਰੂ ਰਾਮਦਾਸ ਸਰਾਂ ਦਾ ੧੦ ਕਰੋੜ, ਤੇਜਾ ਸਿੰਘ ਸਮੁੰਦਰੀ ਹਾਲ ਦਾ ੫੦ ਕਰੋੜ, ਸ੍ਰੀ ਗੁਰੂ ਨਾਨਕ ਨਿਵਾਸ ਦਾ ੨੦ ਕਰੋੜ, ਬਾਰਾਂਦਰੀ ਦੀ ਇਮਾਰਤ ਦਾ ੫੦ ਲੱਖ ਰੁਪਏ, ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦਾ ੨੫ ਲੱਖ ਰੁਪਏ ਦਾ ਅੰਦਾਜ਼ਨ ਨੁਕਸਾਨ ਹੋਣ ਦਾ ਵੇਰਵਾ ਇਕੱਠਾ ਕੀਤਾ ਗਿਆ।

ਗੁਰਦੁਆਰਾ ਬਾਬਾ ਅਟੱਲ ਰਾਏ ਜੀ

ਗੁਰਦੁਆਰਾ ਬਾਬਾ ਅਟੱਲ ਰਾਏ ਜੀ ਦੀ ਨੌਂ ਮੰਜ਼ਲਾ ਸੁੰਦਰ ਇਮਾਰਤ ਗੁਰਦੁਆਰਾ ਮਾਤਾ ਕੌਲਾਂ ਜੀ ਦੇ ਪਾਸ ਸਥਿਤ ਹੈ। ਇਹ ਅਸਥਾਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦਾ ਬਾਬਾ ਅਟੱਲ ਰਾਏ ਜੀ ਦੀ ਯਾਦ ਵਿਚ ਸੁਸ਼ੋਭਿਤ ਹੈ। ਜੂਨ ੧੯੮੪ ਈ. ਵਿਚ ਹੋਏ ਹਮਲੇ ਦੌਰਾਨ ਇਸ ਗੁਰਦੁਆਰਾ ਸਾਹਿਬ 'ਤੇ ਵੀ ਫੌਜ ਦੀਆਂ ਗੋਲੀਆਂ ਅਤੇ ਬੰਬਾਂ ਨਾਲ ਲੱਗੀ ਅੱਗ ਨਾਲ ਅੰਦਾਜ਼ਨ ੫ ਕਰੋੜ ਦਾ ਨੁਕਸਾਨ ਹੋਇਆ। ਇਸ ਗੁਰਦੁਆਰਾ ਸਾਹਿਬ ਨਾਲ ਲਗਦੇ ਰਿਹਾਇਸ਼ੀ ਕੁਆਰਟਰਾਂ ਵਿਚ ਵੀ ਫੌਜ ਵੱਲੋਂ ਜੰਮ ਕੇ ਲੁੱਟ-ਮਾਰ ਕੀਤੀ ਗਈ ਅਤੇ ਗੋਲੀਆਂ/ਬੰਬਾਂ ਨਾਲ ਨੁਕਸਾਨ ਪਹੁੰਚਾਇਆ ਗਿਆ। ਜਿਸ ਦਾ ਅੰਦਾਜ਼ਾ ਮਾਹਰਾਂ ਵੱਲੋਂ ਅੰਦਾਜ਼ਨ ੫੦ ਲੱਖ ਰੁਪਏ ਲਗਾਇਆ ਗਿਆ। ਇਨ੍ਹਾਂ ਗੁਰਦੁਆਰਿਆਂ ਨਾਲ ਲਗਦੇ ਦੋ ਪਵਿੱਤਰ ਸਰੋਵਰਾਂ ਦੀ ਵੀ ਭਾਰੀ ਭੰਨ-ਤੋੜ ਕੀਤੀ ਗਈ ਜਿਸ ਨਾਲ ਕੋਈ ੨ ਕਰੋੜ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਗਾਇਆ ਗਿਆ।

ਬੁੰਗਾ ਰਾਮਗੜ੍ਹੀਆ

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਮਿਸਲਾਂ ਦੇ ਸਮੇਂ ਦੀ ਸੁੰਦਰ ਇਮਾਰਤ ਬੁੰਗਾ ਰਾਮਗੜ੍ਹੀਆ ਸੁਸ਼ੋਭਿਤ ਹੈ। ਇਸ ਇਮਾਰਤ ਦੇ ਉੱਚੇ ਬੁਰਜ ਦੂਰੋਂ ਹੀ ਨਜ਼ਰੀਂ ਪੈਂਦੇ ਹਨ। ਇਨ੍ਹਾਂ ਬੁਰਜਾਂ 'ਤੇ ਫੌਜ ਦਾ ਕਹਿਰ ਜੰਮ ਕੇ ਟੁੱਟਿਆ ਅਤੇ ਇਤਿਹਾਸਕ ਬੁੰਗੇ ਤਹਿਸ-ਨਹਿਸ ਕਰ ਦਿੱਤੇ

ਗਏ। ਜਿਸ 'ਤੇ ਲੱਗੇ ਗੋਲੀਆਂ ਅਤੇ ਗੋਲਿਆਂ ਦੇ ਨਿਸ਼ਾਨ ਆਪਣੀ ਵਾਰਤਾ ਆਪ ਹੀ ਦੱਸ ਰਹੇ ਸਨ। ਇਸ ਇਤਿਹਾਸਕ ਇਮਾਰਤ ਦਾ ਕੋਈ ੫੦ ਲੱਖ ਰੁਪਏ ਦਾ ਅੰਦਾਜ਼ਨ ਨੁਕਸਾਨ ਰਿਕਾਰਡ ਕੀਤਾ ਗਿਆ। ਸਿੰਧੀਆਂ ਦੇ ਬੁੰਗੇ ਦਾ ੨੦ ਲੱਖ ਰੁਪਏ ਦਾ ਅੰਦਾਜ਼ਨ ਨੁਕਸਾਨ ਹੋਇਆ।

ਸ਼ਹੀਦ ਮਾਰਕੀਟ ਦੀਆਂ ਦੁਕਾਨਾਂ ਉੱਪਰ ਸ੍ਰੀ ਦਰਬਾਰ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੇ ੬੭ ਰਿਹਾਇਸ਼ੀ ਕੁਆਰਟਰਾਂ 'ਤੇ ਵੀ ਫੌਜ ਨੇ ਤਲਾਸ਼ੀ ਲੈਣ ਦੇ ਬਹਾਨੇ ਭੰਨ-ਤੋੜ ਤੇ ਲੁੱਟ-ਮਾਰ ਕੀਤੀ। ਜਿਸ ਦੇ ਨੁਕਸਾਨ ਦਾ ਅੰਦਾਜ਼ਾ ਲੱਗਭਗ ੪੦ ਲੱਖ ਰੁਪਏ ਰਿਕਾਰਡ ਕੀਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਦੀ ਫੌਜ ਨੇ ਬਹੁਤ ਬੁਰੀ ਤਰ੍ਹਾਂ ਭੰਨ-ਤੋੜ ਕੀਤੀ। ਕੋਈ ਇਕ ਵੀ ਵਸਤੂ ਅਜਿਹੀ ਨਹੀਂ ਸੀ ਛੱਡੀ ਜੋ ਦੁਬਾਰਾ ਵਰਤੋਂ ਵਿਚ ਲਿਆਂਦੀ ਜਾ ਸਕਦੀ। ਦਫ਼ਤਰ ਵਿਚ ਪਈ ਲੱਖਾਂ ਰੁਪਏ ਦੀ ਸਟੇਸ਼ਨਰੀ, ਫਰਨੀਚਰ, ਧਰਮ ਪ੍ਰਚਾਰ ਕਮੇਟੀ ਦੀਆਂ ਗੱਡੀਆਂ ਆਦਿ ਅੱਗ ਲਗਾ ਕੇ ਸਾੜ ਦਿੱਤੀਆਂ ਗਈਆਂ। ਇਸ ਨੁਕਸਾਨ ਦੀ ਅੰਦਾਜ਼ਨ ਕੀਮਤ ੧ ਕਰੋੜ ੩੭ ਲੱਖ ਰੁਪਏ ਰਿਕਾਰਡ ਕੀਤੀ ਗਈ।

ਸ੍ਰੀ ਦਰਬਾਰ ਸਾਹਿਬ, ਤਰਨਤਾਰਨ

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਿੱਲੀ-ਲਾਹੌਰ ਸ਼ਾਹ ਰੋਡ 'ਤੇ ਤਰਨਤਾਰਨ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਅਤੇ ਪਵਿੱਤਰ ਸਰੋਵਰ ਦੀ ਉਸਾਰੀ ਕਰਵਾਈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਇਤਿਹਾਸਕ ਇਮਾਰਤ ਨੂੰ ਨਵਾਂ ਰੂਪ ਦੇ ਕੇ ਸੁੰਦਰ ਮੀਨਾਕਾਰੀ ਕਰਵਾਈ। ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਬਹੁਤ ਸੁੰਦਰ ਇਮਾਰਤ ਵਿਸ਼ਾਲ ਸਰੋਵਰ ਦੇ ਕਿਨਾਰੇ 'ਤੇ ਸੁਸ਼ੋਭਿਤ ਹੈ। ਸ੍ਰੀ ਦਰਬਾਰ ਸਾਹਿਬ ਤਰਨਤਾਰਨ, ਅੰਮ੍ਰਿਤਸਰ ਸ਼ਹਿਰ ਤੋਂ ਕੋਈ ੨੪ ਕਿਲੋਮੀਟਰ ਦੂਰ ਪ੍ਰਮੁੱਖ ਧਾਰਮਿਕ ਕੇਂਦਰ ਹੈ। ੧੬ ਜੂਨ, ੧੯੮੪ ਈ. ਰਾਤ ੮.੩੦ ਵਜੇ ਗੁਰਦੁਆਰਾ ਸਾਹਿਬ ਨੂੰ ਚਾਰ-ਚੁਫੇਰਿਓਂ ਫੌਜ ਨੇ ਘੇਰਾ ਪਾ ਲਿਆ। ਗੁਰਦੁਆਰਾ ਸਾਹਿਬ ਨੂੰ ਮੁਖ ਗੇਟ ਵਾਲੇ ਪਾਸਿਓਂ ਫੌਜ ਨੇ ਸਪੀਕਰ ਰਾਹੀਂ ਅਨਾਊਂਸਮੈਂਟ ਕਰਨੀ ਸ਼ੁਰੂ ਕਰ ਦਿੱਤੀ ਕਿ ਜੋ ਵੀ ਕੋਈ ਗੁਰਦੁਆਰਾ ਸਾਹਿਬ ਅੰਦਰ ਹੈ, ਉਹ ਹੱਥ ਖੜ੍ਹੇ ਕਰ ਕੇ ਬਾਹਰ ਆ ਜਾਵੇ। ਗੁਰਦੁਆਰਾ ਸਾਹਿਬ ਅੰਦਰ ਮੌਜੂਦ ਸਾਰੀ ਸੰਗਤ ਹੱਥ ਖੜ੍ਹੇ ਕਰ ਕੇ ਬਾਹਰ ਆ ਗਈ। ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਤੇ ਕੁਝ ਕਾਰ ਸੇਵਾ ਵਾਲੇ ਸੇਵਾਦਾਰ ਅੰਦਰ ਰਹਿ ਗਏ। ਉਸ ਸਮੇਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਵੀ ਗੁਰਦੁਆਰਾ ਸਾਹਿਬ ਅੰਦਰ ਮੌਜੂਦ ਸਨ। ਰਾਤ ਨੂੰ ਕਿਸੇ ਨੂੰ ਵੀ ਬਾਹਰੋਂ ਅੰਦਰ ਅਤੇ ਅੰਦਰੋਂ ਬਾਹਰ ਨਹੀਂ ਜਾਣ ਦਿੱਤਾ ਗਿਆ। ਅੰਮ੍ਰਿਤ ਵੇਲੇ ਮੈਨੇਜਰ ਸਾਹਿਬ ਨੇ ਗੁਰਦੁਆਰਾ ਸਾਹਿਬ ਦੀ ਸਫਾਈ ਦੀ ਸੇਵਾ ਸੇਵਾਦਾਰਾਂ ਪਾਸੋਂ ਹੀ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਫੌਜ ਨੇ ੧੭ ਜੂਨ ਨੂੰ ਸਵੇਰੇ ਅੰਮ੍ਰਿਤ ਵੇਲੇ ਚਾਰ ਵਜੇ ਲੋਕਾਂ ਵਿਚ ਦਹਿਸ਼ਤ ਪਾਉਣ ਲਈ ਪਹਿਲੀ ਗੋਲੀ ਚਲਾਈ ਜਿਸ ਤੋਂ ਸੇਵਾਦਾਰ ਦਰਸ਼ਨ ਸਿੰਘ ਬਹੁਤ ਹੀ ਮੁਸ਼ਕਲ ਨਾਲ ਬਚਿਆ। ਗੋਲੀ ਉਸ ਦੇ ਬਹੁਤ ਹੀ ਨੇੜਿਓਂ ਲੰਘੀ ਸੀ। ਇਸ ਤੋਂ ਬਾਅਦ ਚਾਰ-ਚੁਫੇਰਿਓਂ ਹੀ ਕਈ ਗੋਲੀਆਂ ਫੌਜ ਨੇ ਚਲਾਈਆਂ। ਇਸ ਗੋਲੀਬਾਰੀ ਦੌਰਾਨ ਹੀ ਮੀਨਾਰ ਦੇ ਲਾਗੇ ਇਕ ਵਿਅਕਤੀ ਨੂੰ ਗੋਲੀ ਲੱਗੀ ਜੋ ਮੌਕੇ 'ਤੇ ਹੀ ਦਮ ਤੋੜ ਗਿਆ। ੧੮ ਜੂਨ ਨੂੰ ਫੌਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਈ ਡੇਢ ਦਰਜਨ ਦੇ ਕਰੀਬ

ਸੇਵਾਦਾਰ ਤੇ ਕੁਝ ਕਾਰ ਸੇਵਾ ਵਾਲੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਨ੍ਹਾਂ ਸਾਰਿਆਂ ਦੀਆਂ ਬਾਹਾਂ ਪਿੱਛੇ ਬੰਨ੍ਹ ਕੇ ਕਈ ਘੰਟੇ ਬਿਠਾਈ ਰੱਖਿਆ ਤੇ ਫੌਜ ਵਾਲੇ ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢ ਕੇ ਬੇਇਜ਼ਤ ਕਰਦੇ ਰਹੇ। ਬਾਅਦ ਵਿਚ ਫੌਜ ਇਨ੍ਹਾਂ ਸਾਰਿਆਂ ਨੂੰ ਮਿਲਟਰੀ ਕੈਂਪ ਵਿਚ ਲੈ ਗਈ। ਇਨ੍ਹਾਂ ਵਿੱਚੋਂ ਕਈ ਸੇਵਾਦਾਰ ਕਈ-ਕਈ ਮਹੀਨਿਆਂ ਦੀ ਜੇਲ੍ਹ ਕੱਟਣ ਪਿੱਛੋਂ ਰਿਹਾਅ ਹੋਏ।

ਫੌਜ ਦਾ ਘੇਰਾ ਤਕਰੀਬਨ ਚਾਰ ਦਿਨਾਂ ਤਕ ਰਿਹਾ। ਫੌਜ ਨੇ ਸਾਰੇ ਗੁਰਦੁਆਰਾ ਸਾਹਿਬ ਦੀ ਤਲਾਸ਼ੀ ਲਈ, ਪਰ ਉਨ੍ਹਾਂ ਨੂੰ ਕੋਈ ਵੀ ਹਥਿਆਰ ਵਗੈਰਾ ਨਹੀਂ ਮਿਲਿਆ। ਫੌਜ ਦਾ ਮਕਸਦ ਤਾਂ ਕੇਵਲ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੀ ਬੇਅਦਬੀ ਕਰਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਾ ਹੀ ਸੀ।

ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਜੀ, ਕੱਥੂਨੰਗਲ

ਇਹ ਗੁਰਦੁਆਰਾ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ੧੯ ਕਿਲੋਮੀਟਰ ਦੀ ਦੂਰੀ 'ਤੇ ਬਟਾਲਾ ਰੋਡ 'ਤੇ ਪਿੰਡ ਕੱਥੂਨੰਗਲ ਵਿਖੇ ਮੌਜੂਦ ਹੈ। ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਾਰ ਸੇਵਾ ਰਾਹੀਂ ਸੰਤ ਪ੍ਰੇਮ ਸਿੰਘ ਜੀ ਨੇ ਕਈ ਸਾਲਾਂ ਦੀ ਮਿਹਨਤ ਅਤੇ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿਚ ਬੜੀ ਸ਼ਰਧਾ ਭਾਵਨਾ ਨਾਲ ਕਰਵਾਈ ਸੀ। ਜੂਨ ੧੯੮੪ ਵਿਚ ਫੌਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਮਲੇ ਤੋਂ ਵਿਹਲੀ ਹੋ ਕੇ ਲੋਕਾਂ ਨੂੰ ਡਰਾਉਣ ਲਈ ਇਹ ਨਵੇਂ ਢੰਗ-ਤਰੀਕੇ ਵਰਤ ਰਹੀ ਸੀ ਤਾਂ ਕਿ ਲੋਕ ਫੌਜ ਵੱਲੋਂ ਕੀਤੇ ਜ਼ੁਲਮ ਦੇ ਖਿਲਾਫ ਇਕਜੁੱਟ ਨਾ ਹੋ ਜਾਣ। ਜੂਨ ੧੯੮੪ ਵਿਚ ਫੌਜ ਨੇ ਅਚਨਚੇਤ ਹੀ ਸਵੇਰੇ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਜੀ ਨੂੰ ਘੇਰ ਕੇ ਚਾਰ-ਚੁਫੇਰੇ ਟੈਂਕ ਤੇ ਤੋਪਾਂ ਬੀੜ ਦਿੱਤੀਆਂ। ਇੰਞ ਲੱਗ ਰਿਹਾ ਸੀ ਕਿ ਫੌਜ ਗੁਰਦੁਆਰਾ ਸਾਹਿਬ ਦੀ ਪੂਰੀ ਇਮਾਰਤ ਨੂੰ ਤਹਿਸ-ਨਹਿਸ ਕਰ ਦੇਵੇਗੀ। ਚਾਰੇ-ਪਾਸੇ ਦਹਿਸ਼ਤ ਦਾ ਮਾਹੌਲ ਸੀ। ਫੌਜੀ ਅਫਸਰ ਅਤੇ ਫੌਜ ਜੁੱਤੀਆਂ ਸਮੇਤ ਗੁਰਦੁਆਰਾ ਸਾਹਿਬ ਦੀ ਪਵਿੱਤਰ ਇਮਾਰਤ ਅੰਦਰ ਦਾਖ਼ਲ ਹੋ ਕੇ ਖਰੂਦ ਮਚਾ ਰਹੀ ਸੀ। ਫੌਜ ਬਾਬਾ ਪ੍ਰੇਮ ਸਿੰਘ ਨੂੰ ਗੁਰਦੁਆਰਾ ਸਾਹਿਬ ਅੰਦਰ ਅੱਤਵਾਦੀ ਲੁਕੇ ਹੋਣ ਬਾਰੇ ਕਹਿ ਕੇ ਧਮਕਾਉਣ ਲੱਗੀ। ਬਾਬਾ ਜੀ ਨੇ ਬੜੀ ਨਿਮਰਤਾ ਨਾਲ ਫੌਜ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਚ ਮੌਜੂਦ ਨੌਜਵਾਨ ਸੇਵਾਦਾਰ ਹਨ। ਇਨ੍ਹਾਂ ਵਿੱਚੋਂ ਕੋਈ ਵੀ ਖਾੜਕੂ ਨਹੀਂ ਹੈ। ਫੌਜ ਨੇ ਬਾਬਾ ਜੀ ਦੀ ਕੋਈ ਗੱਲ ਨਾ ਸੁਣੀ ਤੇ ਆਪਣੀ ਮਨ-ਮਰਜ਼ੀ ਨਾਲ ਸਾਰੇ ਗੁਰਦੁਆਰਾ ਸਾਹਿਬ ਅੰਦਰ ਤਲਾਸ਼ੀ ਕਰਨ ਲੱਗ ਪਈ। ਜਦੋਂ ਕੋਈ ਵੀ ਇਤਰਾਜ਼ਯੋਗ ਵਸਤੂ ਨਾ ਮਿਲੀ ਤਾਂ ਸ਼ਾਮ ਨੂੰ ਫੌਜ ਨੂੰ ਖਾਲੀ ਹੱਥੀਂ ਵਾਪਸ ਪਰਤਣਾ ਪਿਆ। ਪਰ ਫੌਜ ਵੱਲੋਂ ਜੁੱਤੀਆਂ ਸਮੇਤ ਅਤੇ ਹੋਰ ਕਈ ਢੰਗਾਂ ਨਾਲ ਗੁਰੂ-ਘਰ ਦੀ ਕੀਤੀ ਬੇਅਦਬੀ ਨਾਲ ਸੰਗਤਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪੁੱਜੀ ਅਤੇ ਉਨ੍ਹਾਂ ਦੇ ਹਿਰਦੇ ਵਲੂੰਧਰੇ ਗਏ।

ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ

੬ ਜੂਨ, ੧੯੮੪ ਬੁੱਧਵਾਰ ਵਾਲੇ ਦਿਨ ਸਵੇਰ ਦੇ ੯ ਕੁ ਵਜੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਬਲੀ ਸਿੰਘ ਆਪਣੀ ਨਿੱਤ ਦੀ ਨੇਮ ਅਨੁਸਾਰ ਜਦੋਂ ਦਫਤਰ ਪੁੱਜੇ ਤਾਂ ਉੱਥੇ ਸੱਤ-ਅੱਠ ਜਣੇ ਸ. ਬਲਬੀਰ ਸਿੰਘ, ਡਾ. ਲਾਭ ਸਿੰਘ, ਭਾਈ ਰਣਜੀਤ ਸਿੰਘ, ਮੀਤ ਮੈਨੇਜਰ ਸ. ਗੁਰਦਿਆਲ ਸਿੰਘ ਪਾਸ ਬੈਠੇ ਹੋਏ ਸਨ ਜੋ ਰਾਤ ਨੂੰ ਅੰਮ੍ਰਿਤਸਰ ਵੱਲੋਂ ਆ ਰਹੀਆਂ ਬੰਬ-ਧਮਾਕਿਆਂ ਦੀ ਅਵਾਜ਼ਾਂ ਅਤੇ ਕਰਫਿਊ ਬਾਰੇ ਗੱਲਾਂ ਕਰਕੇ ਚਿੰਤਾਗ੍ਰਸਤ ਹੋ ਰਹੇ ਸਨ ਤਾਂ ਉਸੇ

ਸਮੇਂ ਇਕਦਮ ਦਰਸ਼ਨੀ ਡਿਊੜੀ ਵਾਲੇ ਪਾਸਿਓਂ ਮਿਲਟਰੀ ਦੀਆਂ ਗੱਡੀਆਂ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ ਤੇ ਦੇਖਦੇ ਹੀ ਦੇਖਦੇ ਪਲਾਂ ਵਿਚ ਫੌਜ ਨੇ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸਿਓਂ ਘੇਰ ਕੇ ਰਾਈਫਲਾਂ ਤਾਣ ਲਈਆਂ। ਚਾਰੇ ਪਾਸੇ ਮਾਹੌਲ ਦਹਿਸ਼ਤਜ਼ਦਾ ਹੋ ਗਿਆ। ਫੌਜੀਆਂ ਨੇ ਗੁਰਦੁਆਰਾ ਸਾਹਿਬ ਨੂੰ ਨਿਸ਼ਾਨਾ ਬਣਾ ਕੇ ਲਾਈਟ ਮਸ਼ੀਨਗੰਨਾਂ ਬੀੜ ਲਈਆਂ। ਮੈਨੇਜਰ ਸਾਹਿਬ ਦਫਤਰੋਂ ਬਾਹਰ ਆ ਕੇ ਫੌਜ ਦੇ ਕਮਾਂਡਰ ਕੋਲ ਗਏ ਤਾਂ ਉਸ ਫੌਜੀ ਕਮਾਂਡਰ ਨੇ ਗੁਰਦੁਆਰਾ ਸਾਹਿਬ ਅੰਦਰ ਅੱਤਵਾਦੀ ਲੁਕੇ ਹੋਣ ਦੀ ਗੱਲ ਕਰਦਿਆਂ ਗੁਰਦੁਆਰਾ ਸਾਹਿਬ ਦੀ ਤਲਾਸ਼ੀ ਲੈਣ ਬਾਰੇ ਕਿਹਾ। ਮੈਨੇਜਰ ਸਾਹਿਬ ਨੇ ਗੁਰਦੁਆਰਾ ਸਾਹਿਬ ਅੰਦਰ ਕਿਸੇ ਵੀ ਤਰ੍ਹਾਂ ਦੇ ਇਤਰਾਜ਼ਯੋਗ ਵਿਅਕਤੀ ਹੋਣ ਤੋਂ ਇਨਕਾਰ ਕੀਤਾ ਪਰ ਫਿਰ ਵੀ ਫੌਜ ਨੇ ਬੜੇ ਹੀ ਕਰੂਰ ਢੰਗ ਨਾਲ ਗੁਰਦੁਆਰਾ ਸਾਹਿਬ ਦੀ ਤਲਾਸ਼ੀ ਲਈ। ਇਸ ਦੌਰਾਨ ਫੌਜ ਦਾ ਵਤੀਰਾ ਬੜਾ ਹੀ ਘਟੀਆ ਸੀ ਜਿਸ ਕਾਰਨ ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਵਿਚ ਵਿਘਨ ਪਿਆ ਜਿਸ ਨਾਲ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ।

ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੇ ਘੇਰੇ 'ਚੋਂ ਨਿਕਲ ਕੇ ਰਸਤੇ ਵਿਚ ਅਨੇਕਾਂ ਔਕੜਾਂ ਦਾ ਮੁਕਾਬਲਾ ਕਰਦੇ ਹੋਏ ਜਨਵਰੀ ੧੭੦੬ ਈ. ਵਿਚ ਤਲਵੰਡੀ ਸਾਬੋ ਦੀ ਧਰਤੀ ਨੂੰ ਆਪਣੇ ਚਰਨਾਂ ਨਾਲ ਨਿਵਾਜਿਆ। ਇਸ ਪਵਿੱਤਰ ਅਸਥਾਨ 'ਤੇ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਪਾਵਨ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰ ਕੇ ਸੰਪੂਰਨਤਾ ਬਖ਼ਸ਼ੀ। ਇਸ ਪਾਵਨ ਇਤਿਹਾਸਕ ਅਸਥਾਨ ਨੂੰ ਸਿੱਖਾਂ ਦਾ ਪੰਜਵਾਂ ਤਖ਼ਤ ਹੋਣ ਦਾ ਮਾਣ ਸਤਿਕਾਰ ਹਾਸਲ ਹੈ। ਜੂਨ ੧੯੮੪ ਈ. ਵਿਚ ਇੱਥੇ ਵੀ ਫੌਜ ਵੱਲੋਂ ਘੋਰ ਬੇਅਦਬੀ ਕਰਕੇ ਕਹਿਰ ਵਰਤਾਇਆ ਗਿਆ।

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਂਦ

ਜੀਂਦ ਸਿੱਖਾਂ ਦੀ ਪ੍ਰਸਿੱਧ ਰਿਆਸਤ ਦਾ ਪ੍ਰਧਾਨ ਸ਼ਹਿਰ ਰਿਹਾ ਹੈ। ਇਸ ਸ਼ਹਿਰ ਨੂੰ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ ਜਿਨ੍ਹਾਂ ਦੀ ਯਾਦ ਵਿਚ ਪਵਿੱਤਰ ਅਸਥਾਨ ਜੀਂਦ ਵਿਚ ਸੁਸ਼ੋਭਿਤ ਹਨ। ਜੂਨ ੧੯੮੪ ਈ. ਦੇ ਫੌਜੀ ਹਮਲੇ ਦੌਰਾਨ ਇਹ ਅਸਥਾਨ ਵੀ ਫੌਜੀ ਕਹਿਰ ਤੋਂ ਬਚ ਨਹੀਂ ਸਕੇ।

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ

ਧਮਤਾਨ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੀ ਹੱਦ ਨਾਲ ਲੱਗਦਾ ਹਰਿਆਣਾ ਪ੍ਰਾਂਤ ਦਾ ਪਿੰਡ ਹੈ। ਇਸ ਪਿੰਡ ਦੇ ਉੱਤਰ ਵੱਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੁਸ਼ੋਭਿਤ ਹੈ। ਗੁਰੂ ਸਾਹਿਬ ਬਾਂਗਰ ਤੋਂ ਆਗਰੇ ਨੂੰ ਜਾਂਦੇ ਹੋਏ ਇਸ ਅਸਥਾਨ 'ਤੇ ਠਹਿਰੇ ਸਨ। ਇੱਥੋਂ ਦੇ ਵਸਨੀਕ ਦੱਗੋ ਜ਼ਿਮੀਂਦਾਰ ਨੇ ਗੁਰੂ ਜੀ ਦੀ ਬਹੁਤ ਸ਼ਰਧਾ-ਭਾਵਨਾ ਨਾਲ ਸੇਵਾ ਕੀਤੀ ਸੀ। ਇਸ ਅਸਥਾਨ 'ਤੇ ਗੁਰੂ ਜੀ ਨੇ ਭਾਈ ਮੀਹਾਂ ਜੀ ਨੂੰ ਨਗਾਰਾ, ਨਿਸ਼ਾਨ ਤੇ ਲੰਗਰ ਚਲਾਉਣ ਲਈ ਲੋਹ ਦੀ ਬਖ਼ਸ਼ਿਸ਼ ਕੀਤੀ ਸੀ ਜਿਸ ਤੋਂ ਮੀਹਾਂਸ਼ਾਹੀ ਸੰਪ੍ਰਦਾਇ ਚੱਲੀ ਸੀ।

ਮਹਾਰਾਜਾ ਕਰਮ ਸਿੰਘ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ। ਇੱਥੇ ਜੂਨ ੧੯੮੪ ਈ. ਵਿਚ ਫੌਜ ਵੱਲੋਂ ਘੇਰਾਬੰਦੀ ਕਰ ਕੇ

ਗੁਰੂ ਘਰ ਦੀ ਤਲਾਸ਼ੀ ਲਈ ਗਈ ਅਤੇ ਕਾਫੀ ਕੀਮਤੀ ਸਾਮਾਨ ਨਾਲ ਲੈ ਗਈ।

ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ, ਸੰਗਰੂਰ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਮਾਲਵੇ ਦੇ ਪ੍ਰਸਿੱਧ ਸ਼ਹਿਰ ਸੰਗਰੂਰ ਦੇ ਨਾਲ ਲਗਦੇ ਪਿੰਡ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪੂਰਬ ਦੀ ਉਦਾਸੀ ਸਮੇਂ ਇੱਥੇ ਆਏ ਸਨ ਅਤੇ ਭਾਈ ਮਰਦਾਨਾ ਜੀ ਉਨ੍ਹਾਂ ਦੇ ਨਾਲ ਸਨ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਕੋਈ ਸਾਂਹਿਬ ਤੋਂ ਇੱਥੇ ਆਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਥੜ੍ਹੇ ਦੀ ਉਸਾਰੀ ਕਰਵਾਈ। ਬਾਅਦ ਵਿਚ ਰਾਜਾ ਰਘੂਬੀਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਵਾਈ।

ਜੂਨ ੧੯੮੪ ਈ. ਵਿਚ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਘੇਰਾ ਪਾ ਕੇ ਅੰਦਰ ਕੰਮ ਕਰਦੇ ਸਾਰੇ ਮੁਲਾਜ਼ਮਾਂ ਨੂੰ ਬੰਦੀ ਬਣਾ ਲਿਆ ਗਿਆ, ਜਿਨ੍ਹਾਂ ਨੂੰ ਬਾਅਦ ਵਿਚ ਰਿਹਾਅ ਕੀਤਾ ਗਿਆ।

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਮੁਕਤਸਰ

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਮੁਕਤਸਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਉਹ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਨੇ ਪਿੱਛਾ ਕਰ ਰਹੀਆਂ ਮੁਗ਼ਲ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ ਅਤੇ ਇਸ ਯੁੱਧ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਚਲੇ ਗਏ ਸਿੰਘਾਂ ਨੇ ਮੁਗ਼ਲ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਗੁਰੂ ਸਾਹਿਬ ਤੋਂ ਮੁਕਤ ਹੋਣ ਦਾ ਵਰਦਾਨ ਪ੍ਰਾਪਤ ਕੀਤਾ ਸੀ। ੩ ਜੂਨ, ੧੯੮੪ ਈ. ਨੂੰ ਭਾਰਤੀ ਫ਼ੌਜਾਂ ਨੇ ਇਸ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਕੇ ਗੋਲੀਬਾਰੀ ਕੀਤੀ। ਇਸ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ ਕਰਫਿਊ ਵਿਚ ਛੂਟ ਮਿਲਣ ਦੇ ਕਾਰਣ ਸੰਗਤਾਂ ਗੁਰੂ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਗੁਰਦੁਆਰਾ ਸਾਹਿਬ ਵਿਚ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਸੰਗਤਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਚ ਡਿਊਟੀ 'ਤੇ ਤੈਨਾਤ ਕਰਮਚਾਰੀ ਅਤੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਰਹਿੰਦੇ ਮੁੱਖ ਗ੍ਰੰਥੀ ਅਤੇ ਹੋਰ ਕਰਮਚਾਰੀਆਂ ਦੇ ਪਰਵਾਰ ਵੀ ਸਨ। ਗੁਰਦੁਆਰਾ ਟੁੱਟੀ ਗੰਢੀ ਸਾਹਿਬ ਫ਼ੌਜੀ ਕਾਰਵਾਈ ਦਾ ਮੁੱਖ ਕੇਂਦਰ ਸੀ। ਸਾਰੇ ਗੁਰਦੁਆਰਾ ਸਾਹਿਬ ਦੇ ਦੁਆਲੇ ਇਕ ਉੱਚੀ ਦੀਵਾਰ ਬਣੀ ਹੋਈ ਸੀ ਜਿਸ ਵਿੱਚੋਂ ਅੱਠ ਦਰਵਾਜੇ ਸੰਗਤਾਂ ਦੇ ਅੰਦਰ ਬਾਹਰ ਜਾਣ ਲਈ ਬਣੇ ਹੋਏ ਸਨ।

੪ ਜੂਨ ਨੂੰ ਫ਼ੌਜ ਨੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰ ਦਿੱਤਾ। ਤਿੰਨ ਵਜੇ ਦੇ ਲੱਗਭਗ ਲਾਊਡ ਸਪੀਕਰ 'ਤੇ ਫ਼ੌਜ ਵੱਲੋਂ ਸੂਚਨਾ ਦਿੱਤੀ ਗਈ ਕਿ ਜੋ ਵੀ ਕੋਈ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਮੌਜੂਦ ਹੈ ਉਹ ਬਾਹਰ ਆ ਜਾਵੇ ਨਹੀਂ ਤਾਂ ਦੇਖਦੇ ਸਾਰ ਗੋਲੀ ਮਾਰ ਦਿੱਤੀ ਜਾਵੇਗੀ। ਪੌਣੇ ਚਾਰ ਵਜੇ ਦੇ ਕਰੀਬ ਚਾਰ ਨੰਬਰ ਗੇਟ ਤੋਂ ਗੁਰਦੁਆਰਾ ਤੰਬੂ ਸਾਹਿਬ ਵੱਲ ਸਰੋਵਰ ਦੇ ਦੂਸਰੇ ਪਾਸੇ ਗੁਰਦੁਆਰਾ ਟੁੱਟੀ ਗੰਢੀ ਦੀ ਸੇਧ ਵਿਚ ਤੋਪ ਦੇ ਗੋਲੇ ਚਲਣੇ ਸ਼ੁਰੂ ਹੋ ਗਏ। ਇਕ ਗੋਲਾ ਅਟਾਰੀ ਵਿਚ ਲੱਗਾ ਜਿਸ ਨਾਲ ਚਾਰੇ ਪਾਸੇ ਅੱਗ ਹੀ ਅੱਗ ਫੈਲ ਗਈ ਅਟਾਰੀ ਡਿੱਗ ਗਈ। ਬਾਰਾਂਦਰੀ ਅਤੇ ਗੁਰਦੁਆਰਾ ਟੁੱਟੀ ਗੰਢੀ ਵਿਚ ਵੀ ਗੋਲੇ ਲੱਗਣੇ ਸ਼ੁਰੂ ਹੋ

ਗਏ। ਨਿਸ਼ਾਨ ਸਾਹਿਬ ਨੂੰ ਸਹਾਰਾ ਦੇਣ ਲਈ ਬਣਾਈ ਗਈ ਅਟਾਰੀ ਗੋਲੀਆ ਨਾਲ ਢਹਿ ਢੇਰੀ ਹੋ ਗਈ। ਇਕ ਦੋ ਗੋਲੇ ਇਤਿਹਾਸਕ ਬੋਹੜ ਵਿਚ ਵੀ ਲੱਗੇ ਜਿਸ ਨਾਲ ਉਹ ਧਰਤੀ 'ਤੇ ਡਿੱਗ ਗਿਆ। ਗੋਲਿਆਂ ਦੀ ਅੱਗ ਇਨ੍ਹੀ ਤੇਜ ਸੀ ਕਿ ਲੋਹੇ ਦੇ ਮੋਟੇ ਗਾਡਰ ਵੀ ਪਿਘਲ ਗਏ। ਗੁਰਦੁਆਰੇ ਵਿਚ ਮੌਜੂਦ ਯਾਤਰੂ ਅੰਦਰ ਹੀ ਫਸੇ ਰਹਿ ਗਏ।

ਗੁਰਦੁਆਰਾ ਸਾਹਿਬ ਵਿਚ ਮੌਜੂਦ ਰਿਹਾਇਸ਼ੀ ਕੁਆਟਰਾਂ ਵਿੱਚੋਂ ਮੁਲਾਜ਼ਮਾਂ ਦੇ ਪਰਵਾਰ ਕੰਧ ਟੱਪ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਉਨ੍ਹਾਂ ਨੂੰ ਫ਼ੌਜ ਨੇ ਆਣ ਦਬੋਚ ਲਿਆ। ਮੁੱਖ ਗ੍ਰੰਥੀ ਗਿਆਨ ਗੁਰਬਚਨ ਸਿੰਘ ਜੀ ਵੱਲ ਫ਼ੌਜ ਵੱਲੋਂ ਇਕ ਬਰਸਟ ਵੀ ਮਾਰਿਆ ਗਿਆ ਜਿਸ ਨਾਲ ਉਨ੍ਹਾਂ ਦੇ ਪਿੱਛੇ, ਪਟਵਾਰੀ ਧਰਮ ਸਿੰਘ ਦੇ ਘਰ ਵਿਚ ਖੜੀ ਮੱਝ ਮਰ ਗਈ। ਉਸ ਸਮੇਂ ਹੀ ਇਕ ਦਰਜੀ ਗੁਲੂ ਜੋ ਆਪਣੇ ਘਰ ਅਗੇ ਖੜ੍ਹਾ ਸੀ ਫ਼ੌਜੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਉਸ ਦਾ ਸਸਕਾਰ ਦਿਨ ਚੜ੍ਹੇ ਗੁਰਦੁਆਰਾ ਤੰਬੂ ਸਾਹਿਬ ਦੇ ਪਿੱਛੇ ਨਿਹੰਗ ਸਿੰਘਾ ਦੇ ਡੇਰੇ ਵਿਚ ਕੀਤਾ ਗਿਆ। ਜਦੋਂ ਫ਼ੌਜ ਨੇ ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ ਹਮਲਾ ਕੀਤਾ ਤਾਂ ਕਿਸੇ ਨੇ ਇਕ ਦੇਸੀ ਬੰਬ ਉਨ੍ਹਾਂ 'ਤੇ ਸੁੱਟ ਦਿੱਤਾ ਜਿਸ ਨਾਲ ਫ਼ੌਜ ਦਾ ਇਕ ਜਵਾਨ ਮਾਰਿਆ ਗਿਆ ਅਤੇ ਇਕ ਜਖਮੀ ਹੋ ਗਿਆ। ਇਕ ਨੌਜਵਾਨ ਨੇ ਮਾਰੇ ਗਏ ਫ਼ੌਜੀ ਦੀ ਸਟੇਨਗੰਨ ਜਾ ਚੁੱਕੀ ਪਰ ਫ਼ੌਜ ਨੇ ਉਸ ਨੂੰ ਉੱਥੇ ਹੀ ਗੋਲੀਆਂ ਨਾਲ ਭੁੰਨ ਦਿੱਤਾ। ਦਿਨ ਚੜ੍ਹਦੇ ਤੱਕ ਗੋਲੀਬਾਰੀ ਬੰਦ ਹੋ ਗਈ ਜੋ ਸ਼ਰਧਾਲੂ ਅੰਦਰੋ ਫੜੇ ਗਏ ਉਨ੍ਹਾਂ ਦੇ ਕੱਪੜੇ ਉਤਰਵਾ ਕੇ ਉਨ੍ਹਾਂ ਨੂੰ ਦੁਪਹਿਰ ਸਮੇਂ ਤਪਦੇ ਫਰਸ਼ 'ਤੇ ਲਿਟਾਇਆ ਗਿਆ ਅਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਇਸ ਸਮੇਂ ਪਿੰਡ ਮੌਜੇਵਾਲ ਦਾ ਇਕ ਸੱਠ ਸਾਲ ਦਾ ਬਜ਼ੁਰਗ ਸ. ਗੁਰਦੀਪ ਸਿੰਘ ਗੁਰਪੁਰਬ 'ਤੇ ਆਇਆ ਹੋਇਆ ਸੀ। ਉਸ ਨੇ ਆਪਣੀ ਬਾਂਹ ਵਿਚ ਇਕ ਝੋਲਾ ਜਿਹਾ ਪਾਇਆ ਹੋਇਆ ਸੀ। ਫ਼ੌਜੀਆ ਨੇ ਉਸ ਨੂੰ ਹੱਥ ਉੱਪਰ ਕਰਕੇ ਆਉਣ ਦਾ ਇਸ਼ਾਰਾ ਕੀਤਾ। ਉਸ ਬਜੁਰਗ ਨੂੰ ਪਹਿਲਾਂ ਤਾ ਸਮਝ ਹੀ ਨਾ ਆਈ ਪਰ ਜਦੋਂ ਸਮਝ ਆਈ ਤਾਂ ਹੱਥ ਉੱਪਰ ਕਰਨ ਲੱਗਾ ਤਾਂ ਉਸ ਦਾ ਝੋਲਾ ਡਿਗਣ ਲੱਗਾ ਅਤੇ ਉਸ ਨੇ ਝੋਲੇ ਨੂੰ ਫੜਣ ਲਈ ਝੱਟ ਦੇ ਕੇ ਦੂਜਾ ਹੱਥ ਪਾਇਆ ਤਾਂ ਫ਼ੌਜੀਆ ਨੇ ਸਮਝਿਆ ਕਿ ਉਹ ਬੰਬ ਸੁਟਣ ਲੱਗਾ ਹੈ ਤੇ ਉਸ ਦੇ ਬਰਸਟ ਮਾਰ ਕੇ ਉਸ ਦਾ ਸਿਰ ਉੜਾ ਦਿੱਤਾ। ਇਸੇ ਤਰ੍ਹਾਂ ਹੀ ਇਕ ਨਿਹੰਗ ਸਿੰਘ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ।

ਫ਼ੌਜ ਨੇ ਚਾਰ ਸੌ ਦੇ ਕਰੀਬ ਬੰਦਿਆਂ ਵਿੱਚੋਂ ੬੨ ਬੰਦੇ ਅਲੱਗ ਕਰ ਲਏ ਜਿਨ੍ਹਾਂ ਨੂੰ ਰਾਤ ਪੈਣ ਤੋਂ ਪਹਿਲਾਂ ਐਜੂਕੇਸ਼ਨ ਕਾਲਜ ਵਿਚ ਲਿਜਾ ਕੇ ਬੰਦ ਕਰ ਦਿੱਤਾ ਗਿਆ ਇਨ੍ਹਾਂ ਵਿਚ ਜਾ ਤਾਂ ਗੁਰਦੁਆਰਾ ਸਾਹਿਬ ਦੇ ਕਰਮਚਾਰੀ ਸਨ ਜਾਂ ਫੇਰ ਦਰਸ਼ਨਾ ਲਈ ਆਏ ਸ਼ਰਧਾਲੂ ਸਨ। ਇਨ੍ਹਾਂ ਵਿਚ ਸਭ ਤੋਂ ਵੱਡੀ ਉਮਰ ਦਾ ੭੦ ਸਾਲ ਦਾ ਬਜੁਰਗ ਲਾਲ ਸਿੰਘ ਸੀ ਅਤੇ ਸਭ ਤੋਂ ਛੋਟੀ ਉਮਰ ਦਾ ੧੨ ਸਾਲ ਦਾ ਬੱਚਾ ਗੁਰਪਾਲ ਸਿੰਘ ਸੀ। ਇਸ ਘਟਨਾ ਵਿਚ ਗੁਰਦੁਆਰਾ ਸਾਹਿਬ ਦਾ ਸਟੋਰ ਕੀਪਰ ਬਲਦੇਵ ਸਿੰਘ ਪਰਕਰਮਾ ਵਿਚ ਹੀ ਪਿਆਸ ਨਾ ਸਹਾਰਦਾ ਹੋਇਆ ਸ਼ਹੀਦੀ ਪਾ ਗਿਆ।੬੨ ਬੰਦਿਆਂ ਦੇ ਕੇਸ ਦਰਜ ਕਰਕੇ ਜੇਲ ਭੇਜ ਦਿੱਤਾ ਗਿਆ।

ਇਸ ਫ਼ੌਜੀ ਹਮਲੇ ਦੌਰਾਨ ਸਰਬ ਲੋਹ ਦਾ ਇਤਿਹਾਸਕ ਨਿਸ਼ਾਨ ਸਾਹਿਬ ਜਿਸ ਨੂੰ ਮਹਾਰਾਜਾ ਨਾਭਾ ਨੇ ਆਪਣੇ ਘਰ ਪੁੱਤਰ ਹੀਰਾ ਸਿੰਘ ਦਾ ਜਨਮ ਹੋਣ ਦੀ ਖੁਸ਼ੀ ਵਿਚ ਇੰਗਲੈਂਡ ਤੋਂ ਮੰਗਵਾ ਕੇ ਸੁਸ਼ੋਭਿਤ ਕੀਤਾ ਸੀ ਅਤੇ ਉਨ੍ਹਾਂ ਦਿਨਾਂ ਵਿਚ ਉਸ 'ਤੇ ੭੦੦੦੦ ਰੁਪਿਆ ਖਰਚ ਆਇਆ ਸੀ ਅਤੇ ਇਸ ਨੂੰ ਖੜਾ ਕਰਨ ਲਈ ਇਕ ਬਹੁਮੰਜ਼ਲੀ ਅਟਾਰੀ ਬਣਾਈ ਗਈ ਸੀ।

ਇਸ ਅਟਾਰੀ ਨਾਲ ਲੋਹੇ ਦੇ ਮੋਟੇ ਸਰੀਏ ਪਾ ਕੇ ਨਿਸ਼ਾਨ ਸਾਹਿਬ ਨੂੰ ਸਹਾਰਾ ਦਿੱਤਾ ਗਿਆ ਸੀ ਇਹ ਸਭ ਨਸ਼ਟ ਹੋ ਗਿਆ।

ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ, ਮੋਗਾ

ਮੇਜਰ ਜਨਰਲ ਸ਼ਮਸ਼ੇਰ ਸਿੰਘ ਨੂੰ ਤਰਨਤਾਰਨ, ਪੱਟੀ, ਲੁਧਿਆਣਾ, ਫ਼ਿਰੋਜ਼ਪੁਰ ਤੇ ਜ਼ੀਰਾ ਦਾ ਚਾਰਜ ਸੌਂਪਿਆ ਗਿਆ ਸੀ। ੨੦ ਅਪ੍ਰੈਲ, ੧੯੮੪ ਈ. ਤੋਂ ੨੬ ਅਪ੍ਰੈਲ, ੧੯੮੪ ਈ. ਤਕ ਮੋਗਾ ਵਿਚ ਤਿੰਨ ਗੁਰਦੁਆਰਿਆਂ ਨੂੰ ਘੇਰਾ ਪਾ ਕੇ ਸਾਰੇ ਸ਼ਹਿਰ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ੨੬ ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਜੋ ਰੇਲਵੇ ਫਾਟਕ ਦੇ ਪਾਸ ਸੁਸ਼ੋਭਿਤ ਹੈ, ੫:੦੫ ਵਜੇ ਫ਼ੌਜ ਵੱਲੋਂ ਭਾਰੀ ਬੰਬਾਰੀ ਕੀਤੀ ਗਈ ਜਿਸ ਦੇ ਸਿੱਟੇ ਵਜੋਂ ੮ ਸਿੰਘ ਸ਼ਹੀਦ ਹੋ ਗਏ। ਇਕ ਸਿੰਘ ਜੋ ਅੱਖਾਂ ਤੋਂ ਦੇਖ ਨਹੀਂ ਸੀ ਸਕਦਾ, ਗੁਰਦੁਆਰਾ ਸਿੰਘ ਸਭਾ ਵਿਖੇ ਸ਼ਹੀਦ ਹੋਇਆ। ੨੬ ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਦੇ ਚਾਰ-ਚੁਫੇਰੇ ਕਰਫ਼ਿਊ ਲਗਾ ਦਿੱਤਾ ਗਿਆ ਜੋ ੩੦ ਅਪ੍ਰੈਲ ਤਕ ਜਾਰੀ ਰਿਹਾ। ਗੁਰਦੁਆਰਾ ਸਾਹਿਬ ਦੇ ਲੰਗਰ ਵਿੱਚੋਂ ਰਾਸ਼ਨ ਖ਼ਤਮ ਹੋ ਗਿਆ। ਗੁਰਦੁਆਰਾ ਸਾਹਿਬ ਵਿਚ ਜੋ ਸੰਗਤ ਸੀ ਉਸ ਦਾ ਭੁੱਖ ਨਾਲ ਬੁਰਾ ਹਾਲ ਹੋਣ ਲੱਗਾ। ਮੋਗੇ ਦੀ ਬੀਬੀ ਕਰਤਾਰ ਕੌਰ ੭੦ ਬੀਬੀਆਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਵਿਚ ਲੰਗਰ ਪਹੁੰਚਾਉਣ ਗਈ ਤਾਂ ਫ਼ੌਜ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਅੱਗੇ ਨਹੀਂ ਜਾਣ ਦਿੱਤਾ ਤਾਂ ਬੀਬੀ ਕਰਤਾਰ ਕੌਰ ਨੇ ਧਰਨਾ ਦੇ ਦਿੱਤਾ। ਸ਼ਹਿਰ ਦੇ ਐਸ.ਡੀ.ਐਮ. ਨੇ ਫ਼ੌਜ ਵਾਲਿਆਂ ਤੇ ਬੀਬੀਆਂ ਨੂੰ ਸਮਝਾ ਕੇ ਫ਼ੈਸਲਾ ਕਰਵਾ ਕੇ ਗੁਰਦੁਆਰਾ ਸਾਹਿਬ ਵਿਚ ਲੰਗਰ ਪਹੁੰਚਾਇਆ ਅਤੇ ਕਰਫ਼ਿਊ ਖ਼ਤਮ ਕਰਵਾਇਆ।

੧ ਜੂਨ, ੧੯੮੪ ਈ. ਨੂੰ ਗੁਰਦੁਆਰਾ ਸਾਹਿਬ ਨੂੰ ਫੇਰ ਘੇਰਾ ਪਾਇਆ ਗਿਆ ਅਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦਾ ਨਗਰ ਕੀਰਤਨ ਨਾ ਕੱਢਣ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੀ ਬਿਜਲੀ, ਪਾਣੀ ਬੰਦ ਕਰ ਦਿੱਤਾ ਗਿਆ ਅਤੇ ਫ਼ੌਜ ਵੱਲੋਂ ਗੁਰਦੁਆਰਾ ਸਾਹਿਬ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ। ਇਸ ਹਮਲੇ ਵਿਚ ਪਿੰਡ ਅਜੀਤਵਾਲ ਦਾ ਸਰਪੰਚ ਸ. ਅਮਰਜੀਤ ਸਿੰਘ, ਧਰਮਕੋਟ ਦਾ ਬਿੱਟੂ ਅਤੇ ਮਹੇਸ਼ਰੀ ਪਿੰਡ ਦੇ ਕੁਝ ਸਿੰਘ ਸ਼ਹੀਦ ਹੋ ਗਏ।

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ

ਜਨਰਲ ਗੁਰਦਿਆਲ ਸਿੰਘ ਨੂੰ ਪਟਿਆਲਾ, ਸੰਗਰੂਰ, ਬਠਿੰਡਾ, ਰੋਪੜ ਤੇ ਫ਼ਰੀਦਕੋਟ ਦਾ ਚਾਰਜ ਦਿੱਤਾ ਗਿਆ ਸੀ। ਇਸ ਨਾਲ ਤੈਨਾਤ ਬ੍ਰਿਗੇਡੀਅਰ ਹਰਪਾਲ ਸਿੰਘ ਚੌਧਰੀ, ਲੈਫਟੀਨੈਂਟ ਕਰਨਲ ਨੰਦ ਕੁਮਾਰ ਗੁਪਤਾ, ਮੇਜਰ ਜੇ.ਐੱਸ. ਕਥੂਰੀਆ, ਕੈਪਟਨ ਅਮਰਜੀਤ ਸਿੰਘ (ਸੰਧੂ) ਤੇ ਕੈਪਟਨ (ਰੰਧਾਵਾ) ਨੇ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਉੱਤੇ ਖ਼ੂਨੀ ਹਮਲੇ ਦੀ ਅਗਵਾਈ ਕੀਤੀ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਪਾਵਨ-ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਕਸ਼ਮੀਰੀ ਪੰਡਿਤਾਂ ਦੀ ਬੇਨਤੀ 'ਤੇ ਸ਼ਹੀਦੀ ਦੇਣ ਲਈ ਦਿੱਲੀ ਨੂੰ ਜਾਂਦੇ ਹੋਏ ਨਵਾਬ ਸੈਫ਼ ਖ਼ਾਨ ਦੀ ਬੇਨਤੀ 'ਤੇ ਇੱਥੇ ਪਧਾਰੇ ਸਨ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਸੰਨ ੧੯੩੦ ਈ. ਵਿਚ ਹੋਂਦ ਵਿਚ ਆਇਆ ਪਰ ਸ਼ਰਧਾਲੂ ਬਹੁਤ ਦੇਰ ਪਹਿਲਾਂ ਤੋਂ ਹੀ ਇਸ ਅਸਥਾਨ ਨੂੰ ਨਤਮਸਤਕ ਹੋ ਕੇ ਵਡਭਾਗੇ ਮਹਿਸੂਸ ਕਰਦੇ ਆ ਰਹੇ ਸਨ। ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਇਸ ਸਥਾਨ 'ਤੇ

ਪਧਾਰੇ ਸਨ, ਉਸ ਸਮੇਂ ਪਟਿਆਲਾ ਇਸ ਰੂਪ ਵਿਚ ਨਹੀਂ ਸੀ। ਫੂਲਕੀਆ ਸਟੇਟਸ ਗਜ਼ਟੀਅਰ ੧੯੦੪ ਈ: ਦੇ ਅਨੁਸਾਰ ਪਟਿਆਲਾ ਫੂਲਕੀਆ ਰਿਆਸਤ ਵਿੱਚੋਂ ਇਕ ਹੈ, ਸੰਨ ੧੭੬੨ ਈ. ਵਿਚ ਵਾਸਤਵਿਕ ਰੂਪ ਧਾਰਨ ਕਰ ਗਿਆ ਸੀ ਪਰੰਤੂ ਇਸ ਦੀ ਹੋਂਦ ਨੂੰ ੧੭੬੪ ਈ. ਵਿਚ ਮੰਨਣਾ ਵਧੇਰੇ ਸਹੀ ਹੋਵੇਗਾ ਜਦੋਂ ਸਿੱਖ ਫ਼ੌਜਾਂ ਨੇ ਸਰਹਿੰਦ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਆਪੋ ਆਪਣੇ ਇਲਾਕਿਆਂ ਦੀ ਵੰਡ ਕਰ ਲਈ ਸੀ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਸ਼ਹਿਰ ਵਿਚ ਪਟਿਆਲਾ-ਸਰਹਿੰਦ ਸੜਕ ਉੱਤੇ ਸਥਿਤ ਹੈ। ਸਥਾਨਕ ਰਵਾਇਤ ਅਨੁਸਾਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸੰਨ ੧੬੭੫ ਈ. ਵਿਚ ਦੂਸਰੀ ਵਾਰ ਇੱਥੇ ਬਿਰਾਜੇ ਸਨ ਜਦੋਂ ਉਹ ਸੈਫ਼ਾਬਾਦ ਦੇ ਕਿਲ੍ਹੇ ਵਿਚ ਟਿਕੇ ਹੋਏ ਸਨ ਜਿਸ ਨੂੰ ਉਨ੍ਹਾਂ ਦੇ ਨਾਂ ਉੱਪਰ ਬਹਾਦਰਗੜ੍ਹ ਕਿਹਾ ਜਾਂਦਾ ਹੈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਾਲੇ ਸਥਾਨ 'ਤੇ ਇਕ ਟੋਭਾ ਅਤੇ ਬੋਹੜ ਦੇ ਦਰੱਖ਼ਤ ਦਿਖਾਈ ਦਿੰਦੇ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਇਸ ਸਥਾਨ 'ਤੇ ਆਉਣ ਦੇ ਸਮੇਂ ਇਹ ਸਥਾਨ ਪਿੰਡ ਲਹਿਲ ਦੀ ਜੂਹ ਵਿਚ ਪੈਂਦਾ ਸੀ। ਇਸ ਪਵਿੱਤਰ ਸਥਾਨ ਉੱਤੇ ਗੁਰੂ ਜੀ ਬੋਹੜ ਦੇ ਦਰੱਖ਼ਤ ਹੇਠ ਬਿਰਾਜੇ ਸਨ। ਇਸ ਗੁਰਦੁਆਰਾ ਸਾਹਿਬ ਵਿਚ ਹਰ ਸਾਲ ਮਾਘ ਸੁਦੀ ਪੰਚਮੀ ਨੂੰ ਬਸੰਤ ਪੰਚਮੀ ਦੇ ਮੇਲੇ ਦਾ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹਰ ਮਹੀਨੇ ਦੀ ਪੰਚਮੀ ਨੂੰ ਆਲੇ-ਦੁਆਲੇ ਦੀਆਂ ਸੰਗਤਾਂ ਇੱਥੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਆਉਂਦੀਆਂ ਹਨ। ਜੂਨ ੧੯੮੪ ਈ. ਵਿਚ ਪੰਚਮੀ ਵਾਲੇ ਦਿਨ ਇਸ਼ਨਾਨ ਕਰਨ ਲਈ ਪਿੰਡਾਂ ਸ਼ਹਿਰਾਂ ਤੋਂ ਸੰਗਤਾਂ ਆਈਆਂ ਹੋਈਆਂ ਸਨ। ਕੁਝ ਸਮਾਂ ਪਿੱਛੋਂ ਹੀ ਸ਼ਹਿਰ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਸਾਰਾ ਪਟਿਆਲਾ ਸ਼ਹਿਰ ਫ਼ੌਜ ਵੱਲੋਂ ਸੀਲ ਕਰ ਦਿੱਤਾ ਗਿਆ। ਰਾਤ ਨੂੰ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਨੇ ਸਾਰੀ ਸੰਗਤ ਨੂੰ ਫ਼ੌਜ ਵੱਲੋਂ ਕੀਤੇ ਗਏ ਐਲਾਨ ਬਾਰੇ ਜਾਣੂੰ ਕਰਵਾਇਆ ਕਿ ਕੋਈ ਵੀ ਇਧਰ-ਉਧਰ ਨਹੀਂ ਜਾ ਸਕਦਾ ਅਤੇ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਣ ਵਾਲਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਗੁਰਦੁਆਰਾ ਸਾਹਿਬ ਵਿਚ ਕਾਫੀ ਗਿਣਤੀ ਵਿਚ ਸੰਗਤ ਸੀ। ਸਰਾਂ ਵਿਚ ਅਤੇ ਸਰੋਵਰ ਦੇ ਕੰਢੇ 'ਤੇ ਕੋਈ ਜਗ੍ਹਾ ਖ਼ਾਲੀ ਨਹੀਂ ਸੀ, ਹਰ ਥਾਂ 'ਤੇ ਸੰਗਤ ਅਰਾਮ ਕਰ ਰਹੀ ਸੀ। ਹਰ ਇਕ ਦੇ ਚਿਹਰੇ 'ਤੇ ਖ਼ੌਫ਼ ਅਤੇ ਗੁੱਸਾ ਸੀ। ਸਵੇਰ ਹੋਣ ਤਕ ਗੁਰਦੁਆਰਾ ਸਾਹਿਬ ਨੂੰ ਚਾਰਾਂ ਪਾਸਿਆਂ ਤੋਂ ਫ਼ੌਜ ਨੇ ਸੀਲ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਵਿਚ ਕਾਫ਼ੀ ਸੰਗਤ ਇਕੱਠੀ ਹੋ ਚੁੱਕੀ ਸੀ ਅਤੇ ਲੰਗਰ ਹਾਲ ਵਿਚ ਵੀ ਸੰਗਤ ਵਧ ਰਹੀ ਸੀ। ਲੰਗਰ ਵਿਚ ਦੁੱਧ ਖ਼ਤਮ ਹੋ ਚੁੱਕਾ ਸੀ ਜਿਸ ਕਾਰਨ ਛੋਟੇ ਬੱਚਿਆਂ ਲਈ ਮੁਸ਼ਕਿਲ ਖੜ੍ਹੀ ਹੋ ਗਈ ਸੀ। ਸੰਗਤ ਵਿਚ ਪਰੇਸ਼ਾਨੀ ਵਧਦੀ ਜਾ ਰਹੀ ਸੀ। ੪ ਜੂਨ ਸੋਮਵਾਰ ਨੂੰ ਰਾਤ ੧੨ ਵਜੇ ਦੇ ਕਰੀਬ ਪਹਿਲੀ ਗੋਲੀ ਚੱਲੀ ਅਤੇ ਉਸ ਤੋਂ ਬਾਅਦ ਲਗਾਤਾਰ ਢਾਈ ਵਜੇ ਤਕ ਗੋਲੀ ਚੱਲਦੀ ਰਹੀ। ਫੌਜ ਨੇ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਜਿਧਰ ਫੈਕਟਰੀ ਏਰੀਆ ਹੈ, ਵੱਲੋਂ ਕੰਧ ਟੱਪ ਕੇ ਗੁਰਦੁਆਰਾ ਸਾਹਿਬ ਅੰਦਰ ਮੋਟਰ ਪੰਪ 'ਤੇ ਕਬਜ਼ਾ ਕਰ ਲਿਆ ਅਤੇ ਅੰਦਰ ਆ ਕੇ ਬੋਰੀਆਂ ਦੇ ਚਾਰ ਆਰਜ਼ੀ ਮੋਰਚੇ ਕਾਇਮ ਕਰ ਲਏ। ਕੁਝ ਫੌਜੀ ਪਾਣੀ ਵਾਲੀ ਟੈਂਕੀ ਦੇ ਉੱਪਰ ਚੜ੍ਹ ਕੇ ਬੈਠ ਗਏ ਅਤੇ ਲੰਗਰ ਵੱਲ ਝਾਤੀਆਂ ਮਾਰਨ ਲੱਗ ਪਏ। ਸਰੋਵਰ ਦੇ ਪਾਰਲੇ ਕੁਆਰਟਰਾਂ ਤੇ ਮਾਛੀਵਾੜੇ ਵਾਲੇ ਕੁਆਰਟਰਾਂ ਨੂੰ ਗੁਰਦੁਆਰਾ ਸਾਹਿਬ ਤੋਂ ਕੱਟ ਕਰ ਦਿੱਤਾ ਗਿਆ। ਸੰਗਤ ਵਿਚ ਭਗਦੜ ਮੱਚ ਗਈ ਸੀ। ਚਾਰੇ ਪਾਸੇ ਹਾਹਾਕਾਰ ਤੇ ਰੌਲਾ-ਰੱਪਾ ਪੈ ਗਿਆ ਸੀ। ਫੌਜ ਏਨਾ ਰੌਲਾ ਪਾ ਰਹੀ ਸੀ ਕਿ ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਫੌਜ ਨੇ ਇਕੱਲੇ-ਇਕੱਲੇ ਕੁਆਰਟਰ ਦਾ ਦਰਵਾਜ਼ਾ ਖੜਕਾ

ਕੇ ਅੰਦਰ ਰਹਿੰਦੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਹਰ ਮੈਂਬਰ ਇੱਥੋਂ ਤਕ ਕਿ ਔਰਤਾਂ, ਬੱਚਿਆਂ ਨੂੰ ਵੀ ਧੂਹ-ਧੂਹ ਕੇ ਬਾਹਰ ਕੱਢ ਲਿਆ। ਫ਼ੌਜ ਨੇ ਇਕ ਹਜ਼ਾਰ ਫੌਜੀਆਂ ਨਾਲ ਸਾਰੇ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ। ਫ਼ੌਜ ਨੇ ਸਾਰੀ ਸੰਗਤ ਵਿੱਚੋਂ ਨੌਜਵਾਨਾਂ ਨੂੰ ਅਲੱਗ ਕਰ ਲਿਆ ਅਤੇ ਸੰਗਤ ਦੇ ਸਾਹਮਣੇ ਹੀ ਬੱਟਾਂ ਅਤੇ ਬੰਦੂਕਾਂ ਨਾਲ ਕੁੱਟਿਆ ਗਿਆ ਅਤੇ ਕਿਸੇ ਅਣਦੱਸੀ ਥਾਂ 'ਤੇ ਭੇਜ ਦਿੱਤਾ ਗਿਆ। ਬਾਕੀ ਦੀ ਸੰਗਤ ਨੂੰ ਉੱਥੇ ਹੀ ਬੈਠੇ ਰਹਿਣ ਲਈ ਕਿਹਾ ਗਿਆ। ਕਿਸੇ ਨੂੰ ਪਿਸ਼ਾਬ ਤਕ ਕਰਨ ਲਈ ਵੀ ਨਹੀਂ ਜਾਣ ਦਿੱਤਾ ਗਿਆ। ਮਿਲਟਰੀ ਵਾਲੇ ਹਰ ਇਕ ਨੂੰ ਪੁੱਛਦੇ, "ਵੋਹ ਕਮਰਾ ਕਹਾਂ ਹੈ ਜਿਸਕਾ ਕੋਈ ਦਰਵਾਜ਼ਾ ਨਹੀਂ, ਵੋਹ ਸੁਰੰਗ ਦਿਖਾਓ ਜਿਸ ਕੇ ਰਸਤੇ ਗੰਦਾ ਲੋਕ ਆਤਾ ਹੈ।" ਇਸ ਵੇਲੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਅਜੈਬ ਸਿੰਘ ਨੇ ਉੱਠ ਕੇ ਟੁੱਟੀ-ਫੁੱਟੀ ਹਿੰਦੀ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਕਿ "ਇਨ੍ਹਾਂ ਵਿੱਚੋਂ ਬਹੁਤ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ ਤੇ ਬਾਕੀ ਦੂਰੋਂ-ਨੇੜਿਓਂ ਪਿੰਡਾਂ 'ਚੋਂ ਪੰਚਮੀ ਮਨਾਉਣ ਲਈ ਆਈ ਸੰਗਤ ਹੈ। ਇਨ੍ਹਾਂ ਵਿੱਚੋਂ ਕੋਈ ਵੀ ਖਾੜਕੂ ਨਹੀਂ ਹੈ। ਮੁਲਾਜ਼ਮਾਂ ਦੇ ਕੁਆਰਟਰਾਂ 'ਚੋਂ ਜੋ ਹਥਿਆਰ ਫੜੇ ਗਏ ਹਨ, ਉਹ ਖਜ਼ਾਨੇ ਦੀ ਰਾਖੀ ਵਾਸਤੇ ਹਨ ਅਤੇ ਹਰ ਇਕ ਅਸਲੇ ਦਾ ਬਕਾਇਦਾ ਲਾਇਸੈਂਸ ਹੈ।" ਮੈਨੇਜਰ ਸਾਹਿਬ ਅਜੇ ਦੱਸ ਹੀ ਰਹੇ ਸਨ ਕਿ ਫੌਜ ਦਾ ਇਕ ਸਰਦਾਰ ਬ੍ਰਿਗੇਡੀਅਰ ਆ ਗਿਆ। ਉਸ ਨੇ ਮੈਨੇਜਰ ਸਾਹਿਬ ਤੋਂ ਪੁੱਛਿਆ ਕਿ ਕੌਣ ਕਿੱਥੇ ਹੈ ਅਤੇ ਉਸ ਨੇ ਗਾਰਦ ਨਾਲ ਭੇਜ ਕੇ ਨਿਵਾਸਾਂ ਵੱਲ ਤੋਰ ਦਿੱਤਾ ਅਤੇ ਕਿਹਾ ਕਿ ਇਸ ਨੂੰ ਵਿਖਾਓ ਕਿ ਕੌਣ-ਕੌਣ ਮਰਿਆ ਹੈ ਤੇ ਨਾਲ ਹੀ ਨਿਵਾਸਾਂ ਦੀ ਤਲਾਸ਼ੀ ਲਓ। ਮਿਲਟਰੀ ਵਾਲੇ ਮੈਨੇਜਰ ਸਾਹਿਬ ਦੇ ਨਾਲ ਕਾਰਬਾਈਨਾਂ ਤਾਣ ਕੇ ਤੁਰ ਪਏ। ਗੋਲੀ ਨਾਲ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਥਾਈਂ-ਥਾਈਂ ਵਿੰਗੀਆਂ-ਟੇਡੀਆਂ ਪਈਆਂ ਸਨ। ਇਨ੍ਹਾਂ ਵਿੱਚੋਂ ਦੋ ਲਾਸ਼ਾਂ ਗੁਰਦੁਆਰਾ ਸਾਹਿਬ ਦੇ ਆਰਜ਼ੀ ਮੁਲਾਜ਼ਮਾਂ ਸ. ਸਾਗਰ ਸਿੰਘ ਅਤੇ ਸ. ਜਗਜੀਤ ਸਿੰਘ ਦੀਆਂ ਸਨ। ਇਕ ਮੰਗਤਾ ਅਤੇ ਇਕ ਸੂਰਮਾ ਸਿੰਘ, ਤਿੰਨ ਬਜ਼ੁਰਗ ਔਰਤਾਂ ਦੀਆਂ ਲਾਸ਼ਾਂ ਵੀ ਪਈਆਂ ਸਨ। ਫੌਜ ਵੱਲੋਂ ਆਪਣੇ ਪਾਸ ਨੋਟ ਕੀਤੇ ਕਮਰਾ ਨੰ: ੪੮, ੪੯ ਅਤੇ ੬੩ ਦੀ ਪੂਰੀ ਤਰ੍ਹਾਂ ਤਲਾਸ਼ੀ ਲੈਣ ਤੋਂ ਬਾਅਦ ਜੋ ਕਾਗਜ਼-ਪੱਤਰ ਮਿਲੇ ਬੰਨ੍ਹ ਕੇ ਇਕ ਪਾਸੇ ਰੱਖ ਲਏ ਗਏ ਅਤੇ ਮ੍ਰਿਤਕਾਂ ਦਾ ਵੇਰਵਾ ਤਿਆਰ ਕੀਤਾ ਗਿਆ। ਇਹ ਸਿਲਸਿਲਾ ਸ਼ਾਮ ਦੇ ੪ ਵਜੇ ਤਕ ਚਲਦਾ ਰਿਹਾ। ਇਸ ਤੋਂ ਬਾਅਦ ਫੌਜ ਵਾਲੇ ਮੈਨੇਜਰ ਸਾਹਿਬ ਨੂੰ ਦਰਬਾਰ ਸਾਹਿਬ ਵੱਲ ਲੈ ਗਏ। ਗੁਰਦੁਆਰਾ ਸਾਹਿਬ ਵਿਚ ਸਥਿਤ ਪਿੱਪਲ ਕੋਲ, ਜਿੱਥੋਂ ਦਰਬਾਰ ਸਾਹਿਬ ਨੂੰ ਪੌੜੀਆਂ ਜਾਂਦੀਆਂ ਹਨ, ਉੱਥੇ ਚਾਰ ਲਾਸ਼ਾਂ ਹੋਰ ਪਈਆਂ ਸਨ ਜਿਨ੍ਹਾਂ ਵਿਚ ਇਕ ਲਾਸ਼ ਸਰਹਿੰਦ ਦੇ ਬੀ.ਡੀ.ਓ. ਦੇ ਲੜਕੇ ਜਸਦੇਵ ਸਿੰਘ, ਇਕ ਬਾਬਾ ਰਤਨ ਸਿੰਘ, ਇਕ ਮਾਈ ਤੇ ਇਕ ਹੋਰ ਬਜ਼ੁਰਗ ਦੀ ਸੀ। ਇਹ ਸਾਰੇ ਨਿਸ਼ਾਨ ਸਾਹਿਬ ਲਾਗੇ ਫੌਜ ਦਾ ਬਰੱਸਟ ਲੱਗਣ ਨਾਲ ਸ਼ਹੀਦ ਹੋਏ ਦੱਸੇ ਗਏ। ਸਾਇਕਲ ਸਟੈਂਡ ਵਿਚ ਗੁਰਦੁਆਰਾ ਸਾਹਿਬ ਦਾ ਸਾਰਾ ਸਟਾਫ ਗ੍ਰੰਥੀ, ਰਾਗੀ ਸਿੰਘ ਸਭ ਰੱਸਿਆਂ ਨਾਲ ਬਹੁਤ ਹੀ ਬੁਰੇ ਤਰੀਕੇ ਨਾਲ ਬੰਨ੍ਹ ਕੇ ਬਿਠਾਏ ਹੋਏ ਸਨ। ਸਾਰੇ ਸਿੰਘਾਂ ਦੇ ਸਿਰ ਨੰਗੇ ਅਤੇ ਜੂੜੇ ਖੁੱਲ੍ਹੇ ਹੋਏ ਸਨ।

ਇਕ ਸਰਦਾਰ ਬ੍ਰਿਗੇਡੀਅਰ ਆਇਆ ਤੇ ਉਸ ਨੇ ਮੈਨੇਜਰ ਸਾਹਿਬ ਤੋਂ ਪੁੱਛਿਆ ਕਿ ਦਰਬਾਰ ਸਾਹਿਬ ਕਿੰਨੇ ਵਜੇ ਖੁੱਲ੍ਹਦਾ ਹੈ। ਮੈਨੇਜਰ ਸਾਹਿਬ ਦੇ ਦੱਸਣ 'ਤੇ ਕਿ ਦਰਬਾਰ ਸਾਹਿਬ ਹਰ ਰੋਜ਼ ਸਵੇਰੇ ਦੋ ਵਜੇ ਖੁੱਲ੍ਹਦਾ ਹੈ ਪਰ ਹੁਣ ਤਾਂ ਪੰਜ ਵੱਜ ਚੁੱਕੇ ਹਨ; ਉਸ ਬ੍ਰਿਗੇਡੀਅਰ ਨੇ ਬਗੈਰ ਗਾਰਦ ਤੋਂ ਮੈਨੇਜਰ ਨੂੰ ਬਾਹਰ ਭੇਜ ਕੇ ਹੈੱਡ ਗ੍ਰੰਥੀ ਸਾਹਿਬ ਨੂੰ ਬੁਲਾ ਕੇ ਗੁਰਦੁਆਰਾ ਸਾਹਿਬ ਵਿਚ

ਪ੍ਰਕਾਸ਼ ਕਰਵਾਇਆ। ਬ੍ਰਿਗੇਡੀਅਰ ਨੇ ਜਿਹੜੇ ਮੁਲਾਜ਼ਮਾਂ ਪਾਸ ਸ਼ਨਾਖਤੀ ਕਾਰਡ ਸਨ ਉਨ੍ਹਾਂ ਨੂੰ ਛੱਡਣ ਦਾ ਹੁਕਮ ਦਿੱਤਾ।

ਫਰਸ਼ 'ਤੇ ਥਾਂ-ਥਾਂ ਖ਼ੂਨ ਦੇ ਨਿਸ਼ਾਨ ਸਨ। ਮਨੁੱਖੀ ਖ਼ੂਨ ਦਾ ਗਾੜ੍ਹਾ ਗਾਰਾ ਬਣ ਚੁੱਕਾ ਸੀ। ਗੁਰਦੁਆਰਾ ਸਾਹਿਬ ਦੇ ਰੋਸ਼ਨਦਾਨਾਂ ਦੇ ਸ਼ੀਸ਼ੇ ਟੁੱਟ ਗਏ ਸਨ। ਕੰਧਾਂ 'ਤੇ ਥਾਂ-ਥਾਂ ਗੋਲੀਆਂ ਦੇ ਨਿਸ਼ਾਨ ਸਨ। ਦੂਸਰੇ ਦਿਨ ਸਵੇਰੇ ਅੱਠ ਵਜੇ ਸਾਰੀ ਸੰਗਤ ਨੂੰ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੇ ਬਾਹਰ ਸੜਕ 'ਤੇ ਟੈਂਕਾਂ ਦੇ ਭਾਰੀ ਪਹੀਆਂ ਦੇ ਨਿਸ਼ਾਨ ਸਨ। ਫੌਜ ਵੱਲੋਂ ਮੁਲਾਜ਼ਮਾਂ ਦੇ ਕੁਆਰਟਰਾਂ ਦੀ ਤਲਾਸ਼ੀ ਲੈਂਦੇ ਸਮੇਂ ਜੋ ਕੁਝ ਵੀ ਹੱਥ ਲੱਗਾ ਉਹ ਚੁੱਕ ਲਿਆ ਗਿਆ। ਮੁਲਾਜ਼ਮਾਂ ਦੇ ਅਟੈਚੀ ਬੰਦੂਕਾਂ ਦੀਆਂ ਸੰਗੀਨਾਂ ਨਾਲ ਪਾੜ ਦਿੱਤੇ ਗਏ। ਫੌਜ ਵੱਲੋਂ ਚੁੱਕੇ ਗਏ ਸਾਮਾਨ ਵਿਚ ਗੁਰਦੁਆਰਾ ਸਾਹਿਬ ਦੇ ਖਜ਼ਾਨੇ ਵਿੱਚੋਂ ੨੧੯੧/-ਰੁਪਏ, ਕੁਆਰਟਰਾਂ ਵਿੱਚੋਂ ੧੬੯੧੩/-ਰੁਪਏ, ੩੧ ਘੜੀਆਂ, ੧ ਟਾਈਮ ਪੀਸ, ੩ ਟੇਪ ਰਿਕਾਰਡਰ, ੫ ਟਰਾਂਜਿਸਟਰ, ੧੫ ਤੋਲੇ ਸੋਨੇ ਦੇ ਗਹਿਣੇ ਅਤੇ ੮ ਤੋਲੇ ਚਾਂਦੀ ਦੇ ਗਹਿਣੇ ਸਨ।

ਗੁਰਦੁਆਰਾ ਚਰਨ ਕੰਵਲ ਸਾਹਿਬ ਜੀਂਦੋਵਾਲ (ਬੰਗਾ)

ਮੇਜਰ ਜਨਰਲ ਤਰਲੋਕ ਸਿੰਘ ਨੂੰ ਦੁਆਬਾ ਖੇਤਰ ਦਾ ਚਾਰਜ ਦਿੱਤਾ ਗਿਆ ਸੀ। ਨਵਾਂ ਸ਼ਹਿਰ ਤੋਂ ੧੨ ਕਿਲੋਮੀਟਰ ਜਲੰਧਰ ਵਾਲੇ ਪਾਸੇ ਜਲੰਧਰ-ਚੰਡੀਗੜ੍ਹ ਮੁੱਖ ਸੜਕ 'ਤੇ ਵੱਸਿਆ ਕਸਬਾ ਬੰਗਾ ਮੁੱਖ ਕਸਬਾ ਹੈ। ਇਸ ਕਸਬੇ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ। ਜੂਨ ੧੯੮੪ ਈ. ਵਿਚ ਫੌਜ ਨੇ ਇਸ ਅਸਥਾਨ ਨੂੰ ਘੇਰਾ ਪਾ ਕੇ ਆਪਣੇ ਕਬਜ਼ੇ ਵਿਚ ਲੈ ਲਿਆ। ਇਹ ਘੇਰਾ ਲਗਾਤਾਰ ਕਈ ਦਿਨ ਪਾਈ ਰੱਖਿਆ ਅਤੇ ਅੰਦਰ ਸੇਵਾ ਕਰਦੇ ਰਾਗੀ ਤੇ ਪਾਠੀ ਸਿੰਘਾਂ ਦੀ ਮਾਰ-ਕੁਟਾਈ ਕਰਨ ਉਪਰੰਤ ਉਨ੍ਹਾਂ ਨੂੰ ਜੇਲ੍ਹ ਭੇਜ ਕੇ ਉਨ੍ਹਾਂ 'ਤੇ ਮੁਕੱਦਮੇ ਚਲਾਏ ਗਏ।

ਗੁਰਦੁਆਰਾ ਭੱਠਾ ਸਾਹਿਬ, ਰੋਪੜ

ਗੁਰਦੁਆਰਾ ਭੱਠਾ ਸਾਹਿਬ ਰੋਪੜ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਅਸਥਾਨ ਨੂੰ ਦੂਰੋਂ-ਦੂਰੋਂ ਸੰਗਤ ਨਤਮਸਤਕ ਹੋਣ ਆਉਂਦੀ ਹੈ। ੩ ਜੂਨ ਨੂੰ ਪੰਜਾਬ 'ਚ ਕਰਫ਼ਿਊ ਦੌਰਾਨ ਸੀ.ਆਰ.ਪੀ.ਐੱਫ. ਦੇ ਸਿਪਾਹੀਆਂ ਨੇ ਗੁਰਦੁਆਰਾ ਸਾਹਿਬ ਨੂੰ ਚਾਰ-ਚੁਫੇਰੇ ਤੋਂ ਘੇਰ ਲਿਆ ਸੀ। ਘੇਰਾ ਪਾਉਣ ਵਾਲੀ ਸੀ.ਆਰ.ਪੀ.ਐੱਫ. ਦੇ ਜਵਾਨ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਦੋ ਟਰੱਕਾਂ ਵਿਚ ਸਵਾਰ ਹੋ ਕੇ ਆਏ ਸਨ। ਇਨ੍ਹਾਂ ਵਿੱਚੋਂ ਕੁਝ ਸਿਪਾਹੀ ਗੁਰਦੁਆਰਾ ਸਾਹਿਬ ਵੱਲ ਨੂੰ ਨਿਸ਼ਾਨਾ ਕਰਕੇ ਪੋਜ਼ੀਸ਼ਨਾਂ ਲੈ ਕੇ ਖੜੇ ਸਨ ਅਤੇ ਕੁਝ ਸਿਪਾਹੀ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਗਸ਼ਤ ਕਰਨ ਲੱਗ ਪਏ ਸਨ। ਗੁਰਦੁਆਰਾ ਸਾਹਿਬ ਵਿਚ ਮੌਜੂਦ ਸੰਗਤ ਅਤੇ ਯਾਤਰੂਆਂ ਨੂੰ ਗੁਰਦੁਆਰਾ ਸਾਹਿਬ ਵਿੱਚੋਂ ਬਾਹਰ ਆਉਣ ਤੋਂ ਮਨ੍ਹਾ ਕਰ ਦਿੱਤਾ ਗਿਆ। ੪ ਜੂਨ, ੧੯੮੪ ਈ. ਨੂੰ ਫ਼ੌਜ ਦੇ ਦੋ ਹਜ਼ਾਰ ਦੀ ਗਿਣਤੀ ਦੇ ਲੱਗਭਗ ਫ਼ੌਜੀ ਵੀ ਉੱਥੇ ਪੁੱਜ ਗਏ। ਫ਼ੌਜ ਆਉਣ ਸਾਰ ਹੀ ਗੁਰਦੁਆਰਾ ਸਾਹਿਬ ਵੱਲ ਨੂੰ ਮੂੰਹ ਕਰ ਕੇ ਮਸ਼ੀਨਗੰਨਾਂ ਚਾਰੇ ਪਾਸੇ ਬੀੜ ਦਿੱਤੀਆਂ। ਸ਼ਾਮ ਤਕ ਫ਼ੌਜ ਦੇ ਟੈਂਕ ਵੀ ਪਹੁੰਚ ਗਏ। ਇਸ ਸਮੇਂ ਗੁਰਦੁਆਰਾ ਸਾਹਿਬ ਵਿਚ ੫੬ ਦੇ ਲੱਗਭਗ ਵਿਅਕਤੀ ਸਨ ਜੋ ਕਰਫ਼ਿਊ ਕਾਰਨ ਇੱਥੇ ਹੀ ਫਸ ਗਏ ਸਨ। ਇਨ੍ਹਾਂ ਵਿੱਚੋਂ ੧੨ ਗੁਰਦੁਆਰਾ ਸਾਹਿਬ ਦੇ ਕਰਮਚਾਰੀ ਸਨ, ੫ ਅਖੰਡਪਾਠੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ

ਰੋਪੜ ਦਾ ਜ਼ਿਲ੍ਹਾ ਪ੍ਰਧਾਨ ਸ. ਸਰਬਜੀਤ ਸਿੰਘ ਅਤੇ ਬਾਕੀ ਯਾਤਰੂ ਸਨ। ਗੁਰਦੁਆਰਾ ਸਾਹਿਬ ਦੇ ਅੰਦਰੋਂ ਕੋਈ ਵੀ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਕੀਤਾ ਗਿਆ। ਫ਼ੌਜ ਨੇ ੬ ਜੂਨ ਦੀ ਰਾਤ ਤਕ ਘੇਰਾ ਪਾਈ ਰੱਖਿਆ। ੫ ਜੂਨ ਦੀ ਰਾਤ ੧੨ ਵਜੇ ਦੇ ਲੱਗਭਗ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸਿਓਂ ਬਿਜਲੀ ਘਰ ਵਾਲੇ ਪਾਸੇ ਵੱਲੋਂ ਫ਼ੌਜ ਨੇ ਕੰਧ ਤੋੜੀ ਅਤੇ ਅੰਦਰ ਦਾਖ਼ਲ ਹੋ ਗਈ। ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਫ਼ੌਜ ਵੱਲੋਂ ਇਕ ਫ਼ਾਇਰ ਵੀ ਕੀਤਾ ਗਿਆ। ਗੋਲੀ ਦੀ ਅਵਾਜ਼ ਸੁਣ ਕੇ ਸਾਰੀ ਸੰਗਤ ਦਰਬਾਰ ਸਾਹਿਬ ਵਾਲੇ ਕਮਰੇ ਵਿਚ ਆ ਗਈ। ਇਸ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਅਤੇ ਪਾਠੀ ਸਿੰਘ ਪਾਠ ਕਰ ਰਿਹਾ ਸੀ। ਫ਼ੌਜ ਨੇ ਲੰਗਰ ਵਾਲੇ ਪਾਸੇ ਜਾ ਕੇ ਲਲਕਾਰਨਾ ਸ਼ੁਰੂ ਕਰ ਦਿੱਤਾ, ਅੱਤਵਾਦੀਆਂ ਦਾ ਨਾਂ ਲੈ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਬੇਤਹਾਸ਼ਾ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦੇ ਫਲਸਰੂਪ ਇਕ ੯੦ ਸਾਲਾ ਬਜ਼ੁਰਗ ਸ. ਹਰਨਾਮ ਸਿੰਘ ਦੀ ਗੋਲੀ ਲੱਗਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਗੁਰਦੁਆਰਾ ਸਾਹਿਬ ਵਿਚ ਇਕ ਹਿੰਦੂ ਯਾਤਰੂ ਕੁਲਦੀਪ ਕੁਮਾਰ ਵੀ ਗੋਲੀ ਲੱਗਣ ਨਾਲ ਗੰਭੀਰ ਫੱਟੜ ਹੋ ਗਿਆ ਜੋ ਚੰਡੀਗੜ੍ਹ ਦੇ ਪੀ.ਜੀ.ਆਈ. ਹਸਪਤਾਲ ਵਿਚ ਜਾ ਕੇ ਦਮ ਤੋੜ ਗਿਆ। ਲੰਗਰ ਵਾਲੇ ਪਾਸੇ ਫ਼ੌਜ ਨੂੰ ਜੋ ਵੀ ਮਿਲਿਆ ਉਨ੍ਹਾਂ ਨੂੰ ਉਨ੍ਹਾਂ ਦੀਆਂ ਪੱਗਾਂ ਨਾਲ ਨੂੜ ਲਿਆ ਗਿਆ ਤੇ ਅੱਖਾਂ 'ਤੇ ਪੱਟੀਆਂ ਬੰਨ੍ਹ ਦਿੱਤੀਆਂ। ਇਨ੍ਹਾਂ ਸਾਰਿਆਂ ਨੂੰ ਦਫ਼ਤਰ ਵਾਲੇ ਖੂਹ ਦੇ ਸਾਹਮਣੇ ਬਿਠਾ ਲਿਆ। ਫ਼ੌਜ ਦੇ ਕਰਮਚਾਰੀ ਹਾਲ ਕਮਰੇ ਵਿਚ ਦਾਖ਼ਲ ਹੋ ਗਏ ਅਤੇ ਸਾਰਿਆਂ ਨੂੰ ਬਾਹਰ ਆਉਣ ਲਈ ਕਿਹਾ। ਸਾਰਿਆਂ ਨੂੰ ਧਿਆਨ ਨਾਲ ਦੇਖ ਕੇ ਨੌਜਵਾਨਾਂ ਨੂੰ ਇਕ ਪਾਸੇ ਕਰ ਲਿਆ ਗਿਆ ਅਤੇ ਕੋਈ ੨੯ ਕੁ ਨੌਜਵਾਨਾਂ ਨੂੰ ਹੱਥਕੜੀਆਂ ਨਾਲ ਨੂੜ ਲਿਆ ਗਿਆ। ਜੋ ਵੱਡੀ ਉਮਰ ਦੇ ਸਨ ਉਨ੍ਹਾਂ ਨੂੰ ਕੂਹਨੀਆਂ ਭਾਰ ਤੁਰਨ ਲਈ ਕਿਹਾ ਗਿਆ ਅਤੇ ਘਸੁੰਨ-ਮੁੱਕੀਆਂ ਅਤੇ ਰਾਈਫ਼ਲਾਂ ਦੇ ਬੱਟਾਂ ਨਾਲ ਕੁੱਟਿਆ ਗਿਆ। ਇਸ ਕੁੱਟ-ਮਾਰ ਵਿਚ ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘ ਭਾਈ ਜੋਗਿੰਦਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਗੁਰਦੁਆਰਾ ਸਾਹਿਬ ਦੇ ਕਰਮਚਾਰੀਆਂ ਦੇ ਕਮਰਿਆਂ ਦੀ ਤਲਾਸ਼ੀ ਲਈ ਗਈ ਅਤੇ ਉਨ੍ਹਾਂ ਦੇ ਸਾਮਾਨ ਦੀ ਭੰਨ-ਤੋੜ ਵੀ ਕੀਤੀ ਗਈ। ਤਲਾਸ਼ੀ ਦੌਰਾਨ ਸ. ਸਰਬਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫ਼ੌਜ ਦੇ ਕਰਮਚਾਰੀ ਉਸ ਨੂੰ ਬੁਰੀ ਤਰ੍ਹਾਂ ਕੁੱਟਦੇ ਅਤੇ ਗਾਲ੍ਹਾਂ ਕੱਢਦੇ ਹੋਏ ਹੱਥਕੜੀਆਂ ਨਾਲ ਨੂੜ ਕੇ ਨਾਲ ਲੈ ਗਏ।

ਸਿੱਖ ਜਿਹੀ ਅਣਖ ਤੇ ਸਵੈਮਾਣ ਦੀ ਧਾਰਨੀ ਕੌਮ ਨੂੰ ਸਬਕ ਸਿਖਾਉਣ ਜਾਂ ਉਨ੍ਹਾਂ ਦੀ ਹੋਂਦ ਨੂੰ ਮਿਟਾ ਦੇਣ ਦੇ ਇਰਾਦਿਆਂ ਤੋਂ ਪ੍ਰੇਰਤ ਇਹ ਹਮਲੇ ਸਿੱਖ ਮਾਨਸਿਕਤਾ 'ਚੋਂ ਮਨਫ਼ੀ ਕਰਨ ਦੇ ਵੀ ਬਹੁਤ ਜਤਨ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ ਪਰੰਤੂ ਸਥੂਲ ਇਤਿਹਾਸ ਨੂੰ ਮਿਟਾਉਣਾ ਕਦਾਚਿਤ ਵੀ ਸੰਭਵ ਨਹੀਂ ਹੁੰਦਾ। ਸਿੱਖ ਇਤਿਹਾਸਕਾਰਾਂ ਅਤੇ ਨਿਰਪੱਖ ਕਲਮਕਾਰਾਂ ਨੂੰ ਇਸ ਨਿਕਟ-ਅਤੀਤ ਕਾਲੀ ਸਿੱਖ ਇਤਿਹਾਸ ਨੂੰ ਪੂਰਾ ਪੜਚੋਲ ਕੇ ਸਹੀ ਰਿਪੋਰਟ ਵਿਚ ਲੋਕਾਂ ਅੱਗੇ ਪੇਸ਼ ਕਰਨਾ ਚਾਹੀਦਾ ਹੈ ਤਾਂ ਕਿ ਸਾਰੀ ਦੁਨੀਆਂ ਵਿਚ ਇਹ ਪਤਾ ਲੱਗ ਸਕੇ ਕਿ ਸਿੱਖ ਅਜੇ ਵੀ ਆਪਣੇ ਦੇਸ਼, ਧਰਮ, ਕੌਮ ਦੀ ਬੇਹਤਰੀ ਲਈ ਕੁਰਬਾਨ ਹੋਣ ਲਈ ਦੂਸਰੀਆਂ ਕੌਮਾਂ ਨਾਲੋਂ ਪਹਿਲੀ ਕਤਾਰ ਵਿਚ ਖੜ੍ਹਾ ਹੈ।

■

ਜੂਨ '੮੪ ਦਾ ਕਹਿਰ

-ਸ. ਗੁਰਦਰਸ਼ਨ ਸਿੰਘ

ਜੂਨ ੧੯੮੪ ਈ. ਦੇ ਕਹਿਰ ਭਰੇ ਦਿਨਾਂ ਨੂੰ ਚੇਤੇ ਕਰਦਿਆਂ ਧੁਰ ਅੰਦਰ ਤਕ ਕਾਂਬਾ ਛਿੜ ਜਾਂਦਾ ਹੈ। ਫੌਜ ਵੱਲੋਂ ਆਪਣੇ ਹੀ ਦੇਸ਼ ਦੇ ਨਾਗਰਿਕਾਂ 'ਤੇ ਇਸ ਤਰ੍ਹਾਂ ਚੜ੍ਹਾਈ ਕਰ ਕੇ ਆਉਣਾ ਜਿਵੇਂ ਉਹ ਉਸ ਦੇਸ਼ ਦੇ ਬਸ਼ਿੰਦੇ ਹੀ ਨਾ ਹੋਣ, ਲੋਕਤੰਤਰੀ ਰਾਜ ਕਹਾਉਣ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਮੁਲਕ ਲੋਕਤੰਤਰਤਾ ਦੇ ਮੂੰਹ ਨੂੰ ਚਿੜਾ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਬਤੌਰ ਸੁਪਰਵਾਈਜ਼ਰ ਸੇਵਾ ਨਿਭਾ ਰਿਹਾ ਸਾਂ। ੩ ਜੂਨ ੧੯੮੪ ਨੂੰ ਕਰਫਿਊ ਖੁੱਲ੍ਹਾ ਤਾਂ ਮੈਂ ਲੰਗਰ ਲਈ ਆਟਾ ਲੈਣ ਲਈ ਚਲਾ ਗਿਆ। ਉਨ੍ਹਾਂ ਦਿਨਾਂ ਵਿਚ ਮਿੱਲ ਵਾਲਿਆਂ ਨੂੰ ਕਣਕ ਦੇ ਕੇ ਆਟਾ ਪਿਸਾਇਆ ਜਾਂਦਾ ਸੀ। ਜਦੋਂ ਮੈਂ ਆਟਾ ਲੈ ਕੇ ਆਇਆ ਤਾਂ ਸੀ.ਆਰ.ਪੀ. ਵਾਲੇ ਬਾਹਰੋਂ ਆ ਰਹੀ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਜਾਣ ਤਾਂ ਦਿੰਦੇ ਸਨ ਪਰ ਸ੍ਰੀ ਦਰਬਾਰ ਸਾਹਿਬ ਅੰਦਰੋਂ ਬਾਹਰ ਕਿਸੇ ਨੂੰ ਆਉਣ ਨਹੀਂ ਸੀ ਦਿੰਦੇ। ਮੈਂ ਉਸ ਦਿਨ ਸਾਰਾ ਦਿਨ ਲੰਗਰ ਦਾ ਸਾਮਾਨ, ਸਬਜ਼ੀ, ਗੈਸ ਆਦਿ ਇਕੱਠਾ ਕਰਦਾ ਰਿਹਾ। ਜਦ ਸ਼ਾਮ ਨੂੰ ਮਿੱਟੀ ਦਾ ਤੇਲ ਲਿਆਉਣ ਲਈ ਬਜ਼ਾਰ ਗਿਆ ਤਾਂ ਫੌਜ ਨੇ ਸਾਨੂੰ ਡੀਪੂ ਤੋਂ ਭਜਾ ਦਿੱਤਾ। ਜਦੋਂ ਮੈਂ ਵਾਪਸ ਸ੍ਰੀ ਦਰਬਾਰ ਸਾਹਿਬ ਵੱਲ ਆ ਰਿਹਾ ਸੀ ਤਾਂ ਮੈਂ ਵੇਖਿਆ ਕਿ ਸੀ.ਆਰ.ਪੀ. ਵੱਲੋਂ ਲਗਾਏ ਗਏ ਨਾਕਿਆਂ ਵਿਚ ਫੌਜ ਵਾਲੇ ਵੀ ਖੜ੍ਹੇ ਸਨ। ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਪਹੁੰਚਿਆ ਤਾਂ ਮੈਨੂੰ ਸੁਨੇਹਾ ਮਿਲਿਆ ਕਿ ਸ. ਨਛੱਤਰ ਸਿੰਘ ਜਥੇਦਾਰ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ, ੧੫੦-੨੦੦ ਸੰਗਤ ਦੇ ਜਥੇ ਨਾਲ ਰੇਲਵੇ ਸਟੇਸ਼ਨ ਪਹੁੰਚੇ ਹਨ। ਉਨ੍ਹਾਂ ਦਿਨਾਂ ਵਿਚ ਅਜਿਹੇ ਜਥੇ ਆਮ ਹੀ ਸ੍ਰੀ ਦਰਬਾਰ ਸਾਹਿਬ ਆਇਆ ਕਰਦੇ ਸਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਧਰਮ ਯੁੱਧ ਲਈ ਸ਼ਾਂਤੀ ਪੂਰਵਕ ਮਾਰਚ ਕਰਦੇ ਗ੍ਰਿਫਤਾਰੀ ਦਿਆ ਕਰਦੇ ਸਨ। ਮੈਂ ਉਸ ਜਥੇ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਆ ਗਿਆ। ਸਾਨੂੰ ਕਿਸੇ ਨੇ ਵੀ ਅੰਦਰ ਆਉਣ ਤੋਂ ਨਹੀਂ ਰੋਕਿਆ। ਸ਼ਾਮ ਦੇ ਤਕਰੀਬਨ ੭ ਵਜੇ ਤੋਂ ਬਾਅਦ ਅੰਦਰੋਂ ਬਾਹਰ ਜਾਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਡਾ. ਬਰਾੜ, ਜੋ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਡਾਕਟਰ ਸਨ, ਨੂੰ ਵੀ ਹਸਪਤਾਲ ਜਾਣ ਤੋਂ ਰਸਤੇ ਵਿਚ ਰੋਕ ਲਿਆ ਗਿਆ। ਉਨ੍ਹਾਂ ਦਾ ਸੁਨੇਹਾ ਆਉਣ 'ਤੇ ਮੈਂ ਨਾਕੇ ਵਾਲੇ ਸੀ.ਆਰ.ਪੀ. ਦੇ ਸਿਪਾਹੀਆਂ ਨੂੰ ਕਹਿ ਆਇਆ ਕਿ ਇਹ ਸਾਡੇ ਡਾਕਟਰ ਸਾਹਿਬ ਡਿਊਟੀ 'ਤੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਡਾਕਟਰ ਸਾਹਿਬ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ। ੩ ਜੂਨ ਦੀ ਦੁਪਹਿਰ ਤਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸੰਪਰਕ ਬਾਕੀ ਦੁਨੀਆਂ ਨਾਲੋਂ ਕੱਟਣ ਲਈ ਟੈਲੀਫੋਨ ਕੁਨੈਕਸ਼ਨ ਕੱਟ ਦਿੱਤੇ ਗਏ ਸਨ। ਮੈਂ ਰਾਤ ਦੇ ਅੱਠ ਵਜੇ ਦੇ ਕਰੀਬ ਘਰ ਜਾਣਾ ਚਾਹਿਆ ਤਾਂ ਫੌਜ ਨੇ ਮੈਨੂੰ ਘਰ ਨਹੀਂ ਜਾਣ ਦਿੱਤਾ। ਸ. ਅਬਿਨਾਸ਼ੀ ਸਿੰਘ ਜੋ ਪ੍ਰਧਾਨ ਸਾਹਿਬ ਦੇ ਪੀ.ਏ. ਸਨ, ਸ਼ਾਇਦ ਉਨ੍ਹਾਂ ਨੇ ਅੰਦਾਜ਼ਾ ਲਗਾ

ਲਿਆ ਸੀ ਕਿ ਫੌਜ ਸਾਨੂੰ ਬਾਹਰ ਨਹੀਂ ਜਾਣ ਦੇਵੇਗੀ। ਉਨ੍ਹਾਂ ਨੇ ਸਾਡੇ ਲਈ ਘਰੋਂ ਕੱਪੜੇ ਮੰਗਵਾ ਲਏ। ਰਾਤ ਅਸੀਂ (ਮੈਂ, ਸ. ਅਬਿਨਾਸ਼ੀ ਸਿੰਘ, ਸ. ਰਾਜ ਸਿੰਘ, ਸ. ਦਿਆਲ ਸਿੰਘ) ਦਫ਼ਤਰ ਵਿਚ ਹੀ ਸੁੱਤੇ।

੪ ਜੂਨ ਨੂੰ ਸਵੇਰੇ ਫਾਇਰਿੰਗ ਦੀ ਅਵਾਜ਼ ਸੁਣੀ ਉਸ ਤੋਂ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ। ਇਹ ਗੋਲੀ ਸੀ.ਆਰ.ਪੀ.ਦੇ ਸਿਪਾਹੀ ਚਲਾ ਰਹੇ ਸਨ। ਅਸੀਂ ਕੰਧ ਟੱਪ ਕੇ ਪ੍ਰਧਾਨ ਸਾਹਿਬ ਦੀ ਰਿਹਾਇਸ਼ 'ਤੇ ਪਹੁੰਚ ਗਏ। ਗੋਲੀਬਾਰੀ ਬਹੁਤ ਤੇਜ਼ ਚੱਲ ਰਹੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਤੇਜਾ ਸਿੰਘ ਸਮੁੰਦਰੀ ਹਾਲ ਦੀ ਪਹਿਲੀ ਮੰਜ਼ਲ 'ਤੇ ਸਨ ਓਧਰ ਲਗਾਤਾਰ ਗੋਲੀਆਂ ਦੀ ਵਾਛੜ ਹੋ ਰਹੀ ਸੀ। ਪ੍ਰਧਾਨ ਸਾਹਿਬ ਦੇ ਕਹਿਣ 'ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਉੱਪਰੋਂ ਉਤਾਰ ਕੇ ਥੱਲੇ ਲੈ ਆਂਦਾ।

ਸੰਗਤ ਕਾਫੀ ਗਿਣਤੀ ਵਿਚ ਸੀ। ਦਫ਼ਤਰ ਦੇ ਪਿਛਲੇ ਪਾਸੇ ਵਾਲੇ ਘਰਾਂ ਵਾਲਿਆਂ ਨੇ ਕੰਧ ਪਾੜ ਕੇ ਰਸਤਾ ਬਣਾ ਕੇ ਪਰਸ਼ਾਦਾ ਤਿਆਰ ਕਰ ਕੇ ਲਿਆਂਦਾ। ਰਾਤ ਦੇ ੮-੯ ਵਜੇ ਗੋਲੀ ਬੰਦ ਹੋਈ ਤਾਂ ਗੋਲੀ ਨਾਲ ਸ਼ਹੀਦ ਹੋਏ ਕੁਝ ਸਿੰਘ ਜਿਨ੍ਹਾਂ ਦੀਆਂ ਲਾਸ਼ਾਂ ਮੰਜੀ ਸਾਹਿਬ ਦੀਵਾਨ ਹਾਲ ਤੇ ਕੁਝ ਰਾਮਗੜ੍ਹੀਆ ਬੁੰਗੇ ਪਾਸ ਪਈਆਂ ਹੋਈਆਂ ਸਨ, ਦਾ ੫ ਜੂਨ ਨੂੰ ਪਾਣੀ ਵਾਲੀ ਟੈਂਕੀ ਪਾਸ ਸਸਕਾਰ ਕੀਤਾ ਗਿਆ। ੫ ਜੂਨ ਨੂੰ ਸਾਰਾ ਦਿਨ ਗੋਲੀ ਚਲਦੀ ਰਹੀ। ਰਾਤ ਦੇ ਕੋਈ ੯ ਵਜੇ ਦੇ ਕਰੀਬ ਫੌਜ ਨੇ ਟੈਂਕ ਅਤੇ ਤੋਪਾਂ ਅੰਦਰ ਲਿਆਂਦੀਆਂ। ਸ੍ਰੀ ਦਰਬਾਰ ਸਾਹਿਬ ਦੀ ਬਿਜਲੀ ਤਾਂ ੪ ਜੂਨ ਨੂੰ ਹੀ ਕੱਟ ਦਿੱਤੀ ਗਈ ਸੀ। ਗੋਲਿਆਂ ਨਾਲ ਪਾਣੀ ਵਾਲੀ ਟੈਂਕੀ ਵਿਚ ਪਹਿਲਾਂ ਹੀ ਮਘੋਰੇ ਕਰ ਦਿੱਤੇ ਗਏ ਸਨ ਜਿਸ ਕਾਰਨ ਪਾਣੀ ਦੀ ਭਾਰੀ ਕਿਲਤ ਖੜ੍ਹੀ ਹੋ ਗਈ ਸੀ। ਸ੍ਰੀ ਗੁਰੂ ਰਾਮਦਾਸ ਨਿਵਾਸ 'ਤੇ ਫੌਜ ਨੇ ਕਬਜ਼ਾ ਕਰ ਲਿਆ ਸੀ। ਫੌਜ ਵਾਲਿਆਂ ਨੇ ਸਾਨੂੰ ਪ੍ਰਧਾਨ ਸਾਹਿਬ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਲਿਆ। ਲੀਡਰਾਂ ਨੂੰ ਇਕ ਕਮਰੇ ਵਿਚ ਲੈ ਗਏ ਅਤੇ ਸਾਨੂੰ ਸਾਰਿਆਂ ਨੂੰ ਵਿਹੜੇ ਵਿਚ ਹੱਥ ਬੰਨ੍ਹ ਕੇ ਬਿਠਾ ਲਿਆ ਗਿਆ। ਕ੍ਰਿਪਾਨਾਂ/ਕਕਾਰ ਉਤਾਰ ਲਏ ਗਏ। ਇਤਨੇ ਨੂੰ ਛੱਤ ਉੱਪਰੋਂ ਕੋਈ ਬੰਬ ਨੁਮਾ ਚੀਜ਼ ਡਿੱਗੀ ਤੇ ਫੌਜ ਵੱਲੋਂ ਗੋਲੀ ਸ਼ੁਰੂ ਹੋ ਗਈ। ਮੈਂ ਸ. ਅਬਿਨਾਸ਼ੀ ਸਿੰਘ ਤੇ ਜਥੇ. ਨਛੱਤਰ ਸਿੰਘ ਫੱਟੜ ਹੋ ਗਏ ਤੇ ਕਾਫੀ ਸਾਰੇ ਸਿੰਘ ਸ਼ਹੀਦ ਹੋ ਗਏ। ੬ ਜੂਨ ਨੂੰ ਸਾਰਾ ਦਿਨ ਗੋਲੀ ਚਲਦੀ ਰਹੀ। ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਪੰਜਾਬ ਪੁਲਿਸ ਵਾਲੇ ਚੁੱਕ-ਚੁੱਕ ਕੇ ਬਾਹਰ ਲਿਜਾ ਰਹੇ ਸਨ। ਜ਼ਖ਼ਮੀਆਂ ਨੂੰ ਜਿਨ੍ਹਾਂ ਵਿਚ ਅਸੀਂ ਵੀ ਸਾਂ, ਸਿਵਲ ਹਸਪਤਾਲ ਵਿਚ ਲੈ ਗਏ। ਫਿਰ ਕੁਝ ਦਿਨਾਂ ਬਾਅਦ ਸਾਨੂੰ ਛੱਡ ਦਿੱਤਾ ਗਿਆ। ਤਿੰਨ-ਚਾਰ ਦਿਨਾਂ ਬਾਅਦ ਸਾਨੂੰ ਦੁਬਾਰਾ ਸਾਡੇ ਘਰਾਂ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲਾਂ ਸਾਨੂੰ ਅੰਮ੍ਰਿਤਸਰ ਦੀ ਜੇਲ੍ਹ ਵਿਚ ਰੱਖਿਆ ਗਿਆ, ਬਾਅਦ ਵਿਚ ਜੋਧਪੁਰ ਦੀ ਜੇਲ੍ਹ ਵਿਚ ਲੈ ਗਏ ਜਿੱਥੇ ਅਸੀਂ ਸਾਢੇ ਚਾਰ ਸਾਲ ਤਕ ਤਸ਼ੱਦਦ ਝੱਲਿਆ ਅਤੇ ਬਾਅਦ ਵਿਚ ਸਾਨੂੰ ਰਿਹਾਅ ਕੀਤਾ ਗਿਆ।

■

੧੯੮੪ ਦੇ ਫੌਜੀ ਐਕਸ਼ਨ ਦੀ ਦਰਦ ਕਹਾਣੀ

-ਭਾਈ ਹਰਪਾਲ ਸਿੰਘ

੫ ਜੂਨ, ੧੯੮੪ ਦੁਬਾਰਾ ਸਵੇਰੇ ਅੰਮ੍ਰਿਤ ਵੇਲੇ ਮਿਲਟਰੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਖ਼ਤ ਗੋਲਾਬਾਰੀ ਸ਼ੁਰੂ ਹੋ ਗਈ। ਮੇਰੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੁਪਹਿਰ ਇਕ ਵਜੇ ਡਿਊਟੀ ਸ਼ੁਰੂ ਹੋਈ ਸੀ। ਵਰ੍ਹਦੀ ਗੋਲੀ ਵਿਚ ਮੈਂ ਆਪਣੀ ਡਿਊਟੀ 'ਤੇ ਤਿਆਰ ਹੋ ਕੇ (ਗੁਰਦੁਆਰਾ ਸ਼ਹੀਦ ਬੁੰਗਾ ਦੇ ਪਿਛਲੇ ਪਾਸੇ, ਗਲੀ ਸ਼ਹੀਦ ਬੁੰਗਾ ਵਿਖੇ ਮੇਰਾ ਕੁਆਰਟਰ ਸੀ) ਗੁਰਦੁਆਰਾ ਸ਼ਹੀਦ ਬੁੰਗਾ ਦੇ ਨਾਲ ਹੀ ਇਕ ਛੋਟਾ ਜਿਹਾ ਦਰਵਾਜ਼ਾ ਜੋ ਪਰਕਰਮਾ ਵਿਚ ਜਾਣ ਵਾਸਤੇ ਸੀ, ਉਸ ਦਰਵਾਜ਼ੇ ਰਾਹੀਂ ਪਰਕਰਮਾ ਵਿਚ ਜਾਣ ਵਾਸਤੇ ਦਾਖਲ ਹੋਇਆ ਤਾਂ ਪਰਕਰਮਾ ਵਿਚ ਸ਼ਹੀਦ ਬੁੰਗਾ ਬਰਾਂਡੇ ਵਿਚ ਚਾਰ-ਪੰਜ ਲਾਸ਼ਾਂ ਪਈਆਂ ਹੋਈਆਂ ਸਨ। ਇਹ ਲਾਸ਼ਾਂ ਦਰਸ਼ਨ ਕਰਨ ਆਏ ਯਾਤਰੂਆਂ ਦੀਆਂ ਸਨ। ਮੈਂ ਅੱਗੇ ਵਧਿਆ ਤਾਂ ਆਟਾ ਮੰਡੀ ਵਾਲੀ ਡਿਓੜ੍ਹੀ ਦੇ ਥੱਲੇ ਪਰਕਰਮਾ ਵਿਚ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਅਤੇ ਇਕ ਹੋਰ ਸਿੰਘ ਬੈਠੇ ਹੋਏ ਸਨ। ਸਿੰਘ ਸਾਹਿਬ ਮੈਨੂੰ ਪੁੱਛਣ ਲੱਗੇ, "ਡਿਊਟੀ ਚੱਲੇ ਹੋ?" ਮੈਂ ਕਿਹਾ, "ਡਿਊਟੀ ਜਾਣ ਵਾਸਤੇ ਆਇਆ ਹਾਂ।" ਸਿੰਘ ਸਾਹਿਬ ਜੀ ਕਹਿਣ ਲੱਗੇ, "ਅੱਜ ਡਿਊਟੀ 'ਤੇ ਜਾਣਾ ਮੁਸ਼ਕਿਲ ਆ ਕਿਉਂਕਿ ਗੋਲੀ ਤੇਜ਼ ਚੱਲ ਰਹੀ ਆ। ਔਹ ਛਬੀਲ ਵੱਲ ਕਿੰਨੀਆਂ ਲਾਸ਼ਾਂ ਪਈਆਂ ਹਨ। ਜਿਹੜਾ ਵੀ ਉਧਰ ਜਾਂਦਾ, ਉਹ ਢੇਰੀ ਹੋ ਜਾਂਦਾ ਐ।" ਘੰਟਾ-ਘਰ ਵੱਲੋਂ ਸਿੱਧੀ ਸਿਸਤ ਬੰਨ੍ਹੀ ਹੋਈ ਸੀ। ਮੈਂ ਉਨ੍ਹਾਂ ਕੋਲ ਹੀ ਬੈਠ ਗਿਆ। ਉੱਥੇ ਬੈਠਿਆਂ ਸਾਨੂੰ ਚਾਰ ਵੱਜ ਗਏ। ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਕੀਰਤਨ ਦੀ ਅਵਾਜ਼ ਆ ਰਹੀ ਸੀ। ਮੈਂ ਬਰਾਂਡੇ ਵਿਚ ਥੰਮ੍ਹਾਂ ਦੇ ਓਹਲੇ ਹੋ-ਹੋ ਕੇ ਘਰ ਨੂੰ ਗਿਆ। ਤੋਪਾਂ ਨਾਲ ਗੋਲੇ ਬਰਸ ਰਹੇ ਸਨ। ਤਕਰੀਬਨ ਦਸ ਵਜੇ ਰਾਤ ਨੂੰ ਟੈਂਕਾਂ ਦੇ ਚੱਲਣ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਸਾਡੇ ਘਰ ਵਿਚ ਕੁਝ ਸਿੰਘਣੀਆਂ ਅਤੇ ਚਾਰ-ਪੰਜ ਪਾਠੀ ਸਿੰਘ ਆ ਗਏ ਸਨ। ਬਿਜਲੀ ਬੁਝੀ ਹੋਈ ਸੀ। ਗਰਮੀ ਬਹੁਤ ਪੈ ਰਹੀ ਸੀ। ਅਸੀਂ ਸਾਰਿਆਂ ਨੇ ਬੈਠ ਕੇ ਰਾਤ ਕੱਟੀ। ੬ ਜੂਨ ਨੂੰ ਸਵੇਰੇ ਕੁਝ ਸਿੰਘ ਗਲੀ ਸ਼ਹੀਦ ਬੁੰਗਾ ਕੋਲ ਚਲੇ ਗਏ। ਅਸੀਂ ਘਰ ਵਿਚ ਹੀ ਸਮਾਂ ਬਿਤਾਉਣ ਲੱਗੇ। ਸ਼ਾਮ ਨੂੰ ਅਸੀਂ ਕਰਫ਼ਿਊ ਵਿਚ ਛੋਟ ਹੋਣ ਕਾਰਨ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਦੇ ਘਰ ਚਲੇ ਗਏ। ਭਾਈ ਅਮਰੀਕ ਸਿੰਘ ਸ਼ਹੀਦ ਦੀ ਸਿੰਘਣੀ, ਭਾਈ ਮੋਹਕਮ ਸਿੰਘ ਦੀ ਸਿੰਘਣੀ, ਭਾਈ ਰਾਮ ਸਿੰਘ (ਜਨਰਲ ਸਕੱਤਰ, ਅਕਾਲੀ ਦਲ ਮਾਨ) ਦੀ ਸਿੰਘਣੀ ਅਤੇ ਹੋਰ, ਗਿਆਨੀ ਪੂਰਨ ਸਿੰਘ ਜੀ ਦੇ ਘਰ ਚਲੀਆਂ ਗਈਆਂ। ੭ ਜੂਨ ਨੂੰ ਅੰਮ੍ਰਿਤ ਵੇਲੇ ਪੰਜ ਵਜੇ ਮੈਂ ਤੇ ਮੇਰੀ ਸਿੰਘਣੀ ਗਲੀ ਵਿੱਚੋਂ ਹੁੰਦੇ ਹੋਏ ਆਪਣੇ ਘਰ (ਗਲੀ ਸ਼ਹੀਦ ਬੁੰਗਾ) ਪਹੁੰਚ ਗਏ। ਮੈਂ ਘਰ ਪਹੁੰਚ ਕੇ ਘਰ ਦੀ ਛੱਤ 'ਤੇ ਚਲਾ ਗਿਆ ਜੋ ਕਿ ਚੁਬਾਰਾ ਸੀ। ਉੱਪਰ ਜਾ ਕੇ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਧਿਆਨ ਮਾਰਿਆ, ਬੜੀ ਭਿਆਨਕ ਅੱਗ ਲੱਗੀ ਹੋਈ ਸੀ ਅਤੇ ਅੱਗ ਦੇ ਭਾਂਬੜ ਅਸਮਾਨ ਨੂੰ ਛੂਹ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪ ਵੀ ਅੱਗ ਦੀ ਲਪੇਟ ਵਿਚ ਆ ਗਏ ਸਨ। ਮਨ ਬਹੁਤ ਦੁਖੀ

ਹੋਇਆ। ਇਹ ਭਿਆਨਕ ਦ੍ਰਿਸ਼ ਦੇਖ ਕੇ ਮੇਰਾ ਰੋਣ ਨਿਕਲ ਆਇਆ। ਇਧਰ ਭਾਈ ਸੰਤੋਖ ਸਿੰਘ ਹਾਲ ਅੰਦਰ ਅੱਗ ਲੱਗੀ ਹੋਈ ਸੀ। ਮੈਂ ਛੱਤ ਤੋਂ ਥੱਲੇ ਉੱਤਰ ਕੇ ਗਿਆਨੀ ਮੋਹਨ ਸਿੰਘ ਜੀ ਦੇ ਘਰ ਵੱਲ ਦੇਖਿਆ ਤਾਂ ਮਿਲਟਰੀ ਹੀ ਮਿਲਟਰੀ ਨਜ਼ਰ ਆ ਰਹੀ ਸੀ। ਉਨ੍ਹਾਂ ਨੇ ਮੈਨੂੰ ਦੇਖ ਲਿਆ। ਮੈਨੂੰ ਕਹਿਣ ਲੱਗੇ, "ਹੈਂਡਜ਼ ਅੱਪ, ਭਾਗੇ ਤੋ ਗੋਲੀ ਮਾਰ ਦੇਂਗੇ।" ਮੈਂ ਉਨ੍ਹਾਂ ਦੀ ਅਵਾਜ਼ ਨੂੰ ਅਣਸੁਣੀ ਕਰ ਕੇ ਥੱਲੇ ਆ ਗਿਆ ਅਤੇ ਘਰਵਾਲੀ ਨੂੰ ਨਾਲ ਲੈ ਕੇ ਗਿਆਨੀ ਸਾਹਿਬ ਸਿੰਘ ਦੇ ਘਰ ਚਲਾ ਗਿਆ। ਸਾਡੇ ਪਿੱਛੋਂ ਮਿਲਟਰੀ ਵਾਲਿਆਂ ਨੇ ਸਾਡੇ ਘਰ ਦੇ ਦਰਵਾਜ਼ੇ ਤੋੜ ਦਿੱਤੇ। ਅੰਦਰ ਪੇਟੀਆਂ ਅਤੇ ਹੋਰ ਸਾਮਾਨ ਨੂੰ ਅੰਨ੍ਹੇਵਾਹ ਗੋਲੀਆਂ ਮਾਰ ਗਏ। ਉਨ੍ਹਾਂ ਨੇ ਸਾਰਾ ਕੁਝ ਉੱਥਲ-ਪੁੱਥਲ ਕਰ ਦਿੱਤਾ। ਸਵੇਰੇ ਸੱਤ ਵਜੇ ਦੇ ਕਰੀਬ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ, ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੂੰ ਨਾਲ ਲੈ ਕੇ ਫੌਜ ਦੇ ਅਫਸਰ ਅਤੇ ਮਿਲਟਰੀ ਨੇ ਸਾਡੇ ਘਰ ਦਾ ਗੇਟ ਖੜਕਾਇਆ ਤਾਂ ਅਸੀਂ ਸਮਝਿਆ ਕਿ ਸਾਡੇ ਮਗਰ ਫੌਜ ਲੱਗੀ ਹੈ। ਪਰ ਗਿਆਨੀ ਪੂਰਨ ਸਿੰਘ ਜੀ ਦੀ ਅਵਾਜ਼ ਪਛਾਣ ਕੇ ਮੈਂ ਬੂਹਾ ਖੋਲ੍ਹਿਆ ਤਾਂ ਸਿੰਘ ਸਾਹਿਬ ਅਤੇ ਫੌਜੀ ਅੰਦਰ ਆ ਗਏ। ਫੌਜੀ ਅਫਸਰ ਜੋ ਕਿ ਕਰਨਲ ਰੈਂਕ ਦਾ ਸੀ, ਦੀ ਜੇਬ 'ਤੇ ਬੈਜ 'ਤੇ ਆਰ.ਕੇ. ਸ਼ਰਮਾ ਲਿਖਿਆ ਹੋਇਆ ਸੀ, ਕਹਿਣ ਲੱਗੇ, "ਸਾਹਿਬ ਸਿੰਘ ਕੌਣ ਹੈ?" ਗਿਆਨੀ ਸਾਹਿਬ ਸਿੰਘ ਜੀ ਨੇ ਕਿਹਾ, "ਮੈਂ ਹਾਂ।" ਮਿਲਟਰੀ ਵਾਲਾ ਕਹਿਣ ਲੱਗਾ, "ਚਲੋ ਮੰਦਿਰ ਮੇਂ ਸੇਵਾ-ਸੰਭਾਲ ਕਰੋ।" ਗਿਆਨੀ ਸਾਹਿਬ ਸਿੰਘ ਜੀ ਤਿਆਰ ਹੋ ਕੇ ਉਨ੍ਹਾਂ ਦੇ ਨਾਲ ਚਲੇ ਗਏ। ਤਕਰੀਬਨ ਅੱਧੇ ਘੰਟੇ ਬਾਅਦ ਫਿਰ ਉਹੀ ਗਾਰਦ ਵਾਲੇ ਕਹਿਣ ਲੱਗੇ, "ਹਰਪਾਲ ਸਿੰਘ ਕੌਣ ਹੈ?" ਮੈਂ ਕਿਹਾ, "ਮੈਂ ਹਾਂ"। ਗਾਰਦ ਵਾਲੇ ਕਹਿਣ ਲੱਗੇ, "ਆਪ ਕੋ ਮੰਦਿਰ ਮੇਂ ਬੁਲਾਇਆ ਹੈ।" ਮੈਂ ਕਿਹਾ, "ਮੇਰਾ ਕੁਆਰਟਰ ਸਾਥ ਹੀ ਹੈ, ਮੈਂ ਕੱਪੜੇ ਪਾ ਲਵਾਂ।" ਉਹ ਮੈਨੂੰ ਨਾਲ ਲੈ ਕੇ ਮੇਰੇ ਕੁਆਰਟਰ ਪਹੁੰਚੇ ਤਾਂ ਅੱਗੇ ਦਰਵਾਜ਼ੇ ਖੁੱਲ੍ਹੇ ਪਏ ਸਨ। ਸਭ ਕੁਝ ਬਿਖਰਿਆ ਪਿਆ ਸੀ। ਮਿਲਰਟੀ ਵਾਲੇ ਚੁੱਪ ਰਹੇ। ਕਰਨਲ ਨੇ ਉਨ੍ਹਾਂ ਨੂੰ ਫਿਰ ਪੁੱਛਿਆ, "ਕੌਨ ਸੀ ਯੂਨਿਟ ਹੈ?" ਉਨ੍ਹਾਂ ਦੱਸਿਆ, "ਲਾਈਨ ਗੜ੍ਹਵਾਲ।" ਮੈਂ ਕੱਪੜੇ ਲੱਭ ਕੇ ਕੁੜਤਾ-ਪਜਾਮਾ ਪਾ ਕੇ ਉਨ੍ਹਾਂ ਦੇ ਨਾਲ ਸ੍ਰੀ ਦਰਬਾਰ ਸਾਹਿਬ ਚਲਾ ਗਿਆ। ਜਦੋਂ ਅਸੀਂ ਜਾ ਰਹੇ ਸੀ ਮੈਂ ਅੱਗੇ ਦੇਖਿਆ ਕਿ ਮਿਲਟਰੀ ਵਾਲੇ ੫-੭ ਨੌਜਵਾਨਾਂ ਨੂੰ (ਬੰਨ੍ਹ ਕੇ) ਗੋਲੀਆਂ ਮਾਰ ਰਹੇ ਸਨ। ਮੈਂ ਕਰਨਲ ਨੂੰ ਕਿਹਾ, "ਇਨ੍ਹਾਂ ਨੂੰ ਮਾਰੋ ਨਾ, ਗ੍ਰਿਫਤਾਰ ਕਰ ਲਵੋ।" ਕਰਨਲ ਕਹਿਣ ਲੱਗਾ, "ਆਪ ਸੀਧੇ ਚਲੋ, ਇਧਰ-ਉਧਰ ਨਾ ਦੇਖੋ।" ਗੁਰਦੁਆਰਾ ਲਾਚੀ ਬੇਰੀ ਲਾਗੇ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ। ਇਨ੍ਹਾਂ ਲਾਸ਼ਾਂ ਵਿਚ ਭਾਈ ਅਮਰੀਕ ਸਿੰਘ ਰਾਗੀ, ਭਾਈ ਬਲਵੰਤ ਸਿੰਘ ਰਾਗੀ ਅਤੇ ਭਾਈ ਅਵਤਾਰ ਸਿੰਘ ਜੀ ਰਾਗੀ ਦੀਆਂ ਲਾਸ਼ਾਂ ਵੀ ਮੌਜੂਦ ਸਨ। ਹੋਰਨਾਂ ਲਾਸ਼ਾਂ ਨੂੰ ਮੈਂ ਪਹਿਚਾਣ ਨਹੀਂ ਸਕਿਆ। ਕੁਝ ਲਾਸ਼ਾਂ ਸਰੋਵਰ ਵਿਚ ਹੀ ਤੈਰ ਰਹੀਆਂ ਸਨ। ਪਰਕਰਮਾ ਵਿਚ ਖ਼ੂਨ, ਕੱਚ, ਰੋੜੇ, ਇੱਟਾਂ ਆਦਿ ਪਈਆਂ ਹੋਈਆਂ ਸਨ, ਸੰਭਲ ਕੇ ਚੱਲਣਾ ਪੈਂਦਾ ਸੀ। ਫੌਜੀਆਂ ਨੇ ਤਾਂ ਬੂਟ ਪਾਏ ਹੋਏ ਸਨ। ਉਸ ਸਮੇਂ ਫੌਜ ਦੇ ਜਨਰਲ ਸੁੰਦਰਜੀ, ਜਨਰਲ ਬਰਾੜ ਤੇ ਜਨਰਲ ਦਿਆਲ ਆਦਿ ਸਾਰੇ ਆਏ ਹੋਏ ਸਨ। ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਸਿੱਖ ਫੌਜੀਆਂ ਨੂੰ ਨਾਲ ਲੈ ਕੇ ਅੰਦਰਲਾ ਗਲੀਚਾ ਚੁੱਕਵਾ ਕੇ ਜੋ ਕਿ ਖ਼ੂਨ ਨਾਲ ਲਿੱਬੜਿਆ ਪਿਆ ਸੀ ਕਿਉਂਕਿ ਅੰਦਰ ਇਕ ਸਿੰਘ ਸ਼ਹੀਦ ਹੋ ਗਿਆ ਸੀ, ਅੰਦਰਲਾ ਇਸ਼ਨਾਨ ਕਰਵਾ ਕੇ ਵਿਛਾਈ ਵਿਛਾ ਕੇ ਗੁਰਦੁਆਰਾ

ਲਾਚੀ ਬੇਰੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲਿਆ ਕੇ, ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਨੇ ਪ੍ਰਕਾਸ਼ ਕੀਤਾ। ਭਾਈ ਗੁਰਚਰਨ ਸਿੰਘ, ਭਾਈ ਚਰਨਜੀਤ ਸਿੰਘ, ਜੋੜੀਵਾਲਾ ਸੂਰਮਾ ਸਿੰਘ ਅਤੇ ਇਕ ਹੋਰ ਸਿੰਘ ਜੋ ਕਿ ਭਿੰਡਰਾਂਵਾਲੇ ਸੰਤਾਂ ਦੇ ਜਥੇ ਦਾ ਸਿੰਘ ਸੀ, ਨੇ ਕੀਰਤਨ ਸ਼ੁਰੂ ਕੀਤਾ। ਤਕਰੀਬਨ ਦਸ ਵਜੇ ਦਾ ਟਾਈਮ ਸੀ। ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਵਿਖੇ ਸੀ ਤਾਂ ਪਿੱਛੋਂ ਮਿਲਟਰੀ ਵਾਲਿਆਂ ਨੇ ਮੇਰੇ ਕੁਆਰਟਰ ਨੂੰ ਅੱਗ ਲਗਾ ਦਿੱਤੀ। ਲੱਕੜ ਦੀ ਛੱਤ ਹੋਣ ਕਰਕੇ ਅੱਗ ਦੇ ਭਾਂਬੜ ਮੱਚ ਰਹੇ ਸਨ। ਸ੍ਰੀ ਦਰਬਾਰ ਸਾਹਿਬ ਤੋਂ ਮੈਂ ਵੇਖ, ਮਨ ਹੀ ਮਨ ਸੋਚ ਰਿਹਾ ਸੀ ਕਿ ਕਿਸੇ ਦੇ ਘਰ ਨੂੰ ਅੱਗ ਲਗਾ ਦਿੱਤੀ ਹੈ। ਮੈਂ ਦੋ ਮਿਲਟਰੀ ਵਾਲਿਆਂ ਨੂੰ ਨਾਲ ਲੈ ਕੇ ਆਪਣੇ ਘਰ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰਾ ਘਰ ਹੀ ਸੜ ਰਿਹਾ ਹੈ। ਕਾਫੀ ਨੁਕਸਾਨ ਹੋਇਆ ਸੀ। ਘਰ ਵਿਚ ਮੌਜੂਦ ਕੁਝ ਗਹਿਣਾ ਅਤੇ ਕੁਝ ਮਾਇਆ ਮਿਲਟਰੀ ਵਾਲਿਆਂ ਨੇ ਲੁੱਟ ਲਈ ਸੀ ਅਤੇ ਫਿਰ ਅੱਗ ਲਗਾ ਦਿੱਤੀ ਸੀ।

■

ਜੂਨ ੧੯੮੪

-ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ

੩ ਜੂਨ, ੧੯੮੪ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਸੀ ਜਿਸ ਕਰਕੇ ਪੁਲਿਸ ਅਫਸਰਾਂ ਦੇ ਕਹਿਣ ਦੇ ਬਾਵਜੂਦ ਅੰਮ੍ਰਿਤਸਰ ਦੇ ਡੀ.ਸੀ. ਸ. ਗੁਰਦੇਵ ਸਿੰਘ ਨੇ ਕਰਫ਼ਿਊ ਲਾਉਣ ਤੋਂ ਇਨਕਾਰ ਕਰ ਦਿੱਤਾ ਜਿਸ ਕਰਕੇ ਸ਼ਹਿਰ ਤੇ ਇਲਾਕੇ ਦੀਆਂ ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ ਥੋੜ੍ਹੀਆਂ ਤੇ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਜ਼ਿਆਦਾ ਜੁੜੀਆਂ ਹੋਈਆਂ ਸਨ; ਕਿਉਂਕਿ ਇਸ ਗੁਰਪੁਰਬ ਦਾ ਮੁੱਖ ਦੀਵਾਨ ਗੁਰਦੁਆਰਾ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ਼ਹੀਦਾਂ ਦੀ ਵਿਚਕਾਰਲੀ ਜਗ੍ਹਾ ਵਿਚ ਹਮੇਸ਼ਾਂ ਹੀ ਹੁੰਦਾ ਹੈ। ਲੰਗਰਾਂ ਅਤੇ ਛਬੀਲਾਂ ਦਾ ਵਧੇਰੇ ਪ੍ਰਬੰਧ ਉਸੇ ਪਾਸੇ ਹੀ ਹੁੰਦਾ ਹੈ। ਮੈਂ ਆਪਣੇ ਰੋਜ਼ਾਨਾ ਪ੍ਰੋਗਰਾਮ ਅਨੁਸਾਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਪੁਰਬ ਕਰਕੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਭੇਟ ਕੀਤੀਆਂ ਅਤੇ ਆਪਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਵਿਚ ਆ ਗਿਆ। ਅੱਗੇ ਮੇਰੇ ਦਫ਼ਤਰ ਵਿਚ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਭਾਈ ਰਛਪਾਲ ਸਿੰਘ ਪੀ.ਏ. ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੋਵੇਂ ਬੈਠੇ ਸਨ। ਮੈਨੂੰ ਵੇਖ ਕੇ ਉੱਠ ਕੇ ਖੜ੍ਹੇ ਹੋ ਗਏ ਤੇ ਪ੍ਰੇਮ ਸਹਿਤ ਫ਼ਤਹ ਗਜਾਈ, ਜਿਸ ਦਾ ਮੈਂ ਵੀ ਫ਼ਤਹ ਨਾਲ ਜਵਾਬ ਦਿੱਤਾ ਤੇ ਬੈਠਣ ਲਈ ਕਿਹਾ ਅਤੇ ਮੈਂ ਵੀ ਬੈਠ ਗਿਆ। ਮੈਂ ਦੋਵਾਂ ਸੱਜਣਾਂ ਨੂੰ ਕਿਹਾ ਕਿ ਆਓ ਸੁਣਾਓ, ਕਿਵੇਂ ਦਰਸ਼ਨ ਦਿੱਤੇ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਇਕ ਬੇਨਤੀ ਕਰਨ ਆਏ ਹਾਂ ਕਿ ਕੇਂਦਰੀ ਸਰਕਾਰ ਦਾ ਸਿੱਖਾਂ ਪ੍ਰਤੀ ਮਨ ਸਾਫ਼ ਨਹੀਂ, ਜਿਸ ਕਰਕੇ ਹੋ ਸਕਦਾ ਹੈ ਕਿ ਸਾਡੀ ਸਰਕਾਰ ਨਾਲ ਸਿੱਧੀ ਹਥਿਆਰਬੰਦ ਟੱਕਰ ਹੋ ਜਾਵੇ। ਇਸ ਲਈ ਤੁਸੀਂ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਸਿੱਖ ਫੌਜੀਆਂ ਤੇ ਸਿੱਖ ਪੁਲਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੱਦਾ ਦਿਓ ਤੇ ਉਨ੍ਹਾਂ ਨੂੰ ਕਹੋ ਕਿ ਤੁਸੀਂ ਛੇਤੀ ਤੋਂ ਛੇਤੀ ਅਸਤੀਫ਼ੇ ਦੇ ਕੇ ਸਰਕਾਰ ਤੋਂ ਬਾਹਰ ਆ ਜਾਓ ਤੇ ਪੰਥ ਦਾ ਸਾਥ ਦਿਓ।

ਉਨ੍ਹਾਂ ਦੇ ਬਚਨ ਸੁਣ ਕੇ ਤੇ ਉਨ੍ਹਾਂ ਦੇ ਭਾਵਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਮੈਂ ਆਪਣੇ ਵੱਲੋਂ ਬੇਨਤੀ ਕੀਤੀ ਕਿ ਭਾਈ ਅਮਰੀਕ ਸਿੰਘ ਜੀ ਅਤੇ ਭਾਈ ਰਛਪਾਲ ਸਿੰਘ ਜੀ, ਤੁਸੀਂ ਚੰਗੇ ਪੜ੍ਹੇ-ਲਿਖੇ ਤੇ ਸਿਆਣੇ ਬੁੱਧੀਜੀਵੀ ਸੱਜਣ ਹੋ। ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਕੋਈ ਡਿਕਟੇਟਰ ਨਹੀਂ ਜੋ ਅਜਿਹੇ ਮਸਲੇ ਬਾਰੇ ਜਿਸ ਨਾਲ ਸਾਰੀ ਸਿੱਖ ਕੌਮ ਦਾ ਭਵਿੱਖ ਜੁੜਿਆ ਹੈ, ਬਿਨਾਂ ਕਿਸੇ ਪੰਥਕ ਮੁਖੀ ਜਾਂ ਪੰਥ ਦੀ ਜਥੇਬੰਦੀ ਜਾਂ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਕੀਤੇ ਤੋਂ ਬਗੈਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਜਿਹਾ ਹੁਕਮ ਜਾਰੀ ਕਰ ਦਿਆਂ, ਜਿਸ ਨਾਲ ਫਾਇਦੇ ਦੀ ਬਜਾਏ ਨੁਕਸਾਨ ਹੋ ਜਾਏ। ਮੈਂ ਪੰਥ ਦਾ ਸੇਵਾਦਾਰ ਜਾਂ ਪੰਥ ਦਾ ਬੁਲਾਰਾ ਹਾਂ। ਪੰਥ ਵੱਲੋਂ ਕੀਤੇ ਫ਼ੈਸਲੇ ਨੂੰ ਹੀ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕਰਨ ਦਾ ਹੱਕ ਰੱਖਦਾ ਹਾਂ। ਦੂਜੀ ਗੱਲ ਇਹ ਹੈ ਕਿ ਜ਼ਰੂਰੀ ਨਹੀਂ ਕਿ ਸਾਰੇ ਸਿੱਖ ਫੌਜੀ

ਤੇ ਸਾਰੇ ਸਿੱਖ ਪੁਲਿਸ ਵਾਲੇ ਅਸਤੀਫੇ ਦੇ ਕੇ ਪੰਥ ਦੀ ਮਦਦ 'ਤੇ ਆ ਜਾਣਗੇ। ਹੋ ਸਕਦਾ ਹੈ ਕਿ ਜਦ ਸਰਕਾਰ ਨੂੰ ਪਤਾ ਲੱਗੇ ਕਿ ਸਿੱਖ ਫੌਜੀ ਤੇ ਸਿੱਖ ਪੁਲਿਸਮੈਨ ਅਸਤੀਫਾ ਦੇਣ ਲੱਗੇ ਹਨ ਤਾਂ ਅਸਤੀਫੇ ਦੇਣ ਵਾਲਿਆਂ ਨੂੰ ਉਹ ਗ੍ਰਿਫ਼ਤਾਰ ਕਰ ਲਵੇ, ਹਥਿਆਰ ਖੋਹ ਲਵੇ ਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਵੇ। ਉਨ੍ਹਾਂ ਨੂੰ ਦੇਸ਼ ਦੇ ਬਾਗੀ ਕਰਾਰ ਦੇ ਕੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਵੇ। ਉਨ੍ਹਾਂ ਦੇ ਬਾਲ-ਬੱਚੇ ਰੁਲ ਜਾਣ, ਇਉਂ ਫਾਇਦੇ ਦੀ ਥਾਂ ਨੁਕਸਾਨ ਵਧੇਰੇ ਹੋਵੇ। ਤੀਜੀ ਗੱਲ ਜੇ ਪੰਜ ਜਾਂ ਦਸ ਫੀਸਦੀ ਆ ਵੀ ਜਾਣ, ਤਾਂ ਉਨ੍ਹਾਂ ਲੱਖਾਂ ਬੰਦਿਆਂ ਨੂੰ ਤੁਸੀਂ ਕਿੱਥੇ ਬਿਠਾਉਗੇ; ਰਿਹਾਇਸ਼, ਲੰਗਰ, ਸ਼ਸਤਰਾਂ ਤੇ ਬਸਤਰਾਂ ਆਦਿ ਦਾ ਪ੍ਰਬੰਧ ਕਿੱਥੋਂ ਹੋਵੇਗਾ? ਕਿਸ ਕਿਲ੍ਹੇ, ਪਹਾੜ ਜਾਂ ਜੰਗਲ ਵਿਚ ਬੈਠ ਕੇ ਤੁਸੀਂ ਸਰਕਾਰੀ ਫੌਜ ਨਾਲ ਟੱਕਰ ਲਵੋਗੇ? ਉਨ੍ਹਾਂ ਨੂੰ ਤਨਖਾਹਾਂ, ਪੈਨਸ਼ਨਾਂ, ਸਹੂਲਤਾਂ ਕਿਸ ਖਾਤੇ ਵਿੱਚੋਂ ਦੇਵੋਗੇ? ਤੁਸੀਂ ਅਖਬਾਰਾਂ ਰਾਹੀਂ ਪੜ੍ਹਿਆ ਹੀ ਹੋਵੇਗਾ ਕਿ ਫਲਸਤੀਨੀ ਮੁਕਤੀ ਮੋਰਚੇ ਵਾਲੇ ਕਿੰਨੇ ਸਾਲਾਂ ਤੋਂ ਦਰ-ਬ-ਦਰ ਰੁਲ਼ ਰਹੇ ਹਨ, ਜਦਕਿ ੩੬ ਮੁਲਕ ਉਨ੍ਹਾਂ ਦੀ ਮਦਦ ਕਰ ਰਹੇ ਹਨ। ਮੇਰੇ ਖਿਆਲ ਵਿਚ ਤੁਹਾਡੇ ਇਹ ਵਿਚਾਰ ਜਜ਼ਬਾਤੀ ਵਧੇਰੇ ਤੇ ਦੂਰਅੰਦੇਸ਼ੀ ਵਾਲੇ ਘੱਟ ਹਨ। ਉਂਵ ਮੈਂ ਤੁਹਾਡੇ ਜਜ਼ਬਾਤਾਂ ਦੀ ਕਦਰ ਕਰਦਾ ਹਾਂ। ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਤੁਹਾਡੇ ਇਹ ਵਿਚਾਰ/ਖਿਆਲ ਪੰਥਕ ਮੁਖੀਆਂ ਪਾਸ ਅਪੜਾ ਦਿਆਂਗਾ, ਜੋ ਫੈਸਲਾ ਉਹ ਕਰਨਗੇ, ਮੈਂ ਤੁਹਾਨੂੰ ਦੱਸ ਦਿਆਂਗਾ। ਮੇਰੀ ਜ਼ਾਤੀ ਰਾਇ ਹੈ ਕਿ ਕੇਂਦਰੀ ਸਰਕਾਰ ਜਿਸ ਪਾਸ ਲੱਖਾਂ ਦੀ ਗਿਣਤੀ ਵਿਚ ਸਿੱਖਿਅਤ ਫੌਜੀਆਂ ਤੋਂ ਇਲਾਵਾ ਬੀ.ਐੱਸ.ਐਫ., ਸੀ.ਆਰ.ਪੀ. ਅਤੇ ਆਰਮਡ ਪੁਲਿਸ ਤੇ ਸੂਬਿਆਂ ਦੀਆਂ ਪੁਲਿਸ ਫੋਰਸਾਂ ਹਨ, ਉਨ੍ਹਾਂ ਕੋਲ ਜੀਪਾਂ, ਟਰੱਕਾਂ, ਰੇਲਾਂ ਤੋਂ ਇਲਾਵਾ ਬੰਬ, ਟੈਂਕ, ਤੋਪਾਂ, ਜੰਗੀ ਤੇ ਭਾਰ-ਬਰਦਾਰ ਹਵਾਈ ਜਹਾਜ਼ ਤੇ ਰਾਕਟ ਵੀ ਹਨ, ਹੋ ਸਕਦਾ ਹੈ ਕਿ ਐਟਮ ਬੰਬ ਵੀ ਹੋਣ। ਬੇਅੰਤ ਸ਼ਕਤੀਸ਼ਾਲੀ ਦੇਸ਼ ਵੀ ਭਾਰਤ ਸਰਕਾਰ ਨੂੰ ਮਦਦ ਦੇ ਸਕਦੇ ਹਨ, ਉਸ ਸਰਕਾਰ ਨਾਲ ਅਸਿੱਖਿਅਤ, ਨਾ-ਤਜਰਬੇਕਾਰ ਮੁੱਠੀ ਭਰ ਜੋਧਿਆਂ ਵੱਲੋਂ ਬਿਨਾਂ ਹੁਥਿਆਰਾਂ ਤੇ ਹੋਰ ਸਾਜ਼ੋ-ਸਾਮਾਨ ਦੇ ਨੰਗੇ ਧੜ ਹਥਿਆਰਬੰਦ ਟੱਕਰ ਲੈਣੀ ਕੌਮ ਲਈ ਘਾਤਕ ਵੀ ਸਿੱਧ ਹੋ ਸਕਦੀ ਹੈ। ਪੰਜਾਬੀ ਦਾ ਅਖਾਣ ਹੈ ਕਿ ਜੇ ਗਿੱਦੜ ਦਾ ਸ਼ਿਕਾਰ ਕਰਨਾ ਹੋਵੇ ਤਾਂ ਤਿਆਰੀ ਸ਼ੇਰ ਦੇ ਸ਼ਿਕਾਰ ਜਿੰਨੀ ਹੋਣੀ ਚਾਹੀਦੀ ਹੈ। ਜੇਕਰ ਸਮੁੱਚਾ ਪੰਥ ਤੁਹਾਡੇ ਵਿਚਾਰਾਂ ਅਨੁਸਾਰ ਫੈਸਲਾ ਕਰਦਾ ਹੈ ਤਾਂ ਫਿਰ ਦਾਸ ਹਾਜ਼ਰ ਹੈ।

ਜਦ ਮੈਂ ੧੨ ਵਜੇ ਤੇਜਾ ਸਿੰਘ ਸਮੁੰਦਰੀ ਹਾਲ ਕੋਲ ਆਇਆ ਤਾਂ ਪਤਾ ਲੱਗਾ ਕਿ ਕਰਫ਼ਿਊ ਲੱਗ ਗਿਆ ਹੈ। ਮੈਂ ਐਗਜ਼ੈਕਟਿਵ ਦੇ ਕਮਰਾ ਨੰ: ੪ ਵਿਚ ਸੰਤ ਲੱਖਾ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਪਾਸ ਪਹੁੰਚ ਗਿਆ। ਪਰਸ਼ਾਦਾ ਛਕ ਕੇ ਘੰਟਾ ਕੁ ਅਰਾਮ ਕੀਤਾ। ਉੱਠ ਕੇ ਚਾਹ ਪੀਤੀ ਤੇ ਅਸੀਂ ਦੋਵੇਂ ਸ. ਅਬਿਨਾਸ਼ੀ ਸਿੰਘ ਪੀ.ਏ. ਪ੍ਰਧਾਨ ਸਾਹਿਬ ਤੇ ਮੀਤ ਸਕੱਤਰ ਦੇ ਕਮਰੇ ਵਿਚ ਆ ਗਏ। ਕਰਫ਼ਿਊ ਵਿਚ ਢਿੱਲ ਦੇਣ ਬਾਰੇ ਪਤਾ ਕਰਨ ਲੱਗੇ ਤਾਂ ਪਤਾ ਲੱਗਾ ਕਿ ਸ਼੍ਰੋਮਣੀ ਕਮੇਟੀ ਦੇ ਸਾਰੇ ਟੈਲੀਫੋਨ ਕੱਟ ਦਿੱਤੇ ਗਏ ਹਨ। ਏਨੇ ਚਿਰ ਨੂੰ ਟੌਹੜਾ ਸਾਹਿਬ ਉੱਥੇ ਹੀ ਆ ਗਏ। ਮੈਂ ਉਨ੍ਹਾਂ ਨਾਲ ਭਾਈ ਅਮਰੀਕ ਸਿੰਘ ਤੇ ਭਾਈ ਰਛਪਾਲ ਸਿੰਘ ਨਾਲ ਹੋਈ ਗੱਲਬਾਤ ਵੇਰਵੇ ਸਹਿਤ ਸੁਣਾਈ। ਉਹ ਵੀ ਮੇਰੇ ਵਿਚਾਰਾਂ ਨਾਲ ਸੌ ਫੀਸਦੀ ਸਹਿਮਤ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਿਚ ਨੌਜਵਾਨਾਂ ਵਾਲੇ ਜ਼ਿਆਦਾ ਗਰਮ

ਜਜ਼ਬਾਤ ਹਨ ਜੋ ਦੂਰ-ਦ੍ਰਿਸ਼ਟੀ ਵਾਲੇ ਨਹੀਂ। ਇਸ ਤਰ੍ਹਾਂ ਸਾਰੀ ਕੌਮ ਦਾ ਉਜਾੜਾ ਕਰ ਬੈਠਾਂਗੇ। ਕਹਿਣ ਲੱਗੇ, "ਮੈਂ ਉਨ੍ਹਾਂ ਨੂੰ ਸਮਝਾਵਾਂਗਾ।" ਸਾਰਿਆਂ ਦੇ ਮਨ ਵਿਚ ਇਹ ਖਦਸ਼ਾ ਸੀ ਕਿ ਸਰਕਾਰ ਕੋਈ ਵੱਡਾ ਐਕਸ਼ਨ ਕਰਨ ਵਾਲੀ ਹੈ। ਪਰ ਫ਼ੌਜ ਦੇ ਸਮੂਹ ਅੰਦਰ ਆਉਣ ਦਾ ਕਿਸੇ ਨੂੰ ਵੀ ਚਿੱਤ-ਚੇਤਾ ਵੀ ਨਹੀਂ ਸੀ। ਸ਼ਾਮ ਦੇ ਪੰਜ ਵਜੇ ਪਤਾ ਲੱਗਾ ਕਿ ੫ ਤੋਂ ੭ ਵਜੇ ਸ਼ਾਮ ਤਕ ਕਰਫ਼ਿਊ 'ਚ ਢਿੱਲ ਹੈ। ਮੈਂ ਕਾਰ 'ਚ ਘਰ ਆ ਗਿਆ ਪਰ ਮੇਰਾ ਡਰਾਈਵਰ ਸਤਿਨਾਮ ਸਿੰਘ, ਸ. ਅਬਿਨਾਸ਼ੀ ਸਿੰਘ ਦੇ ਕਹਿਣ ਅਨੁਸਾਰ ਡਾ. ਬਲਦੇਵ ਸਿੰਘ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪੁੱਜ ਗਿਆ, ਜਿਸ ਕਰਕੇ ਉਹ ਅੰਦਰ ਹੀ ਫਸ ਗਏ।

ਬਹੁਤ ਲੋਕਾਂ ਨੂੰ ਇਸ ਗੱਲ ਦਾ ਪਤਾ ਨਾ ਲੱਗਾ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹੋਣ ਕਰਕੇ ਕੁਝ ਯਾਤਰੂ ਵੀ ਸੁਬ੍ਹਾ ੧੧ ਵਜੇ ਦੇ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਘਿਰੇ ਹੋਣ ਕਾਰਨ ਉਨ੍ਹਾਂ ਨੂੰ ਰਾਤ ਅੰਦਰ ਹੀ ਰਹਿਣਾ ਪਿਆ।

ਰਾਤ ਨੂੰ ੯ ਵਜੇ ਸਰਕਾਰ ਵੱਲੋਂ ਟੀ.ਵੀ. ਤੇ ਰੇਡੀਓ 'ਤੇ ਹੁਕਮ ਸੁਣਾਇਆ ਗਿਆ ਕਿ ਹੁਣ ੯ ਵਜੇ ਤੋਂ ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ੩੬ ਘੰਟੇ ਦਾ ਕਰਫ਼ਿਊ ਲਾ ਦਿੱਤਾ ਗਿਆ ਹੈ। ਇਸੇ ਦੌਰਾਨ ਰੇਲਾਂ, ਬੱਸਾਂ, ਟਰੱਕਾਂ, ਕਾਰਾਂ, ਸਕੂਟਰ, ਮੋਟਰ ਸਾਈਕਲਾਂ ਤੇ ਇੱਥੋਂ ਤਕ ਕਿ ਬੈਲ ਗੱਡੀਆਂ ਤੇ ਸਾਈਕਲ ਚਲਾਉਣ 'ਤੇ ਵੀ ਸਖ਼ਤ ਪਾਬੰਦੀ ਲਾ ਦਿੱਤੀ ਗਈ। ਗਵਰਨਰ ਦੇ ਸਲਾਹਕਾਰ ਡਾ. ਸਿੱਧੂ ਨੂੰ ਕੇਂਦਰ ਵਿਚ ਵਾਪਸ ਬੁਲਾ ਲਿਆ ਗਿਆ ਹੈ ਤੇ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੇ ਗਵਰਨਰ ਦੇ ਸੁਰੱਖਿਆ ਸਲਾਹਕਾਰ ਵਜੋਂ ਚਾਰਜ ਸੰਭਾਲ ਲਿਆ ਹੈ। ਅਖ਼ਬਾਰਾਂ 'ਤੇ ਸੈਂਸਰ ਲਗਾ ਦਿੱਤਾ ਗਿਆ ਹੈ। ਫੌਜੀ ਅਤੇ ਨੀਮ ਫੌਜੀ ਫੋਰਸਾਂ ਦੇ ਕਿਸੇ ਵੀ ਅਪ੍ਰੇਸ਼ਨ ਬਾਰੇ ਕੁਝ ਵੀ ਛਾਪਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਕਰਫ਼ਿਊ ਕਰਕੇ ਅਗਲੇ ਦਿਨ ਅਖ਼ਬਾਰਾਂ ਨਹੀਂ ਆਉਣੀਆਂ ਸਨ। ਇਸ ਤੋਂ ਸਿਆਣਿਆਂ ਨੂੰ ਜਾਪਣ ਲੱਗਾ ਕਿ ਅੱਜ ਸ੍ਰੀ ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਹੋਵੇਗਾ।

ਰਾਤ ਦੇ ੧੨ ਵਜੇ ਸਾਰੇ ਅੰਮ੍ਰਿਤਸਰ ਸ਼ਹਿਰ ਦੇ ਫੋਨ ਕੱਟ ਦਿੱਤੇ ਗਏ। ਇਹ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਦਾ ਪਾਣੀ ਤੇ ਬਿਜਲੀ ਵੀ ਕੱਟ ਦਿੱਤੇ ਗਏ ਹਨ। ਇਸ ਤੋਂ ਸਭ ਨੂੰ ਅੰਦਾਜ਼ਾ ਹੋ ਗਿਆ ਕਿ ਰਾਤ ਨੂੰ ਫੌਜ ਕੰਪਲੈਕਸ ਵਿਚ ਦਾਖਲ ਹੋ ਕੇ ਸ਼ਾਇਦ ਬੇਹੋਸ਼ ਕਰਨ ਵਾਲੀ ਗੈਸ ਛੱਡ ਕੇ ਅੰਦਰਲੇ ਖਾੜਕੂ ਸਿੰਘਾਂ ਨੂੰ ਗ੍ਰਿਫਤਾਰ ਕਰ ਲਵੇਗੀ।

■

੧੯੮੪ ਦੇ ਸਿੱਖ ਕਤਲੇਆਮ ਦੀ ਦਰਦ ਕਹਾਣੀ

-ਭਾਈ ਜੱਸਾ ਸਿੰਘ ਜੌਹਰੀ

ਦਿੱਲੀ ਦਾ ਇਤਿਹਾਸ ਪੜ੍ਹਿਆਂ ਅਤੇ ਸੁਣਿਆਂ ਪਤਾ ਲੱਗਦਾ ਹੈ ਕਿ ਦਿੱਲੀ ਵਿਚ ਅਨੇਕਾਂ ਵਾਰ ਖ਼ੂਨ-ਖਰਾਬਾ ਹੁੰਦਾ ਰਿਹਾ ਹੈ। ਜਿਵੇਂ ਕਿ ਨਾਦਰਸ਼ਾਹ ਦੁਰਾਨੀ ਨੇ ਦਿੱਲੀ ਵਿਚ ਖ਼ੂਨ ਦੀਆਂ ਨਦੀਆਂ ਵਗਾਈਆਂ। ਇਹ ਹਮਲਾਵਰ ਵਿਦੇਸ਼ਾਂ ਤੋਂ ਆਉਂਦੇ ਰਹੇ। ਪਰ ੩੧ ਅਕਤੂਬਰ ੧੯੮੪ ਵਿਚ ਦਿੱਲੀ ਦੇ ਹਮਲਾਵਰ ਦਿੱਲੀ ਦੇ ਹੀ ਲੋਕ ਬਣੇ, ਉਨ੍ਹਾਂ ਦਿੱਲੀ ਦੇ ਹੀ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾ ਲਿਆ। ਗੱਲ ਉਸ ਵੇਲੇ ਦੀ ਹੈ ੩੧ ਅਕਤੂਬਰ ੧੯੮੪ ਦੀ ਸਵੇਰ ਨੂੰ ਜਦੋਂ ਮੈਂ ਟਰਾਂਸਪੋਰਟ ਵਿਚ ਪਹੁੰਚਾ ਤਾਂ ੯ ਕੁ ਵਜੇ ਦਾ ਟਾਈਮ ਸੀ। ਪਤਾ ਲੱਗਾ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਉਸ ਦੇ ਸਿੱਖ ਅੰਗ ਰਖਸ਼ਕਾਂ ਨੇ ਗੋਲੀਆਂ ਮਾਰ ਕੇ ਫੱਟੜ ਕਰ ਦਿੱਤਾ ਹੈ। ਮੈਂ ਵਾਪਸ ਸ਼ਹੀਦ ਨਗਰ ਪਹੁੰਚਾ ਤਾਂ ਇਹ ਗੱਲ ਆਪਣੇ ਘਰ ਵਾਲਿਆਂ ਨੂੰ ਦੱਸੀ ਕਿ ਇੰਦਰਾ ਗਾਂਧੀ ਨੂੰ ਉਸ ਦੇ ਬਾਡੀਗਾਰਡਾਂ ਨੇ ਫੱਟੜ ਕਰ ਦਿੱਤਾ ਹੈ। ਇਸ ਵਿਚ ਸਿੱਖ ਬਾਡੀਗਾਰਡਾਂ ਦਾ ਨਾਮ ਲਿਆ ਜਾਂਦਾ ਹੈ, ਇਸ ਲਈ ਸਿੱਖਾਂ ਉੱਤੇ ਹਮਲੇ ਹੋ ਸਕਦੇ ਹਨ। ਪਰ ਘਰ ਵਾਲੇ ਇਸ ਗੱਲ ਨੂੰ ਮੰਨਦੇ ਨਹੀਂ ਸੀ। ਥੋੜ੍ਹੀ ਦੇਰ ਬਾਅਦ ਰੇਡੀਓ, ਟੈਲੀਵੀਜ਼ਨ ਵਿਚ ਖ਼ਬਰ ਆ ਗਈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿੱਖ ਬਾਡੀਗਾਰਡਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਹੈ। ਉਸ ਤੋਂ ਬਾਅਦ ਦਿੱਲੀ ਵਿਚ ਭਿਅੰਕਰ ਵਾਤਾਵਰਨ ਦਿਖਾਈ ਦੇਣ ਲੱਗਾ। ਬਹੁਤ ਸਾਰੇ ਲੋਕ ਹੈਰਾਨੀ ਵਿਚ ਡੁੱਬੇ ਵੇਖੇ, ਪਰ ਕੁਝ ਲੋਕ ਸ਼ਰਾਬਾਂ ਪੀ ਕੇ ਟਹਿਲਦੇ ਵੀ ਵੇਖੇ। ਰਾਜੀਵ ਗਾਂਧੀ ਉਸ ਵੇਲੇ ਕਲਕੱਤੇ ਪ੍ਰਚਾਰ ਦੌਰੇ 'ਤੇ ਪਹੁੰਚਿਆ ਹੋਇਆ ਸੀ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਦੌਰੇ 'ਤੇ ਸਪੇਨ ਪਹੁੰਚੇ ਹੋਏ ਸੀ। ਇਧਰ ਹਿੰਦੁਸਤਾਨ ਵਿਚ ਹਾਲਾਤ ਬਹੁਤ ਖਰਾਬ ਸਨ। ਦਿੱਲੀ ਵਿਚ ਸ਼ਰਾਬ ਪੀਣ ਵਾਲੇ ਲੋਕ ਆਉਂਦੇ-ਜਾਂਦੇ ਸਿੱਖਾਂ ਵੱਲ ਲਾਲ ਅੱਖਾਂ ਕੱਢ ਕੇ ਵੇਖਦੇ ਸੀ।

ਸ਼ਾਮ ਦੇ ੫ ਕੁ ਵਜੇ ਖ਼ਬਰ ਆਈ ਕਿ ਰਾਸ਼ਟਰਪਤੀ ਗਿ. ਜ਼ੈਲ ਸਿੰਘ ਵਾਪਸ ਦਿੱਲੀ ਪਰਤ ਆਏ ਹਨ। ਸਿੱਖਾਂ ਨੇ ਕੁਝ ਸੁਖ ਦਾ ਸਾਹ ਲਿਆ। ਪਰ ਨਾਲ ਹੀ ਥੋੜ੍ਹੀ ਦੇਰ ਬਾਅਦ ਇੰਦਰਾ ਗਾਂਧੀ ਦੇ ਦਮ ਤੋੜ ਜਾਣ ਦੀ ਖ਼ਬਰ ਆਈ। ਲੋਕ ਹੈਰਾਨੀ ਵਿਚ ਡੁੱਬ ਗਏ ਅਤੇ ਸਿੱਖਾਂ ਦੇ ਘਰਾਂ ਵਿਚ ਚਰਚਾ ਚੱਲ ਰਹੀ ਸੀ ਕਿ ਸ਼ਰਾਬ ਪੀਣ ਵਾਲੇ ਲੋਕ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਨਗੇ। ਦੂਸਰੇ ਪੱਖ ਵਿਚ ਕੁਝ ਲੋਕ ਕਹਿੰਦੇ ਸੀ ਕਿ, 'ਰਾਸ਼ਟਰਪਤੀ ਸਿੱਖਾਂ ਦਾ ਹੈ, ਸਿੱਖਾਂ ਨਾਲ ਇਸ ਤਰ੍ਹਾਂ ਨਹੀਂ ਹੋਣ ਦੇਵੇਗਾ। ਜੇ ਇੰਦਰਾ ਗਾਂਧੀ ਪ੍ਰਲੋਕ ਸੁਧਾਰ ਗਈ ਹੈ ਤੇ ਪੁਲੀਸ ਤਾਂ ਨਹੀਂ ਪ੍ਰਲੋਕ ਸੁਧਾਰ ਗਈ! ਫੌਜ ਤਾਂ ਨਹੀਂ ਪ੍ਰਲੋਕ ਸੁਧਾਰ ਗਈ! ਇਹ ਸਭ ਕੁਝ ਰਾਸ਼ਟਰਪਤੀ ਦੇ ਹੱਥ ਵਿਚ ਹੈ। ਫਿਰ ਸਿੱਖਾਂ ਨਾਲ ਬੇਇਨਸਾਫੀ ਕਿਵੇਂ ਹੋ ਸਕਦੀ ਹੈ? ਇਹ ਚਰਚਾ ਮੇਰੇ ਆਪਣੇ ਘਰ ਵਿਚ ਵੀ ਚਲਦੀ ਰਹੀ। ਇਸ ਤਰ੍ਹਾਂ ਕਰਦਿਆਂ ਜਦੋਂ ਰਾਤ ਦੇ ਦਸ ਕੁ ਵੱਜੇ ਤਾਂ ਸਾਡੇ ਨਾਲ ਦੀ ਕਾਲੋਨੀ ਸੀਮਾਪੁਰੀ ਵਿੱਚੋਂ ਰੌਲੇ ਅਤੇ ਚੀਕਾਂ ਦੀ ਅਵਾਜ਼ ਸੁਣਾਈ ਦੇਣ ਲੱਗੀ। ਇਸ ਲਈ ਸਿੱਖਾਂ ਨੂੰ ਪਹਿਲਾਂ ਹੀ ਸ਼ੰਕਾ ਸੀ ਕਿ ਸ਼ਰਾਬੀ ਦਰਿੰਦੇ ਲੋਕ ਸਾਡਾ ਨੁਕਸਾਨ ਕਰਨਗੇ। ਗੱਲ ਇਸ ਤਰ੍ਹਾਂ ਵਾਪਰੀ। ਲੁਟੇਰਿਆਂ ਨੇ ਸਾਰੀ ਰਾਤ

ਸੀਮਾਪੁਰੀ ਵਿਚ ਸਿੱਖਾਂ ਦੇ ਘਰਾਂ ਨੂੰ ਲੁੱਟਿਆ, ਉਜਾੜਿਆ ਤੇ ਸਾੜਿਆ। ਦਿੱਲੀ ਵਿਚ ਸਿੱਖਾਂ ਦੀ ਨੀਂਦ ਹਰਾਮ ਹੋ ਗਈ। ਇਸ ਤਰ੍ਹਾਂ ਪਹਿਰ ਦੀ ਰਾਤ ਬੀਤੀ ਤੇ ਦਿਨ ਚੜ੍ਹਿਆ। ਸਵੇਰ ਹੁੰਦਿਆਂ ਪੰਜਾਬੀ ਹਿੰਦੂ ਲੋਕ, ਜਿਹੜੇ ਸਿੱਖਾਂ ਨੂੰ ਆਪਣਾ ਭਾਈਚਾਰਾ ਸਮਝਦੇ ਸਨ ਨੇ ਸਿੱਖਾਂ ਦੀ ਰਾਜ਼ੀ-ਖੁਸ਼ੀ ਦਾ ਪਤਾ ਦਿੱਤਾ ਤਾਂ ਪਤਾ ਲੱਗਾ ਕਿ ਸੀਮਾਪੁਰੀ ਵਿਚ ਸਿੱਖਾਂ ਦੇ ਘਰ ਬੁਰੀ ਤਰ੍ਹਾਂ ਸਾੜ ਦਿੱਤੇ ਹਨ।

ਸੀਮਾਪੁਰੀ ਵਿਚ ਇਕ ਕਾਂਗਰਸੀ ਲੀਡਰ ਜਗਜੀਤ ਸਿੰਘ ਅਤੇ ਅਮਰਜੀਤ ਸਿੰਘ ਦੋਵੇਂ ਸਕੇ ਭਰਾ ਸਨ। ਇਨ੍ਹਾਂ ਉੱਤੇ ਰਾਤ ਨੂੰ ਹਮਲੇ ਹੋਏ। ਪਰ ਇਹ ਮੁਕਾਬਲਾ ਕਰ ਕੇ ਬਚੇ ਰਹੇ। ਪਹਿਲੀ ਨਵੰਬਰ ਨੂੰ ਦਿਨੇ ੧੧ ਵਜੇ ਦੰਗੜਾਂ, ਲੁਟੇਰਿਆਂ ਦੇ ਹਜੂਮ ਨੇ ਭਾਰੀ ਗਿਣਤੀ ਵਿਚ ਕਾਂਗਰਸੀ ਜਗਜੀਤ ਸਿੰਘ ਦੀ ਕੋਠੀ 'ਤੇ ਹਮਲਾ ਕੀਤਾ। ਪਰ ਜਗਜੀਤ ਸਿੰਘ ਨੇ ਰਾਤ ਦੇ ਹਮਲੇ ਨੂੰ ਖਿਆਲ ਵਿਚ ਰੱਖਦਿਆਂ ਕੋਠੀ ਉੱਤੇ ਪੱਕੇ ਰੋੜਿਆਂ ਦਾ ਮਲਬਾ ਰੱਖਿਆ ਹੋਇਆ ਸੀ। ਜਦੋਂ ਦਿਨ ਦੇ ੧੧ ਵਜੇ ਹਮਲਾ ਹੋਇਆ ਤਾਂ ਜਗਜੀਤ ਸਿੰਘ ਨੇ ਕੋਠੀ ਦੀ ਛੱਤ ਤੋਂ ਰੋੜੇ, ਪੱਥਰ ਵਰਸਾਉਣੇ ਸ਼ੁਰੂ ਕਰ ਦਿੱਤੇ। ਲੁਟੇਰਿਆਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਆਖਰ ਆਹਿਸਤਾ-ਆਹਿਸਤਾ ਦੰਗੜਾਂ ਦੀ ਗਿਣਤੀ ਵਧਦੀ ਗਈ। ਉਨ੍ਹਾਂ ਕੋਠੀ ਦੀ ਥੱਲੇ ਵਾਲੀ ਮੰਜ਼ਲ ਦੇ ਦਰਵਾਜ਼ੇ ਤੋੜ ਕੇ ਸਾਮਾਨ ਲੁੱਟ ਲਿਆ ਅਤੇ ਕੋਠੀ ਨੂੰ ਅੱਗ ਲਗਾ ਦਿੱਤੀ। ਜਗਜੀਤ ਸਿੰਘ ਨੇ ਕੋਠੇ ਤੋਂ ਪੱਥਰਾਂ ਦੀ ਵਾਛੜ ਸ਼ੁਰੂ ਕਰ ਦਿੱਤੀ। ਇਧਰ ਸੀਮਾਪੁਰੀ ਦੇ ਕਾਂਗਰਸੀਆਂ ਨੂੰ ਪਤਾ ਲੱਗਾ ਤਾਂ ਇਕ ਕਾਂਗਰਸੀਆਂ ਦਾ ਕਾਫਲਾ ਜਗਜੀਤ ਸਿੰਘ ਨੂੰ ਬਚਾਉਣ ਵਾਸਤੇ ਦੰਗੜਾਂ ਨਾਲ ਮੁਕਾਬਲੇ 'ਤੇ ਉਤਰ ਆਇਆ। ਪਰ ਬਚ-ਬਚਾਅ ਹੋ ਗਿਆ। ਥੋੜ੍ਹੀ 'ਤੂੰ-ਤੂੰ, ਮੈਂ-ਮੈਂ' ਤੋਂ ਬਾਅਦ ਕਾਂਗਰਸੀਆਂ ਨੇ ਜਗਜੀਤ ਸਿੰਘ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਸਵਾਲ ਪਾਰਟੀ ਦਾ ਨਹੀਂ ਸੀ, ਸਵਾਲ ਕੇਵਲ ਸਿੱਖਾਂ ਨੂੰ ਮਾਰਨ ਦਾ ਹੀ ਸੀ। ਇਸ ਲਈ ਜਗਜੀਤ ਸਿੰਘ ਨੂੰ ਕਾਂਗਰਸੀ ਹੋਣ ਕਰ ਕੇ ਕਾਂਗਰਸੀਆਂ ਨੇ ਬਚਾ ਲਿਆ ਅਤੇ ਉਸ ਦਾ ਲੁੱਟਿਆ ਹੋਇਆ ੯੫ ਹਜ਼ਾਰ ਰੁਪਿਆ ਵੀ ਮਿਲ ਗਿਆ। ਪਰ ਉਨ੍ਹਾਂ ਨੇ ਕਿਸੇ ਹੋਰ ਸਿੱਖ ਦੀ ਮਦਦ ਨਹੀਂ ਕੀਤੀ। ਜਿਵੇਂ-ਜਿਵੇਂ ਦਿਨ ਗੁਜ਼ਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਸਿੱਖਾਂ ਨੂੰ ਮਾਰਨ ਦੀਆਂ ਖ਼ਬਰਾਂ ਸੁਣਨ ਵਿਚ ਆ ਰਹੀਆਂ ਸਨ।

ਸੀਮਾਪੁਰੀ ਤੋਂ ਪਹਾੜ ਵਾਲੇ ਪਾਸੇ ਇਕ ਸੁੰਦਰ ਨਗਰ ਕਾਲੋਨੀ ਸੀ ਜਿੱਥੇ ਕੋਈ ੩੫-੪੦ ਘਰ ਸਿੱਖਾਂ ਦੇ ਸਨ। ਇੱਥੇ ਵੀ ਪਹਿਲੀ ਤਾਰੀਕ ਨੂੰ ਕੋਈ ਡੇਢ-ਦੋ ਸੌ ਬੰਦੇ ਦੰਗੜਾਂ ਦਾ ਕਾਫਲਾ ਆਇਆ, ਜੋ ਕਿ ਗੁਰਦੁਆਰੇ ਨੂੰ ਅੱਗ ਲਾਉਣ ਆਏ ਸੀ। ਇੱਥੇ ਸ. ਦਿਲਬਾਗ ਸਿੰਘ ਪ੍ਰਧਾਨ ਸੀ। ਇਹ ਜ਼ਿਲ੍ਹਾ ਕੁਰੂਕਸ਼ੇਤਰ ਦਾ ਰਹਿਣ ਵਾਲਾ ਸੀ। ਉਸ ਦੇ ਨਾਲ ਸਾਰੇ ਸਿੱਖ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਬਚਾਉਣ ਵਾਸਤੇ ਆਏ। ਥੋੜ੍ਹਾ ਮੁਕਾਬਲਾ ਹੋਇਆ, ਸਿੱਖਾਂ ਨੇ ਦੰਗੜ ਕੁੱਟ-ਕੁੱਟ ਭਜਾ ਦਿੱਤੇ। ਉਧਰੋ-ਉਧਰੀ ਸੱਟਾਂ ਵੀ ਲੱਗੀਆਂ। ਸਮਾਂ ਪਾ ਕੇ ਲੁਟੇਰੇ ਦੁਬਾਰਾ ਵਧੇਰੇ ਗਿਣਤੀ ਵਿਚ ਆਏ। ਮੁਕਾਬਲਾ ਹੋਇਆ, ਸਿੱਖਾਂ ਨੇ ਇਸ ਵਾਰ ਦੰਗੜਾਂ ਨੂੰ ਤੇਗਾਂ ਨਾਲ ਭਜਾਇਆ। ਸ. ਦਿਲਬਾਗ ਸਿੰਘ ਦੇ ਸਾਥੀਆਂ ਨੇ ਗੁ: ਸਾਹਿਬ ਦੀ ਸ਼ਾਨ ਬਹਾਲ ਰੱਖੀ। ਪਰ ਸ. ਦਿਲਬਾਗ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਕਾਫੀ ਸੱਟਾਂ ਲੱਗ ਗਈਆਂ। ਪਰ ਜਦੋਂ ਤੀਸਰੀ ਵਾਰ ਦੰਗੜਾਂ ਦਾ ਬਹੁਤ ਭਾਰਾ ਕਾਫਲਾ ਮੁਕਾਬਲੇ ਦਾ ਪਲਾਨ ਬਣਾ ਕੇ ਗੁ: ਸੁੰਦਰ ਨਗਰ ਦੇ ਨਿਸ਼ਾਨ ਸਾਹਿਬ ਦਾ ਚੋਲਾ ਪਾੜਨ ਲੱਗਾ ਤਾਂ ਸ. ਦਿਲਬਾਗ ਸਿੰਘ ਨੇ

ਲਲਕਾਰ ਕੇ ਆਖਿਆ, "ਜਿਸ ਨੇ ਨਿਸ਼ਾਨ ਸਾਹਿਬ ਨੂੰ ਹੱਥ ਲਾਇਆ ਉਸ ਦੇ ਹੱਥ ਵੱਢ ਦਿਆਂਗੇ।" ਇਕ ਦੰਗਈ ਨੇ ਨਿਸ਼ਾਨ ਸਾਹਿਬ ਦੇ ਚੋਲੇ ਨੂੰ ਅੱਗ ਲਾ ਦਿੱਤੀ। ਸ. ਦਿਲਬਾਗ ਸਿੰਘ ਨੇ ਉਸ ਉੱਤੇ ਤੇਗ ਦਾ ਵਾਰ ਕੀਤਾ। ਬਸ ਫਿਰ ਖੂੰਖਾਰ ਮੁਕਾਬਲਾ ਸ਼ੁਰੂ ਹੋਇਆ। ਦੰਗਈ ਹੜ੍ਹ ਵਾਂਗ ਵਧਦੇ ਜਾ ਰਹੇ ਸੀ। ਦੋ-ਢਾਈ ਘੰਟੇ ਦੇ ਮੁਕਾਬਲੇ ਪਿੱਛੋਂ ਬਹੁਤ ਸਾਰੇ ਸਿੱਖ ਮਾਰੇ ਜਾ ਚੁੱਕੇ ਸਨ। ਸ. ਦਿਲਬਾਗ ਸਿੰਘ ਦੰਗਈਆਂ ਦੇ ਇਕ ਘੇਰੇ ਵਿਚ ਤੇਗ ਚਲਾਉਂਦਾ ਸੀ। ਪਰ ਉਸ ਕੋਲੋਂ ਘੇਰਾ ਨਹੀਂ ਟੁੱਟ ਸਕਿਆ। ਫੱਟੜ ਹੋਇਆ ਸ. ਦਿਲਬਾਗ ਸਿੰਘ ਜਿਊਂਦਾ ਦੰਗਈਆਂ ਦੇ ਕਾਬੂ ਆ ਗਿਆ। ਸਾਥੀ ਬਹੁਤ ਮਰ ਚੁੱਕੇ ਸੀ। ਜੋ ਬਚੇ ਉਹ ਪੰਜਾਬੀ ਹਿੰਦੂਆਂ ਨੇ ਆਪਣੇ ਘਰੀਂ ਵਾੜ ਕੇ ਉਨ੍ਹਾਂ ਦੇ ਸਿਰ-ਮੂੰਹ ਮੁੰਨ ਕੇ ਕਿਸੇ ਨੂੰ ਪਾਣੀ ਦੀ ਬੋਤਲ ਦਿੱਤੀ, ਕਿਸੇ ਨੂੰ ਪਾਣੀ ਦਾ ਡੱਬਾ ਦਿੱਤਾ। ਇਸ ਤਰ੍ਹਾਂ ਟੱਟੀ ਬੈਠਣ ਦੇ ਬਹਾਨੇ ਬੰਦੇ ਜਿਊਂਦੇ ਬਚ ਕੇ ਨਿਕਲ ਗਏ। (ਇਹ ੩੫-੪੦ ਘਰਾਂ ਵਿੱਚੋਂ ਚੰਦ ਬੰਦੇ ਸਨ) ਸ. ਦਿਲਬਾਗ ਸਿੰਘ ਨੂੰ ਦੰਗਈਆਂ ਨੇ ਜਿਊਂਦੇ ਨੂੰ ਪਕੜ ਕੇ ਮੁਸ਼ਕਾਂ ਤਾੜ ਕੇ ਧਰਤੀ 'ਤੇ ਸੁੱਟ ਕੇ ਜੀਂਦੇ ਨੂੰ ਥੋੜ੍ਹੀ-ਥੋੜ੍ਹੀ ਅੱਗ ਬਾਲ ਕੇ ਤਪਾ-ਤਪਾ ਕੇ, ਸਾੜ-ਸਾੜ ਕੇ ਤਸੀਹੇ ਦਿੱਤੇ। ਸ਼ਾਮ ਤਕ ਸ. ਦਿਲਬਾਗ ਸਿੰਘ ਥੋੜ੍ਹੀ-ਥੋੜ੍ਹੀ ਅੱਗ ਵਿਚ ਸੜਦਾ ਤੇ ਭੁੱਜਦਾ ਰਿਹਾ। ਕਦੇ-ਕਦੇ ਬੜਾ ਲੰਮਾ ਸਾਹ ਲੈਂਦਾ ਸੀ। ਅਖੀਰ ਸਰੀਰ ਫੁੱਲ ਗਿਆ ਅਤੇ ਪਟਾਕਾ ਪੈ ਗਿਆ। ਜਦੋਂ ਸ. ਦਿਲਬਾਗ ਸਿੰਘ ਸਹਿਕਦਾ ਸੀ ਤਾਂ ਉਸ ਦੀ ਪਤਨੀ ਇਸ ਦੇ ਆਸੇ-ਪਾਸੇ ਤੋਂ ਭੱਜ ਕੇ ਉਤੇ ਡਿੱਗਣ ਨੂੰ ਪੈਂਦੀ ਸੀ। ਇਸ ਨੂੰ ਦੰਗਈ ਫੜ ਲੈਂਦੇ ਸੀ। ਜਿਹੜਾ ਫੜਦਾ ਸ਼ੀ, ਉਹ ਹੀ ਇਸ ਨਾਲ ਹੈਵਾਨਾਂ ਵਾਲੀਆਂ ਹਰਕਤਾਂ ਕਰਦਾ ਸੀ। ਇਸ ਦੀ ਵਿਧਵਾ ਪਤਨੀ ਦੀ ਸਰਕਾਰ ਨੇ ਕੀ ਮਦਦ ਕੀਤੀ ਹੈ, ਕੋਈ ਪਤਾ ਨਹੀਂ। ਸ. ਬਲਦੇਵ ਸਿੰਘ ਮੰਗੋਲਪੁਰੀ ਦੇ ਛੋਟੇ ਭਰਾ ਨੂੰ ਗਲ ਵਿਚ ਟਾਇਰ ਪਾ ਕੇ ਅੱਗ ਲਾ ਕੇ ਸਾੜਿਆ ਉਸ ਨੂੰ ਵੇਖ ਕੇ ਪਿਤਾ ਬਾਹਰ ਆਇਆ ਤਾਂ ਉਸ ਨੂੰ ਵੀ ਇਸੇ ਤਰ੍ਹਾਂ ਸਾੜਿਆ। ਫਿਰ ਸ. ਬਲਦੇਵ ਸਿੰਘ ਨੂੰ ਵੀ ਇਸੇ ਤਰ੍ਹਾਂ ਸਾੜਿਆ।

ਇਧਰ ਸੀਮਾਪੁਰੀ ਵਿਚ ਫੜੋ-ਮਾਰੋ ਦਾ ਬੜਾ ਜ਼ੋਰ ਸੀ। ਇਕ ਟਰਾਂਸਪੋਟਰ ਜਿਸ ਦੇ ਦੋ ਟਰੱਕ ਸਨ, ਇਹ ਰਿਟਾਇਰ ਫੌਜੀ ਜ਼ਿਲ੍ਹਾ ਲੁਧਿਆਣਾ ਪਿੰਡ ਰਕਬੇ ਦਾ ਰਹਿਣ ਵਾਲਾ ਸੀ। ਇਸ ਦੇ ਨਾਂ ਨੂੰ ਬਹੁਤ ਘੱਟ ਲੋਕ ਜਾਣਦੇ ਸੀ। ਇਸ ਬਜ਼ੁਰਗ ਨੂੰ ਇਹ ਲੋਕ 'ਚਾਚਾ' ਕਹਿ ਕੇ ਬੁਲਾਉਂਦੇ ਸੀ। ਸ਼ਾਮ ਦੇ ਟਾਇਮ ਦੰਗਈਆਂ ਨੇ ਚਾਚੇ ਦੇ ਮਕਾਨ 'ਤੇ ਹਮਲਾ ਕਰ ਦਿੱਤਾ। ਚਾਚਾ ਦੋ ਤਲਵਾਰਾਂ ਲੈ ਕੇ ਆਪਣੇ ਮਕਾਨ ਦੀ ਛੱਤ 'ਤੇ ਚੜ੍ਹ ਗਿਆ। ਦੰਗਈਆਂ ਦੀ ਭੀੜ ਵੀ ਮਗਰ ਚੜ੍ਹ ਗਈ ਤੇ ਚਾਚਾ ਕੋਠੇ ਦੀਆਂ ਛੱਤਾਂ ਤੋਂ ਹੁੰਦਾ ਹੋਇਆ ਦੂਰ ਜਾ ਕੇ ਥੱਲੇ ਉਤਰਿਆ। ਉੱਥੇ ਹੀ ਦੰਗਈਆਂ ਨੇ ਘੇਰਾ ਪਾ ਲਿਆ। ਪਰ ਚਾਚਾ ਤੇਗ ਦਾ ਖਿਡਾਰੀ ਸੀ। ਦੋ ਤਲਵਾਰਾਂ ਚਲਾ ਕੇ ਚਾਚੇ ਨੇ ਆਪਣੇ ਆਸ-ਪਾਸ ਦੇ ਘੇਰੇ ਨੂੰ ਤੋੜਿਆ। (ਸੀਮਾਪੁਰੀ ਵਿਚ ਪੁਲਿਸ ਥਾਣਾ ਸੀ) ਪੁਲਸ ਮੁਲਾਜ਼ਮ ਚਾਚੇ ਨੂੰ ਜਾਣਦੇ ਸੀ, ਕਿਉਂਕਿ ਚਾਚਾ ਬੜਾ ਮਿਲਾਪੜਾ ਬੰਦਾ ਸੀ। ਚਾਚੇ ਨੇ ਵੇਖਿਆ ਕਿ ਆਸੇ-ਪਾਸੇ ਕਾਫੀ ਦੁਨੀਆਂ ਸੀ। ਚਾਚੇ ਨੇ ਥਾਣੇ ਵੱਲ ਨੂੰ ਮੂੰਹ ਕਰ ਕੇ ਦੋ ਤਲਵਾਰਾਂ ਬੜੀ ਤੇਜ਼ੀ ਨਾਲ ਚਲਾਉਣੀਆਂ ਸ਼ੁਰੂ ਕਰ ਕੀਤੀਆਂ। ਚਾਰ ਪੈਰ ਦਾ ਪੈਂਤੜਾ ਖੇਡਦਾ ਹੋਇਆ, ਬੜੀ ਤੇਜ਼ੀ ਨਾਲ ਥਾਣੇ ਵਿਚ ਦਾਖਲ ਹੋਇਆ। ਅੱਗੋਂ ਪੁਲਸ ਨੇ ਦੰਗਈਆਂ ਨੂੰ ਝੂਠਾ ਜਿਹਾ ਦਾਬਾ ਮਾਰ ਕੇ ਪਿਛਾਂਹ ਹਟਾ ਦਿੱਤਾ। (ਇੱਥੋਂ ਪਤਾ ਲੱਗਦਾ ਹੈ ਕਿ ਸਿੱਖਾਂ ਨਾਲ ਜੋ ਕੁਝ ਕੀਤਾ ਗਿਆ, ਸਰਕਾਰ ਦੀ ਮਿਲੀਭੁਗਤ ਨਾਲ ਕੀਤਾ ਗਿਆ) ਜਿਹੜੀ ਪੁਲਸ ਬਾਹਰ

ਸੜਕਾਂ 'ਤੇ ਸੀ। ਉਹ ਸਭ ਕੁਝ ਵੇਖ ਰਹੀ ਸੀ। ਇਨ੍ਹਾਂ ਕੋਲ ਬੰਦੂਕਾਂ ਤਾਂ ਨਹੀਂ ਸਨ, ਡਾਂਗਾਂ-ਸੋਟੇ ਤਾਂ ਸਨ। ਇਨ੍ਹਾਂ ਨੇ ਕੋਈ ਲਾਠੀਚਾਰਜ ਵੀ ਨਹੀਂ ਕੀਤਾ। ਜਿਹੜੇ ਸਿੱਖ ਜਾਨਾਂ ਬਚਾਉਣ ਲਈ ਭੱਜ-ਦੌੜ ਕਰਦੇ ਸੀ, ਪੁਲਸ ਉਨ੍ਹਾਂ ਨੂੰ ਡੰਡੇ ਮਾਰ ਕੇ ਕਹਿੰਦੀ ਸੀ, 'ਤੁਸੀਂ ਘਰ ਨਹੀਂ ਬੈਠਦੇ? ਮਰਨਾ ਤਾਂ ਨੀ?' ਪਰ ਇਹ ਸਿੱਖਾਂ ਨੂੰ ਮਾਰਨ ਤੇ ਲੁੱਟਣ ਦੀ ਗਿਣੀ-ਮਿਥੀ ਸਕੀਮ ਸੀ। ਨਹੀਂ ਤਾਂ ਪ੍ਰਧਾਨ ਮੰਤਰੀ ਨੂੰ ਮਾਰਨ ਵਾਲੇ ਦਾ ਨਾਂ ਥੋੜ੍ਹਾ ਸਮਾਂ ਗੁਪਤ ਰੱਖ ਕੇ ਦੇਸ਼ ਵਿੱਚੋਂ ਖ਼ੂਨ-ਖਰਾਬਾ ਰੋਕਿਆ ਜਾ ਸਕਦਾ ਸੀ ਜਿਵੇਂ ਬਹੁਤ ਸਾਰੇ ਦੋਸ਼ੀਆਂ ਨੂੰ ਸਰਕਾਰ ਨੇ ਗੁਪਤ ਰੱਖਿਆ ਸੀ।

ਪਹਿਲੀ ਤਾਰੀਕ ਦੀ ਰਾਤ ਨੂੰ ਬਹੁਤ ਨੁਕਸਾਨ ਹੋਇਆ। ਚਾਂਗਰਾਂ ਤੇ ਡਾਡਾਂ ਸੁਣਾਈ ਦਿੰਦੀਆਂ ਰਹੀਆਂ। ਹਰ ਇਕ ਸਿੱਖ ਸੋਚਦਾ ਸੀ, ਪਤਾ ਨਹੀਂ ਕਿਹੜੇ ਵੇਲੇ ਮੌਤ ਆ ਜਾਵੇ। ਕਿਸੇ ਨੂੰ ਜ਼ਿੰਦਗੀ ਦੀ ਆਸ ਨਹੀਂ ਸੀ। ਦੁਖੀਆਂ, ਫੱਟੜਾਂ ਤੇ ਮਰਨ ਵਾਲਿਆਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ। ਦੁੱਖਾਂ ਦੇ ਹਉਕੇ ਭਰਦਿਆਂ ਰਾਤ ਗੁਜ਼ਰੀ।

ਦੋ ਤਾਰੀਕ ਸਵੇਰ ਹੋਈ। ਸਵੇਰੇ-ਸਵੇਰੇ ਦੰਗੜਾਂ ਦਾ ਇਕ ਬਹੁਤ ਵੱਡਾ ਕਾਫਲਾ ਸ਼ਹੀਦ ਨਗਰ ਗੁ: ਸਾਹਿਬ 'ਤੇ ਅਚਾਨਕ ਟੁੱਟ ਪਿਆ। ਨਿਸ਼ਾਨ ਸਾਹਿਬ ਸਾੜ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਵਿਚ ਦੋ ਸਰੂਪ ਸਨ। ਇਕ ਨੂੰ ਅੱਗ ਲਾ ਕੇ ਬੇਅਦਬੀ ਕੀਤੀ ਗਈ।

ਸਾਡਾ ਘਰ ਵੀ ਨੇੜੇ ਹੀ ਸੀ। ਅਸੀਂ ਆਪਣੇ ਬਚਾਅ ਬਾਰੇ ਸੋਚ ਰਹੇ ਸੀ। ਕੁਝ ਹਿੰਦੂ ਮਰਦ, ਔਰਤਾਂ ਸਾਡੇ ਘਰ ਵਿਚ ਸਾਡੇ ਬਚਾਅ ਵਾਸਤੇ ਆਪੋ-ਆਪਣੀ ਰਾਇ ਦੇ ਰਹੇ ਸੀ। ਘਰ ਦੇ ਦੋ ਦਰਵਾਜ਼ੇ ਸੀ। ਇਕ ਦਰਵਾਜ਼ਾ ਗੁੰਮ ਗਲੀ ਦਾ ਤੇ ਇਕ ਖੁੱਲ੍ਹਾ ਰਸਤਾ ਸੀ। ਅਸੀਂ ਗੁੰਮ ਗਲੀ ਵਾਲੇ ਦਰਵਾਜ਼ੇ ਵੱਲ ਖੜ੍ਹੇ ਸੀ। ਅਸੀਂ ਘਰ ਵਿਚ ਤਿੰਨ ਮਰਦ ਸੀ। (ਸ਼ਿੰਗਾਰਾ ਸਿੰਘ, ਕਰਨੈਲ ਸਿੰਘ ਤੇ ਮੈਂ) ਸਾਨੂੰ ਹਿੰਦੂ ਭਾਈਚਾਰੇ ਵਾਲੇ ਕਹਿ ਰਹੇ ਸੀ ਕਿ ਤੁਸੀਂ ਘਰ ਛੱਡ ਕੇ ਭੱਜ ਜਾਓ। ਬਾਕੀ ਪਰਵਾਰ ਨੂੰ ਅਸੀਂ ਬਚਾ ਲਵਾਂਗੇ। ਮੈਂ ਤੇ ਕਰਨੈਲ ਸਿੰਘ ਦਰਵਾਜ਼ੇ ਵਿਚ ਖੜ੍ਹੇ ਸੀ। ਓਨੇ ਚਿਰ ਨੂੰ ਦੰਗੜ ਗੁਰਦੁਆਰਾ ਸਾੜ ਕੇ ਵਿਹਲੇ ਹੋ ਗਏ ਤੇ ਸਾਡੇ ਘਰ ਵੱਲ ਵਧੇ। ਮੈਨੂੰ ਤੇ ਕਰਨੈਲ ਸਿੰਘ ਨੂੰ ਧੱਕਾ ਦੇ ਕੇ ਸਾਡੇ ਹਮਾਇਤੀਆਂ ਨੇ ਬਾਹਰ ਕੱਢ ਦਿੱਤਾ ਤੇ ਸ਼ਿੰਗਾਰਾ ਸਿੰਘ ਅੰਦਰ ਰਹਿ ਗਿਆ। ਹਜੂਮ ਮੇਰੇ ਤੇ ਕਰਨੈਲ ਸਿੰਘ ਪਿੱਛੇ ਟਿੱਡੀ ਦਲ ਵਾਂਗ ਪੈ ਗਿਆ। ਕਰਨੈਲ ਸਿੰਘ ਚੜ੍ਹਦੀ ਉਮਰੇ ਸੀ, ਭੱਜਣ ਵਿਚ ਉਹ ਮੈਥੋਂ ਅੱਗੇ ਨਿਕਲ ਗਿਆ। ਮੇਰੇ ਪੈਰ ਵਿਚ ਕਿਸੇ ਨੇ ਪੈਰ ਫਸਾ ਕੇ ਸੁੱਟ ਦਿੱਤਾ। ਮੇਰੇ ਉੱਤੋਂ ਦੀ ਦੁਨੀਆਂ ਲੰਘਦੀ ਗਈ। ਮਹਾਰਾਜ ਦੀ ਐਸੀ ਕਲਾ ਵਰਤੀ ਕਿਸੇ ਨੂੰ ਪਤਾ ਹੀ ਨਹੀਂ ਲੱਗਾ। ਤੇਜ਼ ਭੱਜਣ ਵਾਲੇ ਲੋਕ ਮੇਰੇ ਉੱਤੋਂ ਦੀ ਲੰਘਦੇ ਗਏ। ਮਗਰ ਥੋੜ੍ਹੇ ਰਹਿ ਗਏ, ਜਿਹੜੇ ਘੱਟ ਭੱਜਣ ਵਾਲੇ ਸੀ। ਮੈਂ ਉਠ ਕੇ ਆਪਣੀ ਪੱਗ ਚੁੱਕੀ ਤੇ ਇਕ ਪਾਸੇ ਨੂੰ ਭੱਜਿਆ। ਮੇਰੇ ਪਿੱਛੇ ਦਰਿੰਦੇ ਪਏ ਸੀ, ਪਰ ਮੇਰੇ ਨਾਲੋਂ ਉਹ ਘੱਟ ਭੱਜਣ ਵਾਲੇ ਸੀ। ਇਸ ਲਈ ਮੈਂ ਉਨ੍ਹਾਂ ਕੋਲੋਂ ਬਚ ਨਿਕਲਿਆ।

ਜਦੋਂ ਮੈਂ ਵਾਪਸ ਗਾਜ਼ੀਆਬਾਦ ਦੇ ਜੀ. ਟੀ. ਰੋਡ ਤੋਂ ਘਰ ਜਾਣ ਲੱਗਾ ਤਾਂ ਮੋੜ ਉੱਤੇ ਪੁਲਸ ਵਾਲੇ ਖੜ੍ਹੇ ਸੀ। ਉਨ੍ਹਾਂ ਮੈਨੂੰ ਡੰਡੇ ਮਾਰਨੇ ਸ਼ੁਰੂ ਕਰ ਦਿੱਤੇ। ਮੈਂ ਖਹਿੜਾ ਛੁਡਾ ਕੇ ਘਰ ਪਹੁੰਚਾ ਤਾਂ ਘਰ ਨੂੰ ਅੱਗ ਲੱਗੀ ਹੋਈ ਸੀ। ਘਰ ਵਿਚ ਕੋਈ ਨਹੀਂ ਸੀ। ਮੈਂ ਸੋਚਿਆ ਕਿ ਦੰਗੜ ਸਾਰਿਆਂ ਨੂੰ ਮਾਰ ਗਏ ਹੋਣਗੇ। ਪਰ ਘਰ ਵਿਚ ਲਾਸ਼ ਵੀ ਕੋਈ ਨਜ਼ਰ ਨਹੀਂ ਆਈ।

ਮੈਂ ਗੁਆਂਢੀਆਂ ਘਰੋਂ ਪੁੱਛਿਆ ਤਾਂ ਸਾਰੇ ਠੀਕ-ਠਾਕ ਸੀ। ਬੱਚਿਆਂ ਦੀਆਂ ਗੁੱਤਾਂ ਕੀਤੀਆਂ ਹੋਈਆਂ ਸਨ। ਮੈਂ ਪੁੱਛਿਆ ਕਿ ਸ਼ਿੰਗਾਰਾ ਸਿੰਘ ਕਿੱਥੇ ਹੈ? ਉਹ ਅੰਦਰ ਲੁਕਿਆ ਬੈਠਾ ਸੀ। ਕਰਨੈਲ ਸਿੰਘ ਵੀ ਜਿਊਂਦਾ ਬਚ ਕੇ ਘਰ ਪਹੁੰਚ ਗਿਆ। ਇਸ ਤਰ੍ਹਾਂ ਬਚਦਿਆਂ-ਬਚਾਉਂਦਿਆਂ ਭੁੱਖਿਆਂ-ਤਿਹਾਇਆਂ ਦਾ ਦਿਨ ਗੁਜ਼ਰ ਗਿਆ।

ਸ਼ਾਮਾਂ ਪਈਆਂ ਤਾਂ ਪਤਾ ਲੱਗਾ ਕਿ ਨਾਗ ਲੋਈ ਵੀ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਹੈ। ਸਾਡੇ ਸਨਬੰਧੀ ਵੀ ਨਾਗ ਲੋਈ ਰਹਿੰਦੇ ਸੀ। ਸਾਡਾ ਗੁਆਂਢੀ ਇਕ ਹਿੰਦੂ ਮੁੰਡਾ ਥ੍ਰੀ-ਵੀਲਰ ਚਲਾਉਂਦਾ ਸੀ। ਮੈਂ ਉਸ ਨੂੰ ਨਾਗ ਲੋਈ ਜਾਣ ਵਾਸਤੇ ਕਿਹਾ। ਉਹ ਕਹਿਣ ਲੱਗਾ, "ਕਿਤੇ ਤੇਰੇ ਨਾਲ ਲੋਕ ਮੈਨੂੰ ਵੀ ਨਾ ਮਾਰ ਦੇਣ।" ਮੈਂ ਕਿਹਾ, "ਜਦੋਂ ਮੇਰੇ ਪਿੱਛੇ ਦੰਗੜ ਪੈਣਗੇ, ਮੈਂ ਤੇਰਾ ਸਕੂਟਰ ਛੱਡ ਕੇ ਭੱਜ ਜਾਵਾਂਗਾ; ਦੰਗੜ ਮੇਰੇ ਪਿੱਛੇ ਪੈਣਗੇ; ਤੇਰਾ ਸਿਰ ਮੂੰਹ ਮੁੰਨਿਆ ਹੈ; ਤੂੰ ਆਪਣਾ ਸਕੂਟਰ ਲੈ ਕੇ ਚਲਦਾ ਬਣੀਂ।" ਮੁੰਡਾ ਮੰਨ ਗਿਆ। ਫਿਰ ਮੈਂ ਭੇਸ ਬਦਲਿਆ। ਵਾਲ ਪਿੱਛੇ ਖਿਲਾਰ ਕੇ, ਧੋਤੀ ਬੰਨ੍ਹ ਕੇ, ਹੱਥ ਵਿਚ ਵਰਾਗਣ ਲੈ ਕੇ, ਥ੍ਰੀ-ਵੀਲਰ ਵਿਚ ਬੈਠ ਗਿਆ।

ਅਸੀਂ ਸ਼ਾਹਦਰੇ ਵੱਲ ਨੂੰ ਆ ਰਹੇ ਸੀ। ਰਸਤੇ ਵਿਚ ਸ਼ਾਹਦਰੇ ਦੇ ਰੇਲਵੇ ਫਾਟਕ ਦੇ ਕੋਲ, ਗੰਦੇ ਨਾਲੇ ਦੇ ਕਿਨਾਰੇ ਕੋਲ ਬੰਦਿਆਂ ਦੀਆਂ ਲਾਸ਼ਾਂ ਨੂੰ ਸੂਰ ਖਿੱਚਦੇ ਵੇਖੇ। ਹੋਰ ਬਹੁਤ ਕੁਝ ਵੇਖਿਆ। ਲਿਖਾਂ ਤਾਂ ਮਜ਼ਮੂਨ ਵਧ ਜਾਵੇਗਾ। ਮੈਂ ਗੁਰੂ ਦੀ ਕਿਰਪਾ ਨਾਲ ਨਾਗ ਲੋਈ, ਸੁਲਤਾਨਪੁਰੀ ਪਹੁੰਚਿਆ ਤਾਂ ਸਾਡੇ ਰਿਸ਼ਤੇਦਾਰਾਂ ਦੇ ਘਰਾਂ ਕੋਲ ਬਹੁਤ ਸਾਰੇ ਮੋਨਿਆਂ ਦੀ ਢਾਣੀ ਖੜ੍ਹੀ ਸੀ। ਮੇਰੇ ਮਨ ਵਿਚ ਡਰ ਪੈਦਾ ਹੋਇਆ ਕਿ ਕਿਤੇ ਇਹ ਦੰਗੜ ਨਾ ਹੋਣ। ਮੇਰੇ ਸਿਰ ਨਾ ਹੋ ਜਾਣ। ਓਨੇ ਚਿਰ ਨੂੰ ਰਿਸ਼ਤੇਦਾਰਾਂ ਦੇ ਘਰ ਦੇ ਦਰਵਾਜ਼ੇ ਅੱਗੇ ਥ੍ਰੀ-ਵੀਲਰ ਜਾ ਰੋਕਿਆ। ਮੈਂ ਜ਼ਨਾਨੀਆਂ ਪਛਾਣ ਕੇ ਉਤਰ ਕੇ ਅੰਦਰ ਚਲਾ ਗਿਆ। ਘਰ ਵਿਚ ਬੰਦਾ ਕੋਈ ਨਹੀਂ ਸੀ। ਮੈਂ ਪੁੱਛਿਆ ਕਿ ਭਰਜਾਈ, ਸੂਰਤੀ ਤੇ ਕਰਤਾਰ (ਮੁੰਡੇ) ਕਿੱਥੇ ਨੇ ਤਾਂ ਪੁੱਛਣ ਲੱਗੀ ਕਿ ਤੈਨੂੰ ਰਾਹ ਵਿਚ ਨਹੀਂ ਮਿਲੇ? ਮੈਂ ਕਿਹਾ, "ਮੋਨੇ ਬੰਦੇ ਰਾਹ ਵਿਚ ਖੜ੍ਹੇ ਸੀ।" ਏਨੇ ਚਿਰ ਨੂੰ ਉਹ ਮੋਨੇ ਬੰਦੇ ਧਸਾ-ਧਸ ਅੰਦਰ ਆ ਵੜੇ। ਮੈਂ ਡਰ ਗਿਆ। ਪਰ ਉਹ ਸਾਡੇ ਆਪਣੇ ਹੀ ਬੰਦੇ ਸਨ। ਸਿਰ-ਮੂੰਹ ਮੁਨਾ ਕੇ ਬੇਪਛਾਣ ਹੋਏ ਸੀ। ਮੈਂ ਹਾਲ-ਚਾਲ ਪੁੱਛਿਆ ਤਾਂ ਪਤਾ ਲੱਗਾ ਕਿ ਠੀਕ-ਠਾਕ ਹੈ। ਪਰ ਕਹਿਣ ਲੱਗੇ ਕਿ ਦਿੱਲੀ ਵਿਚ ਦੰਗੜਾਂ ਨੇ ਪੈਟਰੋਲ ਪਿਆ ਕੇ, ਹੱਥ ਪਿੱਛੇ ਬੰਨ੍ਹ ਕੇ ਤੇ ਗਲ ਵਿਚ ਟਾਇਰ ਪਾ ਕੇ, ਅੱਗ ਲਾ ਕੇ ਬੰਦੇ ਸਾੜ ਰਹੇ ਹਨ।

ਦੰਗਿਆਂ ਦਾ ਹਾਲ ਲਿਖਦਿਆਂ ਕਲਮ ਥਿੜਕ ਜਾਂਦੀ ਹੈ, ਗਲਾ ਭਰ ਆਉਂਦਾ ਹੈ। ਸਿੱਖਾਂ ਨੂੰ ਮਾਰ-ਕੁੱਟ ਕੇ, ਘਰੋਂ-ਬੇਘਰ ਕਰ ਕੇ ਤੇ ਕੈਂਪਾਂ ਵਿਚ ਰਹਿਣ ਜੋਗੇ ਕਰ ਦਿੱਤਾ। ਸਿੱਖਾਂ ਦੇ ਥਾਵਾਂ ਦੀਆਂ ਰਜਿਸਟਰੀਆਂ ਬੰਦ ਕਰ ਦਿੱਤੀਆਂ। ਜਿਹੜੀ ਜਗ੍ਹਾ ਤਿੰਨ-ਤਿੰਨ ਲੱਖ ਦੀ ਸੀ, ਉਹ ਬਹੁਤ ਸਸਤੀ ਆਪਣੇ ਜਾਣ-ਪਛਾਣ ਦੇ ਲੋਕਾਂ ਨੂੰ ਦੇ ਕੇ ਵਿਹਲੇ ਹੋ ਗਏ। ਕੈਂਪਾਂ ਵਿਚ ਵੀ ਦਿਨ ਗੁਜ਼ਾਰੇ। ਇਕ ਮਹੀਨੇ ਬਾਅਦ ਪੰਜਾਬ ਨੂੰ ਚਾਲੇ ਪਾਏ, ਕੇਵਲ ਬਾਲ-ਬੱਚੇ ਲੈ ਕੇ।

ਬਾਰਾਂ ਦਿਨ ਬਿਆਸ ਰਹਿਣ ਉਪਰੰਤ ਫਿਲਵਾਂ ਦੇ ਨੇੜੇ, ਫੱਤੂ ਚੱਕ ਮਿਆਣੀ, ਕਪੂਰਥਲਾ ਪਹੁੰਚੇ। ਇੱਥੇ ਸਾਨੂੰ ਬਰਨਾਲਾ ਸਰਕਾਰ ਨੇ ਲਾਲ ਕਾਰਡ ਦੇ ਕੇ ਫੱਤੂ ਚੱਕ ਮਿਆਣੀ ਜ਼ਿਲ੍ਹਾ ਕਪੂਰਥਲਾ ਵਿਚ ਰਜਿਸਟਰਡ ਕੀਤਾ।

ਮੈਂ ਪਰਵਾਰ ਲੈ ਕੇ ਦੋਰਾਹੇ (ਜ਼ਿਲ੍ਹਾ ਲੁਧਿਆਣਾ) ਪਹੁੰਚ ਗਿਆ। ਇੱਥੇ ਕਾਰਖਾਨਿਆਂ ਵਿਚ ਕੰਮ ਮਿਲ ਜਾਂਦਾ ਹੈ। ਅਸੀਂ ਸਾਰੇ ਜੀਆਂ ਨੇ ਮਿਹਨਤ-ਮਜ਼ਦੂਰੀ ਕੀਤੀ। ਸ. ਜਗਜੀਵਨ ਪਾਲ ਸਿੰਘ (ਮੈਂ ਉਨ੍ਹਾਂ ਦਾ ਰਿਣੀ ਹਾਂ) ਦੇ ਜਤਨ ਨਾਲ ਮੇਰਾ ਇਕ ਲੜਕਾ ਅੱਜ ਬੀ. ਏ. ਕਰ ਰਿਹਾ ਹੈ। ਪਰ ਤੰਗੀ ਸਦਕਾ ਉਸ ਦੀ ਪੜ੍ਹਾਈ ਦੇ ਖਰਚੇ ਲਈ ਸਾਰੇ ਪਰਵਾਰ ਨੂੰ ਮੁਸ਼ਕਲ ਝੱਲਣੀ ਪੈਂਦੀ ਹੈ।

ਮੈਂ ਮਾੜੀ-ਮੋਟੀ ਕਵਿਤਾ ਲਿਖਦਾ ਤੇ ਗਾਉਂਦਾ ਸਾਂ। ਸੰਗਤ ਵੱਲੋਂ ਜੋ ਮਾਇਆ ਮਿਲਦੀ ਸੀ, ਘਰ ਦਾ ਲੰਗਰ-ਪਾਣੀ ਉਸੇ ਨਾਲ ਚੱਲਦਾ ਸੀ। ਜਦ ੩੦੦ ਸਾਲਾ ਵੈਸਾਖੀ ਦਾ ਬਹੁਤ ਪ੍ਰਚਾਰ ਹੋ ਰਿਹਾ ਸੀ ਤਾਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਗਿਆਨੀ ਮੇਵਾ ਸਿੰਘ ਜੀ ਨਾਲ ਕਈ ਸਟੇਜਾਂ 'ਤੇ ਮੇਲ ਹੋਇਆ। ਗਿਆਨੀ ਜੀ ਨੂੰ ਵੀ ਸਾਰੀ ਗੱਲ ਦੱਸੀ। ਮੇਰੀ ਜ਼ਿੰਦਗੀ ਵਿਚ ਇਕ ਪਰਉਪਕਾਰੀ ਇਨਸਾਨ ਗਿ. ਮੇਵਾ ਸਿੰਘ ਜੀ ਹੀ ਮਿਲੇ ਜਿਨ੍ਹਾਂ ਨੇ ਮੇਰੀ ਕਵਿਤਾ ਪਸੰਦ ਕਰ ਕੇ ਮੇਰਾ ਕਵੀਸ਼ਰੀ ਜਥਾ ਧਰਮ ਪ੍ਰਚਾਰ ਕਮੇਟੀ ਵਿਚ ਭਰਤੀ ਕਰਵਾਇਆ। ਮੇਰੇ ਕੋਲ ਸਕਿਉਰਟੀ ਭਰਨ ਵਾਸਤੇ ਦੋ ਹਜ਼ਾਰ ਰੁਪਏ ਵੀ ਨਹੀਂ ਸਨ ਤਾਂ ਗਿਆਨੀ ਜੀ ਨੇ ਮੈਨੂੰ ਚਾਰ ਹਜ਼ਾਰ ਰੁਪਿਆ ਆਪਣੇ ਕੋਲੋਂ ਦਿੱਤਾ, ਦੋ ਹਜ਼ਾਰ ਸਕਿਉਰਟੀ ਵਾਸਤੇ ਤੇ ਦੋ ਹਜ਼ਾਰ ਘਰ ਦੇ ਖਰਚੇ ਵਾਸਤੇ, ਇਸ ਤਰ੍ਹਾਂ ਥੋੜ੍ਹਾ ਸੁਖ ਦਾ ਸਾਹ ਆਇਆ ਤੇ ਗਿਆਨੀ ਜੀ ਦਾ ਚਾਰ ਹਜ਼ਾਰ ਰੁਪਿਆ ਆਹਿਸਤਾ-ਆਹਿਸਤਾ ਆਪਣੀਆਂ ਤਨਖਾਹਾਂ ਵਿੱਚੋਂ ਦਿੱਤਾ।

■

ਸਿੱਖ ਕਤਲੇਆਮ ਦਾ ਸੰਤਾਪ?

-ਸ. ਕਰਤਾਰ ਸਿੰਘ ਨੀਲਧਾਰੀ

ਜੋ ਵੀ ਹੋਵੇ ਸਰਕਾਰ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤਕ ਜਾਰੀ ਰੱਖੀ ਹੋਈ ਹੈ। ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਗੁਆਂਢੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ। ਦੰਗਈ ਦਸਤੇ ਕਿਸ ਤਰ੍ਹਾਂ ਸੰਗਠਿਤ ਕੀਤੇ ਗਏ ਸਨ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਦਿੱਲੀ ਦੇ ਦੰਗਿਆਂ ਵਿਚ ਭਜਨ ਲਾਲ ਨੇ ਸਰਕਾਰੀ ਮਸ਼ੀਨਰੀ ਦੀ ਕੁਵਰਤੋਂ ਤੋਂ ਵੀ ਗੁਰੇਜ਼ ਨਾ ਕੀਤਾ।

ਸੰਨ ੧੯੮੪ ਦਾ ਸਾਲ ਸਿੱਖ ਕੌਮ ਦੇ ਇਤਿਹਾਸ ਵਿਚ ਅਠਾਰ੍ਹਵੀਂ ਸਦੀ ਦੇ ਘੱਲੂਘਾਰਿਆਂ ਨੂੰ ਵੀ ਮਾਤ ਪਾ ਗਿਆ ਹੈ। ਇਹ ਦਰੁੱਸਤ ਹੈ ਕਿ ਪੰਜਾਬ ਦਾ ਖਾੜਕੂਵਾਦ ਕਾਲ-ਚੱਕਰ ਨੂੰ ਉਲਟਾ ਘੁਮਾ ਕੇ ਅਠਾਰ੍ਹਵੀਂ ਸਦੀ ਵਿਚ ਪਹੁੰਚਾ ਰਿਹਾ ਸੀ ਪਰ ਇਹ ਵੀ ਹਕੀਕਤ ਹੈ ਕਿ ਅਜੋਕੀ ਹਕੂਮਤ ਨੇ ਵੀ ਅਬਦਾਲੀ ਵਾਲੀ ਮਾਨਸਿਕਤਾ ਦਾ ਕਰੂਰ ਪ੍ਰਮਾਣ ਪੇਸ਼ ਕੀਤਾ ਸੀ। ਅਖੌਤੀ ਬਲਿਊ ਸਟਾਰ ('ਨੀਲਾ ਤਾਰਾ' ਨਾਮ ਅਕਾਲੀ ਪੰਥ ਦੇ ਨੀਲੇ ਬਾਣੇ ਦੇ ਨਿਸ਼ਾਨੇ ਨਾਲ ਧਰਿਆ ਗਿਆ ਸੀ) ਅਪ੍ਰੇਸ਼ਨ ਉਹ ਮਾਨਸਿਕਤਾ ਦਾ ਹਿਰਦੇਹੀਣ ਪਰ ਸੰਗਠਿਤ ਸ਼ਕਤੀ-ਪ੍ਰਦਰਸ਼ਨ ਸੀ, ਜਿਸ ਦੇ ਜ਼ਖ਼ਮ ਹੰਦਾਲ (ਨਿਰੰਜਨ ਰਾਇ), ਗੰਗੂ ਰਸੋਈਆ ਤੇ ਲਖਪਤ ਰਾਏ ਵਰਗਿਆਂ ਨੇ ਕਈ ਵਾਰ ਦਿੱਤੇ ਸਨ। ਇਸ ਬਲ-ਪ੍ਰਦਰਸ਼ਨ ਦੀ ਨਾਇਕਾ (ਜਾਂ ਖਲਨਾਇਕਾ) ਦੀ ਜਜ਼ਬਾਤੀ ਰੌਂਅ ਵਿਚ ਖੇਡਦੀ ਮੌਤ ਨੇ ਅਰਾਜਕਤਾ ਦਾ ਤਾਂਡਵ ਰੂਪ ਧਾਰ ਕੇ ਪਰ ਸੰਗਠਿਤ ਢੰਗ ਨਾਲ ਸਿੱਖ ਕੌਮ ਦੇ ਕਤਲੇਆਮ ਦੇ ਛੜਯੰਤ੍ਰ ਨੂੰ ਨੇਪਰੇ ਚਾੜ੍ਹਿਆ।

ਪਾਠਕਾਂ ਦੀ ਯਾਦ ਨੂੰ ਕੁਰੇਦ ਕੇ ੧੯੮੪ ਦੇ ਮਾਰਚ ਮਹੀਨੇ ਦੇ ਸਪਤਾਹਿਕ 'ਹਿੰਦੁਸਤਾਨ' (ਹਿੰਦੀ) ਦੇ ਇਕ ਅੰਕ ਵਿਚ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਲੇਖ ਵਿਚ ਪੰਜਾਬ ਨਾਲ ਹੋ ਰਹੀ ਬੇਇਨਸਾਫੀ ਤੇ ਧੱਕੇਸ਼ਾਹੀ ਦੇ ਵੇਰਵੇ ਦੇ ਕੇ ਇੰਦਰਾ ਗਾਂਧੀ ਨੂੰ ਸੁਚੇਤ ਕੀਤਾ ਸੀ ਕਿ ਪੰਜਾਬ ਦੀ ਅੱਗ ਨਾਲ ਸੇਕੀ ਜਾ ਰਹੀ ਵੋਟਾਂ ਦੀ ਰੋਟੀ ਇੰਦਰਾ ਗਾਂਧੀ ਨੂੰ ਮਹਿੰਗੀ ਪਵੇਗੀ। ਇਸੇ ਸਾਲ 'ਇੰਡੀਆ ਟੂਡੇ' ਦੇ ਇਕ ਸਤੰਬਰ ਅੰਕ ਵਿਚ ਨਾਗਪੁਰ ਵਿਚ ਹੋਏ ਯੂਥ ਕਾਂਗਰਸ ਦੇ ਸੰਮੇਲਨ ਦਾ ਵੇਰਵਾ ਛਪਿਆ ਸੀ। ਇਸ ਸੰਮੇਲਨ ਦਾ ਮੁਖੀਆ ਰਾਜੀਵ ਗਾਂਧੀ ਸੀ ਅਤੇ ੩੬੦੦੦ ਡੈਲੀਗੇਟਾਂ ਲਈ ਇੰਤਜ਼ਾਮ ਕੀਤਾ ਗਿਆ ਸੀ। ਇਸ ਵਿਚ ੪੭੦੦੦ ਡੈਲੀਗੇਟ ਆਉਣ ਦਾ ਕਿਆਸ ਲਗਾਇਆ ਗਿਆ ਸੀ ਤੇ ਇਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਿੱਖਾਂ ਨਾਲ ਨਜਿੱਠਣ ਦੀ ਵਿਸ਼ੇਸ਼ ਦੀਖਿਆ ਦਿੱਤੀ ਗਈ ਸੀ। ਇੱਥੇ ਜਲਨਸ਼ੀਲ, ਸਫੈਦ ਪਾਊਡਰ (ਸਫੈਦ ਫਾਸਫੋਰਸ) ਦੀ ਵਰਤੋਂ ਦੀ ਸੁਰੱਖਿਆਤਮਕ ਟੈਕਨੀਕ ਸਿਖਾਈ ਗਈ ਸੀ। ਨਾਗਪੁਰ ਦੇ ਇਸ ਸੰਮੇਲਨ ਦਾ ਇਕ ਮੁੱਖ ਵਕਤਾ ਤੇ ਪ੍ਰੇਰਨਾ-ਸ੍ਰੋਤ ਭਜਨ ਲਾਲ ਸੀ, ਜੋ ੧੯੮੨ ਈ: ਦੀ ਏਸ਼ਿਆਈ ਖੇਡਾਂ

ਸਮੇਂ ਹਰਿਆਣੇ ਵਿੱਚੋਂ ਗੁਜ਼ਰਦੇ ਵੱਡੇ-ਛੋਟੇ ਸਿੱਖਾਂ ਦੀ ਪਗੜੀ ਉਛਾਲ ਚੁੱਕਿਆ ਸੀ। ਮਈ ੧੯੮੪ ਵਿਚ ਪੰਜਾਬ ਕੇਸਰੀ ਗਰੁੱਪ ਦੇ ਲਾਲਾ ਜਗਤ ਨਾਰਾਇਣ ਦੇ ਪੁੱਤਰ ਸ੍ਰੀ ਰਮੇਸ਼ ਚੰਦ ਦੇ ਕਤਲ ਤੋਂ ਬਾਅਦ ਹਰਿਆਣੇ ਵਿਚ ਸਿੱਖਾਂ ਨਾਲ ਜੋ 'ਮੀਰ ਮਨੂੰ ਸ਼ਾਹੀ' ਕੀਤੀ ਗਈ ਸੀ, ਉਹ ਆਦਰਸ਼ ਨਾਗਪੁਰ ਦੇ ਡੈਲੀਗੇਟਾਂ ਲਈ ਵੱਡਾ ਅਨੁਭਵ ਤੇ ਪ੍ਰੇਰਨਾ-ਸ੍ਰੋਤ ਸੀ।

ਯੂਥ ਕਾਂਗਰਸ ਦੇ ਡੈਲੀਗੇਟਾਂ ਨੂੰ ਅਰਾਜਕਤਾ ਪ੍ਰਦਰਸ਼ਨ ਲਈ ਨਾਗਪੁਰ ਵਿਚ ਜੋ ਖੁੱਲ੍ਹ ਮਿਲੀ ਉਸ ਨਾਲ ਰੈੱਡ ਲਾਈਟ ਏਰੀਆ ਦੀ ਧੰਦੇਬਾਜ਼ ਇਸਤਰੀਆਂ ਵੀ ਤੋਬਾ ਕਰ ਕੇ ਚਕਲੇ ਛੱਡ ਗਈਆਂ। ਵਾਪਸੀ ਯਾਤਰਾ ਵਿਚ ਇਨ੍ਹਾਂ ਡੈਲੀਗੇਟਾਂ ਨੇ ਰੇਲਵੇ ਸਫਰਾਂ ਵਿਚ ਧੋਤੀਆਂ, ਸਾੜੀਆਂ ਦੇ ਜੋ ਢੇਰ ਬਣਾਏ ਉਨ੍ਹਾਂ ਦੇ ਸਮਾਚਾਰ ਰੋਕੇ ਜਾਣ ਦੇ ਬਾਵਜੂਦ ਵੀ ਉਸ ਸਮੇਂ ਦੇ ਅਖ਼ਬਾਰਾਂ ਵਿਚ ਤਰਾਸ਼ੇ ਤੇ ਤਲਾਸ਼ੇ ਜਾ ਸਕਦੇ ਹਨ। ਇਹ ਪਿਛੋਕੜ ਦੇਣ ਦਾ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਵੱਲੋਂ ਪੂਰੀ ਤਿਆਰੀ ਸੀ ਕਿ ਖਾੜਕੂਆਂ ਰਾਹੀਂ ਕਿਸੇ ਲੀਡਰ ਦੀ ਹੱਤਿਆ ਤੋਂ ਬਾਅਦ ਪੰਜਾਬ ਤੋਂ ਬਾਹਰਲੇ ਸਿੱਖਾਂ ਨਾਲ ਕਿਵੇਂ ਨਜਿੱਠਣਾ ਹੈ। ਇਹ ਮੌਕਾ ਅਕਤੂਬਰ ਦੇ ਅਖੀਰ ਵਿਚ ਮਿਲ ਗਿਆ ਤੇ ਕਤਲ ਹੋਣ ਵਾਲੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਗਪੁਰ ਸੰਮੇਲਨ ਦੇ ਆਯੋਜਕ ਰਾਜੀਵ ਗਾਂਧੀ ਦੀ ਮਾਂ ਸੀ।

ਇੰਦਰਾ ਗਾਂਧੀ ਦੇ ਰਾਜ ਵਿਚ ਸੰਜੈ ਗਾਂਧੀ ਦੇ ਮੁੰਡਾ-ਗੁੰਡਾ ਤੱਤਾਂ ਨਾਲ ਜੁੜੇ ਸੁਆਰਥੀ ਲੋਕਾਂ ਨੇ ਰਾਜੀਵ ਗਾਂਧੀ ਦੀ ਨ-ਤਜ਼ਰਬੇਕਾਰੀ ਰਾਹੀਂ ਸੁਆਰਥਸਿਧੀ ਦਾ ਜੋ ਢੰਗ ਵਰਤਿਆ ਸੀ, ਉਸ ਭਾਵਨਾ ਨਾਲ ਉਹ ਨਾਗਪੁਰ ਸੰਮਲੇਨ ਵਿਚ ਸ਼ਰੀਕ ਹੋਏ ਸਨ। ਇਨ੍ਹਾਂ ਲੋਕਾਂ ਨੇ ਅਗਵਾਈ ਦੇ ਕੇ ਸਿੱਖਾਂ ਦੇ ਕਤਲੇਆਮ ਦਾ ਆਗਾਜ਼ ਕਰ ਦਿੱਤਾ। ਉਸ ਵਕਤ ਗ੍ਰਿਹ ਮੰਤਰੀ ਨਰਸਿਮਾ ਰਾਓ ਸੀ, ਸਾਰੀਆਂ ਜ਼ਿੰਮੇਵਾਰੀਆਂ ਨੂੰ ਭੁਲਾ ਕੇ ਸ਼ਾਇਦ ਗੁਪਤ ਰੂਪ ਵਿਚ ਕਾਤਲਾਂ ਨੂੰ ਹੀ ਨਿਰਦੇਸ਼ ਦੇ ਰਿਹਾ ਸੀ। ਜੋ ਵੀ ਹੋਵੇ ਇਸ ਨੇ ਪੂਰੀ ਕੋਤਾਹੀ ਨਾਲ ਹਾਲਾਤ ਨੂੰ ਕਾਬੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਇਸ ਕਤਲੇਆਮ ਨੂੰ ਹਿੰਦੂ-ਸਿੱਖ ਦੰਗਿਆਂ ਦਾ ਚੋਗਾ ਪੁਆਉਣ ਦੀ ਕੋਸ਼ਿਸ਼ ਅੱਜ ਤਕ ਜਾਰੀ ਰੱਖੀ ਹੋਈ ਹੈ। ਵਾਸਤਵ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਨਾਲ ਹਰ ਸੰਭਵ ਤਰੀਕੇ ਨਾਲ ਹਿੰਦੂ ਗੁਆਂਢੀਆਂ ਨੇ ਸਿੱਖਾਂ ਦੀ ਹਿਫ਼ਾਜਤ ਦਾ ਹੀਲਾ ਕੀਤਾ ਸੀ।

ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਕਤਲ ਹੋ ਜਾਵੇ ਅਤੇ ਉਸ ਦਾ ਪੁੱਤਰ ਨਵੇਂ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਕਾਤਲਾਂ ਦੀ ਪੂਰੀ ਕੌਮ ਨਾਲ ਬਦਲੇ ਦੀ ਭਾਵਨਾ ਨਾਲ ਤਿਲਮਿਲਾ ਰਿਹਾ ਹੋਵੇ, ਉਸ ਸਮੇਂ ਸਭ ਤੋਂ ਨਜ਼ਦੀਕੀ ਹੋਮ ਮਨਿਸਟਰ ਨੂੰ 'ਨਿਮਕ ਹਲਾਲੀ' ਦਿਖਾਉਣ ਦਾ ਵਧੀਆ ਮੌਕਾ ਮਿਲਿਆ ਸੀ। ਢਾਈ ਦਿਨਾਂ ਵਿਚ ਸਿੱਖ ਕੌਮ ਦੇ ਸਿਰ ਇੰਨੇ ਸਸਤੇ ਹੋ ਗਏ ਜਿੰਨੇ ਸ਼ਾਇਦ ਮੁਗ਼ਲੀਆ ਹਕੂਮਤ ਤੇ ਅਫਗਾਨ ਹਮਲਾਵਰਾਂ ਦੇ ਰਾਜ ਵਿਚ ਵੀ ਨਾ ਹੋਏ ਹੋਣ। ਮੁਗ਼ਲ ਤੇ ਪਠਾਣਾਂ ਦੇ ਢਾਈ ਸੌ ਸਾਲ ਦੇ ਜ਼ੁਲਮ ਦੇ ਕਾਰਨਾਮੇ ਇਨ੍ਹਾਂ ਢਾਈ ਦਿਨਾਂ ਵਿਚ ਫਿੱਕੇ ਪੈ ਗਏ। ਸੁਤੰਤਰ, ਤਥਾਕਥਿਤ ਧਰਮ-ਨਿਰਪੱਖ ਦੇ ਪਰਜਾਤੰਤਰੀ ਸਿਸਟਮ ਦੇ ਸਮਾਨ ਅਧਿਕਾਰਾਂ ਵਾਲੇ ਦੇਸ਼ ਵਿਚ, ਅੱਜ ਵੀ ਕਤਲੇਆਮ ਕਰਾਉਣ ਵਾਲੇ ਸ਼ਰ੍ਹੇਆਮ ਦਨਦਨਾ ਰਹੇ ਹਨ। ਜ਼ੁਲਮੋ-ਸਿਤਮ ਦੇ ਕਹਿਰ ਦੇ ਸ਼ਿਕਾਰ ਕਈ ਪਰਵਾਰ ਹੀ ਗਰਕ ਹੋ ਗਏ ਸਨ। ਜਿਨ੍ਹਾਂ ਦੀਆਂ ਵਿਧਵਾਵਾਂ ਤੇ ਯਤੀਮ ਬੱਚੇ ਬਚ ਗਏ ਸਨ, ਉਹ ਅੱਜ ਪੰਝੀ ਸਾਲ ਬਾਅਦ ਵੀ ਇਨਸਾਫ ਨਹੀਂ ਪਾ ਸਕੇ। ਇਸ ਦੇਸ਼ ਦੇ ਲੋਕਤੰਤਰੀ ਕਹਾਉਣ ਵਾਲੇ ਸਿਸਟਮ ਦਾ ਇਸ ਤੋਂ ਵੱਡਾ ਤੇ ਕੋਝਾ ਮਜ਼ਾਕ ਹੋਰ ਕੀ ਹੋ ਸਕਦਾ ਹੈ'? ■

ਬਲਿਊ ਸਟਾਰ ਬਨਾਮ ਬੋਦੀ ਵਾਲਾ ਤਾਰਾ

-ਸ. ਕਿਰਪਾਲ ਸਿੰਘ

"ਸਾਹਿਬ ਜੀ, ਤੁਸੀਂ ਕੋਈ ਖ਼ਬਰ ਸੁਣੀ ਹੈ?"

"ਕਿਹੀ ਖ਼ਬਰ?" ਮੈਂ ਉਸ ਨੂੰ ਉਤਸੁਕਤਾ ਨਾਲ ਪੁੱਛਿਆ।

"ਇੰਦਰਾ ਗਾਂਧੀ ਨੂੰ ਗੋਲੀ ਮਾਰ ਦਿੱਤੀ।"

"ਕਿਸ ਨੇ?"

"ਕਹਿੰਦੇ ਹਨ ਕਿ ਦੋ ਸਿੱਖਾਂ ਨੇ ਮਾਰੀ ਹੈ। ਇਹ ਖ਼ਬਰ ਟੀ. ਵੀ. ਅਤੇ ਰੇਡੀਓ ਉੱਤੇ ਮੁੜ-ਮੁੜ ਕੇ ਦੁਹਰਾਈ ਜਾ ਰਹੀ ਹੈ।" ਇਹ ਸ਼ਬਦ ਮੇਰੇ ਸੇਵਾਦਾਰ ਦੇ ਸਨ, ਜਿਹੜਾ ਮੈਨੂੰ ਟਰੇਨ 'ਤੇ ਚੜ੍ਹਾਉਣ ਲਈ ਆਇਆ ਸੀ ਅਤੇ ਮੇਰੇ ਵੱਲੋਂ ਬੈਂਚ 'ਤੇ ਬੈਠ ਕੇ ਕੋਈ ਮੈਗਜ਼ੀਨ ਪੜ੍ਹਨ ਲੱਗ ਜਾਣ ਕਰ ਕੇ ਪਲੇਟਫ਼ਾਰਮ 'ਤੇ ਇਧਰ-ਉਧਰ ਤੁਰਨ- ਫਿਰਨ ਨਿਕਲ ਗਿਆ ਸੀ। ਉਹ ਉਧਰੋਂ ਖ਼ਬਰ ਲੈ ਕੇ ਮੁੜਿਆ ਸੀ।

ਮੇਰੇ ਹੱਥਾਂ ਵਿਚ ਕਿਤਾਬ ਫੜੀ ਦੀ ਫੜੀ ਰਹਿ ਗਈ। ਮੈਂ ਉਸ ਦੇ ਚਿਹਰੇ ਵੱਲ ਵੇਖ ਰਿਹਾ ਸਾਂ। ਇਸੇ ਵੇਲੇ ਦੋ-ਤਿੰਨ ਕੁੱਲੀ ਸਾਡੇ ਕੋਲ ਦੀ ਲੰਘੇ। ਉਹ ਮੇਰੇ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰ-ਘੂਰ ਵੇਖਦੇ ਲੰਘ ਗਏ। ਮੇਰੀ ਨਜ਼ਰ ਉਨ੍ਹਾਂ ਦਾ ਪਿੱਛਾ ਕਰਨ ਲੱਗੀ। ਉਨ੍ਹਾਂ ਪਿੱਛੇ ਪਰਤ ਕੇ ਫਿਰ ਮੇਰੇ ਵੱਲ ਵੇਖਿਆ। ਲੱਗਾ ਜਿਵੇਂ ਉਹ ਮੇਰੇ ਬਾਰੇ ਹੀ ਗੱਲਾਂ ਕਰ ਰਹੇ ਸਨ।

"ਸਾਹਿਬ ਜੀ! ਟੀ. ਵੀ. 'ਤੇ ਖ਼ੂਨ ਦਾ ਬਦਲਾ ਖ਼ੂਨ ਦੇ ਨਾਹਰੇ ਲੱਗ ਰਹੇ ਨੇ।"

ਮੇਰੇ ਜਿਸਮ ਵਿਚ ਭੈਅ ਦੀ ਕੰਬਣੀ ਥਿਰਕੀ।

ਕੁਝ ਮੁਸਾਫ਼ਿਰ ਪਹਿਲਾਂ ਵੀ ਬੜੇ ਗਹੁ ਵੱਲ ਮੇਰੇ ਵੱਲ ਵੇਖਦੇ ਲੰਘੇ ਸਨ। ਹੁਣ ਮੈਨੂੰ ਮੇਰੇ ਵੱਲ ਹਰ ਆਉਂਦੇ-ਜਾਂਦੇ ਵੱਲੋਂ ਓਪਰਾ-ਓਪਰਾ ਦੇਖਣ ਦਾ ਸਬੱਬ ਪਤਾ ਲੱਗ ਗਿਆ ਸੀ। ਮੈਂ ਸੇਵਾਦਾਰ ਨੂੰ ਕਿਹਾ ਕਿ ਆਪਣਾ ਸਾਮਾਨ ਚੁੱਕਵਾ ਕੇ ਪਹਿਲੀ ਸ਼੍ਰੇਣੀ ਦੇ ਵੇਟਿੰਗ ਰੂਮ ਵਿਚ ਲੈ ਚੱਲੇ। ਸਾਰੇ ਵਾਤਾਵਰਨ ਵਿਚ ਸੋਗਮਈ ਲਹਿਰ ਘੁਲੀ ਹੋਈ ਸੀ। ਕਿਤੇ ਵੀ, ਕੁਝ ਵੀ ਮੰਦਾ ਵਾਪਰ ਜਾਣ ਦਾ ਪੂਰਾ ਭੈਅ ਸੀ। ਕਿਸੇ ਅਣਕਿਆਸੀ ਸਥਿਤੀ ਨਾਲ ਦੋ-ਚਾਰ ਹੋਣ ਲਈ ਮੈ ਸੂਟਕੇਸ ਵਿੱਚੋਂ ਆਪਣਾ ਪਿਸਟਲ ਕੱਢਿਆ ਅਤੇ ਉਸ ਦੇ ਦੋਵੇਂ ਮੈਗਜ਼ੀਨ ਭਰ ਲਏ ਤੇ ਆਪਣੇ ਆਪ ਨੂੰ ਕੁਝ-ਕੁਝ ਸੁਰੱਖਿਅਤ ਅਨੁਭਵ ਕੀਤਾ।

ਇਹ ਦ੍ਰਿਸ਼ ਕਲਕੱਤੇ ਦੇ ਹਾਵੜਾ ਰੇਲਵੇ ਪਲੇਟਫ਼ਾਰਮ ਦਾ ਸੀ।

ਅਕਤੂਬਰ ੧੯੮੪ ਵਿਚ ਮੇਰੀ ਬਦਲੀ ਕਲਿਆਣੀ (ਬੰਗਾਲ) ਤੋਂ ਅੰਮ੍ਰਿਤਸਰ (ਪੰਜਾਬ) ਦੀ ਹੋ ਗਈ। ਸੀ ਇਹ ਆਰਜੀ ਬਦਲੀ ਹੀ। ਉੱਥੇ ਮੈਂ ਬੀ ਐੱਸ ਐੱਫ ਦੇ ਦੁਰਗਿਆਨਾ ਮੰਦਰ ਦੇ ਏਰੀਏ ਵਿਚ ਇਕ ਬਟਾਲੀਅਨ ਹੈੱਡਕੁਆਰਟਰ ਵਿਚ ਐਡਜੂਟੈਂਟ ਦੇ ਫਰਜ਼ ਨਿਭਾਉਣੇ ਸਨ। ਚੋਟੀ ਦੇ ਲੀਡਰਾਂ ਨੂੰ ਕਤਲ ਕਰ ਦੇਣ ਦੀਆਂ ਕਈ ਪ੍ਰਕਾਰ ਦੀਆਂ ਭਿਆਨਕ ਅਫਵਾਹਾਂ ਆਮ ਹੀ ਸੁਣੀਆਂ ਜਾਂਦੀਆਂ ਸਨ। ਅਜਿਹੀਆਂ ਹਾਲਤਾਂ ਵਿਚ ਅਰਾਜਕਤਾ ਦਾ ਫੈਲ ਜਾਣਾ ਪੂਰਾ ਸੰਭਵ ਹੁੰਦਾ ਹੈ ਤੇ ਅਮਨ-ਕਾਨੂੰਨ ਕਾਇਮ ਰੱਖਣ ਵਾਲੀਆਂ ਏਜੰਸੀਆਂ ਲਈ ਇਹ ਔਖੀ ਘੜੀ ਦਾ ਸਮਾਂ ਹੁੰਦਾ ਹੈ। ਸੋ ਅਰਧ ਸੈਨਿਕ ਅਫਸਰਾਂ ਲਈ ਪੰਜਾਬ ਦੀ ਪੋਸਟਿੰਗ ਕੋਈ ਬਹੁਤੀ ਚੰਗੀ

ਨਹੀਂ ਸੀ ਮੰਨੀ ਜਾ ਸਕਦੀ।

ਵੈਸੇ ਬੰਗਾਲ ਵੀ ਮੇਰੇ ਲਈ ਸੁਖਾਵਾਂ ਨਹੀਂ ਸੀ ਰਿਹਾ। ਲੱਖ ਪ੍ਰਹੇਜ਼ ਵਰਤਣ 'ਤੇ ਵੀ ਸਿਹਤ ਠੀਕ ਨਹੀਂ ਸੀ ਰਹਿੰਦੀ। ਕੋਈ ਨਾ ਕੋਈ ਰੋਗ ਮੈਨੂੰ ਘੇਰੀ ਹੀ ਰੱਖਦਾ ਸੀ। ਸਰੀਰ ਵਿਚ ਸੱਤਿਆ ਜਿਹੀ ਨਹੀਂ ਸੀ ਅਨੁਭਵ ਹੁੰਦੀ। ਕੋਈ ਵੀ ਫਰਜ਼ ਪੂਰੀ ਤਰ੍ਹਾਂ ਮੇਰੇ ਕੋਲੋਂ ਨਿਭਾ ਨਹੀਂ ਸੀ ਹੋ ਰਿਹਾ। ਬੰਗਾਲ ਵਿਚ ਮੇਰੇ ਪਹੁੰਚਣ ਤੋਂ ਪਹਿਲੋਂ ਮੇਰੇ ਮਿਹਨਤੀ, ਸੱਚਾ-ਸੁੱਚਾ ਹੋਣ ਦੀ ਪਹੁੰਚੀ ਸਾਰੀ ਹਵਾ ਮਿੱਟੀ ਵਿਚ ਮਿਲ ਗਈ ਸੀ। ਮੇਰੀ ਅਜਿਹੀ ਕਾਰਗੁਜ਼ਾਰੀ ਕਾਰਨ ਮੇਰੇ ਕੋਲੋਂ ਮੇਰੇ ਉੱਚ ਅਧਿਕਾਰੀਆਂ ਦਾ ਮਾਯੂਸ ਹੋ ਜਾਣਾ ਪੂਰਾ ਸੰਭਵ ਅਤੇ ਜਾਇਜ਼ ਸੀ। ਸਗੋਂ ਮੈਂ ਤਾਂ ਉੱਥੇ ਆਪਣੇ ਆਪ ਨਾਲ ਵੀ ਸੰਤੁਸ਼ਟ ਨਹੀਂ ਸਾਂ। ਸੋ ਸੋਚਿਆ ਗੁਰੂ ਦੀ ਨਗਰੀ ਦਾ ਪਾਣੀ ਪੀ ਕੇ ਸ਼ਾਇਦ ਸਰੀਰ ਦੇ ਸਾਰੇ ਰੋਗ ਕੱਟੇ ਜਾਣ। ਅਖੇ "ਦਿੱਲੀ ਦੇ ਦੁੱਧ ਵਰਗਾ, ਸਾਡੇ ਅੰਬਰਸਰ ਦਾ ਪਾਣੀ"। ਹੈ ਤਾਂ ਇਸ ਸੋਚ ਵਿਚ ਵੀ ਪੂਰੀ ਗੜਬੜ ਸੀ। ਬਲਿਊ ਸਟਾਰ ਦੀ ਸਰਕਾਰੀ ਸੈਨਿਕ ਕਾਰਵਾਈ ਵੇਲੇ ਦਿੱਲੀ ਕਹਿੰਦੀ ਸੀ ਕਿ ਅੰਮ੍ਰਿਤਸਰ ਦਾ ਪਾਣੀ ਪਤਲਾ ਭਾਵ ਗੰਧਲਾ ਹੋ ਗਿਆ ਹੈ ਤੇ ਅੰਮ੍ਰਿਤਸਰ ਕਹਿੰਦਾ ਸੀ ਕਿ ਦਿੱਲੀ ਦਾ ਦੁੱਧ ਫੁੱਟ ਗਿਆ ਹੈ। ਖ਼ੈਰ, ਦੋਸ਼ ਕਿਸੇ ਦਾ ਵੀ ਹੋਵੇ ਪਰ ਇਹ ਸੱਚ ਸੀ ਕਿ ਇਸ ਕਾਰਵਾਈ ਨਾਲ ਹਜ਼ਾਰਾਂ ਨਿਰਦੋਸ਼ਿਆਂ ਦਾ ਘਾਣ ਹੋ ਗਿਆ ਸੀ। ਨਾਲੇ ਮੇਰੇ ਲਈ ਤਾਂ 'ਆਰਡਰ ਇਜ਼ ਆਰਡਰ' ਵਾਲੀ ਗੱਲ ਹੀ ਸੀ। ਉਹ ਤੇ ਮੰਨਣਾ ਹੀ ਪੈਣਾ ਸੀ। ਚਾਹੇ ਹੱਸ ਕੇ ਮੰਨੋ ਤੇ ਚਾਹੇ ਰੋ ਕੇ।

ਇਹ ਗੱਲ 'ਸੱਚ ਸੋਹੇ ਸਿਰ ਪੱਗ' ਵਾਂਗ ਪੂਰੀ ਸੱਚ ਸੀ ਕਿ ਮੇਰੇ ਕਮਾਂਡੈਂਟ ਐੱਸ ਐੱਸ ਕੋਠਿਆਲ ਵਿਚ ਇਹ ਗੁਣ ਸੀ ਕਿ ਉਹ ਆਪਣੇ ਅਧਿਕਾਰੀਆਂ ਕਰਮਚਾਰੀਆਂ ਤੋਂ ਕੰਮ ਕਸਾਈਆਂ ਵਾਂਗ ਲੈਂਦਾ ਸੀ ਅਤੇ ਉਨ੍ਹਾਂ ਦੀ ਦੇਖਭਾਲ ਸਕੇ ਪੁੱਤ-ਭਾਈਆਂ ਵਾਂਗ ਕਰਦਾ ਸੀ। ਕਲਿਆਣੀ ਤੋਂ ਕਲਕੱਤੇ ਦੇ ਹਾਵੜਾ ਰੇਲਵੇ ਸਟੇਸ਼ਨ ਤੀਕਰ ਉਸ ਨੇ ਮੈਨੂੰ ਇਕ ਜੀਪ ਦੇ ਦਿੱਤੀ ਜੋ ਮੈਨੂੰ ਉੱਥੇ ਛੱਡ ਕੇ ਅੱਗੇ ਕੋਈ ਹੋਰ ਡਿਊਟੀ ਕਰ ਕੇ ਵਾਪਿਸ ਆ ਜਾਣੀ ਸੀ ਅਤੇ ਮੇਰੀ ਸਹਾਇਤਾ ਲਈ ਤੇ ਮੈਨੂੰ ਗੱਡੀ ਚੜ੍ਹਾਉਣ ਲਈ ਇਕ ਸੇਵਾਦਾਰ ਵੀ ਨਾਲ ਦਿੱਤਾ ਜਿਸ ਨੇ ਫਿਰ ਰੇਲ ਰਾਹੀਂ ਮੁੜ ਜਾਣਾ ਸੀ।

ਮੈਂ ਲੋੜੀਂਦੇ ਪਲੇਟਫਾਰਮ ਉੱਤੇ ਆਪਣਾ ਸਾਮਾਨ ਰਖਵਾਇਆ ਤੇ ਸ਼ਾਇਦ ਕੋਈ ਮੈਗਜ਼ੀਨ ਪੜ੍ਹਨ ਲੱਗ ਪਿਆ। ਟਰੇਨ ਆਉਣ ਵਿਚ ਅਜੇ ਕਾਫੀ ਸਮਾਂ ਸੀ। ਸੇਵਾਦਾਰ ਸਟੇਸ਼ਨ ਉੱਤੇ ਮਟਰ ਗਸ਼ਤੀ ਕਰਨ ਚਲਾ ਗਿਆ। ਥੋੜ੍ਹੇ ਸਮੇਂ ਪਿੱਛੋਂ ਮੈਂ ਅਨੁਭਵ ਕੀਤਾ ਕਿ ਆਉਂਦੇ-ਜਾਂਦੇ ਸਾਰੇ ਮੁਸਾਫਰ ਤੇ ਕੁਲੀ ਮੇਰੇ ਵੱਲ ਇਸ ਤਰ੍ਹਾਂ ਦੇਖ ਰਹੇ ਸਨ ਜਿਵੇਂ ਉਨ੍ਹਾਂ ਨੇ ਮੈਨੂੰ ਖਾ ਜਾਣਾ ਹੋਵੇ। ਪਰ ਕਿਉਂ? ਇਸ ਕਾਰਨ ਦੀ ਮੈਨੂੰ ਕੋਈ ਸਮਝ ਨਾ ਆਵੇ।

ਉਸੇ ਵੇਟਿੰਗ ਹਾਲ ਵਿਚ ਮੇਰੇ ਨੇੜੇ ਦੀ ਕੁਰਸੀ ਉੱਤੇ ਕੋਈ ਪੰਜਾਹ-ਸੱਠ ਸਾਲ ਦਾ ਹੱਟਾ-ਕੱਟਾ ਇੱਕ ਵਿਅਕਤੀ ਬੈਠਾ ਸੀ। ਉਸ ਦੇ ਭਗਵੇਂ ਕੱਪੜੇ, ਉਸ ਕੋਲ ਕਈ ਪ੍ਰਕਾਰ ਦੀਆਂ ਮਾਲਾਵਾਂ ਆਦਿ ਤੋਂ ਮੈਂ ਉਸ ਦਾ ਕੋਈ ਵੀ ਅਨੁਮਾਨ ਨਾ ਲਾ ਸਕਿਆ ਕਿ ਕੀ ਉਹ ਕੋਈ ਹਿੰਦੂ ਹੈ, ਮੁਸਲਮਾਨ ਹੈ, ਬੋਧੀ ਹੈ, ਜੈਨੀ ਹੈ ਜਾਂ ਜਨਸੰਘੀ ਹੈ। ਉਸ ਦੀ ਬੋਲ-ਚਾਲ ਤੋਂ ਉਸ ਦੇ ਸੂਬੇ ਦਾ ਵੀ ਕੋਈ ਪਤਾ ਨਾ ਲੱਗਿਆ। ਜਾਪਦਾ ਸੀ ਕਿ ਉਹ ਥਾਂ-ਥਾਂ ਭ੍ਰਮਣ ਕਰਨ ਵਾਲਾ ਚੱਕਰਵਰਤੀ ਮੁਸਾਫਰ ਸੀ। ਉਹ ਮੇਰੇ ਨਾਲ ਗੱਲੀਂ ਲੱਗ ਪਿਆ। ਕਹਿੰਦਾ, "ਬੰਗਲਾ ਦੇਸ਼ ਨੂੰ ਵੱਖ ਕਰਨ ਵਾਲੀ 'ਲੋਹ-ਲੇਡੀ ਦਾ ਤੇ ਦੁਰਗਾ ਮਾਤਾ ਦੇ ਰੂਪ ਨੂੰ ਪਹੁੰਚੀ ਇੰਦਰਾ ਗਾਂਧੀ' ਦਾ

ਇਹ ਕੈਸਾ ਅੰਤ? ਪਰ ਸਿੱਖਾਂ ਨੂੰ ਉਹ ਮਾਰਨੀ ਨਹੀਂ ਆਈ।" "ਤੁਹਾਡਾ ਕੀ ਮਤਲਬ?" ਮੇਰੇ ਮੂੰਹੋਂ ਅਚਾਨਕ ਨਿਕਲਿਆ।

"ਜੇ ਸਿੱਖਾਂ ਨੂੰ ਇੰਦਰਾ ਗਾਂਧੀ ਵੱਲੋਂ ਦਰਬਾਰ ਸਾਹਿਬ ਉੱਤੇ ਕੀਤੇ ਗਏ ਹਮਲੇ ਦਾ ਰੋਸ ਸੀ ਜਾਂ ਹਜ਼ਾਰਾਂ ਨਿਰਦੋਸ਼ ਸਰਧਾਲੂਆਂ ਦੇ ਕਤਲ ਕਰਵਾਉਣ ਦਾ ਉਸ ਉੱਤੇ ਦੋਸ਼ ਸੀ ਤਾਂ ਇਹ ਕੰਮ ਕਿਸੇ ਹਿੰਦੂ ਕੋਲੋਂ ਕਰਵਾਉਣਾ ਚਾਹੀਦਾ ਸੀ। ਫਿਰ ਆਹ ਹੋਣ ਵਾਲਾ ਕਹਿਰੀ ਖ਼ੂਨ-ਖ਼ਰਾਬਾ ਨਾ ਹੁੰਦਾ। ਜਦੋਂ ਮਹਾਤਮਾ ਗਾਂਧੀ ਮਾਰਿਆ ਗਿਆ ਸੀ, ਓਦੋਂ ਕਿਉਂ ਨਾ ਕੋਈ ਕੱਟ-ਵੱਢ ਜਾਂ ਲੁੱਟ-ਮਾਰ ਹੋਈ? ਕੀ ਉਹ ਇੰਦਰਾ ਗਾਂਧੀ ਨਾਲੋਂ ਕੋਈ ਛੋਟੇ ਕੱਦ ਦਾ ਲੀਡਰ ਸੀ? ਅਸਲ ਵਿਚ ਇਹ ਇਕ ਹਿੰਦੂ ਵੱਲੋਂ ਦੂਜੇ ਹਿੰਦੂ ਦਾ ਕਤਲ ਕੀਤਾ ਗਿਆ ਸੀ।" ਉਹ ਬੋਲਿਆ

ਪਰ ਮੈਂ ਤਾਂ ਆਪਣੇ ਅੰਦਰ ਇਕ ਹੋਰ ਹੀ ਸੰਘਰਸ਼ ਵਿੱਢੀ ਬੈਠਾ ਸਾਂ। 'ਇਸ ਦੁਖਾਂਤ ਪਿੱਛੋਂ ਪੰਜ-ਸੱਤ ਹਜ਼ਾਰ ਬੇਕਸੂਰੇ ਸਿੱਖਾਂ ਦਾ ਕਤਲ ਹੋ ਜਾਣਾ ਮਾਮੂਲੀ ਪਰ ਪੱਕੀ ਗੱਲ ਹੈ। ਜੇ ਮੈਂ ਅੱਜ ਅੰਮ੍ਰਿਤਸਰ ਲਈ ਸਫਰ ਕਰਦਾ ਹਾਂ ਤਾਂ ਰਾਹ ਵਿਚ ਹੀ ਮੇਰਾ ਮਾਰੇ ਜਾਣਾ ਵੀ ਲੱਗਭਗ ਯਕੀਨੀ ਹੈ। ਜੇ ਮੈਂ ਨਹੀਂ ਜਾਂਦਾ ਤਾਂ ਉਮਰ ਭਰ ਲਈ ਮੇਰੇ ਮੱਥੇ ਉੱਤੇ ਡਰਪੋਕ ਹੋਣ ਦਾ ਜਾਂ ਆਪਣੀ ਡਿਊਟੀ ਉੱਤੇ ਨਾ ਪਹੁੰਚਣ ਦਾ ਸਦੀਵੀ ਦਾਗ਼ ਲੱਗ ਜਾਣ ਦਾ ਡਰ ਸੀ। ਮੈਂ ਦੋਹਾਂ ਪੱਖਾਂ ਦੇ ਕਿੰਤੂ-ਪਰੰਤੂਆਂ ਦੀ ਪੁਣ- ਛਾਣ ਕਰ ਰਿਹਾ ਸਾਂ। ਕਦੀ ਮੇਰਾ ਨਿਰਨਾ ਨਿਕਲਦਾ ਕਿ ਮੈਂ ਹਰ ਹਾਲਤ ਵਿਚ ਆਪਣੀ ਡਿਊਟੀ ਉੱਤੇ ਜਾਵਾਂਗਾ। ਇਸ ਲਈ ਭਾਵੇਂ ਮੈਨੂੰ ਆਪਣੇ ਪ੍ਰਾਣਾਂ ਦੀ ਆਹੂਤੀ ਵੀ ਕਿਉਂ ਨਾ ਦੇਣੀ ਪਵੇ। ਹੋਰ 'ਡੂ ਐਂਡ ਡਾਈ' ਕਾਹਦੇ ਵਾਸਤੇ ਬਣਿਆ ਹੈ। ਪਰ ਕਿਸੇ ਵੀ ਹਾਲਤ ਵਿਚ ਆਪਣੇ ਆਪ ਉੱਤੇ ਡਰਪੋਕ ਦਾ ਲੇਬਲ ਨਹੀਂ ਲੱਗਣ ਦੇਣਾ। ਇਸ ਨਾਲ ਤਾਂ ਸਾਰੇ ਪੰਜਾਬ ਦੀ ਬਹਾਦਰੀ ਦੀ ਬਦਨਾਮੀ ਹੋ ਜਾਏਗੀ ਤੇ ਸਾਰੀ ਸਿੱਖ ਕੌਮ ਦਾ ਸਿਰ ਨੀਵਾਂ ਹੋ ਜਾਏਗਾ।

ਤੇ ਕਦੇ ਮੈਂ ਸੋਚਦਾ ਬਿਨਾਂ ਕਿਸੇ ਪ੍ਰਾਪਤੀ ਦੇ ਮੌਤ ਦੇ ਮੂੰਹ ਵਿਚ ਸਿਰ ਦੇ ਦੇਣਾ ਵੀ ਕੋਈ ਸਿਆਣਪ ਨਹੀਂ ਹੋਇਆ ਕਰਦੀ। ਫਿਰ ਇਹੋ ਹੀ ਕਿਹਾ ਜਾਏਗਾ ਕਿ ਇਸ ਅਫਸਰ ਨੂੰ ਅਜਿਹੇ ਭਿਆਨਕ ਹਾਲਾਤਾਂ ਵਿਚ ਸਫ਼ਰ ਕਰਨ ਦੀ ਮੂਰਖ਼ਤਾ ਨਹੀਂ ਸੀ ਕਰਨੀ ਚਾਹੀਦੀ। ਜਿਸ ਅਫ਼ਸਰ ਨੇ ਸਮੇਂ ਸਿਰ ਆਪਣੇ ਦਿਮਾਗ਼ ਦੇ ਕੋਲੋਂ ਕੰਮ ਹੀ ਨਹੀਂ ਲੈਣਾ ਉਹ ਅਫ਼ਸਰ ਹੀ ਕਾਹਦਾ?'

ਸੋਚਾਂ ਸੋਚਦਿਆਂ ਹੀ ਦਿੱਲੀ ਪੰਜਾਬ ਵੱਲੋਂ ਗੱਡੀਆਂ ਹਾਵੜਾ ਸਟੇਸ਼ਨ ਉੱਤੇ ਪਹੁੰਚਣੀਆਂ ਅਰੰਭ ਹੋ ਗਈਆਂ। ਫਿਰ ਕੁਝ ਸਮੇਂ ਦੀ ਸਾਫ਼-ਸਫਾਈ ਪਿੱਛੋਂ ਉਨ੍ਹਾਂ ਨੇ ਹੀ ਮੋੜਵੇਂ ਸਫ਼ਰ ਉੱਤੇ ਜਾਣਾ ਸੀ ਤੇ ਹਾਵੜਾ-ਅੰਮ੍ਰਿਤਸਰ ਵਾਲੀ ਟਰੇਨ ਮੈਂ ਲੈਣੀ ਸੀ। ਮੈਂ ਮੌਕੇ ਉੱਤੇ ਜਾ ਕੇ ਹੀ ਸਾਰੀ ਸਥਿਤੀ ਦਾ ਜਾਇਜ਼ਾ ਲੈਣਾ ਚਾਹਿਆ। ਆਪਣੇ ਸਾਮਾਨ ਕੋਲ ਸੇਵਾਦਾਰ ਨੂੰ ਬਿਠਾ ਕੇ ਮੈਂ ਪਲੇਟਫਾਰਮ ਉੱਤੇ ਗਿਆ। ਪੰਜਾਬੀ ਜਾਪਦੀ ਇਕ ਬੀਬੀ ਕੋਲੋਂ ਮੈਂ ਸਫਰ ਦਾ ਹਾਲ ਪੁੱਛਿਆ।

"ਵੀਰਾ ਕੁਝ ਨਾ ਪੁੱਛ!", ਉਹ ਤੇ ਮੇਰੇ ਗੱਲ ਕਰਦਿਆਂ ਈ ਫੁੱਟ ਪਈ, "ਗ਼ਦਰ ਪਿਆ ਹੋਇਆ ਹੈ। ਸਿੱਖਾਂ ਨੂੰ ਲੱਭ-ਲੱਭ ਕੇ ਕਤਲ ਕੀਤਾ ਜਾ ਰਿਹਾ ਹੈ। ਸਾਰਾ ਰਸਤਾ ਅਸਾਂ 'ਵਾਹਿਗੁਰੂ! ਵਾਹਿਗੁਰੂ!' ਕਰਦਿਆਂ ਕੱਟਿਆ ਹੈ। ਆਪਣੇ ਆਦਮੀਆਂ ਦੀਆਂ ਗੁੱਤਾਂ ਕਰ ਕੇ, ਉਨ੍ਹਾਂ ਦੇ ਸਿਰ 'ਤੇ ਚਾਦਰਾਂ ਪਾ ਕੇ ਅਤੇ ਘੁੰਡ-ਕਢਾ ਕੇ ਅਸੀਂ ਉਨ੍ਹਾਂ ਨੂੰ ਬਚਾ ਕੇ ਲਿਆਈਆਂ ਹਾਂ। ਵੀਰਾ ਵਾਸਤਾ ਈ, ਤੂੰ ਅਜੇ ਪੰਜਾਬ ਵੱਲ ਨੂੰ ਮੂੰਹ ਨਾ ਕਰੀਂ।"

'ਮੈਂ ਵੀ ਕਿਉਂ ਨਾ ਆਪਣਾ ਹੁਲੀਆ ਬਦਲ ਲਵਾਂ? ਲੋੜ ਪੈਣ ਤੇ ਭੇਸ ਤਾਂ ਸਾਰੇ ਹੀ ਬਦਲ ਲੈਂਦੇ ਹਨ।' ਅਸਲ ਵਿਚ ਅਜੇ ਵੀ ਪੰਜਾਬ ਵੱਲ ਸਫਰ 'ਤੇ ਜਾਣ ਲਈ ਮੇਰਾ ਮਨ ਮੈਨੂੰ ਉਕਸਾ ਰਿਹਾ ਸੀ। 'ਕਿਹੋ ਜਿਹੇ ਦਿਨ ਆ ਗਏ ਨੇ? ਆਪਣੇ ਹੀ ਦੇਸ ਵਿਚ ਸਫਰ ਕਰਨ ਲਈ ਸੌ-ਸੌ ਵੇਰ ਸੋਚਣਾ ਪੈ ਰਿਹਾ ਹੈ।' ਮੇਰਾ ਮਨ ਇਹ ਵੀ ਕਹਿ ਰਿਹਾ ਸੀ, 'ਤੇਰਾ ਕਿਧਰੇ ਵੀ ਕੋਈ ਵਾਲ ਨਹੀਂ ਵਿੰਗਾ ਹੋਣ ਲੱਗਿਆ। ਤੂੰ ਸਦਾ ਹੀ ਔਕੜਾਂ ਵਿੱਚੋਂ ਪਾਰ ਹੁੰਦਾ ਆ ਰਿਹਾ ਹੈਂ। ਜਦੋਂ ੬੨ ਦੀ ਚੀਨ ਨਾਲ ਲੜਾਈ ਲੱਗੀ ਸੀ ਤਾਂ ਤੂੰ ਪਾਕਿਸਤਾਨ ਬਾਰਡਰ ਉੱਤੇ ਸੈਂ। ਜਦੋਂ ੬੫ ਦਾ ਪਾਕਿਸਤਾਨ ਨਾਲ ਯੁੱਧ ਹੋਇਆ ਤਾਂ ਤੂੰ ਚੀਨ ਦੇ ਬਾਰਡਰ ਦੇ ਨੇੜੇ ਡਿਊਟੀ ਕਰ ਰਿਹਾ ਸੈਂ। ੭੧ ਦੀ ਲੜਾਈ ਦੇ ਵਿਚ ਤੈਨੂੰ ਬਾਰਡਰ ਤੋਂ ਹਟਾ ਕੇ ਪਿੱਛੇ ਬਟਾਲੀਅਨ ਦੇ ਰੀਅਰ ਹੈੱਡਕੁਆਰਟਰ ਭੇਜ ਦਿੱਤਾ ਗਿਆ ਸੀ। ਅੱਸੀਵਿਆਂ ਵਿਚ ਜਦੋਂ ਪੰਜਾਬ ਦੇ ਵਿਚ ਭਾਂਬੜ ਬਲਣ ਲੱਗੇ ਤਾਂ ਤੇਰੀ ਪੋਸਟਿੰਗ ਬੰਗਾਲ ਦੀ ਹੋ ਗਈ। ਸ਼ਾਇਦ ਹੁਣ ਪੰਜਾਬ ਵਿਚ ਵੀ ਹਾਲਾਤ ਸੁਖਾਵੇਂ ਹੋ ਜਾਣ।'

ਦੂਜਾ ਮਨ ਇਹ ਵੀ ਬੋਲਦਾ ਸੀ, 'ਸਾਰੇ ਹੀ ਦਿਨ ਐਤਵਾਰ ਨਹੀਂ ਹੋਇਆ ਕਰਦੇ। ਜੇ ਪਿੱਛੇ ਹਰ ਔਕੜ ਤੋਂ ਬਚਦਾ ਰਿਹਾ ਹੈਂ ਤਾਂ ਹੁਣ ਮੂਰਖ਼ਤਾ ਨਾਲ ਆਪਣਾ ਟੱਟੂ ਆਪ ਹੀ ਪਾਰ ਕਰਵਾ ਸਕਦਾ ਹੈਂ। ਸੋ ਹੁਣ ਦਿਲ ਤੋਂ ਨਹੀਂ ਸਗੋਂ ਸੂਝ ਤੋਂ ਕੰਮ ਲੈਣ ਦਾ ਵੇਲਾ ਹੈ।'

ਮੈਂ ਇਸੇ ਉਧੇੜ-ਬੁਣ ਵਿਚ ਉਲਝਿਆ ਨਿੰਮੋਝੂਣਾ ਹੋਇਆ ਤੁਰਿਆ ਜਾ ਰਿਹਾ ਸਾਂ। "ਸਾਹਿਬ ਜੀ ਤੁਸੀਂ ਕਿੱਥੇ ਸੀ? ਮੈਂ ਇਸ ਪਲੇਟਫਾਰਮ ਉੱਤੇ ਵੀਹ ਗੇੜੇ ਮਾਰ ਦਿੱਤੇ ਹਨ ਤੁਹਾਨੂੰ ਲੱਭਦਿਆਂ।" ਇਕ ਬੀ. ਐੱਸ. ਐੱਫ. ਦੀ ਵਰਦੀ ਵਾਲਾ ਜੁਆਨ ਮੇਰੇ ਸਾਹਮਣੇ ਖੜ੍ਹਾ ਸੀ। "ਸੀ. ਓ. ਸਾਹਿਬ ਨੇ ਆਹ ਚਿੱਠੀ ਤੁਹਾਡੇ ਲਈ ਭੇਜੀ ਹੈ।" ਉਸ ਨੇ ਆਪਣੀ ਜੇਬ ਵਿੱਚੋਂ ਇਕ ਬੰਦ ਲਿਫਾਫਾ ਮੇਰੇ ਵੱਲ ਵਧਾਇਆ।

ਮੈਂ ਚਿੱਠੀ ਖੋਲ੍ਹੀ। ਲਿਖਿਆ ਸੀ, "ਤੁਹਾਡੀ ਡਿਪਟੀ ਕਮਾਂਡੈਂਟ ਦੀ ਤਰੱਕੀ ਹੋ ਗਈ ਹੈ। ਵਾਪਿਸ ਆ ਜਾਓ।" ਮੈਂ ਇਕ ਲੰਬਾ ਅਤੇ ਸੁਖ ਦਾ ਸਾਹ ਲਿਆ ਅਤੇ ਚਿੱਠੀ ਲਿਆਉਣ ਵਾਲੇ ਦਾ ਧੰਨਵਾਦ ਕੀਤਾ।

ਪਰ ਅਜੇ ਵੀ ਸਾਰੀਆਂ ਮੁਸੀਬਤਾਂ ਦਾ ਖ਼ਾਤਮਾ ਨਹੀਂ ਸੀ ਹੋਇਆ।

ਮੈਂ ਸਿੱਧਾ ਰੇਲਵੇ ਪੁਲੀਸ ਚੌਕੀ ਵਿਚ ਗਿਆ ਅਤੇ ਮੈਨੂੰ ਮੇਰੇ ਆਈ. ਜੀ. ਜਾਂ ਡੀ. ਆਈ. ਜੀ. ਹੈੱਡ ਕੁਆਰਟਰ ਦੇ ਅਫ਼ਸਰ ਮੈੱਸ ਵਿਚ ਸੁਰੱਖਿਅਤ ਪਹੁੰਚਾਉਣ ਲਈ ਬੇਨਤੀ ਕੀਤੀ। "ਸਾਹਿਬ ਜੀ ਹਾਲਾਤ ਬਹੁਤ ਖਰਾਬ ਹਨ। ਤੁਹਾਡੀ ਸੁਰੱਖਿਅਤਾ ਸਾਡੇ ਵੱਸ ਦੀ ਗੱਲ ਨਹੀਂ ਹੈ। ਹਾਂ ਇੱਥੇ ਸਥਾਨਕ ਵਾਲੰਟੀਅਰ ਸਰਦਾਰਾਂ ਦੀਆਂ ਕੁਝ ਬੱਸਾਂ ਆਉਣ ਵਾਲੀਆਂ ਹਨ। ਉਹ ਤੁਹਾਨੂੰ ਤੁਹਾਡੇ ਠੀਕ ਟਿਕਾਣੇ ਉੱਤੇ ਪਹੁੰਚਾ ਦੇਣਗੇ।" ਉਨ੍ਹਾਂ ਦਾ ਸਪਸ਼ਟ ਉੱਤਰ ਸੀ।

ਘੰਟਾ ਕੁ ਭਰ ਦੀ ਆਸ-ਨਿਰਾਸੀ ਉਡੀਕ ਕਰਨ ਪਿੱਛੋਂ ਕਥਿਤ ਬੱਸਾਂ ਸੱਚਮੁੱਚ ਹੀ ਆ ਗਈਆਂ। ਉਨ੍ਹਾਂ ਨੇ ਬੱਸ ਦੀ ਸਮਰੱਥਾ ਅਨੁਸਾਰ ਸਵਾਰੀਆਂ ਲਈਆਂ। ਇਕੱਲੇ-ਇਕੱਲੇ ਦਾ ਥਹੁ-ਟਿਕਾਣਾ ਨੋਟ ਕੀਤਾ। ਫਿਰ ਚੱਲ ਕੇ ਇਕ ਪਾਸਿਓਂ ਵਾਰੀ ਸਿਰ ਸਵਾਰੀ ਨੂੰ ਉਤਾਰਦੇ ਗਏ ਅਤੇ ਜਦੋਂ ਤੀਕਰ ਉਸ ਵੱਲੋਂ ਸਹੀ ਟਿਕਾਣਾ ਅਤੇ ਅੱਗੇ ਪੂਰੀ ਸੁਰੱਖਿਅਤਾ ਦੀ ਹਾਮੀ ਨਾ ਭਰ ਦਿੱਤੀ ਗਈ ਬੱਸ ਨੂੰ ਇੱਕ ਕਦਮ ਵੀ ਅੱਗੇ ਨਹੀਂ ਤੋਰਿਆ ਤੇ ਮੈਂ ਆਈ. ਜੀ. ਹੈੱਡ ਕੁਆਰਟਰ ਦੇ ਅਫਸਰ ਮੈੱਸ ਵਿਚ ਸੁਰੱਖਿਅਤ ਪਹੁੰਚ ਗਿਆ।

ਜਦੋਂ ਮੈਂ ਇਸ ਭੈਅ ਤੋਂ ਮੁਕਤ ਹੋਇਆ ਤਾਂ ਮੈਨੂੰ ਇਕ ਹੋਰ ਫਿਕਰ ਨੇ ਆ ਦਬੋਚਿਆ। ਅਸਲ ਵਿਚ ਗੱਲ ਇਹ ਸੀ ਕਿ ਮੇਰੇ ਕਾਲਜ ਦੀ ਹਮ-ਜਮਾਤਨ ਕਲਕੱਤੇ ਰਹਿੰਦੀ ਸੀ। ਹੁਣ

ਜਦੋਂ ਮੇਰੀ ਪੋਸਟਿੰਗ ਕਲਕੱਤੇ ਦੇ ਏਰੀਏ ਦੀ ਹੋ ਗਈ ਤਾਂ ਮਨ ਵਿਚ ਇਕ-ਦੂਜੇ ਦਾ ਹਾਲ-ਚਾਲ ਜਾਣਨ ਦੀ ਇੱਛਾ ਪ੍ਰਬਲ ਹੋ ਉੱਠੀ। ਮੇਰੇ ਇਕ ਮਿੱਤਰ ਅਫ਼ਸਰ ਨੇ, ਜਿਸ ਦੀ ਕਲਕੱਤੇ ਵਿਚ ਨੌਕਰੀ ਸੀ, ਕਲਕੱਤੇ ਵਿਚ ਘੁੰਮਣ ਲਈ ਮੈਨੂੰ ਇਕ ਜੀਪ ਦੇ ਦਿੱਤੀ ਅਤੇ ਨਾਲ ਕਲਕੱਤੇ ਦੇ ਚੱਪੇ- ਚੱਪੇ ਤੋਂ ਜਾਣੂ ਇਕ ਜੁਆਨ ਗਾਈਡ ਦੇ ਤੌਰ 'ਤੇ ਨਾਲ ਦੇ ਦਿੱਤਾ। ਉਹ ਮੈਨੂੰ ਪੁੱਛ- ਪੁਛਾ ਕੇ ਉਸ ਦੇ ਘਰ ਲੈ ਗਿਆ। ਜਾਣ-ਪਹਿਚਾਣ ਦੁਹਰਾਈ ਗਈ। ਉਸ ਦੇ ਸਾਰੇ ਹੀ ਬੱਚੇ ਘਰ ਸਨ। ਉਨ੍ਹਾਂ ਦੇ ਵੀ ਦਰਸ਼ਨ-ਦੀਦਾਰੇ ਹੋ ਗਏ। ਮੀਸ਼ਾ ਦੇ ਸ਼ਬਦਾਂ ਵਿਚ ਫਿਰ ਇਕ-ਦੂਜੇ ਦੀ ਖ਼ੈਰ-ਸੁਖ ਮੰਗਦੇ ਜੁਦਾ ਹੋ ਗਏ।

ਹੁਣ ਜਦੋਂ ਕਿ ਮੇਰੇ ਮਨ ਵਿਚ ਪੂਰੇ ਦਾ ਪੂਰਾ ਕਲਕੱਤਾ ਹੀ ਮਾਰੂ ਲਾਟਾਂ ਵਿਚ ਲਟ-ਲਟ ਬਲ ਰਿਹਾ ਸੀ ਤੇ ਮੈਂ ਕਿਵੇਂ ਆਰਾਮ ਨਾਲ ਸੌਂ ਸਕਦਾ ਸਾਂ? ਮੇਰਾ ਮਨ ਕਰੇ ਕਿ ਮੈਂ ਇਕ ਪੰਛੀ ਹੋਵਾਂ ਤੇ ਮਾਰ ਉਡਾਰੀ ਸਾਰੇ ਕਲਕੱਤੇ ਦੀ ਸੁਖ-ਸਾਰ ਲੈ ਆਵਾਂ। ਬੁਕਾਰੋ, ਦਿੱਲੀ, ਕਾਨਪੁਰ ਆਦਿ ਵਿਚ ਸਿੱਖਾਂ ਉੱਤੇ ਮਾਰੂ ਹੱਲਿਆਂ ਦੀਆਂ ਖ਼ਬਰਾਂ ਆ ਰਹੀਆਂ ਸਨ। ਕਲਕੱਤੇ ਵਿਚ ਵੀ ਕਿਧਰੇ-ਕਿਧਰੇ ਅੱਗਾਂ ਲੱਗੀਆਂ ਸਨ। ਪਰ ਜੋਤੀਬਾਸੂ ਦੀ ਸਰਕਾਰ ਨੇ ਇਸ ਉੱਤੇ ਛੇਤੀ ਹੀ ਕਾਬੂ ਪਾ ਲਿਆ।

ਅਗਲੇ ਦਿਨ ਮੇਰੇ ਲਈ ਗੱਡੀ ਅਤੇ ਗਾਰਦ ਤਿਆਰ ਸੀ ਤੇ ਮੈਂ ਉਸ ਰਾਹੀਂ ਆਪਣੇ ਬਟਾਲੀਅਨ ਹੈੱਡ ਕੁਆਰਟਰ ਲਈ ਚੱਲ ਪਿਆ। ਕਲਕੱਤਾ ਛੱਡਣ ਤੋਂ ਪਹਿਲੋਂ ਮੈਂ ਸਿੱਖਾਂ ਦੀ ਅਬਾਦੀ ਵੱਲ ਇਕ ਚੱਕਰ ਲਾਇਆ ਜਿੱਥੇ ਜਾ ਕੇ ਪਤਾ ਚੱਲਿਆ ਕਿ ਉਸ ਇਲਾਕੇ ਵਿਚ ਸਭ ਸੁਖ-ਸ਼ਾਂਤੀ ਸੀ ਅਤੇ ਉੱਥੇ ਕੋਈ ਵੀ ਮੰਦਭਾਗੀ ਘਟਨਾ ਨਹੀਂ ਸੀ ਵਾਪਰੀ। ਸ਼ਾਇਦ ਮਨ ਵਿਚ ਅਖ਼ੀਰਲਾ ਫਿਕਰ ਵੀ ਹੁਣ ਧੋਤਾ ਗਿਆ।

ਮੇਰੇ ਬਟਾਲੀਅਨ ਹੈੱਡ ਕੁਆਰਟਰ ਕਲਿਆਣੀ ਵਿਚ ਪਹੁੰਚਣ ਤੋਂ ਪਿੱਛੋਂ ਉੱਥੇ ਸਥਾਨਕ ਥਾਣੇ ਦਾ ਥਾਣੇਦਾਰ ਆਇਆ ਅਤੇ ਉਸ ਨੇ ਦੱਸਿਆ ਕਿ ਸਿੱਖਾਂ ਦੇ ਪੱਚੀ ਟਰੱਕ ਥਾਣੇ ਦੇ ਅੱਗੇ ਖੜ੍ਹੇ ਹਨ। ਉਨ੍ਹਾਂ ਦੀ ਰਾਖੀ ਹੁਣ ਤੀਕਰ ਥਾਣੇ ਨੇ ਕੀਤੀ ਹੈ ਤੇ ਹੁਣ ਅਸੀਂ ਹੋਰ ਰਾਖੀ ਨਹੀਂ ਕਰ ਸਕਦੇ। ਜੇ ਆਗਿਆ ਹੋਵੇ ਤਾਂ ਉਨ੍ਹਾਂ ਨੂੰ ਤੁਹਾਡੇ ਕੈਂਪਸ ਵਿਚ ਛੱਡ ਜਾਈਏ। ਸਾਡੇ ਕਮਾਂਡੈਂਟ ਨੇ ਆਗਿਆ ਦੇ ਦਿੱਤੀ। ਸੋ ਪੱਚੀ ਤੋਂ ਕਰਦੇ-ਕਰਦੇ ਲੱਗਭਗ ੫੦ ਟਰੱਕ ਸਾਡੇ ਕੋਲ ਆ ਗਏ। ਉਨ੍ਹਾਂ ਸਾਰਿਆਂ ਦੀ ਸੁਰੱਖਿਅਤਾ ਦਾ ਅਤੇ ਖਾਣ-ਪੀਣ, ਰਹਿਣ-ਸਹਿਣ ਦਾ ਪ੍ਰਬੰਧ ਕਰ ਕੇ ਉਸ ਥਾਂ ਤੋਂ ਅਸੀਂ ਵਾਪਸ ਆ ਹੀ ਰਹੇ ਸੀ ਕਿ ਸਾਡਾ ਇਕ ਸਾਥੀ ਬੰਗਾਲੀ ਅਫਸਰ, ਜਿਸ ਨੇ ਡਰਿੰਕ ਕੀਤੀ ਹੋਈ ਸੀ, ਚੁੱਪ-ਚੁਪੀਤੀ ਰਾਤ ਅੰਦਰ ਉਸ ਨੇ ਇਕ ਉੱਚੀ ਚੀਕ ਮਾਰੀ, "ਮਾਰ ਦਿੱਤੀ ਉਏ ਪੂਅਰ ਲੇਡੀ!"

ਇਹ ਸੁਣ ਕੇ ਅਸੀਂ ਸਾਰੇ ਹੀ ਹੱਕੇ-ਬੱਕੇ ਹੋ ਗਏ।

"ਸਾਲਾ ਪਾਗਲ ਅਫਸਰ ਹੈ। ਬਿਗੜੀ ਹੋਈ ਸਥਿਤੀ ਨੂੰ ਹੋਰ ਬਿਗਾੜਨ ਨੂੰ ਫਿਰਦੈ।" ਬਟਾਲੀਅਨ ਦਾ ਟੂ-ਆਈ. ਸੀ. ਬੋਲਿਆ।

ਕੀ ਉਸ ਨੂੰ ਇੰਦਰਾ ਗਾਂਧੀ ਦੇ ਮਾਰੇ ਜਾਣ ਦਾ ਦੁੱਖ ਸੀ ਜਾਂ ਫਿਰ ਇਨ੍ਹਾਂ ਸਿੱਖ ਡਰਾਈਵਰਾਂ ਨੂੰ ਆਪਣੀ ਸਾਂਭ-ਸੰਭਾਲ ਵਿਚ ਲੈ ਲੈਣ ਦਾ ਰੋਸ? ਮੈਂ ਸੋਚ ਰਿਹਾ ਸੀ, ਪਰ ਇਹ ਗੱਲ ਮੈਂ ਅੱਜ ਤੀਕਰ ਵੀ ਨਹੀਂ ਸਮਝ ਸਕਿਆ।

■

ਜੂਨ '੮੪

-ਸ. ਰੂਪ ਸਿੰਘ

ਵਿਸ਼ਵ ਦੇ ਇਤਿਹਾਸ ਵਿਚ ਜੂਨ ੧੯੮੪ ਦਾ ਪਹਿਲਾ ਹਫਤਾ ਕਾਲੇ ਅੱਖਰਾਂ ਵਿਚ ਉਕਰਿਆ ਗਿਆ ਹੈ। ਇਹ ਉਹ ਦਿਨ ਸੀ ਜਦ ਸ਼ਾਂਤੀ ਦੇ ਪੁੰਜ ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਤਰ ਹੋ ਤਨ-ਮਨ ਨੂੰ ਸੀਤਲ ਕਰ ਰਹੀਆਂ ਸਨ। ਉਸ ਸਮੇਂ ਜਾਬਰ ਸਰਕਾਰ ਦੇ ਫੌਜੀ ਹਮਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਾਂਤ-ਚਿੱਤ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰ ਰਹੀਆਂ ਸੰਗਤਾਂ ਨੂੰ ਟੈਂਕਾਂ, ਗੋਲੀਆਂ, ਬੰਬਾਂ ਦਾ ਨਿਸ਼ਾਨਾ ਬਣਾਇਆ। ਬਹੁਤ ਸਾਰੇ ਸਿੰਘ ਸ਼ਹੀਦੀ ਜਾਮ ਪੀ ਗਏ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੱਖੜੀ-ਖੱਖੜੀ ਹੋਈ ਇਮਾਰਤ, ਦਰਸ਼ਨੀ ਡਿਉੜ੍ਹੀ ਵਿਚ ਹੋਏ ਮਘੋਰਿਆਂ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਗੋਲੀਆਂ ਦਾ ਨਿਸ਼ਾਨਾ ਬਣ ਜਾਣਾ, ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾੜਿਆ ਜਾਣਾ, ਨੇ (ਜਿੱਥੇ ਸੈਂਕੜਿਆਂ ਦੀ ਗਿਣਤੀ ਵਿਚ ਹੱਥ ਲਿਖਤ ਪਾਵਨ ਸਰੂਪ ਅਗਨ ਭੇਟ ਹੋ ਗਏ) ਸਿੱਖ ਮਾਨਸਿਕਤਾ ਨੂੰ ਅਜਿਹਾ ਜ਼ਖ਼ਮੀ ਕੀਤਾ ਕਿ ਧਰਮੀ ਜੀਊੜਿਆਂ ਦਾ ਤਨ-ਮਨ ਛਲਣੀ-ਛਲਣੀ ਹੋ ਗਿਆ। ਜੋ ਅੱਜ ਇੰਨੇ ਸਾਲ ਬੀਤ ਜਾਣ ਬਾਅਦ ਵੀ ਜ਼ਖ਼ਮੀ ਹਿਰਦੇ ਜਿਉਂ ਦੇ ਤਿਉਂ ਹੀ ਹਨ। ਇਹ ਜ਼ਖ਼ਮ ਹੀ ਅਜਿਹੇ ਹਨ ਜਿਨ੍ਹਾਂ ਦਾ ਪੂਰੀ ਤਰ੍ਹਾਂ ਠੀਕ ਹੋ ਜਾਣਾ ਤਾਂ ਅਸੰਭਵ ਲਗਦਾ ਹੈ। ਕੁਝ ਘਟਨਾਵਾਂ, ਕੁਝ ਸਾਕੇ ਹੀ ਅਜਿਹੇ ਵਾਪਰ ਜਾਂਦੇ ਹਨ ਜੋ ਆਪਣੀ ਅਮਿੱਟ ਛਾਪ ਲੋਕ-ਹਿਰਦਿਆਂ ਉੱਪਰ ਸਦੀਵੀ ਕਾਲ ਲਈ ਲਗਾ ਜਾਂਦੇ ਹਨ। ਜੂਨ ੧੯੮੪ ਵਿਚ ਵੀ ਅਜਿਹਾ ਹੀ ਭਾਣਾ ਵਰਤਿਆ, ਜਿਸ ਦੀ ਆਸ ਦੁਸ਼ਮਣਾਂ ਪਾਸੋਂ ਵੀ ਨਹੀਂ ਸੀ ਕੀਤੀ ਜਾ ਸਕਦੀ ਪਰ 'ਆਪਣਿਆਂ' ਕਰ ਵਿਖਾਇਆ।

ਇਤਿਹਾਸਕਾਰ ਇਨ੍ਹਾਂ ਅਤਿ-ਦੁਖਤਿ-ਕਾਲੇ ਦਿਨਾਂ ਦੀ ਤੁਲਨਾ, ਸਿੱਖ ਕੌਮ ਦੇ ਇਤਿਹਾਸ ਵਿਚ ਪਹਿਲੇ ਵਾਪਰੇ ਘੱਲੂਘਾਰਿਆਂ ਨਾਲ ਕਰਦੇ ਹੋਏ ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿੰਦੇ ਹਨ। ਇਸ ਨੂੰ ਤੀਜੇ ਘੱਲੂਘਾਰੇ ਦਾ ਨਾਮ ਤਾਂ ਦਿੱਤਾ ਜਾ ਸਕਦਾ ਹੈ ਪਰ ਅਸੀਂ ਦੇਖਣਾ ਹੈ ਕਿ ਪਹਿਲਾਂ ਵਾਪਰੇ ਦੋ ਘੱਲੂਘਾਰਿਆਂ ਤੋਂ ਇਹ ਕਿਵੇਂ ਭਿੰਨ ਹੈ?

ਪਹਿਲਾ ਘੱਲੂਘਾਰਾ ਜੂਨ ੧੭੪੬ ਈ. ਦੇ ਪਹਿਲੇ ਹਫਤੇ ਹੀ ਵਾਪਰਿਆ ਸੀ ਜਦ ੧੫੦੦੦ ਦੇ ਕਰੀਬ ਸਿਦਕੀ ਸਿੰਘ ਸਮੇਂ ਦੀ ਜ਼ਾਬਰ ਹਕੂਮਤ ਦਾ ਮੁਕਾਬਲਾ ਕਰਦੇ ਹੋਏ ਜਾਮ-ਏ-ਸ਼ਹੀਦੀ ਪੀ ਗਏ। ਇਹ ਕਹਿਰ ਉਸ ਸਮੇਂ ਦੇ ਹਾਕਮ ਯਹੀਆ ਖਾਨ ਦੇ ਇਕ ਅਹਿਲਕਾਰ ਲਖਪਤਿ ਰਾਏ ਨੇ ਕਮਾਇਆ, ਜਿਸ ਨੇ ਇਹ ਕਸਮ ਖਾਧੀ ਸੀ ਕਿ ਉਹ ਸਿੱਖ ਕੌਮ ਦਾ ਖੁਰਾ ਖੋਜ ਮਿਟਾ ਕੇ ਹੀ ਸਾਹ ਲਵੇਗਾ। ਪਰ ਪਾਪੀ ਆਪ ਹੀ ਮਿਟ ਗਿਆ।

ਇਕ ਵਾਰ ਫਿਰ ਸਿੱਖ ਕੌਮ ਦਾ ਖੁਰਾ-ਖੋਜ ਮਿਟਾਉਣ ਲਈ ਅਹਿਮਦ ਸ਼ਾਹ ਅਬਦਾਲੀ ਨੇ ੧੭੬੨ ਈ. ਵਿਚ ਮਲੇਰਕੋਟਲੇ ਦੇ ਨਜ਼ਦੀਕ ਕੁੱਪ ਰਹੀੜਾ ਦੇ ਲਾਗੇ ੫੦,੦੦੦ ਦੇ

ਲੱਗਭਗ ਸਿੰਘਾਂ ਨੂੰ ਘੇਰੇ ਵਿਚ ਲੈ ਕੇ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਦਾ ਕਤਲੇਆਮ ਕੀਤਾ। ਬਹੁਤ ਸਾਰੇ ਸਿਦਕੀ ਸਿੰਘ ਆਖਰੀ ਦਮ ਤਕ ਲੜਦੇ ਰਹੇ। ਇਸ ਘੱਲੂਘਾਰੇ ਵਿਚ ਸਿੱਖ ਕੌਮ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦ ਅਬਦਾਲੀ ਲਾਹੌਰ ਵੱਲ ਵਾਪਸ ਜਾ ਰਿਹਾ ਸੀ ਤਾਂ ਉਸ ਦੇ ਲਸ਼ਕਰ ਨਾਲ ੫੦ ਗੱਡੇ ਐਸੇ ਸਨ ਜਿਨ੍ਹਾਂ ਵਿਚ ਸ਼ਹੀਦ ਸਿੰਘਾਂ ਦੇ ਸਿਰ ਲੱਦੇ ਹੋਏ ਸਨ। ਇਸ ਘੱਲੂਘਾਰੇ ਵਿਚ ਪਹਿਲੇ ਘੱਲੂਘਾਰੇ ਨਾਲੋਂ ਜਾਨੀ ਤੇ ਮਾਲੀ ਨੁਕਸਾਨ ਜ਼ਿਆਦਾ ਹੋਇਆ ਸੀ। ਇਸ ਕਰਕੇ ਇਸ ਨੂੰ ਵੱਡੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ।

ਜੂਨ ੧੯੮੪ ਦਾ ਘੱਲੂਘਾਰਾ ਪਹਿਲੇ ਘੱਲੂਘਾਰੇ ਵਾਂਗ ਜੂਨ ਦੇ ਪਹਿਲੇ ਹਫਤੇ ਸ਼ੁਰੂ ਹੋਇਆ ਤੇ ਇਸ ਵਿਚ ਵੀ ਪਹਿਲੇ-ਦੂਜੇ ਘੱਲੂਘਾਰੇ ਵਾਂਗ ਭਾਰੀ ਜਾਨੀ ਨੁਕਸਾਨ ਹੋਇਆ, ਇਸ ਕਰਕੇ ਇਸ ਨੂੰ ਤੀਸਰੇ ਘੱਲੂਘਾਰੇ ਦਾ ਨਾਮ ਦਿੱਤਾ ਜਾ ਸਕਦਾ ਹੈ। ਪਰ ਪਹਿਲੇ ਘੱਲੂਘਾਰਿਆਂ ਤੇ ਇਸ ਘੱਲੂਘਾਰੇ ਵਿਚ ਸਮੇਂ ਦਾ ਅੰਤਰ ਬਹੁਤ ਹੈ। ਪਹਿਲੇ ਘੱਲੂਘਾਰੇ ਦੁਸ਼ਮਣ ਵੱਲੋਂ ਸ਼ੁਰੂ ਕੀਤੇ ਗਏ ਪਰ ਇਹ ਅਜ਼ਾਦ ਭਾਰਤ ਵਿਚ ਆਪਣਿਆਂ ਵੱਲੋਂ ਕੀਤਾ ਗਿਆ। ਦੂਸਰਾ ਜਾਨੀ-ਮਾਲੀ ਨੁਕਸਾਨ ਦੇ ਨਾਲ-ਨਾਲ ਇਸ ਘੱਲੂਘਾਰੇ ਵਿਚ ਜੋ ਇਤਿਹਾਸਕ ਵਿਰਸੇ ਦਾ ਨੁਕਸਾਨ ਆਪਣਿਆਂ ਨੇ ਕੀਤਾ, ਉਹ ਪਹਿਲੇ ਘੱਲੂਘਾਰਿਆਂ ਨੂੰ ਮਾਤ ਕਰ ਗਿਆ। ਇਹ ਘੱਲੂਘਾਰਾ ਪਹਿਲੇ ਵਾਪਰੇ ਘੱਲੂਘਾਰਿਆਂ ਨਾਲੋਂ ਭਿਆਨਕ ਤੇ ਮਾਰੂ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ-ਸਿੰਘਣੀਆਂ, ਬੱਚੇ-ਬੱਚੀਆਂ ਸ਼ਹੀਦ ਹੋ ਗਏ। ਛੋਟੇ-ਛੋਟੇ ਬੱਚਿਆਂ ਨੂੰ ਮਾਵਾਂ ਦੀ ਮਮਤਾ ਤੋਂ ਵਾਂਝਿਆਂ ਹੀ ਨਹੀਂ ਕੀਤਾ ਗਿਆ ਸਗੋਂ ਜੀਉਂਦੇ ਜੀ ਚੀਰ ਦੇਣਾ, ਗੋਲੀਆਂ ਨਾਲ ਭੁੰਨ ਸੁੱਟਣਾ, ਸਰਾਵਾਂ ਵਿਚ ਆਰਾਮ ਕਰ ਰਹੇ ਯਾਤਰੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਨਾਦਰਸ਼ਾਹੀ ਜ਼ੁਲਮਾਂ ਨੂੰ ਵੀ ਮਾਤ ਪਾ ਗਿਆ।

ਜੂਨ ੧੯੮੪ 'ਚ ਹੋਏ ਘੱਲੂਘਾਰੇ ਵਿਚ ਵੀ ਬਹਾਦਰ ਸ਼ਾਹ ਬਾਦਸ਼ਾਹ ਦੇ ਉਸ ਹੁਕਮ ਦੀ ਪਾਲਣਾ ਹੁੰਦੀ ਜਾਪਦੀ ਹੈ, ਜਿਸ ਰਾਹੀਂ ਉਸ ਦਾ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਇਰਾਦਾ ਜ਼ਾਹਿਰ ਹੁੰਦਾ ਸੀ:

ਨਾਨਕ ਪ੍ਰਸਤਾ ਰਾ ਹਰ ਜਾ ਕਿ ਬਿਆਬੰਦ ਬਾ ਕਤਲ...।

ਤੀਸਰੇ ਘੱਲੂਘਾਰੇ ਦਾ ਅਰੰਭ ਕਾਲ ਉਸ ਸਮੇਂ ਹੀ ਸ਼ੁਰੂ ਹੋ ਗਿਆ ਸਮਝਿਆ ਜਾਣਾ ਚਾਹੀਦਾ ਹੈ ਜਦ ਕੱਟੜ ਫਿਰਕਾਪ੍ਰਸਤ ਪਟੇਲ ਵਰਗੇ ਸਿਰਫਿਰਿਆਂ ਨੇ ਇਹ ਐਲਾਨ ਕੀਤਾ ਸੀ ਕਿ:

ਸਿੱਖ ਇਕ ਜ਼ਰਾਇਮ ਪੇਸ਼ਾ ਕੌਮ ਹੈ ਜਿਸ ਨੂੰ ਪੂਰੀ ਸਖ਼ਤੀ ਨਾਲ ਦਬਾ ਦਿੱਤਾ ਜਾਵੇ।"

ਭਾਰਤੀ ਹਾਕਮਾਂ ਦੀ ਇਹ ਬਦਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਇਨ੍ਹਾਂ ਕਦੇ ਵੀ ਪੂਰਵ ਵਰਤੀ ਤੇ ਆਧੁਨਿਕ ਇਤਿਹਾਸ ਨੂੰ ਪੜ੍ਹਨ ਦਾ ਕਸ਼ਟ ਹੀ ਨਹੀਂ ਕੀਤਾ, ਨਹੀਂ ਤਾਂ ਅਜਿਹੇ ਬੇਹੂਦਾ ਇਲਜ਼ਾਮ ਲਗਾਉਣੇ ਆਪਣੇ ਮੂੰਹ 'ਤੇ ਕਾਲਖ ਮਲਨ ਨਾਲੋਂ ਘੱਟ ਨਹੀਂ। ਸਿੱਖ ਜਿਹੜੇ ਸਦੀਆਂ ਤੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜਦੇ ਆ ਰਹੇ ਹਨ। ਜਿਨ੍ਹਾਂ ਨੂੰ ਕਈ ਵਾਰੀ 'ਭਾਰਤੀ ਦੇਵੀਆਂ' ਨੂੰ ਦੁਸ਼ਮਣਾਂ ਦੇ ਹੱਥਾਂ ਵਿੱਚੋਂ ਛੁਡਾਉਣ ਲਈ ਜਾਨਾਂ 'ਤੇ ਖੇਡਣਾ ਪਿਆ। ਜੇ ਇਹ ਜ਼ਰਾਇਮ ਪੇਸ਼ਾ ਲੋਕ ਹਨ? ਤਾਂ ਫਿਰ ਦੇਸ਼ ਭਗਤ ਕੌਣ ਹੈ? ਦੇਸ਼ ਦੀ ਅਜ਼ਾਦੀ ਦੀ ਲੜਾਈ ਤੇ ਅਜ਼ਾਦੀ ਨੂੰ ਕਾਇਮ ਰੱਖਣ ਲਈ ਅਣਗਿਣਤ ਕੁਰਬਾਨੀਆਂ ਕੀਤੀਆਂ।

ਅਕ੍ਰਿਤਘਣ ਹਮੇਸ਼ਾਂ ਦੇਸ਼ ਭਗਤਾਂ ਦੇ ਵਿਰੁੱਧ ਹੀ ਸਾਜ਼ਿਸ਼ਾਂ ਕਰਦੇ ਰਹੇ। ਇਤਿਹਾਸ ਦਾ ਹਰ ਨਿਰਪੱਖ ਵਿਦਿਆਰਥੀ ਸਿੱਖ ਨੂੰ ਦੇਸ਼ ਭਗਤ ਹੀ ਕਹੇਗਾ ਪਰ ਇਹ ਹਮੇਸ਼ਾਂ ਸਿੱਖ ਨੂੰ ਅੱਤਵਾਦੀ, ਵੱਖਵਾਦੀ, ਦੇਸ਼ ਧਰੋਹੀ ਕਹਿ ਕੇ ਦੇਸ਼ ਦੀਆਂ ਵੰਡੀਆਂ ਪਾਉਣ 'ਤੇ ਤੁਲੇ ਹੋਏ ਹਨ।

ਇਹ ਲੋਕ ਇਹ ਵੀ ਭੁੱਲ ਜਾਂਦੇ ਹਨ ਕਿ ਸਿੱਖ ਜਾਨ ਤਾਂ ਦੇ ਸਕਦੇ ਹਨ ਪਰ ਆਪਣੇ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਨਹੀਂ ਸਹਾਰ ਸਕਦੇ।

ਇਸ ਤੀਜੇ ਘੱਲੂਘਾਰੇ ਦਾ ਹੀ ਹਿੱਸਾ ਹਨ ਨਵੰਬਰ ੧੯੮੪ ਦਾ ਵਾਪਰਿਆ ਸਿੱਖ ਨਸਲਕੁਸ਼ੀ ਦਾ ਕਾਂਡ ਜਿਸ ਨੇ ਸਭ ਕੁਝ ਨੂੰ ਮਾਤ ਪਾ ਦਿੱਤਾ। ਅਜ਼ਾਦ ਭਾਰਤ ਵਿਚ ਅਜ਼ਾਦ ਨਾਗਰਿਕਾਂ ਦੇ ਚਿੱਟੇ ਦਿਨ ਕਤਲ ਹੋਏ, ਕਈਆਂ ਸਿੰਘਾਂ ਦੀਆਂ ਅੱਖਾਂ ਕੱਢੀਆਂ ਗਈਆਂ, ਕਈਆਂ ਦੇ ਟੋਟੇ ਕੀਤੇ ਗਏ, ਗਲ਼ਾਂ 'ਚ ਟਾਇਰ ਤੇ ਪੈਟਰੋਲ ਪਾ ਕੇ ਸਾੜੇ ਗਏ ਪਰ ਕਿਸੇ ਇਨਸਾਫ ਪਸੰਦ ਭਾਰਤੀ ਨੇ ਆਹ ਦਾ ਨਾਹਰਾ ਵੀ ਨਾ ਮਾਰਿਆ। ਤੀਸਰੇ ਘੱਲੂਘਾਰੇ ਦੇ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਨੂੰ ਵਿਸਥਾਰ ਵਿਚ ਬਿਆਨਣ ਤੋਂ ਕਲਮ ਅਸਮਰਥ ਹੈ। ਇਨ੍ਹਾਂ ਕਾਲੇ ਦਿਨਾਂ ਦੀ ਕਹਾਣੀ ਨੂੰ ਹਜ਼ਾਰਾਂ ਯਤੀਮ ਹੋਏ ਬੱਚੇ, ਵਿਧਵਾਵਾਂ, ਬਦਨਸੀਬ ਮਾਪੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਉਸ ਸਮੇਂ ਪ੍ਰਕਾਸ਼ ਹੋਏ ਜ਼ਖ਼ਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ, ਸਿੱਖ ਰੈਫਰੈਂਸ ਲਾਇਬ੍ਰੇਰੀ, ਤੇਜਾ ਸਿੰਘ ਸਮੁੰਦਰੀ ਹਾਲ ਦੀ ਸੜੀ ਹੋਈ ਇਮਾਰਤ ਘੱਲੂਘਾਰੇ ਦੀ ਮੂੰਹ ਬੋਲਦੀ ਤਸਵੀਰ ਨੂੰ ਪ੍ਰਗਟ ਕਰਦੇ ਹਨ।

■

ਸ੍ਰੀ ਦਰਬਾਰ ਸਾਹਿਬ ਹਮਲੇ ਦੌਰਾਨ ਹੱਡ ਬੀਤੀ

-ਗੁਰਮੀਤ ਸਿੰਘ

ਸ੍ਰੀ ਦਰਬਾਰ ਸਾਹਿਬ ਉੱਤੇ ਫੌਜ ਦਾ ਅਸਲ ਹਮਲਾ ੫ ਜੂਨ ੧੯੮੪ ਨੂੰ ਰਾਤ ਦੇ ੧੦ ਵਜੇ ਦੇ ਲੱਗਭਗ ਹੋਇਆ, ਜਦੋਂ ਫੌਜ ਦੀ ਭਾਰੀ ਗਿਣਤੀ ਤੋਪਾਂ, ਟੈਂਕਾਂ ਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸ੍ਰੀ ਦਰਬਾਰ ਸਾਹਿਬ ਵਿਚ ਸਰਾਂ ਵਾਲੇ ਪਾਸਿਓਂ ਦਾਖ਼ਲ ਹੋਈ।

ਉਂਝ ਗੋਲ਼ੀਆਂ ਦਾ ਆਪਸੀ ਵਟਾਂਦਰਾ ਇਕ ਜੂਨ ਤੋਂ ਹੀ ਲਗਾਤਾਰ ਜਾਰੀ ਸੀ ਤੇ ਇੱਕਾ ਦੁੱਕਾ ਮੌਤਾਂ ਵੀ ਹੋ ਰਹੀਆਂ ਸਨ।

ਸਰਕਾਰ ਨੇ ਇਕ ਜੂਨ ਤੋਂ ਕਰਫਿਊ ਲਾ ਰੱਖਿਆ ਸੀ; ਜਿਸ ਵਿਚ ਛੋਟ ਕੇਵਲ ਤਿੰਨ ਜੂਨ ਨੂੰ ੬ ਵਜੇ ਤੋਂ ੧੦ ਵਜੇ ਸਵੇਰੇ ਤਕ ਮਿਲੀ। ਕਿਉਂਕਿ ਇਸ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਸੀ, ਇਸ ਦੌਰਾਨ ਭਾਰੀ ਗਿਣਤੀ ਵਿਚ ਸੰਗਤਾਂ ਸ੍ਰੀ ਦਰਬਾਰ ਸਾਹਿਬ ਪੁੱਜ ਗਈਆਂ। ਅਚਾਨਕ ੧੦ ਵਜੇ ਕਰਫਿਊ ਮੁੜ ਲਗਾ ਦਿੱਤਾ ਗਿਆ, ਜਿਸ ਨਾਲ ਹਜ਼ਾਰਾਂ ਨਿਹੱਥੇ ਤੇ ਮਾਸੂਮ ਲੋਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਘਿਰ ਗਏ ਸਨ।

ਸਰਕਾਰ ਨੇ ਇਨ੍ਹਾਂ ਨਿਹੱਥੇ ਲੋਕਾਂ ਨੂੰ ਬਾਹਰ ਨਿਕਲਣ ਦਾ ਕੋਈ ਮੌਕਾ ਨਹੀਂ ਦਿੱਤਾ। ਮੈਂ ਤਿੰਨ ਜੂਨ ਤੋਂ ਹੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਨਾਲ ਸੀ। ੩ ਜੂਨ ਤਕ ਸੀ.ਆਰ.ਪੀ. ਵੱਲੋਂ ਫਾਇਰਿੰਗ ਹੁੰਦੀ ਰਹੀ, ਜਿਸ ਨਾਲ ਕੁਝ ਸਿੰਘ ਸ਼ਹੀਦ ਹੋਏ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ ਵੀ ਗੋਲ਼ੀਆਂ ਲੱਗੀਆਂ।

ਇਸ ਦੌਰਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਰਾਸ਼ਟਰਪਤੀ ਅਤੇ ਗਵਰਨਰ ਨਾਲ ਟੈਲੀਫੋਨ 'ਤੇ ਸੰਪਰਕ ਕਾਇਮ ਕਰਕੇ, ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹੋ ਰਹੀ ਫਾਇਰਿੰਗ ਨੂੰ ਤੁਰੰਤ ਬੰਦ ਕਰਨ ਲਈ ਕਿਹਾ। ਰਾਸ਼ਟਰਪਤੀ ਸੰਤ ਜੀ ਨਾਲ ਗੱਲ ਕਰਨ ਤੋਂ ਲਗਾਤਾਰ ਟਾਲ-ਮਟੋਲ ਕਰਦੇ ਰਹੇ। ਪਰ ਗਵਰਨਰ ਨੇ ਸਪਸ਼ਟ ਕਹਿ ਦਿੱਤਾ ਕਿ ਉਨ੍ਹਾਂ ਦੇ ਵਸ ਦੀ ਕੋਈ ਗੱਲ ਨਹੀਂ, ਸਭ ਕੁਝ ਦਿੱਲੀ ਦੇ ਹੁਕਮ ਨਾਲ ਹੋ ਰਿਹਾ ਹੈ।

ਅਚਾਨਕ ਤਿੰਨ ਜੂਨ ਨੂੰ ਸਾਰਾ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਤੇ ਕਰਫਿਊ ਲਾ ਕੇ ਮੁਕੰਮਲ ਆਵਾਜਾਈ ਤੇ ਪਾਬੰਦੀ ਲਾ ਦਿੱਤੀ ਗਈ, ਸਮੁੱਚਾ ਪੰਜਾਬ ਫੌਜੀ ਸ਼ਿਕੰਜੇ 'ਚ ਜਕੜ ਦਿੱਤਾ ਗਿਆ।

ਸੰਤ ਹਰਚੰਦ ਸਿੰਘ ਲੌਂਗੋਵਾਲ, ਭਾਵੇਂ ਇਨ੍ਹਾਂ ਹਾਲਾਤਾਂ ਪ੍ਰਤੀ ਚਿੰਤਤ ਸਨ, ਪਰ ਉਹ ਬੜੀ ਚੜ੍ਹਦੀ ਕਲਾ ਵਿਚ ਸਨ। ਗੋਲ਼ੀਆਂ ਲਗਾਤਾਰ ਬਰਸ ਰਹੀਆਂ ਸਨ ਤੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵੀ ਲੱਗੀਆਂ, ਜਿੱਥੇ ਸੰਤ ਜੀ ਨਿਵਾਸ ਕਰਦੇ ਸਨ। ਟੈਲੀਫੋਨ ਡੈੱਡ ਹੋ ਚੁੱਕੇ ਸਨ ਤੇ ਸਾਡਾ ਬਾਕੀ ਦੁਨੀਆਂ ਨਾਲੋਂ ਸੰਪਰਕ ਟੁੱਟ ਗਿਆ ਸੀ। ਅਜਿਹੀ ਹਾਲਤ ਵਿਚ ਸੰਤ ਜੀ ਤੇ ਟੌਹੜਾ ਸਾਹਿਬ ਆਪਸੀ ਵਿਚਾਰਾਂ ਲਈ ਇਕ ਥਾਂ ਇਕੱਠੇ ਹੋ ਗਏ। ਪੰਜ ਜੂਨ ਨੂੰ ਬੀਬੀ ਅਮਰਜੀਤ ਕੌਰ ਸੁਪਤਨੀ ਸ਼ਹੀਦ ਭਾਈ ਫੌਜਾ ਸਿੰਘ ਜੀ ਵੀ ਇੱਥੇ ਹੀ ਆ ਗਈ।

੪ ਜੂਨ ਨੂੰ ਲੰਗਰ ਬਿਲਕੁਲ ਨਾ ਪੱਕ ਸਕਿਆ। ਸ਼ਾਮ ਨੂੰ ਗੁਰੂ ਨਾਨਕ ਨਿਵਾਸ ਨਾਲ

ਲੱਗਦੀ ਗਲੀ ਦੇ ਲੋਕਾਂ ਨੇ ਕੁਝ ਲੰਗਰ ਤਿਆਰ ਕਰ ਕੇ ਭਾਰੀ ਖਤਰਿਆਂ ਦੇ ਬਾਵਜੂਦ ਅੰਦਰ ਭੇਜਿਆ, ਜਿਸ ਨੂੰ ਅਸਾਂ ਤੇ ਬੱਬਰ ਖਾਲਸਾ ਵਾਲਿਆਂ ਨੇ ਛਕਿਆ।

ਜਥੇਦਾਰ ਨਛੱਤਰ ਸਿੰਘ ਭਲਵਾਨ ਜ਼ਿਲ੍ਹਾ ਅਕਾਲੀ ਜਥਾ, ਸੰਗਰੂਰ ਤੇ ਉਨ੍ਹਾਂ ਦੀ ਮਾਤਾ ਜੀ ਛੇ ਸੌ ਤੋਂ ਵੱਧ ਬੀਬੀਆਂ ਅਤੇ ਸਿੰਘਾਂ ਦਾ ਜਥਾ ਲੈ ਕੇ ਪੁੱਜੇ ਸਨ, ਜਿਸ ਨੇ ਕਿ ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਦੇਣੀ ਸੀ। ਇਹ ਜਥਾ ਵੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੀ ਠਹਿਰਿਆ ਹੋਇਆ ਸੀ। ਫੌਜ ਨੇ ਸੀ.ਆਰ.ਪੀ. ਦੇ ਟਿਕਾਣੇ ਮੱਲ ਕੇ ਸ੍ਰੀ ਦਰਬਾਰ ਸਾਹਿਬ 'ਤੇ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ।

ਫੌਜ ਪਲੋ ਪਲੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਘੇਰਾ ਤੰਗ ਕਰੀ ਜਾ ਰਹੀ ਸੀ। ਅੰਤ ਪੰਜ ਜੂਨ ਰਾਤ ਦਸ ਵਜੇ ਫੌਜ ਨੇ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋ ਕੇ, ਖੁੱਲ੍ਹਾ ਕਤਲੇਆਮ ਸ਼ੁਰੂ ਕਰ ਦਿੱਤਾ। ਉਸ ਲਈ ਹਰ ਸਿੱਖ ਅੱਤਵਾਦੀ ਸੀ। ਖਾਸ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਾਰੇ ਫੌਜੀ ਸ਼ਰਾਬ ਦੇ ਨਸ਼ੇ ਵਿਚ ਗੁੱਟ ਸਨ (ਇਹ ਗੱਲ ਖੁਦ ਪੰਜਾਬ ਸਰਕਾਰ ਵੱਲੋਂ ੧੨ ਜੁਲਾਈ ੧੯੮੪ ਦੇ ਨੋਟੀਫਿਕੇਸ਼ਨ ਵਿਚ ਆਖੀ ਗਈ ਹੈ ਕਿ ਹਮਲੇ ਦੌਰਾਨ ਪੰਜਾਬ ਸਰਕਾਰ ਵੱਲੋਂ ਫੌਜੀਆਂ ਨੂੰ ੧੦ ਲੱਖ ਬੋਤਲ ਸ਼ਰਾਬ ਟੈਕਸ ਰਹਿਤ ਦਿੱਤੀ ਗਈ)।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਗਹਿਗੱਚ ਲੜਾਈ ਹੋ ਰਹੀ ਸੀ। ਇਸ ਦੌਰਾਨ ਸੰਤ ਜੀ ਤੇ ਟੌਹੜਾ ਸਾਹਿਬ, ਪ੍ਰਧਾਨ ਜੀ ਦੇ ਰਿਹਾਇਸ਼ੀ ਕਮਰੇ ਵਿਚ ਸਨ ਤੇ ਅਸੀਂ (ਸ. ਭਾਨ ਸਿੰਘ, ਸ. ਅਬਨਾਸ਼ੀ ਸਿੰਘ ਤੇ ਰਾਮੂਵਾਲੀਆ) ਆਦਿ ਤੇਜਾ ਸਿੰਘ ਸਮੁੰਦਰੀ ਹਾਲ ਦੇ ਦਫ਼ਤਰ ਵਿਚ ਸਾਂ। ਸਮੁੰਦਰੀ ਹਾਲ ਤੇ ਉਸ ਦੇ ਬਰਾਂਡੇ ਜਥੇ ਦੇ ਮੈਂਬਰਾਂ ਨਾਲ ਭਰੇ ਪਏ ਸਨ। ਅਚਾਨਕ ਸਵਾ ਚਾਰ ਵਜੇ ਫੌਜੀ ਟੁਕੜੀ ਨੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਘੇਰ ਲਿਆ ਤੇ ਦਹਿਸ਼ਤ ਫੈਲਾਉਣ ਲਈ ਅੰਧਾ-ਧੁੰਦ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਜਿਉਂ ਹੀ ਫੌਜੀਆਂ ਨੂੰ ਪਤਾ ਲੱਗਾ ਕਿ ਇੱਥੇ ਸੰਤ ਲੌਂਗੋਵਾਲ ਤੇ ਟੌਹੜਾ ਸਾਹਿਬ ਹਨ ਤਾਂ ਉਨ੍ਹਾਂ ਨੇ ਉੱਚੀ ਅਵਾਜ਼ ਨਾਲ ਆਪਣੇ ਕਿਸੇ ਅਫ਼ਸਰ ਨੂੰ ਦੱਸਿਆ ਕਿ ਸਾਹਿਬ ਲੌਂਗੋਵਾਲ, ਯਹਾਂ ਹੈ।

ਅਵਾਜ਼ ਸੁਣ ਕੇ ਹੀ ਸੰਤ ਜੀ ਤੇ ਟੌਹੜਾ ਸਾਹਿਬ ਬਾਹਰ ਆ ਗਏ ਤੇ ਉਨ੍ਹਾਂ ਨੇ ਉੱਚੀ ਅਵਾਜ਼ ਵਿਚ ਕਿਹਾ ਕਿ, ਭਾਰਤੀ ਫੌਜ ਨੇ ਸਾਡੇ 'ਤੇ ਇਉਂ ਹਮਲਾ ਕੀਤਾ ਹੈ ਜਿਵੇਂ ਅਸੀਂ ਵਿਦੇਸ਼ੀ ਹੋਈਏ, ਕਿਸੇ ਅਜ਼ਾਦ ਦੇਸ਼ ਦੀ ਫੌਜ ਨੂੰ ਇਸ ਤਰ੍ਹਾਂ ਬੇਗੁਨਾਹ ਲੋਕਾਂ ਦਾ ਖੂਨ ਕਰਨ ਤੇ ਇਕ ਅਹਿਮ ਘੱਟ ਗਿਣਤੀ ਦੇ ਧਾਰਮਿਕ ਕੇਂਦਰ ਨੂੰ ਤਬਾਹ ਕਰਨ ਦਾ ਕੋਈ ਹੱਕ ਨਹੀਂ। ਪਰ, ਅਫ਼ਸਰ ਨੇ ਇਨ੍ਹਾਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਸਪਸ਼ਟ ਕਿਹਾ ਕਿ- "ਆਪ ਹਮੇਂ ਕੁਝ ਕਹਿਨੇ ਕੀ ਬਜਾਏ ਜਰਨੈਲ ਸਿੰਘ ਕੋ ਫਾਇਰਿੰਗ ਬੰਦ ਕਰਨੇ ਕੇ ਲੀਏ ਕਿਉਂ ਨਹੀਂ ਕਹਿਤੇ।"

ਅਫ਼ਸਰ ਨੇ ਇਹ ਵੀ ਕਿਹਾ ਕਿ- "ਜ਼ਿਆਦਾ ਬੋਲਨੇ ਕੀ ਜ਼ਰੂਰਤ ਨਹੀਂ ਹੈ, ਆਪ ਫੌਜ ਕੀ ਕੈਦ ਮੇਂ ਹੋ, ਔਰ ਚੁਪ-ਚਾਪ ਹਮਾਰੇ ਸਾਥ ਚਲੋ।" ਇਸ ਤੋਂ ਬਾਅਦ ਇਕ ਅਫ਼ਸਰ ਨੇ ਸੰਤ ਜੀ ਤੇ ਟੌਹੜਾ ਸਾਹਿਬ ਨੂੰ ਬਾਜੂ ਤੋਂ ਫੜ ਕੇ ਪੁਰਾਣੀ ਐਗਜ਼ੈਕਟਿਵ ਦੇ ਕਮਰਾ ਨੰ: ੩ ਵਿਚ ਜਾਣ ਲਈ ਕਿਹਾ। ਪੂਰੀ ਫੌਜੀ ਟੁਕੜੀ ਸੰਤ ਜੀ ਤੇ ਟੌਹੜਾ ਸਾਹਿਬ ਦੁਆਲੇ ਸਟੇਨਗੰਨਾਂ ਤਾਣੀ ਖੜੀ ਸੀ, ਜਿਉਂ ਹੀ ਸੰਤ ਜੀ ਤੇ ਟੌਹੜਾ ਸਾਹਿਬ ਨੂੰ ਕਮਰੇ ਵਿਚ ਬੰਦ ਕਰਕੇ ਪਹਿਰਾ ਲਾ ਦਿੱਤਾ ਗਿਆ, ਉਸ ਤੋਂ ਬਾਅਦ ਤਸ਼ੱਦਦ ਤੇ ਸਹਿਮ ਦਾ ਨਵਾਂ ਦੌਰ ਸ਼ੁਰੂ ਹੋ ਗਿਆ।

ਸਾਰਿਆਂ ਦੀਆਂ ਕਿਰਪਾਨਾਂ ਤੇ ਦਸਤਾਰਾਂ ਜ਼ਬਰਦਸਤੀ ਉਤਾਰ ਲਈਆਂ ਗਈਆਂ। ਜੇਬਾਂ ਫਰੋਲ ਲਈਆਂ ਗਈਆਂ। ਇਕ ਗੱਲ ਹੋਰ ਕਿ ਜਿਸ ਕਮਰੇ ਵਿਚ ਸੰਤ ਜੀ, ਟੌਹੜਾ ਸਾਹਿਬ ਬੰਦ ਸਨ, ਉਸ ਦੇ ਨਾਲ ਲਗਦੇ ੪ ਨੰਬਰ ਕਮਰੇ ਵਿਚ ਦੋ ਲਾਸ਼ਾਂ ਪਈਆਂ ਸਨ, ਜਿਨ੍ਹਾਂ ਦਾ ਲਹੂ ਵਗ ਕੇ ਬਰਾਂਡੇ ਵਿਚ ਆ ਰਿਹਾ ਸੀ।

ਇਸ ਤੋਂ ਬਾਅਦ ਸਾਨੂੰ ਰਾਮਦਾਸ ਸਰਾਂ ਦੇ ਵਿਹੜੇ ਵਿਚ ਲਾਈਨਾਂ ਵਿਚ ਬੈਠਣ ਲਈ ਕਿਹਾ ਗਿਆ। ਤੇਜਾ ਸਿੰਘ ਸਮੁੰਦਰੀ ਹਾਲ ਵਾਲਾ ਜਥਾ ਵੀ ਇਸ ਸਮੇਂ ਸਰਾਂ 'ਚ ਪਹੁੰਚ ਚੁੱਕਾ ਸੀ। ਇਕ ਹਜ਼ਾਰ ਦੇ ਲਗਭਗ ਬੇਗੁਨਾਹੇ ਤੇ ਨਿਹੱਥੇ ਲੋਕ ਸਰਾਂ ਵਿਚ ਜਮ੍ਹਾਂ ਹੋ ਗਏ। ਕੋਈ ਸਾਢੇ ਚਾਰ ਦਾ ਵਕਤ ਹੋਵੇਗਾ, ਅਜੇ ਅਸੀਂ ਪੰਜ ਛੇ ਲਾਈਨਾਂ ਹੀ ਬਣਾਈਆਂ ਸਨ ਕਿ ਗੁਰੂ ਰਾਮਦਾਸ ਸਰਾਂ ਦੀ ਉਪਰਲੀ ਮੰਜ਼ਲ ਤੋਂ ਸਾਡੇ ਉੱਤੇ ਦੋ ਗਰਨੇਡ ਸੁੱਟੇ ਗਏ ਜੋ ਸਾਡੇ ਵਿਚ ਆ ਕੇ ਫਟੇ। ਗਰਨੇਡਾਂ ਤੋਂ ਬਚਣ ਲਈ ਜਦੋਂ ਲੋਕ ਆਪ-ਮੁਹਾਰੇ ਉਠ ਕੇ ਭੱਜੇ ਤਾਂ ਫੌਜ ਨੇ ਅੰਨ੍ਹੇ ਵਾਹ ਗੋਲੀ ਚਲਾ ਕੇ ਲੋਕ ਦਾਣਿਆਂ ਵਾਂਗ ਭੁੰਨ ਸੁੱਟੇ। ਇਨ੍ਹਾਂ ਵਿਚ ਸ਼ਾਂਤਮਈ ਜਥੇ ਵਿਚ ਸ਼ਾਮਲ ਜ਼ਿਲ੍ਹਾ ਸੰਗਰੂਰ ਦੀਆਂ ਬੀਬੀਆਂ ਤੇ ਮਾਸੂਮ ਬੱਚਿਆਂ ਤੋਂ ਇਲਾਵਾ ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿੰਘ, ਜ਼ਿਲ੍ਹਾ ਸੰਗਰੂਰ ਦੇ ਜਥੇਦਾਰ ਨਛੱਤਰ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸ਼ਹੀਦ ਹੋ ਗਏ। ਇਸ ਗਰਨੇਡ ਬਾਰੇ ਬਹੁਤ ਸਾਰੇ ਅੰਦਾਜ਼ੇ ਲਾਏ ਜਾਂਦੇ ਹਨ, ਪਰ ਅਸੀਂ ਨਹੀਂ ਜਾਣਦੇ, ਇਹ ਕਿਸ ਨੇ ਸੁੱਟਿਆ ਹੈ, ਕਿਉਂਕਿ ਹਨ੍ਹੇਰੇ ਕਾਰਨ ਅਸੀਂ ਕਿਸੇ ਨੂੰ ਨਹੀਂ ਵੇਖਿਆ। ਸਿਰਫ਼ ਫੌਜੀਆਂ ਨੇ ਹੀ ਕਿਹਾ ਕਿ ਗਰਨੇਡ ਅੱਤਵਾਦੀਆਂ ਨੇ ਸੁੱਟਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਜੇ ਇਹ ਅੱਤਵਾਦੀਆਂ ਨੇ ਸੁੱਟਿਆ ਸੀ ਤਾਂ ਇਸ ਨਾਲ ਕੋਈ ਫੌਜੀ ਕਿਉਂ ਨਾ ਜ਼ਖ਼ਮੀ ਹੋਇਆ ਤੇ ਗਰਨੇਡ ਡਿੱਗਦੇ ਸਾਰ ਹੀ ਫੌਜੀਆਂ ਨੇ ਫਾਇਰਿੰਗ ਉੱਪਰ ਦੀ ਬਜਾਏ ਨਿਰਦੋਸ਼ੇ ਲੋਕਾਂ 'ਤੇ ਹੀ ਕਿਉਂ ਕੀਤੀ'?

ਇਸ ਤੋਂ ਬਾਅਦ ਸਾਨੂੰ ਗੁਰੂ ਰਾਮਦਾਸ ਸਰਾਂ ਦੇ ਕਮਰਿਆਂ ਤੇ ਬਰਾਂਡਿਆਂ ਵਿਚ ਬਿਠਾ ਕੇ ਸਖ਼ਤ ਪਹਿਰਾ ਲਾ ਦਿੱਤਾ ਗਿਆ। ਅਸੀਂ ਤੜਫਦੇ ਜ਼ਖ਼ਮੀਆਂ ਤੇ ਚਾਰ ਚੁਫੇਰੇ ਖਿਲਰੀਆਂ ਮਨੁੱਖੀ ਲਾਸ਼ਾਂ 'ਚ ਬੈਠੇ ਸੀ। ਭਾਰਤ ਦੀ ਸੈਕੂਲਰ ਫੌਜ ਬੜੀ ਨਿਰਦੈਅਤਾ ਨਾਲ ਬੇਗੁਨਾਹਾਂ ਦੇ ਖ਼ੂਨ ਦੀ ਹੋਲੀ ਖੇਡ ਰਹੀ ਸੀ।

ਸਾਡੀਆਂ ਅੱਖ਼ਾਂ ਦੇ ਸਾਹਮਣੇ ਲੋਕਾਂ ਨੂੰ ਹੱਥ ਖੜ੍ਹੇ ਕਰਵਾ ਕੇ ਭਜਾਇਆ ਤੇ ਪਿੱਛੋਂ ਗੋਲੀਆਂ ਮਾਰੀਆਂ ਗਈਆਂ। ਕੋਈ ਕਮਰਾ ਅਜਿਹਾ ਨਹੀਂ ਸੀ, ਜਿੱਥੇ ਲਾਸ਼ਾਂ ਨਹੀਂ ਸਨ। ਇੱਥੇ, ਭਾਰਤੀ ਫੌਜ ਜਿਸ 'ਤੇ ਹਰ ਦੇਸ਼ ਵਾਸੀ ਮਾਣ ਕਰਦਾ ਹੈ, ਦਾ ਇਕ ਨਵਾਂ ਫਿਰਕੂ ਰੂਪ ਵੇਖਣ ਨੂੰ ਮਿਲਿਆ। ਕਮਰੇ ਵਿਚ ਪਹਿਲਾਂ ਅੱਗ ਲਾਉਣ ਵਾਲਾ ਬੰਬ ਖਿੜਕੀ ਰਾਹੀਂ ਸੁੱਟਿਆ ਜਾਂਦਾ, ਫਿਰ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕੀਤੀ ਜਾਂਦੀ। ਸਿਰਫ਼ ਗੁਰੂ ਰਾਮਦਾਸ ਸਰ੍ਹਾਂ ਵਿਚ ਅੱਠ ਸੌ ਤੋਂ ਵੱਧ ਲੋਕ ਮਾਰੇ ਗਏ। ਲੋਕਾਂ ਨੂੰ ੪ ਜੂਨ ਤੋਂ ਬਾਅਦ ਪਾਣੀ ਨਹੀਂ ਸੀ ਮਿਲਿਆ, ਜਿਸ ਸਦਕਾ ੫ ਨੰਬਰ ਹਾਲ ਵਿਚ ੩੫ ਆਦਮੀ ਸਨ, ਜਿਨ੍ਹਾਂ ਵਿੱਚੋਂ ੩੧ ਪਿਆਸ ਨਾਲ ਤੜਫ ਕੇ ਮਰ ਗਏ, ਇਨ੍ਹਾਂ ਬਚੇ ਹੋਏ ਲੋਕਾਂ ਵਿੱਚੋਂ ਇਕ ਨੇ, ਜਿਸ ਦਾ ਵੱਡਾ ਭਰਾ ਮਰ ਗਿਆ ਸੀ, ਮੈਨੂੰ ਦੱਸਿਆ।

ਇਉਂ ਲੱਗਦਾ ਸੀ ਜਿਵੇਂ ਫੌਜੀਆਂ ਨੂੰ ਸਿੱਖਾਂ ਦੇ ਖਿਲਾਫ ਭੜਕਾਇਆ ਗਿਆ ਹੋਵੇ, ਉਹ ਸਿੱਖ ਧਰਮ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਬੜੀਆਂ ਵਾਹਯਾਤ ਤੇ ਦਿਲ ਸਾੜਵੀਆਂ ਗੱਲਾਂ

ਕਰ ਰਹੇ ਸਨ। ਇਸ ਦੀਆਂ ਮਿਸਾਲਾਂ ਇਸ ਪ੍ਰਕਾਰ ਹਨ:

ਜਿਵੇਂ ਕਿ ਮੈਂ ਉੱਪਰ ਦੱਸਿਆ ਹੈ, ਪਾਣੀ ਦੀ ਟੈਂਕੀ ਤਬਾਹ ਹੋ ਚੁੱਕੀ ਸੀ, ਹੈਂਡ ਪੰਪ ਹੈ ਨਹੀਂ ਸੀ। ਲੋਕ ਪਾਣੀ ਤੋਂ ਪਿਆਸੇ ਮਰ ਰਹੇ ਸਨ। ਅਜਿਹੀ ਹਾਲਤ ਵਿਚ ਪਾਣੀ ਦੀਆਂ ਟੂਟੀਆਂ, ਜਿੱਥੇ ਲੋਕ ਇਸ਼ਨਾਨ ਕਰਦੇ ਸਨ ਤੇ ਕੁਝ ਲੋਕ ਪੇਸ਼ਾਬ ਕਰਦੇ ਸਨ ਦਾ ਪਾਣੀ ਗੰਦੀ ਨਾਲੀ ਤੋਂ ਉਛਲ ਕੇ ਇਕ ਛੋਟੀ ਜਿਹੀ ਛੱਪੜੀ ਦਾ ਰੂਪ ਧਾਰ ਚੁੱਕਾ ਸੀ, ਇਸ ਪਾਣੀ ਤੇ ਪਿਸ਼ਾਬ ਦੀ ਛੱਪੜੀ ਵਿਚ ਹੁਣ ਮਨੁੱਖੀ ਲਾਸ਼ਾਂ ਵੀ ਪਈਆਂ ਸਨ, ਜਿਨ੍ਹਾਂ ਦਾ ਲਹੂ ਵੀ ਇਸ ਵਿਚ ਮਿਲ ਚੁੱਕਾ ਸੀ ਅਤੇ ਸੱਚ ਜਾਣਿਉਂ ਇਹ ਮਨੁੱਖੀ ਲਹੂ ਤੇ ਪਿਸ਼ਾਬ ਮਿਲਿਆ ਪਾਣੀ ਹੀ ਅਸੀਂ ਸਵੇਰੇ ਚਾਰ ਵਜੇ ਤੋਂ ਲੈ ਕੇ ਡੇਢ ਵਜੇ ਦੁਪਹਿਰ ਤਕ ਫੌਜੀਆਂ ਦੇ ਤਰਲੇ ਲੈ ਕੇ ਪੀਂਦੇ ਰਹੇ ਹਾਂ।

ਇਕ ੬੫ ਕੁ ਸਾਲਾਂ ਦਾ ਸਿੱਖ ਬਜ਼ੁਰਗ ਪਾਣੀ ਲਈ ਤੜਫ ਰਿਹਾ ਸੀ ਉਸ ਨੇ ਇਕ ਫੌਜੀ ਨੂੰ ਕਿਹਾ–

"ਸਾਹਬ ਏਕ ਘੁੱਟ ਪਾਨੀ ਲੇ ਲੂੰ?"

ਉਹ ਫੌਜੀ ਹਲਕੇ ਕੁੱਤੇ ਵਾਂਗ ਬੋਲਿਆ–

"ਪਾਨੀ ਨਹੀਂ ਮਿਲੇਗਾ। ਸਾਲਾ ਅਬ ਪਾਨੀ ਮਾਂਗਤਾ ਹੈ, ਪਹਿਲੇ ਕਹਿਤੇ ਥੇ ਹਰਿਆਨੇ ਕੋ ਪਾਨੀ ਨਹੀਂ ਦੇਨਾ, ਰਾਜਸਥਾਨ ਕੋ ਪਾਨੀ ਨਹੀਂ ਦੇਨਾ। ਅਬ ਤੁਮ ਕੋ ਹਰਾਮਜ਼ਾਦੋ ਪੀਨੇ ਕੇ ਲੀਏ ਭੀ ਪਾਨੀ ਨਹੀਂ ਮਿਲੇਗਾ।"

ਇਸੇ ਤਰ੍ਹਾਂ ਜਦੋਂ ਜ਼ਿਲ੍ਹਾ ਅਕਾਲੀ ਜਥਾ ਸੰਗਰੂਰ ਦੇ ਪ੍ਰਧਾਨ ਜਥੇਦਾਰ ਨਛੱਤਰ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਆਖਰੀ ਸਾਹਾਂ ਉੱਤੇ ਸਨ ਤੇ ਉਨ੍ਹਾਂ ਦੀ ਬਜ਼ੁਰਗ ਮਾਂ ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਉਣ ਲੱਗੀ ਤਾਂ ਇਕ ਫੌਜੀ ਨੇ ਮਾਤਾ ਨੂੰ ਬੱਟ ਮਾਰ ਕੇ ਕਿਹਾ–

"ਹੱਟ ਬੁੜੀਆ! ਮਤ ਪਿਲਾ ਇਸ ਕੋ ਪਾਣੀ, ਮਰਨੇ ਦੇ ਸਾਲੋਂ ਕੋ।"

ਇਕ ਨੌਜਵਾਨ ਔਰਤ ਜਿਸ ਦਾ ਪਤੀ ਗੁਰੂ ਰਾਮਦਾਸ ਸਰਾਂ ਦੀਆਂ ਟੂਟੀਆਂ ਕੋਲ ਸ਼ਹੀਦ ਹੋਇਆ ਪਿਆ ਸੀ, ਨੇ ਆਪਣੇ ਮਰ ਚੁੱਕੇ ਦੋ ਸਾਲ ਦੇ ਬੱਚੇ ਨੂੰ ਆਪਣੇ ਪਤੀ ਦੀ ਹਿੱਕ 'ਤੇ ਲਿਟਾਇਆ ਤੇ ਡਲ੍ਹਕਦੀਆਂ ਅੱਖਾਂ ਨਾਲ ਵਾਹਿਗੁਰੂ-ਵਾਹਿਗੁਰੂ ਕਰਦੀ ਬਰਾਂਡੇ ਵਿਚ ਆ ਕੇ ਬੈਠ ਗਈ।

ਇਕ ਹੋਰ ਘਟਨਾ ਜੋ ਮੇਰੀਆਂ ਅੱਖਾਂ ਸਾਹਮਣੇ ਗੁਰੂ ਰਾਮਦਾਸ ਸਰ੍ਹਾਂ ਵਿਚ ਵਾਪਰੀ ਉਸ ਨੇ ਮੈਨੂੰ ਧੁਰ ਅੰਦਰ ਤਕ ਹਿਲਾ ਕੇ ਰੱਖ ਦਿੱਤਾ। ੬ ਜੂਨ ਸਵੇਰੇ ੬ ਵਜੇ ਦਾ ਵਕਤ ਹੋਵੇਗਾ। ਇਕ ਨੌਜਵਾਨ ਔਰਤ ਫੌਜ ਦੇ ਵਹਿਸ਼ੀਪਨ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਚੁੱਕੀ ਸੀ ਤੇ ਉਸ ਦਾ ਡੇਢ ਕੁ ਸਾਲ ਦਾ ਬੱਚਾ ਉਸ ਦੀ ਛਾਤੀ 'ਤੇ ਪਿਆ ਸੀ। ਸ਼ਾਇਦ ਬੱਚਾ ਵੀ ਗੰਭੀਰ ਰੂਪ ਵਿਚ ਜ਼ਖ਼ਮੀ ਸੀ।

ਫੌਜੀ ਲੰਘਣ ਲਈ ਰਸਤਾ ਬਣਾ ਰਹੇ ਸਨ ਤੇ ਲਾਸ਼ਾਂ ਇਕ ਪਾਸੇ ਇਕੱਠੀਆਂ ਕਰ ਰਹੇ ਸਨ। ਉਸ ਨੌਜਵਾਨ ਮੁਟਿਆਰ ਦੀ ਲਾਸ਼ ਜਦੋਂ ਇਕ ਫੌਜੀ ਨੇ ਲੱਤ ਤੋਂ ਫੜ ਕੇ ਘਸੀਟੀ ਤਾਂ ਬੱਚਾ ਇਕ ਪਾਸੇ ਲੁੜਕ ਗਿਆ, ਇਕ ਹੋਰ ਫੌਜੀ ਆਇਆ ਤੇ ਉਸ ਨੇ ਉਸ ਬੱਚੇ ਨੂੰ ਲੱਤ ਤੋਂ ਫੜ੍ਹ ਕੇ, ਜਿਵੇਂ ਬੱਚੇ ਮਰਿਆ ਚੂਹਾ ਫੜਦੇ ਹਨ, ਤੇ ਲਾਸ਼ਾਂ ਦੇ ਢੇਰ 'ਤੇ ਸੁੱਟ ਦਿੱਤਾ।

ਅਸੀਂ ਅਜ਼ਾਦ ਭਾਰਤ ਦੇ ਸ਼ਹਿਰੀ, ਸ. ਊਧਮ ਸਿੰਘ ਤੇ ਸ. ਭਗਤ ਸਿੰਘ ਦੇ ਵਾਰਸ

ਬੇਵੱਸ ਬੈਠੇ ਸਾਂ।

ਇਕ ਸਮਾਂ ਤਾਂ ਅਜਿਹਾ ਵੀ ਆਇਆ ਕਿ ਜਦੋਂ ਕਿਸੇ ਨੇ ਅਫਵਾਹ ਉਡਾ ਦਿੱਤੀ ਕਿ ਸੰਤ ਲੌਂਗੋਵਾਲ ਤੇ ਜਥੇਦਾਰ ਟੌਹੜਾ ਨੂੰ ਗੋਲੀ ਮਾਰ ਦਿੱਤੀ ਗਈ ਹੈ! ਸੱਚੀ ਗੱਲ ਹੈ, ਅਸੀਂ ਮਹਿਸੂਸ ਕੀਤਾ ਕਿ ਅਸੀਂ ਮੌਤ ਦੇ ਬਹੁਤ ਹੀ ਨਜ਼ਦੀਕ ਪਹੁੰਚ ਚੁੱਕੇ ਹਾਂ ਤੇ ਹੁਣ ਫੌਜੀ ਸਾਨੂੰ ਲਾਈਨਾਂ ਵਿਚ ਖੜ੍ਹੇ ਕਰਨਗੇ ਤੇ ਗੋਲੀ ਮਾਰ ਦੇਣਗੇ। ਪਰ ਗੁਰੂ ਦੀ ਕਿਰਪਾ ਕਰਕੇ ਅਜਿਹਾ ਵਕਤ ਨਾ ਆਇਆ ਤੇ ਅਸੀਂ ਇਕ ਵਜੇ ਦੁਪਹਿਰ ਤਕ ਜ਼ਿੰਦਗੀ ਤੇ ਮੌਤ ਵਿਚਾਲੇ ਲਟਕਦੇ ਰਹੇ।

ਅਚਾਨਕ ਉਧਰ ਇਕ ਕਰਨਲ ਆਇਆ। ਅਸੀਂ ਸ. ਰਾਮੂਵਾਲੀਏ ਨੂੰ ਕਿਹਾ ਕਿ ਤੂੰ ਆਪਣੀ ਜਾਣ-ਪਹਿਚਾਣ ਕਰਵਾ ਕੇ, ਇਸ ਤੋਂ ਸੰਤ ਜੀ ਬਾਰੇ ਪੁੱਛੀਂ। ਜਦੋਂ ਰਾਮੂਵਾਲੀਆ ਉੱਠਣ ਲੱਗਾ ਤਾਂ ਇਕ ਫੌਜੀ ਨੇ ਝਿੜਕ ਕੇ ਉਸ ਨੂੰ ਬਿਠਾ ਦਿੱਤਾ। ਤਦੇ ਹੀ ਕਰਨਲ ਸਾਡੇ ਵੱਲ ਆ ਗਿਆ। ਰਾਮੂਵਾਲੀਏ ਨੇ ਜਦੋਂ ਆਪਣੀ ਜਾਣ-ਪਹਿਚਾਣ ਕਰਵਾ ਕੇ ਸੰਤ ਜੀ ਤੇ ਟੌਹੜਾ ਸਾਹਿਬ ਬਾਰੇ ਉੱਡੀ ਅਫਵਾਹ ਬਾਰੇ ਪੁੱਛਿਆ ਤਾਂ ਉਹ ਹੈਰਾਨ ਹੋ ਗਿਆ ਤੇ ਕਹਿਣ ਲੱਗਾ, "ਇਹ ਝੂਠ ਹੈ।" ਉਹ ਸਾਨੂੰ ਸੰਤ ਜੀ ਤੇ ਟੌਹੜਾ ਸਾਹਿਬ ਕੋਲ ਲੈ ਗਿਆ। ਉਨ੍ਹਾਂ ਨੂੰ ਸਹੀ-ਸਲਾਮਤ ਵੇਖ ਕੇ ਸਾਡੇ ਸਾਹ ਵਿਚ ਸਾਹ ਆਇਆ।

ਹੁਣ ੬ ਜੂਨ ਨੂੰ ਸਿਖਰ ਦੁਪਹਿਰ ਹੋ ਚੁੱਕੀ ਸੀ। ਟੌਹੜਾ ਸਾਹਿਬ ਨੇ ਕਰਨਲ ਨੂੰ ਕਿਹਾ ਕਿ ਜੇ ਸਾਨੂੰ ਮਾਰਨਾ ਹੈ ਤਾਂ ਬੇਸ਼ੱਕ ਗੋਲੀ ਮਾਰ ਦਿਓ। ਪਰ ਬੇਗੁਨਾਹ ਤੇ ਮਾਸੂਮ ਲੋਕਾਂ ਨੂੰ ਪਾਣੀ ਤੋਂ ਨਾ ਤੜਫਾਓ। ਕਰਨਲ ਪਾਣੀ ਦਾ ਪ੍ਰਬੰਧ ਕਰਨ ਦਾ ਵਿਸ਼ਵਾਸ ਦੇ ਕੇ ਚਲਾ ਗਿਆ। ਹੁਣ ਅਸੀਂ ਸੰਤ ਜੀ ਤੇ ਟੌਹੜਾ ਸਾਹਿਬ ਪਾਸ ਖੁੱਲ੍ਹੇ ਆ ਜਾ ਸਕਦੇ ਸੀ। ਦਹਿਸ਼ਤ ਬਹੁਤ ਸੀ। ਬਾਹਰ ਅਜੇ ਵੀ ਗੋਲੀ ਚੱਲ ਰਹੀ ਸੀ। ਡੇਢ ਵਜੇ ਪੰਜਾਬ ਪੁਲਿਸ ਦੇ ਜਵਾਨ ਪਾਣੀ ਦੇ ਟੱਬ ਭਰ ਕੇ ਲਿਆਏ, ਜਿਸ ਨਾਲ ਸੈਂਕੜੇ ਲੋਕਾਂ ਨੂੰ ਨਵਾਂ ਜੀਵਨ ਪ੍ਰਦਾਨ ਹੋਇਆ। ਪੁਲਿਸ ਦੇ ਜਵਾਨ ਡਲ੍ਹਕਦੀਆਂ ਅੱਖਾਂ ਨਾਲ ਆਪਣੇ ਭਰਾਵਾਂ ਤੇ ਭੈਣਾਂ ਨੂੰ ਪਾਣੀ ਪਿਲਾ ਰਹੇ ਸਨ। ਮੈਨੂੰ ਪਹਿਲੀ ਵਾਰ ਗ਼ੁਲਾਮੀ ਦਾ ਅਹਿਸਾਸ ਹੋਇਆ।

ਇਸ ਸਮੇਂ ਹੀ ਇਕ ਹੋਰ ਬੜੀ ਸ਼ਰਮਨਾਕ ਘਟਨਾ ਵਾਪਰੀ। ਅਸੀਂ, ਸੰਤ ਜੀ ਤੇ ਟੌਹੜਾ ਸਾਹਿਬ ਬੈਠੇ ਸੀ। ਬਾਹਰ ਇਕ ਫੌਜੀ ਨੇ ਸਿਗਰਟ ਪੀਣੀ ਸ਼ੁਰੂ ਕਰ ਦਿੱਤੀ। ਟੌਹੜਾ ਸਾਹਿਬ ਨੇ ਉਸ ਨੂੰ ਸਿਗਰਟ ਬੰਦ ਕਰਨ ਲਈ ਕਿਹਾ ਤਾਂ ਉਹ ਬੜੀ ਬਦਤਮੀਜ਼ੀ ਨਾਲ ਬੋਲਿਆ ਅਤੇ ਕਿਹਾ, "ਹਟ ਬੁਢੇ ਬਕ ਬਕ ਮਤ ਕਰ, ਮੈਂ ਗੋਲੀ ਮਾਰ ਦੂੰਗਾ"। ਟੌਹੜਾ ਸਾਹਿਬ ਤੇ ਸੰਤ ਜੀ ਨੇ ਕਿਹਾ, "ਮਾਰ ਗੋਲੀ, ਅਸੀਂ ਮਰਨ ਲਈ ਤਿਆਰ ਹਾਂ, ਅੱਗੇ ਕਿਹੜੀ ਘੱਟ ਕੀਤੀ ਹੈ।" ਤਦੇ ਉਸ ਦੇ ਇੰਚਾਰਜ ਨੇ ਉਸ ਫੌਜੀ ਨੂੰ ਉੱਥੋਂ ਹਟਾ ਦਿੱਤਾ। ਵੈਸੇ ਫੌਜੀ ਜਾਣ-ਬੁੱਝ ਕੇ ਸਿਗਰਟਾਂ ਪੀ ਰਹੇ ਸਨ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਘਟੀਆ ਗੱਲਾਂ ਕਹਿ ਕੇ ਸਾਨੂੰ ਚਿੜਾ ਰਹੇ ਸਨ। ਮੈਨੂੰ ਫੌਜ ਦਾ ਇਹ ਘਟੀਆ ਰੂਪ ਵੇਖ ਕੇ ਹੈਰਾਨੀ ਤੇ ਦੁਖ ਹੋਇਆ।

ਜਦੋਂ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਬਾਹ ਹੋਣ ਬਾਰੇ ਪਤਾ ਲੱਗਾ ਤਾਂ ਸਾਡੇ ਵਿਚ ਖਾਮੋਸ਼ੀ ਛਾ ਗਈ। ਕੁਝ ਸਮੇਂ ਤਕ ਕੋਈ ਵੀ ਕੁਝ ਨਾ ਬੋਲਿਆ। ਸੰਤ ਜੀ ਤੇ ਟੌਹੜਾ ਸਮੇਤ ਸਭ ਦੀਆਂ ਅੱਖਾਂ ਗਿੱਲੀਆਂ ਸਨ। ਪੂਰੇ ੧੨ ਘੰਟੇ ਭੁੱਖਣ-ਭਾਣੇ ਰੱਖਣ ਤੋਂ ਬਾਅਦ ਕੁਝ

ਫੌਜੀ ਅਫ਼ਸਰ ਪੰਜਾਬ ਪੁਲੀਸ ਦੇ ਅਫਸਰਾਂ ਨਾਲ ਆਏ ਤੇ ਸੰਤ ਜੀ ਤੇ ਟੌਹੜਾ ਸਾਹਿਬ ਨੂੰ ਲੈ ਗਏ।

ਸੰਤ ਜੀ ਤੇ ਟੌਹੜਾ ਸਾਹਿਬ ਦੇ ਜਾਣ ਤੇ ਕੁਝ ਸਮਾਂ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ ਤੇ ਅਮਰਜੀਤ ਸਿੰਘ ਚਾਵਲਾ ਵੀ ਉੱਥੇ ਆ ਗਏ। ਉਨ੍ਹਾਂ ਟੌਹੜਾ ਸਾਹਿਬ ਤੇ ਸੰਤ ਜੀ ਨੂੰ ਕਿਹਾ ਕਿ ਉਹ ਫੌਜੀ ਅਫਸਰਾਂ ਨੂੰ ਕਹਿਣ ਕਿ ਇਹ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਸੰਤ ਜੀ ਤੇ ਟੌਹੜਾ ਸਾਹਿਬ ਨੇ ਫੌਜੀ ਅਫਸਰਾਂ ਨੂੰ ਕਿਹਾ ਕਿ ਉਹ ਇਨ੍ਹਾਂ ਨੂੰ ਮਾਰਨ ਨਾ ਕਿਉਂਕਿ ਇਹ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਉਸ ਤੋਂ ਬਾਅਦ ਉਹ ਸਾਡੇ ਨਾਲ ਹੀ ਰਹੇ।

ਸੰਤ ਜੀ ਤੇ ਟੌਹੜਾ ਸਾਹਿਬ ਨੂੰ ਗੁਰੂ ਰਾਮਦਾਸ ਨਿਵਾਸ ਦੇ ਬਰਾਂਡਿਆਂ ਵਿਚ ਦੀ ਲੈ ਜਾਇਆ ਗਿਆ। ਸੰਤ ਜੀ ਦੇ ਜਾਣ ਤੋਂ ਬਾਅਦ, ਸਰਾਂ ਦੇ ਵਿਹੜੇ ਵਿਚ ਪਈਆਂ ਲਾਸ਼ਾਂ ਲੈ ਜਾਈਆਂ ਗਈਆਂ। ਕਮਰਿਆਂ ਦੀਆਂ ਲਾਸ਼ਾਂ ਜੋ ਅਜੇ ਉਸੇ ਤਰ੍ਹਾਂ ਹੀ ਸਨ। ਸਵੇਰੇ ੪ ਵਜੇ ਦੇ ਜ਼ਖਮੀ ਹੋਏ ਜ਼ਖ਼ਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਲਈ ਸ਼ਾਮ ਨੂੰ ਛੇ ਵਜੇ ਹਸਪਤਾਲ ਲਿਜਾਇਆ ਗਿਆ। ਹੁਣ ਸਾਡੇ ਵਰਗੇ ਜੰਗੀ ਕੈਦੀਆਂ ਦੀ ਵਾਰੀ ਸੀ। ਅਸੀਂ ਜਦੋਂ ਇਕ ਛੋਟੇ ਫੌਜੀ ਅਫ਼ਸਰ ਨੂੰ ਪੁੱਛਿਆ, "ਕਿ ਸਾਡੇ 'ਤੇ ਕੀ ਦੋਸ਼ ਹੈ?" ਤਾਂ ਉਸ ਨੇ ਕਿਹਾ, "ਤੁਸੀਂ ਜੰਗੀ ਕੈਦੀ ਹੋ?"

ਮੇਰੇ ਵਰਗਾ ਰਾਜਨੀਤਿਕ ਵਿਚਾਰਾਂ ਵਾਲਾ ਵਿਅਕਤੀ, ਜਿਸ ਨੇ ਕਦੀ ਸਟੇਨਗੰਨ ਨੂੰ ਹੱਥ ਲਾ ਕੇ ਵੀ ਨਹੀਂ ਸੀ ਵੇਖਿਆ ਆਪਣੇ ਆਪ ਨੂੰ 'ਜੰਗੀ ਕੈਦੀ' ਰੂਪ ਵਿਚ ਪਾ ਕੇ ਅਜੀਬ ਜਿਹਾ ਮਹਿਸੂਸ ਕਰ ਰਿਹਾ ਸੀ। ਸਾਡੇ ਸਾਹਮਣੇ ਗੁਰੂ ਰਾਮਦਾਸ ਨਿਵਾਸ ਦੇ ਦੋ ਕਮਰੇ ਬੁਰੀ ਤਰ੍ਹਾਂ ਸੜ ਰਹੇ ਸਨ। ਸ਼ਾਂਤਮਈ ਸਤਿਆਗ੍ਰਹਿ ਲਈ ਆਈਆਂ 'ਜੰਗੀ ਕੈਦੀ' ਔਰਤਾਂ ਨੂੰ ਸਟੇਨਾਂ ਦੀ ਛਾਂ ਹੇਠ 'ਫੌਜੀ ਕੈਂਪ' 'ਚ ਪਹੁੰਚਾਇਆ ਗਿਆ। ਸਾਡੀ ਵਾਰੀ ਰਾਤ ਦੇ ਬਾਰ੍ਹਾਂ ਵਜੇ ਆਈ। ਸਾਨੂੰ ਬੜੀ ਸਖ਼ਤੀ ਨਾਲ ਬੱਸ 'ਚ ਬਿਠਾਇਆ ਗਿਆ। ਇਤਫ਼ਾਕ ਨਾਲ ਮੈਂ ਤੇ ਹਰਮਿੰਦਰ ਸਿੰਘ ਸੰਧੂ ਇੱਕੋ ਸੀਟ 'ਤੇ ਬੈਠ ਕੇ ਫੌਜੀ ਕੈਂਪ 'ਚ ਪੁੱਜੇ। ਯਾਦ ਰਹੇ ਕਿ ਅਸੀਂ ੪ ਜੂਨ ਦੀ ਸ਼ਾਮ ਦੀ ਰੋਟੀ ਖਾਧੀ ਸੀ, ਪਰ ਜਦੋਂ ਅਸੀਂ ਫੌਜੀ ਕੈਂਪ 'ਚ ਪੁੱਜੇ ਤਾਂ ਸਵੇਰ ਦੇ ਦੋ ਵਜ ਚੁੱਕੇ ਸਨ। ਸਾਨੂੰ ਹਰ ਕਮਰੇ ਵਿਚ ੬੦-੬੦ ਬੰਦਿਆਂ ਨੂੰ ਭੁੱਖਣ-ਭਾਣੇ ਭੇਡਾਂ-ਬੱਕਰੀਆਂ ਵਾਂਗ ਤਾੜ ਦਿੱਤਾ ਗਿਆ।

ਮੈਂ ਇਸ ਕੈਂਪ ਵਿਚ ੭ ਜੂਨ ਤੋਂ ੨੨ ਜੂਨ ਤਕ ਰਿਹਾ ਹਾਂ। ਕੈਂਪ ਵਿਚ ਸਾਡੇ ਨਾਲ ਫੌਜੀਆਂ ਦਾ ਵਿਹਾਰ ਏਨਾ ਘਟੀਆ ਤੇ ਤ੍ਰਿਸਕਾਰ ਭਰਿਆ ਸੀ ਕਿ ਸ਼ਾਇਦ ਹਿਟਲਰ ਦੇ ਨਾਜੀ ਫੌਜੀ ਵੀ ਯਹੂਦੀਆਂ ਨਾਲ ਏਨਾ ਘਟੀਆ ਵਿਹਾਰ ਨਾ ਕਰਦੇ ਹੋਣ।

ਮੈਂ ਰੂਸ ਦੇ ਵਿਸ਼ਵ ਪ੍ਰਸਿੱਧ ਬਾਗੀ ਲੇਖਕ ਸਲੋਜੇਨਿਸਤਨ ਦਾ 'ਗੁਲਾਬ ਦੀਪ ਸਮੂੰਹ' ਨਾਮੀ ਨਾਵਲ, ਜਿਸ 'ਤੇ ਉਸ ਨੂੰ ਨੋਬਲ ਇਨਾਮ ਵੀ ਮਿਲਿਆ ਸੀ, ਦਾ ਹਿੰਦੀ ਸੰਸਕਰਨ ਪੜ੍ਹਿਆ ਹੈ, ਉਸ ਵਿਚ ਉਸ ਨੇ ਕਮਿਊਨਿਜ਼ਮ ਤਾਨਾਸ਼ਾਹ ਸਟਾਲਿਨ ਦੇ ਸਮੇਂ ਕਮਿਊਨਿਸਟ ਵਿਰੋਧੀਆਂ ਨੂੰ ਸਾਇਬੇਰੀਆ ਦੇ ਲੇਬਰ ਕੈਂਪਾਂ ਵਿਚ ਰੱਖਣ ਦਾ ਵਰਣਨ ਕੀਤਾ ਹੈ। ਫੌਜੀ ਕੈਂਪ ਵਿਚ ਰਹਿਣ ਸਮੇਂ ਮੈਂ ਸਾਰਾ ਸਮਾਂ ਕਮਿਊਨਿਸਟ ਤਾਨਾਸ਼ਾਹ ਦੇ ਲੇਬਰ ਕੈਂਪਾਂ ਤੇ ਲੋਕਤੰਤਰ ਦੇ ਠੇਕੇਦਾਰਾਂ ਦੇ ਇਨ੍ਹਾਂ ਫੌਜੀ ਕੈਂਪਾਂ ਵਿਚ ਫਰਕ ਲੱਭਦਾ ਰਿਹਾ।

ਇਸ ਦੇ ਵਿਚ ਕੋਈ ਸ਼ੱਕ ਨਹੀਂ ਇਸ ਫੌਜੀ ਕੈਂਪ ਵਿਚ ਸਾਡੇ ਕੋਲੋਂ ਕੋਈ ਸਖ਼ਤ ਲੇਬਰ ਨਹੀਂ ਸੀ ਕਰਵਾਈ ਜਾਂਦੀ ਪਰ ਅੱਠੇ ਪਹਿਰ ਜੋ ਸਿੱਖਾਂ ਤੇ ਗੁਰਦੁਆਰਿਆਂ ਬਾਰੇ ਕਹੇ ਜਾਂਦੇ ਸ਼ਬਦ ਸਨ, ਉਹ ਸੁਣ ਕੇ ਹਿਰਦਾ ਛਲਣੀ ਹੋ ਜਾਂਦਾ ਸੀ।

ਖੁਰਾਕ ਦਾ ਪ੍ਰਬੰਧ ਇੰਨਾ ਮਾੜਾ ਤੇ ਗੰਦਾ ਸੀ ਕਿ ਮੈਂ ਸਮਝਦਾ ਹਾਂ ਪਸ਼ੂਆਂ ਦੀ ਖੁਰਾਕ ਵੀ ਇਸ ਤੋਂ ਚੰਗੀ ਹੁੰਦੀ ਹੈ। ਆਟੇ ਵਿਚ ਸੁਸਰੀ ਤੇ ਚੌਲਾਂ ਵਿਚ ਸੁੰਡੀਆਂ ਸਾਫ ਦਿੱਸਦੀਆਂ ਸਨ। ਚਾਹ ਦੀ ਥਾਂ ਕੱਚਾ ਮਿੱਠਾ ਪਾਣੀ ਪਿਆਇਆ ਜਾਂਦਾ ਸੀ। ਉਹ ਵੀ ਦੋ ਘੁੱਟਾਂ। ਪਰ ਸਭ ਤੋਂ ਬੁਰੀ ਗੱਲ ਸੀ ਰੋਟੀ ਖੁਆਉਣ ਵੇਲੇ ਫੌਜੀਆਂ ਦਾ ਵਿਵਹਾਰ। ਉਹ ਇਸ ਤਰ੍ਹਾਂ ਰੋਟੀਆਂ ਦਿੰਦੇ ਸਨ, ਜਿਵੇਂ ਉਨ੍ਹਾਂ ਸਾਹਮਣੇ ਇਨਸਾਨ ਨਹੀਂ ਸਗੋਂ 'ਕੁੱਤੇ' ਬੈਠੇ ਹੋਣ। ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣੀਆਂ ਇਕ ਆਮ ਜਿਹੀ ਗੱਲ ਸੀ।

ਰਹਿਣ ਦੀ ਹਾਲਤ ਵੀ ਬੜੀ ਅਜੀਬ ਸੀ। ਮੈਂ ਕੈਂਪ ਦੇ ੩੯ ਨੰਬਰ ਕਮਰੇ ਵਿਚ ਸਾਂ। ਫੌਜੀ ਕੈਂਪ ਵਿਚ ਬਦਲੇ ਸਕੂਲ ਦੀ ਇਮਾਰਤ ਦੇ ਇਸ ਕਮਰੇ ਵਿਚ ਅਸੀਂ ਕੁੱਲ ੩੯ ਬੰਦੇ ਸਾਂ। ਜਿਵੇਂ ਕਿ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਅਸੀਂ ਨੰਗੇ ਪੈਰ ਸੀ। ਸਿਰ 'ਤੇ ਪੱਗ ਨਹੀਂ ਸੀ। ਨੰਗੇ ਫਰਸ਼ 'ਤੇ ਰਾਤ ਨੂੰ ਕੁਰਤਾ ਪਜਾਮਾ ਹੇਠ ਵਿਛਾ ਕੇ ਸੌਣਾ ਤੇ ਸਵੇਰੇ ਉਹ ਹੀ ਕੁਰਤਾ ਪਜ਼ਾਮਾ ਪਾ ਲੈਣਾ। ਲੱਗਭਗ ਸਭ ਦਾ ਹੀ ਇਹੋ ਹਾਲ ਸੀ। ਗਰਮੀ ਆਪਣੇ ਪੂਰੇ ਜੋਬਨ 'ਤੇ ਸੀ ਅਤੇ ੩੯ ਜੀਆਂ ਵਾਲੇ ਇਸ ਕਮਰੇ ਵਿਚ ਕੋਈ ਪੱਖਾ ਨਹੀਂ ਸੀ। ੪ ਦਿਨ ਬਾਅਦ ਇਕ ਪੱਖਾ ਲਾਇਆ ਗਿਆ ਉਹ ਵੀ ਸ਼ਾਇਦ ਸ੍ਰੀ ਦਰਬਾਰ ਸਾਹਿਬ ਦੀ ਸਰਾਂ ਦੇ ਕਿਸੇ ਕਮਰੇ ਵਿੱਚੋਂ ਲਾਹ ਕੇ ਲਿਆਂਦਾ ਗਿਆ ਸੀ।

ਹੁਣ ਪੇਸ਼ਾਬ ਤੇ ਖ਼ੂਨ ਮਿਲੇ ਪਾਣੀ ਨੇ ਵੀ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਸਾਰੇ ਸਰੀਰ 'ਤੇ ਖਾਸ ਕਰ ਪਿੱਠ 'ਤੇ ਛਾਲੇ ਹੀ ਛਾਲੇ ਹੋ ਗਏ। ਲੱਗਭਗ ਹਰ ਬੰਦੇ ਦੀਆਂ ਅੱਖਾਂ ਖਰਾਬ ਹੋ ਗਈਆਂ। ਕੈਂਪ ਦੇ ਫੌਜੀ ਡਾਕਟਰ ਦਾ ਵਿਵਹਾਰ ਬਹੁਤ ਅੱਛਾ ਸੀ। ਕੁਝ ਸਿਵਲ ਡਾਕਟਰ ਵੀ ਸਨ। ਪਰ ਦਵਾਈਆਂ ਦੀ ਘਾਟ ਸੀ। ਇੰਜੈਕਸ਼ਨ ਤਾਂ ਕਿਸੇ ਨੂੰ ਲਾਇਆ ਹੀ ਨਹੀਂ ਗਿਆ।

ਕੈਂਪ ਵਿਚ ਨਹਾਉਣ ਲਈ ਟੂਟੀਆਂ ਦੀ ਇੰਨੀ ਘਾਟ ਸੀ ਕਿ ਪਹਿਲੇ ਕੁਝ ਦਿਨ ਅਸੀਂ ਪਿਸ਼ਾਬ ਕਰਨ ਵਾਲੀ ਜਗ੍ਹਾ 'ਤੇ ਜੋ ਪਾਣੀ ਵਾਲੀ ਟੂਟੀ ਹੁੰਦੀ ਹੈ, ਉਸ ਨੂੰ ਖੋਲ੍ਹ ਕੇ ਉਸ ਨਾਲ ਮੂੰਹ ਧੋਂਦੇ ਰਹੇ ਅਤੇ ਇਹੋ ਪਾਣੀ ਪੀਂਦੇ ਰਹੇ।

ਇਸ ਕੈਂਪ ਵਿਚ ਰਹਿਣ ਦੌਰਾਨ ਸੀ.ਬੀ.ਆਈ. ਦੇ ਆਫੀਸਰਜ਼ ਨੇ ਸਾਡੀ ਪੂਰੀ ਤਰ੍ਹਾਂ ਜਾਂਚ-ਪੜਤਾਲ ਕੀਤੀ।

ਹਰ ਵਿਅਕਤੀ ਨੂੰ ਇਕ ਅਜਿਹੇ ਕਮਰੇ ਸਾਹਮਣੇ ਲਿਜਾਇਆ ਜਾਂਦਾ, ਜਿਸ ਦੇ ਸ਼ੀਸ਼ੇ ਪੂਰੀ ਤਰ੍ਹਾਂ ਅਖਬਾਰਾਂ ਨਾਲ ਢੱਕੇ ਹੋਏ ਸਨ। ਸਿਰਫ ਦੋ ਸੁਰਾਖ ਸਨ, ਜਿਨ੍ਹਾਂ ਵਿੱਚੋਂ ਦੋ ਅੱਖਾਂ ਵੇਖ ਕੇ ਦੱਸਦੀਆਂ ਕਿ ਕੌਣ ਅੱਤਵਾਦੀ ਹੈ ਤੇ ਕੌਣ ਨਿਰਦੋਸ਼ੀ? ਇਹ ਮੁਖਬਰ ਕੌਣ ਵਿਅਕਤੀ ਸੀ, ਇਸ ਬਾਰੇ ਸਾਨੂੰ ਕੁਝ ਪਤਾ ਨਹੀਂ। ਪਰ, ਇਹ ਜੋ ਵੀ ਸੀ, ਉਹ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਬਾਰੇ ਪੂਰੀ ਜਾਣਕਾਰੀ ਰੱਖਦਾ ਸੀ।

ਇਸ ਛਾਣ-ਬੀਣ ਤੋਂ ਬਾਅਦ ਜਿੰਨੇ ਵੀ ਉਨ੍ਹਾਂ ਨੂੰ ਸ਼ੱਕੀ ਵਿਅਕਤੀ ਜਾਪੇ ਸਨ ਉਹ ਸਾਰੇ ਫੌਜੀ ਕੈਂਪ ਦੇ ੨੧, ੨੨ ਤੇ ੨੩ ਨੰਬਰ ਕਮਰਿਆਂ ਵਿਚ ਰੱਖੇ ਗਏ ਸਨ, ਇਤਫਾਕ ਨਾਲ ਇਹ

ਕਮਰੇ ੩੭, ੩੮, ੩੯ ਕਮਰਿਆਂ ਦੇ ਐਨ ਸਾਹਮਣੇ ਸਨ।

ਅਸੀਂ ਕੁਝ ਨੌਜਵਾਨਾਂ ਨੂੰ ਅੱਖਾਂ 'ਤੇ ਪੱਟੀ ਬੰਨ੍ਹ ਕੇ ਕਿਤੇ ਬਾਹਰ ਲਿਜਾਂਦੇ ਵੀ ਵੇਖਿਆ। ਸਾਨੂੰ ਕੈਂਪ ਤੋਂ ਜੇਲ੍ਹਾਂ ਵਿਚ ਭੇਜਣ ਤੋਂ ਪਹਿਲਾਂ ਪੰਜ ਸਾਲ ਦੇ ਬੱਚੇ ਤੋਂ ਲੈ ਕੇ ੮੦ ਸਾਲ ਦੇ ਬਜ਼ੁਰਗ ਤਕ ਦੇ ਪੁਲੀਸ ਨੇ ਫਿੰਗਰ ਪ੍ਰਿੰਟਸ ਲਏ ਤੇ ਛਾਤੀ 'ਤੇ ਸਲੇਟਾਂ ਰੱਖ ਕੇ ਉਨ੍ਹਾਂ ਉੱਤੇ ਨਾਂ ਪਤਾ ਲਿਖ ਕੇ ਫੋਟੋ ਲਈਆਂ ਗਈਆਂ। ਸਾਡੇ ਨਾਲ ਬਿਲਕੁਲ 'ਦਸ ਨੰਬਰੀਆਂ' ਵਾਲਾ ਵਰਤਾਅ ਕੀਤਾ ਗਿਆ।

ਕਈ ਲੋਕਾਂ ਨੇ ਮੈਨੂੰ ਦੱਸਿਆ ਕਿ ਸੀ.ਬੀ.ਆਈ. ਦੀ ਜਾਂਚ ਪੜਤਾਲ ਸਮੇਂ ਉਨ੍ਹਾਂ ਨੂੰ ਕੁਝ ਟਾਰਚਰ ਕੀਤਾ ਗਿਆ ਸੀ, ਜਾਂ ਮੰਦ-ਭਾਸ਼ਾ ਬੋਲੀ ਗਈ, ਪਰ ਮੇਰੇ ਨਾਲ ਅਜਿਹਾ ਕੁਝ ਨਹੀਂ ਹੋਇਆ। ਉਨ੍ਹਾਂ ਦਾ ਵਤੀਰਾ ਬੜਾ ਹਮਦਰਦੀ ਭਰਿਆ ਸੀ ਤੇ ਪੁੱਛਗਿਛ ਦੇ ਦੌਰਾਨ ਉਨ੍ਹਾਂ ਨੇ ਮੈਨੂੰ ਚਾਹ ਵੀ ਪਿਆਈ। ਕੈਂਪ ਵਿਚ ਇਹ ਮੇਰੀ ਪਹਿਲੀ ਤੇ ਆਖਰੀ ਚਾਹ ਸੀ, ਵਰਨਾ ਫੌਜੀਆਂ ਦਾ ਮਿੱਠਾ ਪਾਣੀ ਤਾਂ ਪੀ ਨਹੀਂ ਸੀ ਹੁੰਦਾ।

ਮੇਰੇ ਕੋਲੋਂ ਬਾਰ-ਬਾਰ ਸ਼੍ਰੋਮਣੀ ਅਕਾਲੀ ਦਲ ਦੀ ਨੀਤੀ, ਦਲ ਦੇ ਅੱਤਵਾਦੀਆਂ ਨਾਲ ਸੰਬੰਧ, ਮੇਰੇ ਨਿੱਜੀ ਪਹਿਲੇ ਤੇ ਹੁਣ ਦੇ ਰਾਜਸੀ ਵਿਚਾਰਾਂ ਤੇ ਉਨ੍ਹਾਂ ਵਿਚ ਆਈ ਤਬਦੀਲੀ ਅਤੇ ਸਭ ਤੋਂ ਵੱਧ ਸੰਤ ਲੌਂਗੋਵਾਲ ਤੇ ਸੰਤ ਭਿੰਡਰਾਂਵਾਲਿਆਂ ਵਿਚ ਮਤਭੇਦਾਂ ਬਾਰੇ ਪੁੱਛਿਆ ਗਿਆ।

ਉਪਰੋਕਤ ਸਾਰੇ ਸਵਾਲਾਂ ਦੇ ਜੁਆਬ ਮੈਂ ਆਪਣੀ ਰਾਜਸੀ ਤੇ ਸਮਾਜੀ ਸੂਝ-ਬੂਝ ਅਨੁਸਾਰ ਦਿੱਤੇ ਤੇ ਉਨ੍ਹਾਂ ਨੂੰ ਕਾਫੀ ਹੱਦ ਤਕ ਸੰਤੁਸ਼ਟ ਕਰ ਲਿਆ। ਅੰਤ ਵਿਚ ਮੈਨੂੰ ਇਕ ਸੀ.ਬੀ.ਆਈ. ਅਫਸਰ ਨੇ ਵਿਅੰਗਆਤਮਕ ਢੰਗ ਨਾਲ ਪੁੱਛਿਆ, ਕਿ ਕੀ ਸੱਚ-ਮੁੱਚ ਅਕਾਲੀ ਦਲ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਦਾ?

ਮੈਂ ਬੜੇ ਦਾਅਵੇ ਨਾਲ ਕਿਹਾ, ਕਿ ਨਹੀਂ, ਕਿਉਂਕਿ ਅਕਾਲੀ ਦਲ ਦਾ ਪਿਛਲਾ ੬੪ ਸਾਲਾਂ ਦਾ ਕੁਰਬਾਨੀਆਂ ਨਾਲ ਭਰਿਆ ਇਤਿਹਾਸ ਇਸ ਗੱਲ ਦਾ ਗਵਾਹ ਹੈ।

ਅਫਸਰ ਹੱਸ ਪਿਆ ਤੇ ਕਹਿਣ ਲੱਗਾ, "ਅਗਰ ਇਹ ਤੇਰੀ ਗੱਲ ਸੋਲ੍ਹਾਂ ਆਨੇ ਠੀਕ ਹੈ ਤਾਂ ਫਿਰ ਇਹ ਦੱਸ ਕਿ ਤੁਹਾਡੇ ਮਹਾਤਮਾ ਗਾਂਧੀ (ਸੰਤ ਲੌਂਗੋਵਾਲ) ਦੇ ਕਮਰੇ ਵਿੱਚੋਂ ਅਗਨ ਸ਼ਸਤਰ ਕਿਉਂ ਮਿਲੇ ਹਨ ਅਤੇ 'ਸ਼ਾਂਤੀ ਦੇ ਦੇਵਤੇ' ਕੋਲ 'ਫੂਲਾਂ ਰਾਣੀ' (ਬੀਬੀ ਅਮਰਜੀਤ ਕੌਰ) ਕੀ ਕਰਨ ਗਈ ਸੀ? ਮੈਂ ਕਿਹਾ ਕਿ, ਮੈਂ ਤਾਂ ਪ੍ਰੈਸ ਸਕੱਤਰ ਹਾਂ ਅਤੇ ਹਥਿਆਰਾਂ ਬਾਰੇ ਮੈਨੂੰ ਕੁਝ ਪਤਾ ਨਹੀਂ। ਮੈਨੂੰ ਤਾਂ ਮੇਰੀ ਪਾਰਟੀ ਤੇ ਪਾਰਟੀ ਪ੍ਰਧਾਨ ਦੀਆਂ ਨੀਤੀਆਂ ਬਾਰੇ ਜੋ ਪੁੱਛਣਾ ਹੈ, ਪੁੱਛੋ। ਇਉਂ ਲੱਗਦਾ ਸੀ, ਜਿਵੇਂ ਇਸ ਸਵਾਲ ਨਾਲ ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋਈ। ਪਰ ਮੈਂ ਸੱਚਮੁੱਚ ਇਸ ਤੋਂ ਵੱਧ ਕੁਝ ਨਹੀਂ ਸੀ ਜਾਣਦਾ।

ਅੰਤ ਪੂਰੀ ਤਸੱਲੀ ਤੋਂ ਬਾਅਦ ਸਾਨੂੰ ਕੁਝ ਲੋਕਾਂ ਨੂੰ ਜਿਨ੍ਹਾਂ ਵਿਚ ਬਹੁਤੇ ਜ਼ਿਲ੍ਹਾ ਸੰਗਰੂਰ ਦੇ ਅਕਾਲੀ ਸਤਿਆਗ੍ਰਹੀ ਬੀਬੀਆਂ ਤੇ ਬੰਦੇ ਸਨ, ਨੂੰ ੨੨ ਜੂਨ ਨੂੰ ਪੰਜਾਬ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਤੇ ਅਸੀਂ ਅੰਮ੍ਰਿਤਸਰ ਜੇਲ੍ਹ ਵਿਚ ਪੁੱਜ ਗਏ। ਜੇਲ੍ਹ ਵਿਚ ਪੁੱਜ ਕੇ ਇਉਂ ਮਹਿਸੂਸ ਹੋਇਆ ਜਿਵੇਂ ਅਸੀਂ ਇਕ ਨਵੇਂ ਸੰਸਾਰ ਵਿਚ ਆ ਗਏ ਹੋਈਏ। ਕਿਉਂਕਿ ਫੌਜੀ ਕੈਂਪ ਦੁਨੀਆਂ ਨਾਲੋਂ ਪੂਰੀ ਤਰ੍ਹਾਂ ਕੱਟੇ ਹੋਏ ਸੀ। ਇੱਥੋਂ ਤਕ ਘਰ ਨੂੰ ਚਿੱਠੀ ਵੀ ਨਹੀਂ ਸੀ ਲਿਖ ਸਕਦੇ। ੨੫ ਜੂਨ ਨੂੰ ਸਾਨੂੰ ਸੰਗਰੂਰ ਦੀ ਜੇਲ੍ਹ ਲਈ ਪੁਲੀਸ ਦੇ ਪਹਿਰੇ ਵਿਚ ਭੇਜਿਆ ਗਿਆ। ਜ਼ਮਾਨਤ ਕਰਾਉਣ ਲਈ ਕਿਹਾ ਗਿਆ ਪਰ ਮੈਂ ਇਨਕਾਰ ਕਰ ਦਿੱਤਾ। ਅੰਤ ੨੮ ਜੂਨ ਨੂੰ

ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ।

ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਬਜ਼ੁਰਗ ਮਾਂ ਦਾ ਪੁੱਤਰ ਜਥੇਦਾਰ ਨਛੱਤਰ ਸਿੰਘ ਸ਼ਹੀਦ ਹੋਇਆ ਉਹ ਵੀ ੨੮ ਜੂਨ ਨੂੰ ਹੀ ਰਿਹਾ ਹੋਈ। ਕਿਉਂਕਿ ਉਸ ਨੇ ਕਹਿ ਦਿੱਤਾ ਸੀ ਕਿ 'ਮੈਂ ਸ਼ਹੀਦ ਦੀ ਮਾਂ ਹਾਂ, ਕਿਸੇ ਸ਼ਰਤ ਅਧੀਨ ਰਿਹਾ ਨਹੀਂ ਹੋਵਾਂਗੀ।'

ਇਸ ਸਾਰੇ ਦੁੱਖਦਾਈ ਕਾਂਡ ਦੌਰਾਨ ਮੈਂ ਇਹ ਮਹਿਸੂਸ ਕੀਤਾ ਹੈ ਕਿ ਜਿੱਥੇ ਅਸੀਂ ਬਾਰ-ਬਾਰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਕਿ ਅਸੀਂ ਹਿੰਦੁਸਤਾਨੀ ਹਾਂ, ਉੱਥੇ ਭਾਰਤੀ ਫੌਜ ਸਾਨੂੰ ਹਿੰਦੁਸਤਾਨੀ ਨਹੀਂ ਸੀ ਸਮਝ ਰਹੀ। ਇਹ ਉਨ੍ਹਾਂ ਦੇ ਬੇਗੁਨਾਹ ਸਿੱਖਾਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਵਿਵਹਾਰ ਤੋਂ ਸਪਸ਼ਟ ਸੀ। ■

ਫਿਰ ਮੁਜ਼ਰਿਮ ਕੌਣ ਹਨ?

-ਭਾਈ ਨਿਸ਼ਾਨ ਸਿੰਘ 'ਗੰਡੀਵਿੰਡ'

ਕਦੀ ਭੁੱਲ ਕੇ ਵੀ ਨਾ ਭੁਲਾਏ ਜਾਣ ਵਾਲੇ ਨਵੰਬਰ ੮੪ ਦੇ ਕਤਲੇਆਮ ਦਾ ਦੁਖਾਂਤ ਉਸ ਸਮੇਂ ਵਰਤਿਆ ਜਦੋਂ ਸ. ਸਤਵੰਤ ਸਿੰਘ ਅਤੇ ਸ. ਬੇਅੰਤ ਸਿੰਘ ਨੇ ਭਾਰਤ ਦੀ ਪ੍ਰਧਾਨ ਮੰਤਰੀ ਨੂੰ ੩੧ ਅਕਤੂਬਰ ਵਾਲੇ ਦਿਨ ਸਵੇਰ ਦੇ ੯:੧੮ ਮਿੰਟ 'ਤੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਇਹ ਉਸ ਵੱਲੋਂ ਕਰਵਾਏ ਗਏ ਜੂਨ ੧੯੮੪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਧਾਮਾਂ 'ਤੇ ਫੌਜੀ ਹਮਲੇ ਦਾ ਨਤੀਜਾ ਸੀ।

ਇੰਦਰਾ ਗਾਂਧੀ ਨੂੰ ਜਿਸ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦਿੱਲੀ ਵਿਖੇ ਦਾਖ਼ਲ ਕਰਵਾਇਆ ਗਿਆ, ਉਸ ਦੇ ਮੁੱਖ ਪ੍ਰਵੇਸ਼ ਦੁਆਰ ਦੇ ਸਾਹਮਣੇ ਦੁੱਖ ਦਾ ਪ੍ਰਗਟਾਵਾ ਕਰਨ ਆਏ ਲੱਗਭਗ ੩-੪ ਹਜ਼ਾਰ ਦੀ ਗਿਣਤੀ 'ਚ ਲੋਕਾਂ ਦਾ ਇਕੱਠ ਸੀ, ਜਿਸ ਵਿਚ ਸਿੱਖ ਵੀ ਮੌਜੂਦ ਸਨ। ਸ੍ਰੀ ਦੇਵ ਦੱਤ ਪੱਤਰਕਾਰ ਦੇ ਮੁਤਾਬਕ ਸਾਢੇ ਚਾਰ ਵਜੇ ਇਸ ਇਕੱਠ ਵਿੱਚੋਂ ੩੦-੩੫ ਨੌਜਵਾਨਾਂ ਦਾ ਟੋਲਾ ਨਿਕਲਿਆ, ਜਿਸ ਨੇ ਆਈ. ਐਨ. ਏ. ਮਾਰਕੀਟ ਦੇ ਬਾਹਰ ਇਕ ਸਿੱਖ ਦੇ ਸਕੂਟਰ ਨੂੰ ਅੱਗ ਲਾ ਦਿੱਤੀ। ਫਿਰ ਉਹ ਝੁੰਡ ਸਰੋਜਨੀ ਨਗਰ ਵੱਲ ਨੂੰ ਹੋ ਤੁਰਿਆ ਅਤੇ ਬੱਸਾਂ ਵਿੱਚੋਂ ਸਿੱਖਾਂ ਨੂੰ ਧੂਹ ਕੇ ਦੁਰਵਿਹਾਰ ਕਰਨ ਲੱਗ ਪਿਆ। ਸ੍ਰੀ ਦੇਵ ਦੱਤ ਜੀ ਦੱਸਦੇ ਹਨ ਕਿ, 'ਮੈਂ ਇੱਕੋ ਕਤਾਰ ਵਿਚ ਪੰਜ ਪੱਗਾਂ ਸੜਦੀਆਂ ਵੇਖੀਆਂ।'

ਪੰਜ ਕੁ ਵਜੇ ਜਦੋਂ ਰਾਜੀਵ ਗਾਂਧੀ ਆਪਣੀ ਮਾਤਾ (ਇੰਦਰਾ ਗਾਂਧੀ) ਕੋਲ ਆਇਆ ਉਸ ਵੇਲੇ ਉਹ ਬੜੇ ਕ੍ਰੋਧ ਵਿਚ ਸੀ। ਉਸ ਦੇ ਨਾਲ ਆਏ (ਸੂਚਨਾ ਤੇ ਪ੍ਰਸਾਰਨ) ਰਾਜ ਮੰਤਰੀ ਐਚ. ਕੇ. ਐੱਲ. ਭਗਤ ਨੇ ਹਸਪਤਾਲ ਤੋਂ ਬਾਹਰ ਭਾਰੀ ਇਕੱਠ (ਜੋ 'ਇੰਦਰਾ ਗਾਂਧੀ ਅਮਰ ਰਹੇ', 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਅਰੇ ਲਗਾ ਰਿਹਾ ਸੀ) ਨੂੰ (ਰਿਪੋਰਟ ਆਫ ਨੇਸ਼ਨ ਟਰੁੱਥ ਅਬਾਉਟ ਦਿੱਲੀ ਵਿਓਲੈਂਸ ਅਨੁਸਾਰ) ਕਿਹਾ, "ਕੀ ਤੁਸੀਂ ਇਸ ਜਗ੍ਹਾ 'ਤੇ ਹੀ ਫੋਕੇ ਨਾਅਰੇ ਲਾ ਕੇ ਪ੍ਰਾਰਥਨਾ ਕਰਦੇ ਰਹੋਗੇ?" ਇਸ ਤੋਂ ਸਪਸ਼ਟ ਹੈ ਕਿ ਉਸ ਨੇ ਕਾਂਗਰਸ (ਆਈ) ਦੇ ਹਮਾਇਤੀਆਂ ਨੂੰ ਸਿੱਖ ਕਤਲੇਆਮ ਵਾਸਤੇ ਭੜਕਾਇਆ।

ਜਦੋਂ ਛੇ ਵਜੇ ਆਲ ਇੰਡੀਆ ਰੇਡੀਓ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਅਤੇ ਉਸ ਤੋਂ ਉਪਰੰਤ ਉਸ ਦੇ ਪੁੱਤਰ ਰਾਜੀਵ ਗਾਂਧੀ ਦੇ (ਤਿੰਨ ਵਜ਼ੀਰਾਂ ਸਮੇਤ) ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਦੀ ਖ਼ਬਰ ਦਿੱਤੀ, ਉਸ ਸਮੇਂ ਸਿੱਖਾਂ ਦਾ ਕਾਫੀ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਸੀ। ਵਿਗੜ ਰਹੇ ਹਾਲਾਤ 'ਤੇ ਕਾਬੂ ਪਾਉਣ ਵਾਸਤੇ ਜਦੋਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਨੇ ਨਵੇਂ ਬਣੇ ਗ੍ਰਿਹ ਮੰਤਰੀ (ਨਰਸਿੰਮਹਾ ਰਾਓ) ਨੂੰ ਕਿਹਾ ਤਾਂ ਉਸ ਨੇ ਯਕੀਨ ਦਵਾਇਆ ਕਿ "ਵਿਗੜ ਰਹੇ ਹਾਲਾਤ 'ਤੇ ਦੋ ਘੰਟਿਆਂ ਵਿਚ ਕਾਬੂ ਪਾ ਲਿਆ ਜਾਵੇਗਾ।" ਪਰ ਸਿੱਖਾਂ ਦੇ ਖ਼ੂਨ ਦੀ ਖੇਡੀ ਜਾ ਰਹੀ ਹੋਲੀ ਨੂੰ ਰੋਕਣ ਵਾਸਤੇ ਕੋਈ ਵੀ ਕਦਮ ਨਾ ਚੁੱਕਿਆ।

ਗਿਣੀ-ਮਿਥੀ ਸਾਜ਼ਸ਼ ਮੁਤਾਬਕ ਕਾਂਗਰਸ (ਆਈ) ਦੇ ਹਮਾਇਤੀਆਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਗਾ ਕੇ ਝੂਠੀਆਂ ਅਫਵਾਹਾਂ ਫੈਲਾਈਆਂ ਗਈਆਂ ਕਿ 'ਸਿੱਖ ਇੰਦਰਾ ਗਾਂਧੀ

ਦੀ ਮੌਤ ਹੋਣ 'ਤੇ ਭੰਗੜੇ ਪਾ ਰਹੇ ਹਨ ਅਤੇ ਮਠਿਆਈਆਂ ਵੰਡ ਰਹੇ ਹਨ, (ਹਿੰਦੂਆਂ ਨੂੰ ਸਿੱਖਾਂ ਦੇ ਖਿਲਾਫ਼ ਭੜਕਾਉਣ ਵਾਸਤੇ) ਪੁਰਾਣੀ ਦਿੱਲੀ ਦੇ ਸਟੇਸ਼ਨ 'ਤੇ ਸੈਂਕੜੇ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਸਿੱਖਾਂ ਨੇ ਪੰਜਾਬ ਤੋਂ ਭੇਜੀਆਂ ਹਨ, (ਦਿੱਲੀ ਦੇ ਵਸਨੀਕਾਂ ਨੂੰ ਭੜਕਾਉਣ ਵਾਸਤੇ) ਸਿੱਖਾਂ ਨੇ ਪੀਣ ਵਾਲੇ ਸਾਰੇ ਪਾਣੀ ਵਿਚ ਜ਼ਹਿਰ ਘੋਲ ਦਿੱਤਾ ਹੈ' ਵਰਗੀਆਂ ਅਫਵਾਹਾਂ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਇੱਥੇ ਹੀ ਬਸ ਨਹੀਂ, ਸਗੋਂ ਕਾਂਗਰਸ (ਆਈ) ਦੇ ਹਮਾਇਤੀਆਂ/ਨੇਤਾਵਾਂ ਨੇ ਬਾਹਰਲੇ ਪਿੰਡਾਂ ਤੋਂ ਭੰਗੀਆਂ, ਗੁੱਜਰਾਂ, ਜਾਟਾਂ ਅਤੇ ਗੁੰਡਿਆਂ ਨੂੰ ਵਧ-ਚੜ੍ਹ ਕੇ ਸਿੱਖਾਂ ਦਾ ਕਤਲੇਆਮ ਕਰਨ ਵਾਸਤੇ ਲਿਆਂਦਾ। ਉਨ੍ਹਾਂ ਨੂੰ ਇਹ ਵੀ ਲਾਲਚ ਦਿੱਤਾ ਗਿਆ ਕਿ ਸਿੱਖਾਂ ਨੂੰ ਮਾਰ ਕੇ ਉਨ੍ਹਾਂ ਦੀ ਲੁੱਟੀ ਹੋਈ ਜਾਇਦਾਦ ਤੁਹਾਡੀ ਹੋਵੇਗੀ। ਟੀ. ਵੀ. 'ਤੇ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਵਰਗੇ ਭੜਕਾਊ ਨਾਅਰੇ ਸੁਣੇ ਗਏ।

ਵਹਿਸ਼ੀ ਦਰਿੰਦਿਆਂ ਵੱਲੋਂ ਸ਼ਿਕਾਰੀ ਕੁੱਤਿਆਂ ਦਾ ਰੂਪ ਧਾਰ ਕੇ ਸਿੱਖਾਂ ਦਾ ਲੱਭ-ਲੱਭ ਕੇ ਸ਼ਿਕਾਰ ਕੀਤਾ ਜਾ ਰਿਹਾ ਸੀ। ਘਰਾਂ, ਦੁਕਾਨਾਂ, ਟਰੱਕ/ਮੋਟਰ ਗੱਡੀਆਂ ਅਤੇ ਗੁਰਦੁਆਰਿਆਂ ਨੂੰ ਅੱਗ ਲਗਾਈ ਜਾ ਰਹੀ ਸੀ। ਸੁੰਦਰ ਨਗਰ ਕਾਲੋਨੀ ਵਿਚ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨ ਆਏ ਰਾਖਸ਼ ਟੋਲੇ ਦਾ ਸ. ਦਿਲਬਾਗ ਸਿੰਘ (ਕੁਰੂਕਸ਼ੇਤਰ) ਅਤੇ ਹੋਰ ਅੰਮ੍ਰਿਤਧਾਰੀ ਤੇ ਗੈਰ-ਅੰਮ੍ਰਿਤਧਾਰੀ ਸਿੱਖਾਂ ਵੱਲੋਂ ਡੱਟ ਕੇ ਮੁਕਾਬਲਾ ਕੀਤਾ ਗਿਆ। ਗਹਿ-ਗੱਚ ਲੜਾਈ ਹੋਣ ਤੋਂ ਬਾਅਦ ਸ. ਦਿਲਬਾਗ ਸਿੰਘ ਹਮਲਾਵਰਾਂ ਦੇ ਹੱਥ ਆ ਗਿਆ। ਉਸ ਨੂੰ ਬੜੀ ਬੇਰਹਿਮੀ ਨਾਲ ਥੋੜ੍ਹਾ-ਥੋੜ੍ਹਾ ਸਾੜ ਕੇ ਮਾਰਿਆ ਗਿਆ ਅਤੇ ਵਿਰਲਾਪ ਕਰ ਰਹੀ ਉਸ ਦੀ ਪਤਨੀ ਨਾਲ ਨਿਹਾਇਤ ਕੋਝੀਆਂ ਹਰਕਤਾਂ ਕੀਤੀਆਂ ਗਈਆਂ। ਜ਼ੁਲਮ ਦੀ ਹੱਦ ਸਿਖਰਾਂ ਨੂੰ ਛੂਹ ਰਹੀ ਸੀ। ਸ਼ਹੀਦ ਨਗਰ ਵਿਚ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਸਾੜਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਵੀ ਜਲਾ ਦਿੱਤੇ, ਗੁਰੂ ਸਾਹਿਬ ਦੇ ਅੱਧ-ਸੜੇ ਸਰੂਪਾਂ ਨੂੰ ਪੈਰਾਂ ਵਿਚ ਰੋਲ਼ਿਆ ਗਿਆ। ਦਿੱਲੀ ਦੇ ਕੋਨੇ-ਕੋਨੇ ਵਿਚ ਸਿੱਖ ਕਤਲੇਆਮ ਦੀ ਹਾਹਾਕਾਰ ਮੱਚੀ ਹੋਈ ਸੀ ਲੇਕਿਨ ਅਜੇ ਵੀ ਤੱਤਕਾਲੀ ਗ੍ਰਹਿ ਮੰਤਰੀ "ਹਾਲਾਤ ਪੂਰੀ ਤਰ੍ਹਾਂ ਕਾਬੂ ਵਿਚ ਹੈ" ਦੱਸ ਰਿਹਾ ਸੀ।

ਜਦੋਂ ਰਾਸ਼ਟਰਪਤੀ ਨੂੰ ਕੁਝ ਸ਼ਹਿਰੀ ਅਤੇ ਉੱਚ ਅਧਿਕਾਰੀਆਂ ਨੇ ਪੁੱਛਿਆ ਕਿ, "ਕਿ ਵਿਗੜ ਰਹੇ ਹਾਲਾਤ 'ਤੇ ਕਾਬੂ ਪਾਉਣ ਵਾਸਤੇ ਫੌਜ ਨੂੰ ਕਿਉਂ ਨਹੀਂ ਬੁਲਾਇਆ ਜਾ ਰਿਹਾ?" ਤਾਂ ਉਸ ਨੇ ਦੱਸਿਆ, "ਸਰਕਾਰ ਅਜੇ ਸੋਚ ਰਹੀ ਹੈ ਕਿ ਫ਼ੌਜ ਨੂੰ ਬੁਲਾਇਆ ਜਾਵੇ ਜਾਂ ਨਾ।"

ਵਿਰੋਧੀ ਧਿਰ ਦੇ ਨੇਤਾਵਾਂ ਦੇ ਵਾਰ-ਵਾਰ ਜ਼ੋਰ ਦੇਣ 'ਤੇ "ਅਣਮਿੱਥੇ ਸਮੇਂ ਲਈ ਕਰਫ਼ਿਊ ਲਗਾ ਦਿੱਤਾ ਗਿਆ, ਫੌਜ ਸੱਦ ਲਈ ਗਈ ਅਤੇ ਵੇਖਦਿਆਂ ਹੀ ਗੋਲੀ ਮਾਰਨ ਦਾ ਹੁਕਮ ਇਕ ਨਵੰਬਰ ਦੀ ਸ਼ਾਮ ਨੂੰ ਜਾਰੀ ਕੀਤਾ ਗਿਆ।" (ਇੰਡੀਅਨ ਐਕਸਪ੍ਰੈੱਸ ੨ ਨਵੰਬਰ) ਵਿਗੜੇ ਹੋਏ ਹਾਲਾਤ ਨੂੰ ਕਾਬੂ ਵਿਚ ਲੈਣ ਵਾਸਤੇ (੨੪ ਘੰਟੇ ਨਸ਼ਟ ਕਰ ਕੇ) ਫੌਜ ਦੇ ਹੱਥ ਪ੍ਰਬੰਧ ਦੇਣਾ ਇਕ ਸੋਚੀ-ਸਮਝੀ ਸਾਜ਼ਸ਼ ਨਹੀਂ ਤਾਂ ਹੋਰ ਕੀ ਸੀ? ਮੇਜਰ ਜਨਰਲ ਜੇ. ਐੱਸ. ਜੰਮਵਾਲ ਦਾ ੭ ਨਵੰਬਰ ੧੯੮੪ ਦਾ ਬਿਆਨ "ਹਿੰਸਾ 'ਤੇ ਕਾਬੂ ਪਾਉਣ ਲਈ ਫੌਜ ਪੂਰੀ ਤਰ੍ਹਾਂ ਤਾਇਨਾਤ ਉਦੋਂ ਕੀਤੀ ਗਈ ਜਦੋਂ ਇੰਦਰਾ ਗਾਂਧੀ ਦੇ ਅੰਤਮ ਸਸਕਾਰ ਲਈ ਰਾਖਵੇਂ ਰੱਖੇ ੩੦੦੦ ਫੌਜੀ ਅਤੇ ਮੋਟਰ ਗੱਡੀਆਂ ਵਿਹਲੀਆਂ ਹੋ ਗਈਆਂ।" ਭਾਵ ੭੨ ਘੰਟੇ ਬਾਅਦ।

ਮੁਨੀਰਕਾ ਵਿਚ ਯੂਥ ਦੇ ਨੇਤਾ ਸਤਬੀਰ ਸਿਹੁੰ ਨੇ ਗੁੰਡਿਆਂ ਦੀ ਭਰੀ ਬੱਸ ਲਿਆਂਦੀ ਜਿਨ੍ਹਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਇਮਾਰਤ ਅਤੇ ਸਕੂਲੀ ਬੱਸਾਂ ਨੂੰ ਅੱਗ ਲਗਾ ਦਿੱਤੀ। ਤ੍ਰਿਸ਼ੂਲਾਂ, ਲੋਹੇ ਦੇ ਸਰੀਏ ਅਤੇ ਹੋਰ ਤੇਜ਼ ਹਥਿਆਰਾਂ ਨਾਲ ਸਿੱਖਾਂ ਦਾ ਘਾਣ ਕੀਤਾ ਜਾ ਰਿਹਾ ਸੀ। ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐੱਲ. ਦੀ ਰਿਪੋਰਟ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ "ਆਰ ਕੇ ਪੁਰਮ ਦੇ ਚਾਰ ਸੈਕਟਰ ਦੇ ਪੁਲਿਸ ਸਟੇਸ਼ਨ ਜਾ ਕੇ ਜਦੋਂ ਸ੍ਰੀ ਧਰਮ ਰਾਜ ਪੁਆਰ ਅਤੇ ਸ੍ਰੀ ਰਾਜਵੀਰ ਪੁਆਰ (ਜੋ ਬੇਰ ਸਰਾਏ ਦੇ ਵਸਨੀਕ ਸਨ) ਨੇ ਐੱਸ. ਐੱਚ. ਓ. ਨੂੰ ਮੁਨੀਰਕਾ ਦੇ ਨਗਰ ਨਿਗਮ (ਹਲਕਾ ਨੰਬਰ ੧੪) ਦੇ ਮੈਂਬਰ ਜਗਦੀਸ਼ ਟੋਕਾਮ ਦੀ ਅਗਵਾਈ ਹੇਠਲੀ ਭੀੜ ਪਾਸੋਂ ਉਨ੍ਹਾਂ ਸਿੱਖਾਂ ਨੂੰ ਬਚਾਉਣ ਵਾਸਤੇ ਬੇਨਤੀ ਕੀਤੀ ਜਿਨ੍ਹਾਂ ਨੂੰ ਹਿੰਦੂ ਭਰਾਵਾਂ ਨੇ ਆਪਣੇ ਘਰਾਂ ਵਿਚ ਪਨਾਹ ਦਿੱਤੀ ਹੋਈ ਹੈ, ਪਰ ਅੱਗੋਂ ਐੱਸ. ਐੱਚ. ਓ. ਨੇ ਉਨ੍ਹਾਂ ਨੂੰ "ਸਿੱਖਾਂ ਨੂੰ ਮਾਰਨਾ ਬਿਲਕੁਲ ਜਾਇਜ਼" ਦੱਸਿਆ ਅਤੇ ਪੁਲਿਸ ਸਟੇਸ਼ਨ ਦੇ ਬਾਹਰ ਖੜ੍ਹੇ ਦੋ ਸਿਪਾਹੀ, ਉਨ੍ਹਾਂ ਨੂੰ ਕਹਿੰਦੇ ਹਨ, "ਜਾਟ ਹੋਣ ਦੇ ਨਾਤੇ ਤੁਹਾਨੂੰ ਉਨ੍ਹਾਂ ਸਿੱਖਾਂ ਨੂੰ ਮਾਰ ਦੇਣਾ ਚਾਹੀਦਾ ਹੈ।" ਗੱਲ ਕੀ? ਖੁਦ ਪੁਲਿਸ ਵੀ ਭੂਤਰੀ ਹੋਈ ਭੀੜ ਨੂੰ ਸਿੱਖਾਂ ਨੂੰ ਮਾਰਨ, ਉਨ੍ਹਾਂ ਦੀਆਂ ਜਾਇਦਾਦਾਂ ਸਾੜਨ, ਲੁੱਟਣ ਅਤੇ ਉਨ੍ਹਾਂ ਦੀਆਂ ਬਹੂ/ਬੇਟੀਆਂ ਨਾਲ ਬਲਾਤਕਾਰ ਕਰਨ ਵਾਸਤੇ ਉਕਸਾ/ਭੜਕਾ ਰਹੀ ਸੀ। ਐੱਮ. ਪੀ. ਸੱਜਨ ਕੁਮਾਰ ਅਤੇ ਲਲਿਤ ਮਾਕਨ ਦੇ ਟਰੇਡ ਯੂਨੀਅਨ ਦੇ ਨੇਤਾ ਆਦਿ ਸਿੱਖਾਂ ਦੇ ਕਾਤਲਾਂ ਨੂੰ ਪ੍ਰਤੀ ਵਿਅਕਤੀ ੧੦੦ ਰੁਪਿਆ ਅਤੇ ਇਕ ਬੋਤਲ ਸ਼ਰਾਬ ਦੀ ਵੰਡ ਰਹੇ ਸਨ, ਇਨ੍ਹਾਂ ਵੱਲੋਂ ਕਈਆਂ ਕਾਤਲਾਂ ਨੂੰ ਪ੍ਰਤੀ ਵਿਅਕਤੀ ੧੦੦੦ ਰੁਪਿਆ ਵੀ ਦਿੱਤਾ ਗਿਆ।

ਸਰਕਾਰ ਵੱਲੋਂ ਅਣਮਿੱਥੇ ਸਮੇਂ ਦੇ ਕਰਫ਼ਿਊ ਅਤੇ ਵੇਖਦਿਆਂ ਹੀ ਗੋਲੀ ਮਾਰਨ ਦਾ ਐਲਾਨ ਹੋਣ ਤੋਂ ਬਾਅਦ ਵੀ ਹੋਈ ਭਿਆਨਕ ਤਬਾਹੀ ਦੇ ਬਾਅਦ ਸ਼ੱਕ ਪੈਦਾ ਹੁੰਦਾ ਹੈ ਕਿ ਸਰਕਾਰ ਦੀ ਇਹ ਚਾਲ ਸੀ, ਕਰਫ਼ਿਊ ਦੌਰਾਨ ਆਪਣੇ ਘਰਾਂ ਵਿਚ ਹੀ ਬੈਠੇ ਸਿੱਖਾਂ ਨੂੰ ਘਰ-ਬੂਹੇ ਸਮੇਤ ਸਾੜ-ਫੂਕ ਦਿੱਤਾ ਜਾਵੇ, ਅਗਰ ਜੇ ਕੋਈ ਭੱਜ ਕੇ ਬਾਹਰ ਨਿਕਲੇ ਤਾਂ ਉਸ ਨੂੰ ਤੁਰੰਤ ਗੋਲੀ ਮਾਰ ਦਿੱਤੀ ਜਾਵੇ। "ਯਾਦ ਰਹੇ ਕਿ ਫੌਜ ਕੋਲ ਗੋਲੀ ਚਲਾਉਣ ਦਾ ਕੋਈ ਅਧਿਕਾਰ ਨਹੀਂ ਸੀ।" (ਇੰਡੀਅਨ ਐਕਸਪ੍ਰੈੱਸ ੩ ਨਵੰਬਰ ੧੯੮੪) ਇਹ ਅਧਿਕਾਰ ਕੇਵਲ ਸਿੱਖਾਂ ਦੇ ਕਾਤਲਾਂ ਨੂੰ ਸੀ। ਕਿਉਂਕਿ ਲਾਜਪਤ ਨਗਰ ਦੀ ਮਾਰਕੀਟ ਵਿਚ ਸੈਂਕੜੇ ਨੌਜਵਾਨ ਤਲਵਾਰਾਂ, ਤ੍ਰਿਸ਼ੂਲ, ਸਲਾਖਾਂ ਆਦਿ ਫੜੀ ਦਨ-ਦਨਾਉਂਦੇ ਫਿਰਦੇ ਸਨ, ਪਰ ਫੌਜ ਦੀ ਇਕ ਕਾਨਵਾਈ (ਟੁਕੜੀ) ਆਪਣੀ ਕਾਰਵਾਈ ਪਾਉਂਦੀ ਲਾਗੋਂ ਲੰਘ ਗਈ, ਉਸ ਨੇ ਉਨ੍ਹਾਂ ਨੂੰ ਕੁਝ ਨਾ ਕਿਹਾ। ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐੱਲ. ਦੀ ਰਿਪੋਰਟ ਤੋਂ ਪਤਾ ਲੱਗਾ ਹੈ ਕਿ "ਐੱਮ. ਪੀ. ਧਰਮ ਦਾਸ ਸ਼ਾਸਤਰੀ, ਦਿੱਲੀ ਨਗਰ ਨਿਗਮ (ਹਲਕਾ ਨੰ: ੩੨) ਦੇ ਮੈਂਬਰ ਮੰਗਤ ਰਾਮ ਅਤੇ ਦਿੱਲੀ ਮਹਾਂ ਨਗਰ ਕੌਂਸਲਰ (ਮਹਿੰਦਰ) ਨੇ ਵੋਟਰ ਲਿਸਟਾਂ ਤੋਂ ਸਿੱਖਾਂ ਦੇ ਘਰਾਂ ਦੀ ਪਹਿਚਾਣ ਕਰ ਕੇ ਭੂਤਰੀ ਹੋਈ ਵਹਿਸ਼ੀ ਦਰਿੰਦਿਆਂ ਦੀ ਭੀੜ ਪਾਸੋਂ ਸਿੱਖਾਂ ਦਾ ਕਤਲੇਆਮ ਕਰਵਾਇਆ।

ਇਹ ਵੀ ਚੇਤੇ ਰਹੇ ਕਿ ਸਿੱਖਾਂ ਨੂੰ ਕਤਲ ਕਰਨ ਵਾਲੇ ਇਹ ਨਹੀਂ ਸਨ ਵੇਖਦੇ ਕਿ ਕੌਣ ਕਾਂਗਰਸੀ ਹੈ, ਕੌਣ ਗੈਰ-ਕਾਂਗਰਸੀ ਹੈ। ਉਹ ਤਾਂ ਕੇਵਲ ਦਾੜ੍ਹੀ/ਕੇਸ ਅਤੇ ਸਿਰ 'ਤੇ ਬੱਝੀ ਪੱਗ/ਪਰਨਾ ਹੀ ਵੇਖਦੇ ਸਨ। ਹਮਲਾਵਰਾਂ ਵੱਲੋਂ ਸੀਮਾਪੁਰੀ ਦੇ ਕਾਂਗਰਸੀ ਲੀਡਰ ਜਗਜੀਤ

ਸਿੰਘ ਅਤੇ ਅਮਰਜੀਤ ਸਿੰਘ (ਸਕੇ ਭਰਾਵਾਂ) ਦੀ ਕੋਠੀ 'ਤੇ ਹਮਲਾ ਕੀਤਾ ਗਿਆ। ਸਕਰਪੁਰ ਦੇ ਐੱਮ ਬਲਾਕ ਦੇ ਵਸਨੀਕ ਕਾਂਗਰਸ ਦੇ ਕਾਰਕੁਨ ਤਰਲੋਚਨ ਸਿੰਘ (ਭਾਟੀਆ) ਨੂੰ ਮਾਰ ਦਿੱਤਾ ਗਿਆ ਅਤੇ ਦਿੱਲੀ ਦੇ ਸਿੱਖ ਕਾਂਗਰਸ (ਆਈ) ਦੇ ਐੱਮ. ਪੀ. ਸ. ਚਰਨਜੀਤ ਸਿੰਘ ਦੀ ਕੈਂਪਾ ਕੋਲਾ ਦੀ ਫੈਕਟਰੀ ਸਾੜ ਕੇ ਉਸ ਦਾ ਦਸ ਕਰੋੜ ਦਾ ਨੁਕਸਾਨ ਕੀਤਾ ਗਿਆ। ਬੇਸ਼ੱਕ ਉਸ ਵੱਲੋਂ ਲੈਫਟੀਨੈਂਟ ਗਵਰਨਰ ਅਤੇ ਪੁਲਿਸ ਨੂੰ ਫੋਨ ਕਰ ਕੇ ਆਪਣੀ ਫੈਕਟਰੀ ਦਾ ਨੁਕਸਾਨ ਹੋਣੋਂ ਰੋਕਣ ਵਾਸਤੇ ਕਿਹਾ ਗਿਆ ਪਰ ਪੁਲਿਸ ਫਿਰ ਵੀ ਉੱਥੇ ਨਾ ਪਹੁੰਚੀ।

ਸਿਵਲ ਕੱਪੜਿਆਂ ਵਿਚ ਸ. ਕੁਲਵੰਤ ਸਿੰਘ ਕਾਂਸਟੇਬਲ ਆਪਣੀ ਡਿਊਟੀ ਤੋਂ ਬਾਅਦ ਆਪਣੇ ਘਰ ਵੱਲ ਆ ਰਿਹਾ ਸੀ, ਰਸਤੇ ਵਿਚ ਇਕ ਹਜ਼ੂਮ ਨੇ ਉਸ ਨੂੰ ਘੇਰ ਕੇ ਲਹੂ-ਲੁਹਾਣ ਕਰ ਕੇ ਸੁੱਟ ਦਿੱਤਾ। ਉਸ ਦੇ ਸਿਰ ਅਤੇ ਸਰੀਰ 'ਤੇ ਵੱਜੇ ਚੌਦਾਂ ਰਾਡਾਂ ਦੇ ਜ਼ਖਮ ਸਨ। ਉਹ ਕਹਿੰਦਾ ਹੈ ਕਿ ਪੁਲਿਸ ਹਮਲਾਵਰਾਂ ਨੂੰ ਤਾਂ ਰੋਕ ਨਹੀਂ ਸੀ ਰਹੀ, ਕਿਉਂਕਿ ਇਕ ਤਾਂ ਉਹ ਭਾਰੀ ਗਿਣਤੀ ਵਿਚ ਸਨ, ਦੂਜਾ ਉਨ੍ਹਾਂ ਪਾਸ ਹਥਿਆਰ ਵੀ ਬਹੁਤ ਜ਼ਿਆਦਾ ਸਨ। ਸ. ਕਸ਼ਮੀਰ ਸਿੰਘ 'ਮੋਦਾ' ਟਰੱਕ ਡਰਾਈਵਰ ਜਿਸ ਨੂੰ ਇਕ ਹੋਰ ਸਾਥੀ ਸਮੇਤ ਮੁਸਲਮਾਨ ਸਾਥੀਆਂ ਨੇ ਆਪਣੀ ਸ਼ਰਨ ਵਿਚ ਰੱਖ ਕੇ ਟਰੱਕਾਂ ਨੂੰ ਅੱਗ ਲਗਾ ਰਹੀ ਭੀੜ ਤੋਂ ਬਚਾਇਆ, ਦੱਸਦਾ ਹੈ ਕਿ ਭੀੜ ਨੇ ਕਈ ਉਨ੍ਹਾਂ ਹਿੰਦੂ ਭਰਾਵਾਂ ਦੇ ਘਰ-ਬੂਹੇ ਸਾੜੇ ਜਿਨ੍ਹਾਂ ਨੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੱਤੀ ਹੋਈ ਸੀ। ਇਹ ਵੀ ਪਤਾ ਲੱਗਾ ਹੈ ਕਿ ਇਕ ਏ-ਮੁਲਾ ਨਾਮ ਦੇ ਮੁਸਲਮਾਨ ਨੇ ਵੀ ਬਲਦੀ 'ਤੇ ਰੋਟੀ ਲਾਹੁਣ ਦੀ ਉਦੋਂ ਕੋਸ਼ਿਸ਼ ਕੀਤੀ, ਜਦੋਂ ਉਸ ਨੇ ਤ੍ਰਿਲੋਕਪੁਰੀ ਵਿਚ ਮੁਸਲਮਾਨ ਭਰਾਵਾਂ ਨੂੰ ਗੁਰਦੁਆਰੇ ਸਾੜਨ ਵਾਸਤੇ ਭੜਕਾਇਆ।

ਸ੍ਰੀ ਗੁਪਤਾ ਐੱਮ. ਪੀ. ਦੀ ਅਗਵਾਈ ਹੇਠ ਸੁਲਤਾਨਪੁਰੀ ਵਿਚ ਭੜਕਿਆ ਹੋਇਆ ਲੋਕਾਂ ਦਾ ਹਜ਼ੂਮ 'ਮਰਦਾਂ ਨੂੰ ਮਾਰ ਦਿਓ' ਅਤੇ 'ਔਰਤਾਂ ਨਾਲ ਜਬਰ-ਜਿਨਾਹ ਕਰੋ' ਉੱਚੀ-ਉੱਚੀ ਕਹਿ ਰਿਹਾ ਸੀ। ਇਸ ਹਜ਼ੂਮ ਤੋਂ ਬਚੇ ਲੋਕ ਦੱਸਦੇ ਹਨ ਕਿ ਇਸ ਸੁਲਤਾਨਪੁਰੀ ਦੇ ਪੁਲਿਸ ਸਟੇਸ਼ਨ ਦੇ ਐੱਸ. ਐੱਚ. ਓ. ਵੱਲੋਂ ਸਿੱਖਾਂ ਦੇ ਫੜੇ ਹਥਿਆਰ (ਜੋ ਉਨ੍ਹਾਂ ਆਪਣੀ ਰੱਖਿਆ ਵਾਸਤੇ ਫੜੇ ਸਨ) ਸੁਟਵਾ ਕੇ ਉਨ੍ਹਾਂ ਨੂੰ ਵਹਿਸ਼ੀ ਦਰਿੰਦਿਆਂ ਦੇ ਹਵਾਲੇ ਕਰਨ ਦੇ ਨਾਲ-ਨਾਲ ਖੁਦ ਵੀ ਸਿੱਖਾਂ ਨੂੰ ਕਤਲ ਕੀਤਾ ਅਤੇ ਸਿੱਖਾਂ ਦੇ ਬੰਦੂਕ ਦੀ ਨੋਕ 'ਤੇ ਕੇਸ ਕਟਵਾਏ, ਕੇਸ ਕੱਟਣ ਵਾਲੇ ਨਾਈ ਨੇ ਪ੍ਰਤੀ ਵਿਅਕਤੀ ੨੧ ਰੁਪਏ ਦੇ ਹਿਸਾਬ ਨਾਲ ੫੦੦ ਰੁਪਿਆ ਲਿਆ। ਇਸ ਦੁਸ਼ਟ ਐੱਸ. ਐੱਚ. ਓ. ਦਾ ਨਾਮ ਹਰੀ ਰਾਮ ਭੱਟੀ ਸੀ। ਬ੍ਰਹਮ ਨੰਦ ਗੁਪਤਾ ਸਿੱਖਾਂ ਨੂੰ ਸਾੜਨ ਵਾਸਤੇ ਤੇਲ ਮੁਹੱਈਆ ਕਰ ਰਿਹਾ ਸੀ। ਮੰਗੋਲਪੁਰੀ ਵਿਚ ਕਤਲੇਆਮ ਦੇ ਸ਼ਿਕਾਰ ਹੋਏ ਲੋਕਾਂ ਨੇ ਪੱਤਰਕਾਰਾਂ ਨੂੰ ਸੁਲਤਾਨਪੁਰੀ ਅਤੇ ਮੰਗੋਲਪੁਰੀ ਵਿਚਲੇ ਨਾਲੇ ਵਿਚ ਸੁੱਟੀਆਂ ਸਿੱਖਾਂ ਦੀਆਂ ਲਾਸ਼ਾਂ ਅਤੇ ਸਿੱਖ ਬੱਚਿਆਂ ਨੂੰ ਪਾੜ-ਪਾੜ ਕੇ ਸੁੱਟਣ ਬਾਰੇ ਵੀ ਦੱਸਿਆ। ਉਹ ਇਹ ਵੀ ਕਹਿੰਦੇ ਹਨ, "ਸਿੱਖ ਨੌਜਵਾਨਾਂ/ਬਜ਼ੁਰਗਾਂ ਦੇ ਕੇਸ ਕੱਟੇ ਗਏ, ਲੋਹੇ ਦੀਆਂ ਸਲਾਖਾਂ ਨਾਲ ਕੁੱਟ-ਕੁੱਟ ਕੇ, ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਿਆ ਗਿਆ, ਉਨ੍ਹਾਂ ਵਿੱਚੋਂ ਜੋ ਅਜੇ ਸਹਿਕਦੇ ਜਾਂ ਬਚ ਜਾਂਦੇ ਉਨ੍ਹਾਂ ਨੂੰ ਤੇਲ ਪਾ ਕੇ ਸਾੜ ਦਿੱਤਾ ਜਾਂਦਾ ਸੀ।" ਇੱਥੇ ਸਿੱਖਾਂ ਦੇ ਕਾਤਲਾਂ ਦੀ ਅਗਵਾਈ ਦਿੱਲੀ ਨਗਰ ਨਿਗਮ ਮੰਗੋਲਪੁਰੀ ਦੇ (ਹਲਕਾ ਨੰਬਰ ੩੭ ਦੇ ਮੈਂਬਰ) ਈਸ਼ਵਰ ਸਿੰਹੁ, ਸਲੀਮ ਕੁਰੈਸ਼ੀ ਤੇ ਸ਼ਕੀਨ ਦੇ ਕਾਰਕੁਨਾਂ ਨੇ ਕੀਤੀ।

ਤ੍ਰਿਲੋਕਪੁਰੀ ਵਿਚ ਦੇ ਕੌਂਸਲਰ ਅਸ਼ੋਕ ਕੁਮਾਰ ਨੇ ਵਹਿਸ਼ੀ ਦਰਿੰਦਿਆਂ ਦੀ ਅਗਵਾਈ ਕੀਤੀ, ਜਿਨ੍ਹਾਂ ੪੦੦ ਸਿੱਖ ਜਿਉਂਦੇ ਸਾੜ ਦਿੱਤੇ। ਇੱਥੇ ਪੱਤਰਕਾਰਾਂ ਨੇ ਸਿੱਖਾਂ ਦੀਆਂ ਅੱਧ-ਸੜੀਆਂ ਲਾਸ਼ਾਂ ਨੂੰ ਚੂਹਿਆਂ ਵੱਲੋਂ ਕੁਤਰਦਿਆਂ ਹੋਇਆਂ ਵੇਖਿਆ। ਐੱਸ. ਐੱਚ. ਓ. ਸੁਰਵੀਰ ਸਿਹੁੰ ਨੇ ਭੀੜ ਵੱਲੋਂ ਹੋਰ ਕਤਲੇਆਮ ਅਤੇ ਲੁੱਟ-ਮਾਰ ਕਰਨ ਵਾਸਤੇ ਡਿਊਟੀ 'ਤੇ ਤਾਇਨਾਤ ਇਕ ਹਵਾਲਦਾਰ ਅਤੇ ਦੋ ਸਿਪਾਹੀਆਂ ਨੂੰ ਹਟਾ ਲਿਆ। ਪ੍ਰਸਿੱਧ ਪੱਤਰਕਾਰ ਸ੍ਰੀ ਸਤੀਸ਼ ਜੈਕਬ ਨੇ ੩੨ ਨੰ: ਬਲਾਕ ਦੇ ਹਰ ਘਰ ਵਿਚ ਸਿੱਖਾਂ ਦੀਆਂ ਲਾਸ਼ਾਂ ਪਈਆਂ ਵੇਖੀਆਂ, ਜਿਹੜੀਆਂ ਲੋਹੇ ਦੀਆਂ ਸਲਾਖਾਂ ਨਾਲ ਵਿੰਨ੍ਹੀਆਂ ਪਈਆਂ ਸਨ ਅਤੇ ਮਿੱਟੀ ਦਾ ਤੇਲ ਪਾ ਕੇ ਸਾੜੀਆਂ ਗਈਆਂ ਸਨ ਜਿੱਥੋਂ ਅਜੇ ਵੀ ਮਿੱਟੀ ਦੇ ਤੇਲ ਦੀ ਬਦਬੋ ਆ ਰਹੀ ਸੀ। ੨ ਨਵੰਬਰ ਨੂੰ ਹੋਏ ਖ਼ੂਨ-ਖਰਾਬੇ ਦੀ ਖ਼ਬਰ ਮਿਲਦਿਆਂ ਸ੍ਰੀ ਰਾਹੁਲ, ਕੁਲਦੀਪ ਬੇਦੀ, ਜੌਸਫ ਮਲੀਆਕਨ (ਪੱਤਰ-ਪ੍ਰੇਰਕ ਇੰਡੀਅਨ ਐਕਸਪ੍ਰੈੱਸ) ਭੜਕੀ ਹੋਈ ਭੀੜ ਵੱਲੋਂ ਕੀਤੇ ਗਏ ਪਥਰਾਅ ਦਾ ਸਾਹਮਣੇ ਕਰਦੇ ਪੁਲਿਸ ਸਟੇਸ਼ਨ ਪਹੁੰਚੇ ਤਾਂ ਉੱਥੋਂ ਦੇ ਐੱਸ. ਐੱਚ. ਓ. ਨੇ ਕਿਹਾ, "ਇਲਾਕੇ ਵਿਚ ਪੂਰਨ ਸ਼ਾਂਤੀ ਹੈ।" ਜਦੋਂ ਕਿ ਪੁਲਿਸ ਹੈੱਡ ਕੁਆਰਟਰ ਦੇ ਬਾਹਰ ਇਕ ਟਰੱਕ ਵੇਖਿਆ, ਜਿਸ ਵਿਚ ੪ ਮਨੁੱਖੀ ਲਾਸ਼ਾਂ ਸਨ, ਜਿਨ੍ਹਾਂ ਵਿੱਚੋਂ ਇਕ ਬੰਦਾ ਅਜੇ ਵੀ ਜਿਊਂਦਾ ਸੀ ਤਾਂ ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐੱਲ. ਦੀ ਰਿਪੋਰਟ ਮੁਤਾਬਕ ਹੀ ਇਕ ਪੱਤਰ ਪ੍ਰੇਰਕ ਨੇ ਪੁਲਿਸ ਕਮਿਸ਼ਨ ਨੂੰ ਦੱਸਿਆ "ਕਿ ਆਪ ਕਹਿ ਰਹੇ ਹੋ ਤ੍ਰਿਲੋਕਪੁਰੀ ਵਿਚ ਕੋਈ ਗੜਬੜ ਨਹੀਂ ਹੈ, ਜਦੋਂ ਕਿ ਉੱਥੇ ੩੦ ਘੰਟੇ ਤੋਂ ਜ਼ਿਆਦਾ ਸਮੇਂ ਦੇ ਕਤਲੇਆਮ ਵਿਚ ੩੫੦ ਤੋਂ ਵੱਧ ਲੋਕ ਮਾਰੇ ਗਏ ਹਨ। ੩ ਨਵੰਬਰ ੧੯੮੪ ਦੀ 'ਇੰਡੀਅਨ ਐਕਸਪ੍ਰੈੱਸ' ਦੀ ਰਿਪੋਰਟ ਅਨੁਸਾਰ ਇਕੱਲੀ ਪੂਰਬੀ ਦਿੱਲੀ ਵਿਚ ੫੦੦ ਲੋਕ ਮਾਰ ਦਿੱਤੇ ਗਏ, ੨੦੦ ਦੇ ਕਰੀਬ ਲਾਸ਼ਾਂ ਪੁਲਿਸ ਦੇ ਮੁਰਦਾ ਘਰ ਵਿਚ ਪਈਆਂ ਵੇਖੀਆਂ ਸਨ।

ਦਿੱਲੀ ਦੇ ਪੂਰਬੀ ਜ਼ਿਲ੍ਹੇ ਦੇ ਸਹਾਇਕ ਪੁਲਿਸ ਕਮਿਸ਼ਨਰ 'ਮਲਹੋਤਰਾ' ਜਿਸ 'ਤੇ ਇਹ ਇਲਜ਼ਾਮ ਹੈ ਕਿ ਉਸ ਨੇ ਖੁਦ ਭੀੜ ਨੂੰ ਬੁਲਾ ਕੇ ਹਿੰਸਾ ਕਰਵਾਈ। ਲੋਕਾਂ ਨੇ ਉਸ ਨੂੰ ਇਹ ਕਹਿੰਦੇ ਸੁਣਿਆ, "ਭਾਈ ਨੂੰ ਮਾਰਨ ਦੇ ਨਾਲ-ਨਾਲ ਤੁਹਾਨੂੰ ਗੁਰਦੁਆਰੇ ਨੂੰ ਵੀ ਉਡਾ ਦੇਣਾ ਚਾਹੀਦਾ ਸੀ।"..... ਉਸ ਕੋਲ ਇਕ ਜੀਪ, ਸਟੇਸ਼ਨ ਵੈਗਨ ਤੇ ਸਟੇਨਗੰਨਾਂ ਨਾਲ ਲੈਸ ਦੋ ਸਿਪਾਹੀ ਸਨ। ਉਸ ਕੋਲ ਕਈ ਰਿਵਾਲਵਰ, ਪੈਟਰੋਲ ਦੀਆਂ ਕੈਨੀਆਂ ਤੇ ਢੇਰ ਸਾਰੇ ਪੱਥਰ ਵੀ ਸਨ। ਚਸ਼ਮਦੀਦ ਗਵਾਹਾਂ ਮੁਤਾਬਿਕ ਉਸ ਨੇ ਭੀੜ ਨੂੰ ਹਥਿਆਰ ਵੰਡੇ।"

(ਰਿਪੋਰਟ: ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐੱਲ.)

੭੦-੮੦ ਟਰੱਕ ਭੋਗਲ ਵਿਚ ਸੜ ਰਹੇ ਸਨ, ਚੁਫੇਰੇ ਧੂੰਏਂ ਦੇ ਬੱਦਲ ਸਨ। ਜਦੋਂ 'ਸ-ਮੈਨ' ਦਾ ਪੱਤਰ-ਪ੍ਰੇਰਕ ਭੋਗਲ ਇਲਾਕੇ (ਦੱਖਣੀ ਦਿੱਲੀ ਵਿਚ ਸ਼ਨੀਵਾਰ ਸ਼ਾਮ ਨੂੰ) ਗਿਆ ਤਾਂ ਦੂਰ ਤੋਂ ਹੀ ਧੂੰਆਂ ਨਜ਼ਰ ਆ ਰਿਹਾ ਸੀ, ਫੌਜ ਅਤੇ ਪੁਲਿਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉੱਥੇ ਕੋਈ ਗੜਬੜ ਹੈ (ਸਟੇਟਸ ਮੈਨ, ੪ ਨਵੰਬਰ ੧੯੮੪)

ਫੌਜੀ ਅਫਸਰਾਂ ਨੇ ਪੀ. ਯੂ. ਡੀ. ਆਰ. ਤੇ ਪੀ. ਯੂ. ਸੀ. ਐੱਲ. ਦੀ ਸਾਂਝੀ ਕਮੇਟੀ ਨੂੰ ਦੱਸਿਆ ਕਿ ਪੁਲਿਸ ਸਾਨੂੰ ਸਕਾਊਟ ਨਹੀਂ ਸੀ ਦੇ ਰਹੀ ਜੋ ਉਨ੍ਹਾਂ ਨੂੰ ਗੜਬੜ ਵਾਲੀ ਥਾਂ 'ਤੇ ਲੈ ਜਾਣ ਜਿਸ ਦੀ ਇਕ ਉਦਾਹਰਣ ਇਹ ਹੈ ਕਿ ਮੇਜਰ ਕੋਲ ੧੯੭੪ ਈ: ਦਾ ਨਕਸ਼ਾ ਸੀ, ਜਿਸ ਵਿਚ ਮੁੜ ਵਸਾਈਆਂ ਬਸਤੀਆਂ (ਸੁਲਤਾਨਪੁਰੀ, ਮੰਗੋਲਪੁਰੀ, ਤ੍ਰਿਲੋਕਪੁਰੀ ਆਦਿ ਜਿੱਥੇ

ਹਿੰਸਾ ਦੀਆਂ ਘਟਨਾਵਾਂ ਦੀ ਅਤਿ ਹੋ ਗਈ ਸੀ) ਦਾ ਕਿਤੇ ਨਾਂ-ਨਿਸ਼ਾਨ ਵੀ ਨਹੀਂ ਸੀ।

ਇਨਸਾਨੀ ਦਿਲ ਵਾਲੇ ਪੱਤਰਕਾਰਾਂ ਤੇ ਇਖ਼ਲਾਕ ਦੇ ਪੁਜਾਰੀਆਂ ਨੇ ਇਸ ਅਣਮਨੁੱਖੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਉਪਰਾਲੇ ਕੀਤੇ। ਪੀ. ਟੀ. ਆਈ. 'ਇਕਨਾਮਿਕਸ ਟਾਈਮਜ਼' ੫ ਨਵੰਬਰ ੧੯੮੪ ਮੁਤਾਬਕ "ਕੇਂਦਰੀ ਸਰਕਾਰ ਨੇ ਰਾਜਧਾਨੀ ਵਿਚ ਵੱਡੀ ਪੱਧਰ 'ਤੇ ਹੋਈ ਹਿੰਸਾ ਤੋਂ ਬਾਅਦ ਰਾਤ ਨੂੰ ਅਚਾਨਕ ਲਏ ਇਕ ਫੈਸਲੇ ਵਿਚ ਸ੍ਰੀ ਵਲੀ ਨੂੰ (ਲੈਫਟੀਨੈਂਟ ਗਵਰਨਰ) ਸ੍ਰੀ ਪੀ. ਸੀ. ਗਵੱਈ ਦੀ ਜਗ੍ਹਾ ਨਿਯੁਕਤ ਕਰਨ ਦਾ ਫੈਸਲਾ ਕੀਤਾ। ਸ੍ਰੀ ਗਵੱਈ ਛੁੱਟੀ 'ਤੇ ਚਲੇ ਗਏ।" "੪ ਨਵੰਬਰ ਨੂੰ ਪੁਲਿਸ ਕਮਿਸ਼ਨਰ ਐੱਸ. ਸੀ. ਟੰਡਨ ਨੇ ਮੰਗੋਲਪੁਰੀ ਵਿਚ... ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਦੀ ਜਾਂਚ ਕਰਵਾਉਣ ਦਾ ਹੁਕਮ ਜਾਰੀ ਕੀਤਾ।" (ਟਾਈਮਜ਼ ਆਫ਼ ਇੰਡੀਆ, ੪ ਨਵੰਬਰ ੧੯੮੪)। 'ਇੰਡੀਅਨ ਐਕਸਪ੍ਰੈਸ' ੬ ਨਵੰਬਰ ੧੯੮੪ ਮੁਤਾਬਿਕ "ਕੇਂਦਰੀ ਜ਼ਿਲ੍ਹਾ ਪੁਲਿਸ ਨੇ ੩੦੦ ਤੋਂ ਵਧੇਰੇ ਵਿਅਕਤੀਆਂ ਨੂੰ ਜਾਇਦਾਦ ਲੁੱਟਣ ਦੇ ਸ਼ੱਕ ਵਿਚ ਹਿਰਾਸਤ 'ਚ ਲਿਆ। ਐੱਮ. ਪੀ. ਧਰਮ ਦਾਸ ਸ਼ਾਸਤਰੀ ਕਰੋਲ ਬਾਗ ਪੁਲਿਸ ਸਟੇਸ਼ਨ ਵਿਖੇ, ਪੁਲਿਸ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਆਏ। ਧਰਮ ਦਾਸ ਸ਼ਾਸਤਰੀ ਨੇ ਇਹ ਕਿਹਾ, "ਉਨ੍ਹਾਂ ਤੋਂ ਬਰਾਮਦ ਕੀਤਾ ਹੋਇਆ ਮਾਲ ਲੈ ਲਉ, ਪਰ ਗ੍ਰਿਫਤਾਰ ਕਰਨ ਦੀ ਕੋਈ ਲੋੜ ਨਹੀਂ, ਇਹ ਕੋਈ ਮੁਜ਼ਰਮ ਨਹੀਂ ਹਨ।" 'ਸਟੇਟਸ ਮੈਨ' ੭ ਨਵੰਬਰ ੧੯੮੪ ਮੁਤਾਬਿਕ ਕੁੱਲ ੨੫੧੭ ਗ੍ਰਿਫਤਾਰੀਆਂ ਕੀਤੀਆਂ ਜਾ ਚੁੱਕੀਆਂ ਹਨ, ਪਰ ਸ੍ਰੀ ਵਲੀ ਅਜਿਹੇ ਲੋਕਾਂ ਦੀ ਗਿਣਤੀ ਨਾ ਦੱਸ ਸਕੇ, ਜਿਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਪਰੰਤੂ ਉਸ ਨੇ ਜ਼ੋਰ ਦੇ ਕੇ ਕਿਹਾ, "ਕੁਝ ਮਾਮਲਿਆਂ ਵਿਚ ਜ਼ਮਾਨਤ ਹਰੇਕ ਸ਼ਹਿਰੀ ਦਾ ਹੱਕ ਹੈ।" ਪੀ. ਯੂ. ਡੀ. ਆਰ. ਤੇ ਪੀ. ਯੂ. ਸੀ. ਐੱਲ. ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ "ਸਦਰ ਹਲਕੇ ਤੋਂ ਐੱਮ. ਪੀ. ਜਗਦੀਸ਼ ਟਾਈਟਲਰ ਜੋ ੪ ਨਵੰਬਰ ਨੂੰ ਸ਼ਾਮ ਦੇ ੫ ਵਜੇ ਹਿੰਸਾ ਦੇ ਦੋਸ਼ ਵਿਚ ਫੜੇ ਵਿਅਕਤੀਆਂ ਨੂੰ ਛੁਡਵਾਉਣ ਲਈ ਭੱਜ-ਦੌੜ ਕਰ ਰਿਹਾ ਸੀ, ਪੁਲਿਸ ਕਮਿਸ਼ਨਰ ਐੱਸ. ਪੀ. ਟੰਡਨ ਦੇ ਦਫ਼ਤਰ ਵਿਚ ਜਾ ਵੜਿਆ ਜਿੱਥੇ ਕਿ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ। ਇਕ ਨਾਮਾਨਿਗਾਰ ਨੇ ਕਮੇਟੀ ਨੂੰ ਦੱਸਿਆ ਕਿ ਉਹ ਪੁਲਿਸ ਕਮਿਸ਼ਨਰ ਨੂੰ ਕਹਿ ਰਿਹਾ ਸੀ, "ਤੁਸੀਂ ਮੇਰੇ ਆਦਮੀਆਂ ਨੂੰ ਗ੍ਰਿਫਤਾਰ ਕਰ ਕੇ ਰਲੀਫ ਦੇ ਕੰਮ ਵਿਚ ਰੋੜੇ ਅਟਕਾ ਰਹੇ ਹੋ, ਹਦਾਇਤ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ।"

ਸਰਕਾਰੀ ਅਨੁਮਾਨ ਅਨੁਸਾਰ ਨਵੰਬਰ ੮੪ ਦੇ ਇਸ ਸਿੱਖ ਕਤਲੇਆਮ ਵਿਚ ੨੭੧੭ ਜਾਨਾਂ ਗਈਆਂ, ਜਿਨ੍ਹਾਂ ਵਿਚ ੨੧੫੦ ਜਾਨਾਂ ਕੇਵਲ ਦਿੱਲੀ ਵਿਚ ਗਈਆਂ। 'ਇੰਡੀਅਨ ਐਕਸਪ੍ਰੈੱਸ' ੨੩ ਨਵੰਬਰ ੧੯੮੪ ਮੁਤਾਬਿਕ ਇਕੱਲੀ ਪੂਰਬੀ ਦਿੱਲੀ ਵਿਚ ੧੦੦੦ ਤੋਂ ਵੱਧ ਬੰਦੇ ਮਾਰੇ ਗਏ ਅਤੇ ੫੦,੦੦੦ ਲੋਕ ਦੰਗਿਆਂ ਅਤੇ ਸਾੜ-ਫੂਕ ਦਾ ਸ਼ਿਕਾਰ ਹੋਏ। ਪੁਲਿਸ ਨੇ ਕੁੱਲ ੮੦ ਕੇਸ ਦਰਜ ਕੀਤੇ। ਆਮ ਤੌਰ 'ਤੇ ਹਰ ਸ਼ਿਕਾਇਤ ਪਿੱਛੇ ਇਕ ਕੇਸ ਦਰਜ ਹੋਣਾ ਚਾਹੀਦਾ ਸੀ ਪਰ ਇੱਥੇ ਪੁਲਿਸ ਨੇ ਛੇ ਸੌ ਸ਼ਕਾਇਤਾਂ ਪਿੱਛੇ ਸਿਰਫ ਇਕ ਕੇਸ ਦਰਜ ਕੀਤਾ।" ੫੦,੦੦੦ ਸਿੱਖ ਦੇਸ਼ ਦੀ ਰਾਜਧਾਨੀ (ਦਿੱਲੀ) ਛੱਡ ਕੇ ਪੰਜਾਬ ਨੂੰ ਆ ਗਏ ਅਤੇ ੫੦,੦੦੦ ਸਿੱਖਾਂ ਨੇ ਸਵੈ-ਇੱਛਿਤ ਸੰਸਥਾਵਾਂ ਰਾਹੀਂ ਖੋਲ੍ਹੇ ਵਿਸ਼ੇਸ਼ ਕੈਂਪਾਂ ਵਿਚ ਪਨਾਹ ਲਈ। ਜਮਨਾ ਪਾਰ ਦੇ ੭ ਸ਼ਰਨਾਰਥੀ ਕੈਂਪ ਪੂਰਬੀ ਦਿੱਲੀ ਤੋਂ ਆਏ ੨੫,੦੦੦ ਦੇ ਕਰੀਬ ਸਿੱਖਾਂ ਨਾਲ

ਨੱਕੋ-ਨੱਕ ਭਰੇ ਹੋਏ ਸਨ। ਬੜੇ ਔਖੇ ਹੋ ਕੇ ਹੀ ਘੱਟ ਤੋਂ ਘੱਟ ਰਾਹਤ ਦਿੱਤੀ ਜਾ ਰਹੀ ਸੀ। ਰਾਜ-ਪ੍ਰਬੰਧ ਜਿਸ ਦਾ ਸਭ ਤੋਂ ਬੁਰੀ ਤਰ੍ਹਾਂ ਮਾਰ ਹੇਠ ਆਏ ਇਲਾਕਿਆਂ ਵਿਚ ਇਕ ਵੀ ਕੈਂਪ ਨਹੀਂ ਸੀ, ...ਫਿਰ ਵੀ ਵਲੰਟੀਅਰ ਜਥੇਬੰਦੀਆਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਕੰਮ ਕਰ ਰਹੀਆਂ ਸਨ।" (ਇੰਡੀਅਨ ਐਕਸਪ੍ਰੈੱਸ ੬ ਨਵੰਬਰ ੧੯੮੪)

ਘੱਟੋ-ਘੱਟ ੨੦ ਰਾਹਤ ਕੇਂਦਰਾਂ ਨੂੰ ਦਿੱਲੀ ਪ੍ਰਸ਼ਾਸਨ ਵੱਲੋਂ ਮਾਨਤਾ ਨਾ ਮਿਲੀ। ੧੯ ਨਵੰਬਰ ਨੂੰ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਬੋਟ ਕਲੱਬ ਰੈਲੀ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੀ ਮਾਂ ਦੇ ਕਤਲ ਤੋਂ ਬਾਅਦ ਹੋਏ ਭਾਰੀ ਸਿੱਖ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਜਦੋਂ ਕੋਈ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ।" ਜਨੇਵਾ ਵਿਚ ਯੂ. ਐੱਨ. ਓ. ਲਈ ਕੰਮ ਕਰ ਰਹੇ ਇਕ ਭਾਰਤੀ ਜਿਹੜਾ ਕਿ ਦਿੱਲੀ ਵਿਚ ਇੰਦਰਾ ਗਾਂਧੀ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਆਇਆ ਸੀ ਨੇ ਪੀ. ਯੂ. ਡੀ. ਆਰ. ਤੇ ਪੀ. ਯੂ. ਸੀ. ਐੱਲ. ਦੀ ਸਾਂਝੀ ਕਮੇਟੀ ਨੂੰ ਦੱਸਿਆ ਕਿ ਇਹ ਭਿਆਨਕ ਹਿੰਸਾ ਦੀ ਖੁੱਲ੍ਹ 'ਸਿੱਖਾਂ ਨੂੰ ਸਬਕ ਸਿਖਾਉਣ' ਲਈ ਹੀ ਦਿੱਤੀ ਗਈ ਸੀ।

ਮੁੱਕਦੀ ਗੱਲ! ਨਵੰਬਰ ੧੯੮੪ ਵਿਚ ਮਨੁੱਖਤਾ ਦੇ ਵੈਰੀਆਂ ਨੇ ਗਿਣੀ-ਮਿਥੀ ਸਾਜ਼ਸ਼ ਦੁਆਰਾ ਸਿੱਖਾਂ ਦਾ ਭਾਰੀ ਕਤਲੇਆਮ ਕੀਤਾ। ਜਿੱਥੇ ਸਿੱਖਾਂ ਦਾ ਭਾਰੀ ਜਾਨੀ- ਮਾਲੀ ਨੁਕਸਾਨ ਕੀਤਾ, ਉੱਥੇ ਸਿੱਖਾਂ ਦੀਆਂ ਧੀਆਂ-ਭੈਣਾਂ ਨਾਲ ਬਲਾਤਕਾਰ ਵਰਗਾ ਘਿਨਾਉਣਾ ਕੁਕਰਮ ਵੀ ਕੀਤਾ। ਇਸ ਕਤਲੇਆਮ ਤੋਂ ਬਾਅਦ ਅਨੇਕਾਂ ਕਮਿਸ਼ਨ ਬਣੇ, ਜਿਨ੍ਹਾਂ ਨਿਰਪੱਖ ਰਿਪੋਰਟਾਂ ਤਿਆਰ ਕਰ ਕੇ ਸਰਕਾਰ ਨੂੰ ਦਿੱਤੀਆਂ, ਜਿਨ੍ਹਾਂ ਨੂੰ ਕੇਵਲ ਰੱਦੀ ਸਮਝ ਕੇ ਹੀ ਸੁੱਟਿਆ ਹੋਇਆ ਹੈ। ਸਿਟੀਜਨ ਕਮਿਸ਼ਨ ਦੇ ਐੱਸ. ਐੱਮ. ਸਿਕਰੀ (ਭਾਰਤ ਦੇ ਰਿਟਾ. ਜੱਜ) ਨੇ ਰਾਸ਼ਟਰਪਤੀ ਤਕ ਆਪਣੀ ਰਿਪੋਰਟ ਦੀਆਂ ਕਾਪੀਆਂ ਭੇਜੀਆਂ, ਜਿਸ ਵਿਚ ਉਨ੍ਹਾਂ ਇਸ ਕਤਲੋਗਾਰਤ ਦੇ ਮੁਜ਼ਰਮਾਂ ਨੂੰ ਕਦੇ ਮੁਆਫ ਨਾ ਕਰਨ ਲਈ ਕਿਹਾ। ਉੱਚ ਕੋਟੀ ਦੇ ਕਾਨੂੰਨਦਾਨ ਜਸਟਿਸ ਤਾਰਕੁੰਡੇ, ਡਾ. ਕੁਠਾਰੀ ਨੇ ਵੀ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਇਸ ਦਾ ਸ਼ਿਕਾਰ ਹੋਏ ਬੇਦੋਸ਼ੇ ਸਿੱਖਾਂ ਨੂੰ ਇਨਸਾਫ ਮਿਲਣ ਦੀ ਮੰਗ ਕੀਤੀ। ਅਫਸੋਸ ਕਿ ਭਾਰਤ ਦੇ ਬਹੁਗਿਣਤੀ ਹਿੰਦੂ ਸਾਮਰਾਜ ਦੇ ਨਗਾਰਖਾਨੇ ਵਿਚ ਤੂਤੀ ਦੀ ਅਵਾਜ਼ ਨੂੰ ਨਾ ਸੁਣਦਿਆਂ ਨਵੰਬਰ ੮੪ ਦੇ ਕਤਲੇਆਮ ਦੇ ਸੈਂਕੜੇ ਦੋਸ਼ੀਆਂ ਨੂੰ "ਇਹ ਮੁਜ਼ਰਿਮ ਨਹੀਂ ਹਨ" ਕਹਿ ਕੇ ਸਜ਼ਾ ਮੁਕਤ ਕਰ ਦਿੱਤਾ ਗਿਆ। ਕੀ ਤਤਕਾਲੀ ਕੇਂਦਰੀ ਸਰਕਾਰ ਦੱਸ ਸਕਦੀ ਹੈ, ਕਿ ਫਿਰ ਮੁਜ਼ਰਿਮ ਕੌਣ ਹਨ?

ਸਿੱਖਾਂ ਦੇ ਹੋਏ ਇਸ ਭਿਆਨਕ ਕਤਲੇਆਮ ਤੇ ਉਨ੍ਹਾਂ ਨੂੰ ਇਨਸਾਫ ਨਾ ਮਿਲਣ 'ਤੇ ਈਸਾਈ ਅਤੇ ਇਸਲਾਮੀ ਭਾਈਚਾਰਾ ਵੀ ਕਾਫੀ ਚਿੰਤਤ ਸੀ ਕਿ ਕਿਤੇ ਕਦੇ ਭਾਰਤ ਦਾ ਹਿੰਦੂ/ਬਹੁਗਿਣਤੀ ਸਾਮਰਾਜ ਸਾਡੇ ਨਾਲ ਵੀ ਅਜਿਹਾ ਸਲੂਕ ਕਰ ਸਕਦਾ ਹੈ। (ਯਾਦ ਰਹੇ ਕਿ ਉਨ੍ਹਾਂ ਦਾ ਇਹ ਧੁੜਕੂ ਵੀ ਸੱਚ ਸਾਬਤ ਹੋ ਗਿਆ ਜਦੋਂ ਗੁਜਰਾਤ ਦੇ ਦੰਗਿਆਂ ਵਿਚ ਮੁਸਲਮਾਨਾਂ ਦਾ ਕਤਲੇਆਮ ਹੋਇਆ)।

ਸਵਾਲ ਉੱਠਦਾ ਹੈ ਕਿ ਜੇ ਹਜ਼ਾਰਾਂ ਸਿੱਖਾਂ ਨੂੰ ਸਾੜਨ/ਮਾਰਨ ਵਾਲੇ, ਉਨ੍ਹਾਂ ਦੇ ਘਰ-ਬਾਰ ਸਾੜਨ ਵਾਲੇ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਬੇਇੱਜ਼ਤੀ ਕਰਨ ਵਾਲੇ ਮੁਜ਼ਰਿਮ ਨਹੀਂ ਹੋ ਸਕਦੇ (ਕਿਉਂਕਿ ਉਨ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਦਾ ਬਦਲਾ ਲਿਆ ਸੀ) ਤਾਂ ਫਿਰ

ਸ. ਬੇਅੰਤ ਸਿੰਘ, ਸ. ਸਤਵੰਤ ਸਿੰਘ ਤੇ ਸ. ਕੇਹਰ ਸਿੰਘ ਨੂੰ ਕਿਉਂ ਫਾਂਸੀ 'ਤੇ ਲਟਕਾਇਆ ਗਿਆ? ਉਨ੍ਹਾਂ ਵੀ ਤਾਂ ਆਪਣੇ ਗੁਰੂਧਾਮਾਂ 'ਤੇ ਕਰਵਾਏ ਫੌਜੀ ਅਟੈਕ ਵਿਰੁੱਧ ਆਪਣਾ ਪ੍ਰਤੀਕਰਮ ਹੀ ਪ੍ਰਗਟਾਇਆ ਸੀ। ਇਹ ਪ੍ਰਸ਼ਨ ਵੀ ਵਿਚਾਰਨ ਵਾਲੇ ਹਨ ਕਿ ਫਿਰ ਕਦੇ ਸਿੱਖਾਂ 'ਤੇ ਐਸੀ ਭਿਆਨਕ ਘੜੀ ਆ ਸਕਦੀ ਹੈ? ਕੀ ਸਿੱਖ ਮੁੜ ਆਈ ਐਸੀ ਘੜੀ ਵਿਚ ਆਪਣੀ ਅਤੇ ਸਿੱਖ ਭਾਈਚਾਰੇ ਦੀ ਗੁਰਸਿੱਖੀ ਨੂੰ ਬਰਕਰਾਰ ਰੱਖ ਸਕਣਗੇ? ਕਿਉਂ? ਨਹੀਂ! ਸਿਰਫ਼ ਲੋੜ ਹੈ ਕਿ ਉਨ੍ਹਾਂ ਨੂੰ ਪੰਜ ਪਿਆਰਿਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਖੰਡੇ ਦੀ ਪਾਹੁਲ ਲੈ ਕੇ ਸ਼ਸਤਰਧਾਰੀ ਬਣਨਾ ਪਵੇਗਾ ਤੇ ਗੁਰਮਤਿ ਦੇ ਨਿਯਮਾਂ 'ਤੇ ਪਹਿਰਾ ਦੇਣਾ ਪਵੇਗਾ!

■

ਨਵੰਬਰ ੧੯੮੪ ਦਾ ਸਿੱਖ ਕਤਲੇਆਮ

-ਭਾਈ ਜਸਵੰਤ ਸਿੰਘ

ਇੰਦਰਾ ਗਾਂਧੀ ਨੂੰ ੩੧ ਅਕਤੂਬਰ ੧੯੮੪ ਈ. ਨੂੰ ਸਵੇਰੇ ਉਨ੍ਹਾਂ ਦੀ ਰਿਹਾਇਸ਼ ਦੇ ਬਾਹਰ ਜਦ ਗੋਲੀਆਂ ਮਾਰ ਕੇ ਮਾਰਿਆ ਗਿਆ, ਉਸ ਸਮੇਂ ਰਾਜੀਵ ਗਾਂਧੀ ਬੰਗਾਲ ਗਿਆ ਹੋਇਆ ਸੀ। ਰਾਜੀਵ ਗਾਂਧੀ ਨੂੰ ਵਾਪਸ ਆਉਂਦਿਆਂ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਚੁੱਕਵਾ ਕੇ ਪ੍ਰਧਾਨ ਮੰਤਰੀ ਘੋਸ਼ਿਤ ਕਰਨ ਤੋਂ ਬਾਅਦ ਹੀ ਇੰਦਰਾ ਗਾਂਧੀ ਨੂੰ ਮ੍ਰਿਤਕ ਕਰਾਰ ਦਿੱਤਾ।

ਰਾਜੀਵ ਗਾਂਧੀ ਨੇ ੧ ਨਵੰਬਰ ੧੯੮੪ ਈ. ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਸਮੇਂ ਆਪਣੀ ਤਕਰੀਰ ਵਿਚ ਕਿਹਾ ਕਿ "ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੀ ਹੈ।" ਹਿੰਦੂ ਨੌਜਵਾਨਾਂ ਅੰਦਰ ਭੜਕਾਹਟ ਪੈਦਾ ਕਰਨ ਲਈ ਪੂਰਾ ਜ਼ੋਰ ਲਗਾਇਆ ਗਿਆ, ਜਿਸ ਦੇ ਫਲਸਰੂਪ ਦਿੱਲੀ ਤੇ ਹੋਰ ਸੂਬਿਆਂ ਅੰਦਰ ਬਹੁਤ ਜ਼ਿਆਦਾ ਸਾੜ-ਫੂਕ ਤੇ ਕਤਲੋਗਾਰਦ ਹੋਈ, ਹਜ਼ਾਰਾਂ ਸਿੱਖਾਂ ਦੀਆਂ ਜ਼ਿੰਦਗੀਆਂ ਦਾ ਘਾਣ ਹੋਇਆ।

ਦਿੱਲੀ ਅਤੇ ਹੋਰ ਸੂਬਿਆਂ ਵਿਚ ਸਿੱਖਾਂ ਦਾ ਜੋ ਕਤਲੇਆਮ ਹੋਇਆ, ਉਹ ਸਹਿਣਯੋਗ ਨਹੀਂ ਸੀ, ਜਿਸ ਤਰ੍ਹਾਂ ਮਾਂ-ਬਾਪ ਦੇ ਸਾਹਮਣੇ ਬੱਚਿਆਂ ਨੂੰ ਅਤੇ ਬੱਚਿਆਂ ਦੇ ਸਾਹਮਣੇ ਮਾਂ-ਬਾਪ ਨੂੰ ਗਲਾਂ ਵਿਚ ਟਾਇਰ ਪਾ ਕੇ ਤੜਫਾ-ਤੜਫਾ ਕੇ ਮਾਰਨਾ ਅਤੇ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ। ਇਸ ਕਤਲੇਆਮ ਅਤੇ ਹੈਵਾਨੀਅਤ ਦੇ ਨੰਗੇ ਨਾਚ ਨੂੰ ਦੇਖ ਕੇ ਕਈ ਮਾਂ-ਬਾਪ ਅਤੇ ਜ਼ਿਆਦਾ ਬੱਚੇ ਆਪਣਾ ਦਿਮਾਗੀ ਸੰਤੁਲਨ ਗਵਾ ਬੈਠੇ। ਕਈ ਤਾਂ ਹਾਲੇ ਵੀ ਇਸੇ ਹਾਲਤ ਵਿਚ ਦੇਖੇ ਜਾ ਸਕਦੇ ਹਨ।

ਇਕ ਬਜ਼ੁਰਗ ਜਿਸ ਦਾ ਸਾਰਾ ਪਰਵਾਰ ਉਸ ਦੇ ਅਤੇ ਉਸ ਦੀ ਪੰਜ ਸਾਲ ਦੀ ਪੋਤਰੀ ਸਾਹਮਣੇ ਸਾੜ ਦਿੱਤਾ ਗਿਆ ਸੀ, ਉਹ ਲਾਵਾਰਸ ਹੋ ਕੇ ਅਤੇ ਕੋਈ ਸਹਾਰਾ ਨਾ ਮਿਲਣ ਕਰ ਕੇ ਗੁ: ਬਾਬਾ ਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ ਦੇ ਸਾਹਮਣੇ ਬਾਬਾ ਖੜਕ ਸਿੰਘ ਜੀ ਦੇ ਡੇਰੇ ਦੀ ਛਬੀਲ 'ਤੇ ਸੇਵਾ ਕਰ ਕੇ ਡੇਰੇ ਵਿਚ ਹੀ ਲੰਗਰ-ਪਾਣੀ ਛਕ ਕੇ ਆਪਣਾ ਪੇਟ ਪਾਲਦੇ ਰਹੇ। ਇਕ ਦਿਨ ਉਨ੍ਹਾਂ 'ਤੇ ਗੁਰੂ ਜੀ ਦੀ ਕਿਰਪਾ ਹੋ ਗਈ, ਬੱਚੀ ਨੂੰ ਬਜ਼ੁਰਗ ਸਮੇਤ ਕਿਸੇ ਪਰਵਾਰ ਨੇ ਅਪਣਾ ਲਿਆ।

ਇਸ ਕਤਲੇਆਮ 'ਚੋਂ ਬਚੇ ਜੋ ਪਰਵਾਰ ਸਰਾਂ ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿਖੇ ਆ ਕੇ ਠਹਿਰੇ ਸਨ, ਉਨ੍ਹਾਂ ਪਰਵਾਰਾਂ ਵਿਚ ਕਈ ਬੱਚੇ ਬੁੜ-ਬੁੜਾ ਕੇ ਉਠਦੇ ਰਹੇ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਅਤੇ ਹੋਰ ਸਾਕ-ਸਨਬੰਧੀਆਂ ਦੇ ਗਲਾਂ ਵਿਚ ਪਾਏ ਗਏ ਟਾਇਰਾਂ ਸਮੇਤ ਤੜਫਦੇ ਅੱਖੀਂ ਵੇਖੇ ਸਨ।

ਕਈ ਬਜ਼ੁਰਗ ਕਹਿੰਦੇ ਸੁਣੇ ਗਏ ਸਨ ਕਿ ਭਾਰਤ-ਪਾਕਿਸਤਾਨ ਦੀ ੧੯੪੭ ਈ. ਵਿਚ ਹੋਈ ਵੰਡ ਸਮੇਂ ਅਸੀਂ ਤਿੰਨ ਕੱਪੜੀਂ ਆਏ ਸੀ ਅਤੇ ਹੁਣ ਦਿੱਲੀ ਵਿਚ ਹੋਏ ਦੰਗਿਆਂ ਕਾਰਨ ਤਿੰਨੀਂ ਕੱਪੜੀਂ ਅੰਮ੍ਰਿਤਸਰ (ਪੰਜਾਬ) ਆਏ ਹਾਂ। ਫਰਕ ਸਿਰਫ ਇੰਨਾ ਹੈ ਕਿ ਉਸ

ਸਮੇਂ ਪੁਲਿਸ ਸਾਡੀ ਥੋੜ੍ਹੀ-ਬਹੁਤ ਮਦਦ ਕਰਦੀ ਸੀ ਅਤੇ ਹੁਣ ਪੁਲਿਸ ਨੇ ਕਾਤਲਾਂ ਨਾਲ ਮਿਲ ਕੇ ਸਾਨੂੰ ਮਾਰਿਆ ਅਤੇ ਲੁੱਟਿਆ ਹੈ। ਉਸ ਸਮੇਂ ਅਸੀਂ ਬੱਚੇ, ਪਰਵਾਰ ਅਤੇ ਕੁਝ ਸਾਮਾਨ ਵੀ ਲੈ ਕੇ ਆਏ ਸੀ। ਪਰ ਹੁਣ ਦਿੱਲੀ ਦੰਗਿਆਂ ਵਿਚ ਅੱਧੇ ਤੋਂ ਜ਼ਿਆਦਾ ਪਰਵਾਰ ਨੂੰ ਸ਼ਹੀਦ ਕਰਵਾ (ਮਰਵਾ) ਕੇ ਸਾਮਾਨ, ਘਰ-ਬਾਰ ਸੜਵਾ ਕੇ ਇੱਥੇ (ਅੰਮ੍ਰਿਤਸਰ) ਆਏ ਹਾਂ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਜੂਨ ੧੯੮੪ ਵਿਚ ਹੋਏ ਹਮਲੇ ਅਤੇ ਦਿੱਲੀ ਦੰਗਿਆਂ ਵਿਚ ਵਿਧਵਾ ਹੋਈਆਂ ਬੀਬੀਆਂ ਜਿਨ੍ਹਾਂ ਦੇ ਬੱਚੇ, ਪਤੀ ਸ਼ਹੀਦ ਹੋ ਗਏ ਸਨ ਅਤੇ ਜਿਨ੍ਹਾਂ ਬੱਚਿਆਂ ਦੇ ਮਾਂ-ਬਾਪ ਗੁਜ਼ਰ ਚੁੱਕੇ ਸਨ, ਦਿੱਲੀ ਅਤੇ ਹੋਰ ਸੂਬਿਆਂ ਵਿਚ ਧਰਮੀ ਫੌਜੀ ਜੋ ਸ਼ਹੀਦ ਕਰ ਦਿੱਤੇ ਗਏ ਸਨ ਦੇ ਪੀੜਤ ਪਰਵਾਰਾਂ ਦੀ ਸ਼੍ਰੋਮਣੀ ਕਮੇਟੀ ਨੇ ਸਾਂਭ-ਸੰਭਾਲ ਕੀਤੀ। ਉਨ੍ਹਾਂ ਨੂੰ ਮਕਾਨ ਤੇ ਦੁਕਾਨਾਂ ਆਦਿ ਬਣਾ ਕੇ ਦਿੱਤੇ। ਜਿਨ੍ਹਾਂ ਕੋਲ ਗੁਜ਼ਾਰੇ ਯੋਗ ਕੋਈ ਚੀਜ਼ ਨਹੀਂ ਸੀ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਨ ਅਤੇ ਕੱਪੜੇ ਆਦਿ ਦਿੱਤੇ ਗਏ। ਪਰ ਉਸ ਸਮੇਂ ਸ਼੍ਰੋਮਣੀ ਕਮੇਟੀ ਦੀ ਹਾਲਤ ਵੀ ਬਹੁਤੀ ਠੀਕ ਨਹੀਂ ਸੀ, ਜਿਸ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਦੀ ਮਦਦ ਲਈ ਸਾਂਝੀ ਅਪੀਲ ਕਰਨੀ ਪਈ। ਸਿੰਘ ਸਾਹਿਬਾਨ ਦੀ ਅਪੀਲ ਅਖਬਾਰਾਂ ਵਿਚ ਛਾਪੀ ਗਈ। ਅਪੀਲ ਵਿਚ ਮਾਇਆ, ਕੱਪੜੇ ਅਤੇ ਰਾਸ਼ਨ ਆਦਿ ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਭੇਜਣ ਲਈ ਲਿਖਿਆ ਸੀ। ਇਸ ਅਪੀਲ ਨੂੰ ਲੋਕਾਂ ਨੇ ਬੜੀ ਗੰਭੀਰਤਾ ਨਾਲ ਲਿਆ ਤਾਂ ਜੋ ਪੀੜਤ ਪਰਵਾਰਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਪੈਰਾਂ 'ਪੁਰ ਖੜ੍ਹਾ ਕੀਤਾ ਜਾ ਸਕਦਾ।

ਜਥੇ. ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ੨੭ ਅਪ੍ਰੈਲ ੧੯੮੫ ਈ. ਨੂੰ ਜਦੋਂ ਰਿਹਾਅ ਹੋ ਕੇ ਆਏ ਤਾਂ ਆਪ ਜੀ ਦਿੱਲੀ ਕਤਲੇਆਮ ਵਿਚ ਮਾਰੇ ਗਏ ਅਤੇ ਲੁੱਟੇ ਗਏ ਪਰਵਾਰਾਂ ਕੋਲ ਦੁੱਖ ਸਾਂਝਾ ਕਰਨ ਲਈ ਗਏ ਸਨ। ਉਸ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਛਪੀ 'ਸਿੱਖਾਂ ਦਾ ਕਤਲੇਆਮ' ਪੁਸਤਕ ਵਿੱਚੋਂ ੧ ਨਵੰਬਰ ੧੯੮੪ ਤੋਂ ੩ ਨਵੰਬਰ ੧੯੮੪ ਈ. ਤਕ ਹੋਏ ਦੰਗਿਆਂ ਸੰਬੰਧੀ ਰਿਪੋਰਟ ਅਨੁਸਾਰ:

ਤ੍ਰਿਲੋਕਪੁਰੀ ਕਾਲੋਨੀ ਇਕ ਵਾਰ ਫਿਰ ਉਦੋਂ ਰੋ ਪਈ ਜਦੋਂ ਲੌਂਗੋਵਾਲ ਜੀ ਦਿੱਲੀ ਦੇ ਦੌਰੇ ਦਰਮਿਆਨ ਇਸ ਕਾਲੋਨੀ ਵਿਚ ਆਏ। ਸਾਰੀਆਂ ਕਾਲੋਨੀਆਂ ਨਾਲੋਂ ਜ਼ਿਆਦਾ ਕਤਲੇਆਮ ਇੱਥੇ ਹੀ ਹੋਇਆ ਸੀ।

ਸਾਰੇ ਦ੍ਰਿਸ਼ ਇਨਸਾਨ ਨੂੰ ਰੁਆ ਦੇਣ ਵਾਲੇ ਸਨ। ਵਿਧਵਾ ਸਿੱਖ ਬੀਬੀਆਂ ਨੇ ਸੰਤ ਜੀ ਨੂੰ ਉੱਥੋਂ ਦੀਆਂ ਹੋਈਆਂ ਭਿਆਨਕ ਵਾਰਦਾਤਾਂ ਬਾਰੇ ਦੱਸਿਆ। ਇਹ ਭਿਆਨਕ ਵਾਰਦਾਤਾਂ ਲਗਾਤਾਰ ਤਿੰਨ ਦਿਨ ਅਤੇ ਤਿੰਨ ਰਾਤਾਂ ਚਲਦੀਆਂ ਰਹੀਆਂ। ਜਿਹੜੀ ਕਾਲੋਨੀ ਦਿੱਲੀ ਦੇ ਪੂਰਬੀ ਹਿੱਸੇ ਵਿਚ ਹੈ ਇਸ ਕਾਲੋਨੀ ਨੂੰ ਉਨ੍ਹਾਂ ਦਿਨਾਂ ਵਿਚ ਦਿੱਲੀ ਨਾਲੋਂ ਕੱਟ ਕੇ ਵੱਖਰਾ ਹੀ ਸੁੱਟ ਦਿੱਤਾ ਗਿਆ ਸੀ ਅਤੇ ਇਹ ਕਾਲੋਨੀ ਚੁੱਪ-ਚਾਪ ਹੋ ਰਹੀਆਂ ਘਟਨਾਵਾਂ ਨੂੰ ਵੇਖਦੀ ਰਹੀ। ਅੱਜ ਇਸ ਕਾਲੋਨੀ ਦੀ ਹਾਲਤ ਭਿਆਨਕ ਘਟਨਾਵਾਂ ਦੀ ਚਸ਼ਮਦੀਦ ਗਵਾਹ ਹੋਣ ਦੀ ਗਵਾਹੀ ਭਰ ਰਹੀ ਹੈ।

ਤ੍ਰਿਲੋਕਪੁਰੀ ਦੇ ਬਲਾਕ ੩੭ ਦੀ ਹਾਲਤ ਇਸ ਤਰ੍ਹਾਂ ਦੀ ਸੀ ਜਿਵੇਂ ਕਿਸੇ ਹਤਿਆਰੇ ਨੇ ਹੱਤਿਆ ਕਰਨ ਤੋਂ ਬਾਅਦ ਵੀ ਲਾਸ਼ ਦਾ ਲੂੰ-ਲੂੰ ਜਲਾ ਦਿੱਤਾ ਹੋਵੇ। ਮਾਨੋ ਸ਼ੁਰੂ ਤੋਂ ਆਖਰੀ ਤਕ ਸੜਿਆਂ ਮਕਾਨਾਂ ਦੀਆਂ ਕਤਾਰਾਂ ਆਪਣੇ ਨਾਲ ਹੋਈ ਜ਼ਿਆਦਤੀ ਦੀਆਂ ਕਹਾਣੀਆਂ

ਬਿਆਨ ਕਰ ਰਹੀਆਂ ਹੋਣ। ਦੱਸੀ ਜਾ ਰਹੀ ਇਸ ਕਹਾਣੀ ਦੀਆਂ ਤਿੱਖੀਆਂ ਚੀਕਾਂ ਕਿਸੇ ਨੂੰ ਇੱਥੇ ਵਾਪਸ ਆਉਣ ਤੋਂ ਮਨ੍ਹਾਂ ਕਰ ਰਹੀਆਂ ਸਨ। ਹੁਣ ਤਕ ਕੋਈ ਵੀ ਆਦਮੀ ਇਸ ਕਾਲੋਨੀ ਵਿਚ ਵਾਪਸ ਨਹੀਂ ਸੀ ਪਰਤਿਆ। ਕਾਲੋਨੀ ਦੀਆਂ ਵਿਧਵਾ ਹੋਈਆਂ ਬੀਬੀਆਂ ਨੂੰ ਸਰਕਾਰ ਵੱਲੋਂ ਡੀ. ਡੀ. ਏ. ਕਾਲੋਨੀ ਵਿਚ ਕਾਲ ਕੋਠੜੀ ਵਰਗੇ ਨਾ-ਮਾਤਰ ਮਕਾਨ ਦਿੱਤੇ ਗਏ। ਬਾਕੀ ੧੧੩ ਪਰਵਾਰ ਇੱਥੋਂ ੮ ਕਿਲੋਮੀਟਰ ਦੂਰ ਪੁਲਿਸ ਦੇ ਕੁਆਰਟਰਾਂ ਵਿਚ ਰਹਿ ਰਹੇ ਸਨ। ਇਹ ਪਰਵਾਰ ਪਿਛਲੇ ਛੇ ਮਹੀਨੇ 'ਚ ਕੈਂਪਾਂ ਵਿਚ ਸ਼ਰਨਾਰਥੀਆਂ ਦੀ ਤਰ੍ਹਾਂ ਰਹਿ ਰਹੇ ਸਨ।

ਤ੍ਰਿਲੋਕਪੁਰੀ ਦੇ ਬਲਾਕ ੩੨ ਵਿਚ ਜਿਵੇਂ ਜ਼ਿੰਦਗੀ ਦੇ ਚਾਨਣ ਦੀ ਕਿਰਨ ਪ੍ਰਗਟ ਹੋਈ ਸੀ ਜਦੋਂ ਅਛੋਪਲੇ ਜਿਹੇ ਸਿੱਖ ਕੌਮ ਦੇ ਆਗੂ ਹਰਚੰਦ ਸਿੰਘ ਜੀ ਲੌਂਗੋਵਾਲ ਆਪਣੇ ਸਾਥੀਆਂ ਸਮੇਤ ਕਾਰਾਂ ਦੇ ਇਕ ਲੰਮੇ ਕਾਫਲੇ ਰਾਹੀਂ ਇਸ ਬਲਾਕ ਵਿਚ ਪ੍ਰਵੇਸ਼ ਹੋਏ।

ਅਸਲ ਵਿਚ ਨਵੰਬਰ ਦੇ ਉਨ੍ਹਾਂ ਹਨੇਰਿਆਂ ਦਿਨਾਂ ਤੋਂ ਬਾਅਦ ਕੋਈ ਆਗੂ ਜਾਂ ਪਾਰਟੀ ਲੀਡਰ ਇਸ ਕਾਲੋਨੀ ਵਿਚ ਖ਼ਬਰਸਾਰ ਲੈਣ ਨਹੀਂ ਆਇਆ ਸੀ। ਇਨ੍ਹਾਂ ਦਿਨਾਂ ਵਿਚ ਉਸ ਕਾਲੋਨੀ ਦੇ ਬਲਾਕ ਬਾਰੇ ਕਿਹਾ ਜਾਂਦਾ ਹੈ ਕਿ ਉੱਥੇ ਬੇਵੱਸ ਮਜਬੂਰ ਇਨਸਾਨਾਂ ਅਤੇ ਬੀਬੀਆਂ ਦੇ ਵੈਣ ਤੇ ਚੀਕਾਂ ਸੁਣਨ ਨੂੰ ਮਿਲਦੀਆਂ ਸਨ ਭਾਵੇਂ ਕਿ ਸਰਕਾਰੀ ਅਫਸਰ ਇਸ ਗੱਲ ਨੂੰ ਇਕ ਵਹਿਮ-ਭਰਮ ਤੋਂ ਸਿਵਾਏ ਕੁਝ ਨਹੀਂ ਮੰਨਦੇ। ਹੁਣ ਜਦੋਂ ਸੰਤ ਲੌਂਗੋਵਾਲ ਜੀ ਇੱਥੇ ਆਏ ਤਾਂ ਉਨ੍ਹਾਂ ਇਸ ਕਾਲੋਨੀ ਦੀ ਹਾਲਤ ਨੂੰ ਬੜੇ ਗਹੁ ਨਾਲ ਵੇਖਿਆ। ਜਿੱਥੇ ਕਦੇ ਹਜ਼ਾਰਾਂ ਜ਼ਿੰਦਗੀਆਂ ਤੁਰਦੀਆਂ-ਫਿਰਦੀਆਂ ਨਜ਼ਰ ਆਉਂਦੀਆਂ ਸਨ ਅੱਜ ਉੱਥੇ ਹੀ ਸਿੱਖਾਂ ਦੀਆਂ ਪਗੜੀਆਂ ਦੇ ਅੱਧ-ਜਲੇ ਤੇ ਖ਼ੂਨ-ਸੰਨੇ ਟੁਕੜੇ, ਘਰੇਲੂ ਸਾਮਾਨ ਦੇ ਸੜੇ-ਫੂਕੇ ਨਿਸ਼ਾਨ ਦਿਖਾਈ ਦੇ ਰਹੇ ਸਨ। ਹਰੇਕ ਜਗ੍ਹਾ 'ਤੇ ਪਏ ਖ਼ੂਨ ਦੇ ਧੱਬੇ ਤਾਂ ਕਾਲੋਨੀ ਦੀ ਖ਼ੂਨੀ ਦਾਸਤਾਂ ਸੁਣਾ ਰਹੇ ਸਨ ਭਾਵੇਂ ਕਿ ਹੁਣ ਇਹ ਧੱਬੇ ਸਮੇਂ ਦੀ ਰਫਤਾਰ ਨਾਲ ਕਾਲੇ-ਭੂਰੇ ਹੋ ਚੁੱਕੇ ਸਨ।

ਅਣਗਿਣਤ ਵਿਧਵਾ ਬੀਬੀਆਂ ਜੋ ਅਜੇ ਤਕ ਦੁੱਖ ਦੇ ਹਨੇਰਿਆਂ ਵਿੱਚੋਂ ਬਾਹਰ ਨਹੀਂ ਨਿਕਲੀਆਂ, ਲੌਂਗੋਵਾਲ ਜੀ ਨੂੰ ਆਪਣੀ ਭਿਆਨਕ ਆਪ-ਬੀਤੀ ਦੱਸ ਰਹੀਆਂ ਸਨ ਕਿ ਕਿਵੇਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਸਭ ਕੁਝ ਗਵਾਉਣਾ ਪਿਆ, ਉਸ ਕਸੂਰ ਵਾਸਤੇ ਜਿਸ ਦਾ ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ।

ਲੌਂਗੋਵਾਲ ਜੀ ਦੇ ਆਉਣ 'ਤੇ ਇਕ ਗਰਭਵਤੀ ਬੀਬੀ, ਜਿਸ ਦੀ ਗੋਦ ਵਿਚ ਵੀ ਇਕ ਛੋਟਾ ਜਿਹਾ ਬੱਚਾ ਸੀ ਇਸ ਕਾਲੋਨੀ ਵਿਚ ੬ ਮਹੀਨੇ ਬਾਅਦ ਆਈ। ਉਹ ਇੱਥੇ ਆਪਣੇ ਘਰ ਦੇ ਖੰਡਰ ਨੂੰ ਅਤੇ ਘਰੇਲੂ ਚੀਜ਼ਾਂ ਤੇ ਸੜੇ-ਫੂਕੇ ਸਾਮਾਨ ਨੂੰ ਬੜੀਆਂ ਖਲਾਅ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਉਸ ਬੀਬੀ ਨੇ ਦੱਸਿਆ ਕਿ ਉਹ ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦੀ ਕਿ ਉਹ ਕੀ ਬਲਾਅ ਹੈ? ਪਰ ਫਸਾਦੀਆਂ ਨੇ ਉਸ ਦੇ ਪਤੀ ਅਤੇ ਦਿਉਰ ਨੂੰ ਇਸ ਕਰ ਕੇ ਮਾਰ ਦਿੱਤਾ ਕਿਉਂਕਿ ਉਹ ਸਿਰਫ ਸਿੱਖ ਸਨ। ਸ਼ਾਇਦ ਖਾਲਿਸਤਾਨ ਦੀ ਮੰਗ ਕਰਦੇ ਹਨ। ਕਤਲ ਹੋਣ ਤੋਂ ਸਿਰਫ ਦੋ ਘੰਟੇ ਪਹਿਲਾਂ ਹੀ ਉਸ ਦਾ ਪਤੀ ਤੇ ਦਿਉਰ ਸਾਰੇ ਦਿਨ ਦੀ ਮਿਹਨਤ ਤੋਂ ਬਾਅਦ ਘਰ ਵਾਪਸ ਆਏ ਸਨ। ਉਹ ਦੋਵੇਂ ਨਾਲ ਲੱਗਦੀਆਂ ਕਾਲੋਨੀਆਂ ਵਿਚ ਫੋਲਡਿੰਗ ਮੰਜੇ (ਬੈੱਡ) ਬਣਾਉਣ ਦਾ ਮਾਮੂਲੀ ਜਿਹਾ ਕੰਮ ਕਰਦੇ ਸਨ।

ਇਸ ਤੋਂ ਬਾਅਦ ਲੌਂਗੋਵਾਲ ਜੀ ਫਰਾਸ਼ ਬਜ਼ਾਰ ਦੇ ਕੁਆਰਟਰਾਂ ਵਿਚ ਰਹਿ ਰਹੇ

ਸ਼ਰਨਾਰਥੀ ਸਿੱਖਾਂ ਨੂੰ ਮਿਲੇ ਤੇ ਫੇਰ ਸਭ ਤੋਂ ਵੱਡੇ ਕੈਂਪ ਕੁਰਪੁਰ ਦੇ ਕੈਂਪ ਵਿਚ ਗਏ। ਇੱਥੇ ਇਕ ਵੀ ਪਰਵਾਰ ਅਜਿਹਾ ਨਹੀਂ ਸੀ ਜਿਸ ਦਾ ਘਰ ਦੇ ਜੀਆਂ ਵਿੱਚੋਂ ਕੋਈ ਨਾ ਕੋਈ ਕਤਲ ਨਾ ਕੀਤਾ ਗਿਆ ਹੋਵੇ।

ਫਰਾਸ਼ ਬਜ਼ਾਰ ਦੇ ਸ਼ਰਨਾਰਥੀਆਂ ਨੂੰ ਲੌਂਗੋਵਾਲ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਡਾ ਅਸਲੀ ਘਰ ਪੰਜਾਬ ਹੈ ਤੇ ਤੁਹਾਡਾ ਉੱਥੇ ਆਉਣ 'ਤੇ ਸਵਾਗਤ ਕੀਤਾ ਜਾਵੇਗਾ। ਉੱਥੇ ਬੈਠੇ ਸਿੱਖ ਸ਼ਰਨਾਰਥੀਆਂ ਨੇ ਸੰਤ ਜੀ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਇਹ ਘਰ-ਬਾਰ ਦਾ ਮਸਲਾ ਸੰਬੰਧਿਤ ਵੱਡੇ ਅਧਿਕਾਰੀਆਂ ਕੋਲ ਲਿਜਾਇਆ ਜਾਵੇ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦਾ ਪ੍ਰਬੰਧ ਤ੍ਰਿਲੋਕਪੁਰੀ ਤੋਂ ਬਿਨਾਂ ਹੋਰ ਕਿਸੇ ਕਾਲੋਨੀ ਵਿਚ ਕੀਤਾ ਜਾਵੇ। ਫਰਾਸ਼ ਬਜ਼ਾਰ ਦੀਆਂ ਸ਼ਰਨਾਰਥੀ ਬੀਬੀਆਂ ਉਨ੍ਹਾਂ ਘਰਾਂ ਵਿਚ ਕਿਵੇਂ ਰਹਿ ਸਕਦੀਆਂ ਸਨ ਜਿੱਥੇ ਉਨ੍ਹਾਂ ਦੇ ਪਤੀ ਤੇ ਪੁੱਤਰਾਂ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੋਵੇ?

ਇਕ ਮੁਖੀ ਮੱਖਣ ਸਿੰਘ ਨੇ ਹੋਰ ਕਿਹਾ ਕਿ ਉਨ੍ਹਾਂ ਸਾਰੇ ਸਿੱਖਾਂ ਨੂੰ ਇਸ ਯੋਗ ਬਣਾਉਣਾ ਚਾਹੀਦਾ ਹੈ ਕਿ ਉਹ ਆਪਣੀ ਜ਼ਿੰਦਗੀ ਇੱਜ਼ਤ ਨਾਲ ਬਸਰ ਕਰਨ। ਉਹ ਸਰਕਾਰ ਦੇ ਦਾਨ ਦਿੱਤੇ ਕੋਠੜੀਆਂ ਵਰਗੇ ਮਕਾਨਾਂ ਵਿਚ ਕਰਜ਼ੇ ਦੇ ਭਾਰ ਥੱਲੇ ਦੱਬ ਕੇ ਨਹੀਂ ਰਹਿਣਾ ਚਾਹੁੰਦੇ। ਉਨ੍ਹਾਂ ਦੱਸਿਆ ਕਿ ਹਰੇਕ ਸਿੱਖ ਦੀ ਜ਼ਿੰਦਗੀ ਆਪਣੀ ਮਾਨ-ਇੱਜ਼ਤ ਤੇ ਸ਼ਾਨ ਨਾਲ ਜੀਣ ਵਾਲੀ ਹੁੰਦੀ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਮੁੜ ਤੋਂ ਇਸੇ ਹੀ ਤਰੀਕੇ ਨਾਲ ਸ਼ੁਰੂ ਕਰਨਾ ਚਾਹੁੰਦੇ ਹਾਂ। ਆਖਰ ਅਸੀਂ ਕਦੋਂ ਤਕ ਆਪਣੇ ਦੁਖੀ ਹਿਰਦਿਆਂ ਦੀ ਵੇਦਨਾ ਨੂੰ ਦੱਬ ਸਕਦੇ ਹਾਂ? ਜਿਨ੍ਹਾਂ ਪਰਵਾਰਾਂ ਦੇ ਜੀਅ ਇਸ ਕਤਲੇਆਮ ਦਾ ਸ਼ਿਕਾਰ ਹੋਏ ਹਨ, ਉਹ ਕਦੋਂ ਤਕ ਘੁੱਟ-ਘੁੱਟ ਕੇ ਜੀਅ ਸਕਦੇ ਹਨ?

■

ਜ਼ਖ਼ਮ ਅਜੇ ਵੀ ਅੱਲੇ ਨੇ....
ਕਦੋਂ ਮਿਲੇਗੀ ਸਜ਼ਾ ਸਿੱਖਾਂ ਦੇ ਕਾਤਲਾਂ ਨੂੰ?

-ਸ. ਸਿਮਰਜੀਤ ਸਿੰਘ

ਹਰ ਸਾਲ ਜਦੋਂ ਵੀ ਨਵੰਬਰ ਦਾ ਮਹੀਨਾ ਆਉਂਦਾ ਹੈ ਤਾਂ ਸਿੱਖਾਂ ਦੇ ਦਿਮਾਗ ਵਿਚ ਨਵੰਬਰ ੮੪ ਦਾ ਸਿੱਖ ਕਤਲੇਆਮ ਘੁੰਮ ਜਾਂਦਾ ਹੈ। ਬੜੇ ਕਹਿਰ ਦੇ ਦਿਨ ਸਨ, ਜਦੋਂ ਦਿੱਲੀ ਅਤੇ ਭਾਰਤ ਦੇ ਹੋਰ ਵੱਡੇ-ਵੱਡੇ ਸ਼ਹਿਰਾਂ ਦੀਆਂ ਗਲੀਆਂ-ਮੁਹੱਲਿਆਂ ਵਿੱਚੋਂ ਮਨੁੱਖੀ ਚੀਕਾਂ ਕੰਨਾਂ ਨੂੰ ਪਾੜ ਰਹੀਆਂ ਸਨ, ਘਰਾਂ ਨੂੰ ਲੱਗੀ ਅੱਗ ਦੀਆਂ ਲਾਟਾਂ ਅਸਮਾਨ ਨੂੰ ਛੋਹ ਰਹੀਆਂ ਸਨ। ਨਾਅਰੇ ਗੂੰਜ ਰਹੇ ਸਨ :

"ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ।"

"ਸਰਦਾਰੋਂ ਕੋ ਜਲਾ ਦੋ, ਲੂਟ ਲੋ, ਸਰਦਾਰੋਂ ਕੋ ਮਾਰ ਦੋ।"

"ਹਿੰਦੂ ਭਾਈ, ਮੁਸਲਿਮ ਭਾਈ, ਸਰਦਾਰੋਂ ਕੀ ਕਰੋ ਸਫ਼ਾਈ।"

ਦੇ ਨਾਅਰਿਆਂ ਦੀ ਅਵਾਜ਼ ਨੇ ਕੰਨ ਪਾਟਣ ਨੂੰ ਕੀਤੇ ਹੋਏ ਸਨ। ਇਹ ਸਾਰਾ ਖ਼ੂਨੀ ਸਾਕਾ ੩੧ ਅਕਤੂਬਰ ੧੯੮੪ ਨੂੰ ਉਸ ਸਮੇਂ ਵਾਪਰਿਆ ਜਦੋਂ ਦੋ ਸਿੱਖ ਨੌਜਵਾਨਾਂ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨੇ ਸਿੱਖ ਵਿਰੋਧੀ ਗਤੀਵਿਧੀਆਂ ਕਾਰਨ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਵੇਰੇ ੯:੧੮ ਮਿੰਟ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਸ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦਿੱਲੀ ਵਿਖੇ ਲਿਜਾਇਆ ਗਿਆ ਸੀ। ਚਾਰੇ ਪਾਸੇ ਹਾਹਾਕਾਰ ਮੱਚ ਗਈ ਸੀ। ਇੰਦਰਾ ਗਾਂਧੀ ਦਾ ਪੁੱਤਰ ਰਾਜੀਵ ਗਾਂਧੀ ਉਸ ਸਮੇਂ ਬੰਗਾਲ ਗਿਆ ਹੋਇਆ ਸੀ। ਪਤਾ ਲੱਗਣ 'ਤੇ ਉਹ ੪:੦੦ ਵਜੇ ਸ਼ਾਮ ਨੂੰ ਦਿੱਲੀ ਪਹੁੰਚ ਗਿਆ ਸੀ। ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ੫:੦੦ ਵਜੇ ਸ਼ਾਮ ਤਕ ਆਪਣਾ ਦੌਰਾ ਵਿੱਚੇ ਛੱਡ ਕੇ ਦਿੱਲੀ ਪਹੁੰਚ ਗਏ ਸਨ ਅਤੇ ਉਨ੍ਹਾਂ ਨੇ ਆਉਂਦੇ ਸਾਰ ਹੀ ਸਭ ਤੋਂ ਪਹਿਲਾਂ ੬:੫੫ ਮਿੰਟ 'ਤੇ ਰਾਜੀਵ ਗਾਂਧੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ।

ਉਸ ਸਮੇਂ ਦੇਸ਼-ਵਿਦੇਸ਼ ਦੇ ਮੀਡੀਏ ਦੀਆਂ ਨਜ਼ਰਾਂ ਉਨ੍ਹਾਂ ਦੋ ਸਿੱਖਾਂ 'ਤੇ ਲੱਗੀਆਂ ਹੋਈਆਂ ਸਨ, ਜਿਨ੍ਹਾਂ ਇੰਦਰਾ ਗਾਂਧੀ ਦਾ ਕਤਲ ਕੀਤਾ ਸੀ ਜਦੋਂ ਕਿ ਦੂਸਰੇ ਪਾਸੇ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਲਈ ਇਹ ਖ਼ਬਰ ਮੌਤ ਦਾ ਭਿਆਨਕ ਜੰਜਾਲ਼ ਬਣੀ ਹੋਈ ਸੀ। ਸਾਰੇ ਦੇਸ਼ ਵਿਚ ਕਾਂਗਰਸ ਆਈ ਦੇ ਕਥਿਤ ਵਰਕਰ ਅਤੇ ਵਲੰਟੀਅਰ ਸਿੱਖਾਂ ਦੇ ਦੁਸ਼ਮਣ ਬਣ ਗਏ ਸਨ।

੩੧ ਅਕਤੂਬਰ ੧੯੮੪ ਨੂੰ ਸਿੱਖਾਂ ਦੀ ਮਾਰ-ਕੁਟਾਈ ਦੀਆਂ ਘਟਨਾਵਾਂ ਸਭ ਤੋਂ ਪਹਿਲਾਂ ਕਲਕੱਤੇ ਵਿਚ ਸ਼ੁਰੂ ਹੋਈਆਂ। ੧ ਨਵੰਬਰ ਦੇ 'ਸਟੇਟਸਮੈਨ' ਅਖ਼ਬਾਰ ਦੇ ਅਨੁਸਾਰ ਇਕ ਸਿੱਖ ਨੂੰ ਸਵੇਰੇ ੧੧:੦੦ ਵਜੇ ਰਾਈਟਰ ਬਿਲਡਿੰਗ ਦੇ ਨੇੜੇ ਕੁੱਟਿਆ ਗਿਆ। ਇਕ ਹੋਰ ਸਿੱਖ ਜੋ ਟੀ-ਬੋਰਡ ਦੇ ਦਫ਼ਤਰ ਅੱਗੇ ਖੜ੍ਹਾ ਸੀ, ਉਸ 'ਤੇ ੧:੩੦ ਮਿੰਟ 'ਤੇ ਹਮਲਾ ਕੀਤਾ

ਗਿਆ। ਨੈਸ਼ਨਲ ਪ੍ਰੈਸ ਨੇ ਰਿਪੋਰਟ ਕੀਤੀ ਕਿ ਕਾਂਗਰਸ ਆਈ ਦੇ ਵਰਕਰ ਅਤੇ ਵਲੰਟੀਅਰ ਦੁਪਹਿਰ ਤੋਂ ਬਾਅਦ ਕਲਕੱਤੇ ਦੇ ਵੱਖ-ਵੱਖ ਇਲਾਕਿਆਂ ਵਿਚ ਭਗਦੜ ਮਚਾਉਣ ਲੱਗ ਪਏ ਹਨ, ਜਿਸ 'ਤੇ ਸਥਿਤੀ ਨਾਲ ਨਿਪਟਣ ਲਈ ਫੌਜ ਨੂੰ ਬੁਲਾ ਲਿਆ ਗਿਆ ਅਤੇ ੨:੩੦ ਦੇ ਲੱਗਭਗ ਫੌਜ ਨੇ ਸ਼ਹਿਰ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਮਦਰਾਸ ਵਿਚ ਵੀ ਸਿੱਖਾਂ ਦੀਆਂ ਦੁਕਾਨਾਂ ਦੀਆਂ ਖਿੜਕੀਆਂ ਤੋੜ ਦਿੱਤੀਆਂ ਗਈਆਂ ਅਤੇ ਦੁਕਾਨਦਾਰਾਂ ਤੋਂ ਜਬਰਦਸਤੀ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਪੰਜਾਬ ਐਸੋਸੀਏਸ਼ਨ ਵੱਲੋਂ ਚਲਾਏ ਜਾਂਦੇ ਸਕੂਲ ਦੀਆਂ ਦੋ ਬੱਸਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਉੱਤਰ ਪ੍ਰਦੇਸ਼ ਵਿਚ ਵੀ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਨੂੰ ਅੱਖੀਂ ਦੇਖਣ ਵਾਲਿਆਂ ਅਨੁਸਾਰ ਵਿਸ਼ੇਸ਼ ਤੌਰ 'ਤੇ ਕਾਨ੍ਹਪੁਰ ਵਿਚ ਕਾਂਗਰਸ ਹਮਾਇਤੀਆਂ ਦਾ ਭਾਰੀ ਇਕੱਠ ਗਲ਼ੀਆਂ ਵਿਚ ਇਕੱਠਾ ਹੋ ਗਿਆ ਸੀ। ਦੁਕਾਨਾਂ ਬੰਦ ਹੋ ਗਈਆਂ ਸਨ ਅਤੇ ਚਾਰੇ ਪਾਸੇ ਭਗਦੜ ਮੱਚ ਗਈ ਸੀ। ਮੱਧ ਪ੍ਰਦੇਸ਼ ਦੇ ਜਬਲਪੁਰ ਅਤੇ ਇੰਦੌਰ ਦੇ ਸਿੱਖਾਂ ਦੀਆਂ ਦੁਕਾਨਾਂ ਅਤੇ ਪੈਟਰੋਲ ਪੰਪਾਂ ਨੂੰ ਅੱਗ ਲਗਾ ਦਿੱਤੀ ਗਈ ਸੀ ਅਤੇ ਭਾਰੀ ਮਾਤਰਾ ਵਿਚ ਕਾਂਗਰਸ-ਹਮਾਇਤੀਆਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਫੌਜ ਨੂੰ ਸੂਚਿਤ ਕਰਨਾ ਪਿਆ। ਉੜੀਸਾ ਵਿਚ ਕਾਂਗਰਸ ਆਈ ਦੇ ਵਰਕਰਾਂ ਨੇ ਭੁਵਨੇਸ਼ਵਰ ਦੇ ਸਿੱਖਾਂ 'ਤੇ ਹਮਲਾ ਕਰ ਕੇ ਉਨ੍ਹਾਂ ਦੇ ਟਰੱਕਾਂ ਨੂੰ ਅੱਗ ਲਗਾ ਦਿੱਤੀ।

ਦਿੱਲੀ ਵਿਚ ਸਿੱਖ ਕਤਲੇਆਮ ੩੧ ਅਕਤੂਬਰ ੧੯੮੪ ਨੂੰ ਦੁਪਹਿਰ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ ਜਦੋਂ ਕਿ ਦਿੱਲੀ ਵਿਚ ਬਹੁਤੇ ਸਿੱਖ ਕਾਂਗਰਸ ਆਈ ਦੇ ਹਮਾਇਤੀ ਸਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਖੇ ਸਵੇਰ ਤੋਂ ਹੀ ਦੁੱਖ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ਹੋਏ ਸਨ। ਇੱਥੋਂ ਤਕ ਕਿ ਹਸਪਤਾਲ ਵਿਚ ਖੜ੍ਹੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਕਾਰ 'ਤੇ ਵੀ ਪਥਰਾਓ ਕੀਤਾ ਗਿਆ। ਸਿੱਖਾਂ ਨੂੰ ਬੱਸਾਂ 'ਚੋਂ ਉਤਾਰ ਕੇ ਕੁੱਟਿਆ ਗਿਆ, ਮਾਰਿਆ ਗਿਆ। ਸ਼ਾਮ ਦੇ ੪ ਵਜੇ ਤਕ ਕੁਝ ਦੁਕਾਨਾਂ ਨੂੰ ਲੁੱਟ ਲਿਆ ਸੀ ਅਤੇ ਕਈਆਂ ਨੂੰ ਅੱਗ ਲਗਾ ਦਿੱਤੀ ਗਈ ਸੀ। ਸ਼ਾਮ ਨੂੰ ੪ ਵਜੇ ਦੇ ਲੱਗਭਗ ਆਈ. ਐੱਨ. ਮਾਰਕੀਟ ਦੇ ਬਾਹਰ ਇਕ ਸਿੱਖ ਨੌਜਵਾਨ ਦੀ ਪਗੜੀ ੩੦-੩੫ ਲੋਕਾਂ ਨੇ ਉਤਾਰ ਕੇ ਪਾੜ ਦਿੱਤੀ ਅਤੇ ਉਨ੍ਹਾਂ ਨੇ ਸਿੱਖਾਂ ਦੀ ਮਾਰ-ਧਾੜ ਸ਼ੁਰੂ ਕਰ ਦਿੱਤੀ ਸੀ। ਇਹ ਦੰਗਾਕਾਰੀਆਂ ਦਾ ਚੰਗਾ ਟੋਲਾ ਬਣ ਗਿਆ ਸੀ ਜੋ ਸਫ਼ਦਰਗੰਜ਼ ਹਵਾਈ ਅੱਡੇ ਵੱਲ ਨੂੰ ਹੋ ਤੁਰਿਆ ਸੀ। ਫਲਾਈ ਓਵਰ ਦੇ ਨੇੜੇ ਉਨ੍ਹਾਂ ਨੇ ਇਕ ਸਿੱਖ ਨੂੰ ਕਾਰ ਵਿਚ ਜਾਂਦੇ ਦੇਖਿਆ ਤਾਂ ਉਨ੍ਹਾਂ ਨੇ ਕਾਰ ਨੂੰ ਰੋਕ ਲਿਆ ਅਤੇ ਉਸ ਸਿੱਖ ਨੂੰ ਧੂਹ ਕੇ ਵਿੱਚੋਂ ਖਿੱਚ ਲਿਆ ਅਤੇ ਉਸ ਦੀ ਸਾਰੀ ਕਾਰ ਭੰਨ ਦਿੱਤੀ, ਉਸ ਦੀ ਖਿੱਚ-ਧੂਹ ਕੀਤੀ, ਉਸ ਨੂੰ ਗਾਲ੍ਹਾਂ ਕੱਢੀਆਂ। ਪਰੰਤੂ ਉਹ ਸਿੱਖ ਕਿਸੇ ਤਰ੍ਹਾਂ ਆਪਣੀ ਜਾਨ ਬਚਾ ਕੇ ਨਿਕਲ ਗਿਆ ਅਤੇ ਦੰਗਾਕਾਰੀਆਂ ਦਾ ਕਾਫਲਾ ਚੀਖ-ਚਿੰਘਾੜਾਂ ਪਾਉਂਦਾ ਅੱਗੇ ਵੱਲ ਨੂੰ ਚਲੇ ਗਿਆ। ਰਸਤੇ ਵਿਚ ਇਕ ਡਾਕ ਗੱਡੀ ਮਿਲੀ ਜਿਸ ਨੂੰ ਇਕ ਸਿੱਖ ਡਰਾਈਵਰ ਚਲਾ ਰਿਹਾ ਸੀ। ਉਸ ਨੂੰ ਸਫ਼ਦਰਗੰਜ਼ ਦੇ ਨੇੜੇ ਅੱਗ ਲਗਾ ਦਿੱਤੀ ਗਈ। ਗੁਰਦੁਆਰਾ ਸਿੰਘ ਸਭਾ ਲਕਸ਼ਮੀ ਬਾਈ ਨਗਰ ਅਤੇ ਗੁਰਦੁਆਰਾ ਕਦਵਈ ਨਗਰ ਅੱਗ ਨਾਲ ਬੁਰੀ ਤਰ੍ਹਾਂ ਜਲ ਰਹੇ ਸਨ। ਇਸੇ ਇਲਾਕੇ ਦੀਆਂ ਦੋ ਪ੍ਰਾਈਵੇਟ ਬੱਸਾਂ ਅਤੇ ਦੁਕਾਨਾਂ ਨੂੰ ਲੁੱਟ ਕੇ ਅੱਗ ਲਗਾ ਦਿੱਤੀ ਗਈ। ਪੁਲਿਸ

ਖੜ੍ਹੀ ਤਮਾਸ਼ਾ ਦੇਖ ਰਹੀ ਸੀ। ਸਿੱਖਾਂ ਦੀਆਂ ਦੁਕਾਨਾਂ ਨੂੰ ਲੁੱਟਿਆ ਜਾ ਰਿਹਾ ਸੀ। ਲੱਕੜੀ ਦੀਆਂ ਦੁਕਾਨਾਂ ਅਤੇ ਟਰੱਕਾਂ ਨੂੰ ਅੱਗ ਲਗਾਈ ਜਾ ਰਹੀ ਸੀ। ਸ਼ਾਮ ਤਕ ਸ਼ੰਕਰ ਮਾਰਕੀਟ, ਪੰਚ ਕੂਆਂ ਰੋਡ, ਕਰੋਲ ਬਾਗ, ਸਰੋਜਨੀ ਨਗਰ ਅਤੇ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਇਮਾਰਤਾਂ ਬੁਰੀ ਤਰ੍ਹਾਂ ਸੜ ਰਹੀਆਂ ਸਨ ਅਤੇ ਲੁੱਟੀਆਂ ਜਾ ਚੁੱਕੀਆਂ ਸਨ।

੩੧ ਅਕਤੂਬਰ ਨੂੰ ੫ ਵਜੇ ਦੇ ਲੱਗਭਗ ਰਾਜੀਵ ਗਾਂਧੀ ਹਸਪਤਾਲ ਵਿਚ ਆਪਣੀ ਮਾਤਾ ਦੀ ਲਾਸ਼ ਕੋਲ ਆਇਆ ਤਾਂ ਉਸ ਨੇ ਗੁੱਸੇ ਵਿਚ ਮੁੱਠੀਆਂ ਬੰਦ ਕੀਤੀਆਂ ਹੋਈਆਂ ਸਨ। ਐੱਚ. ਕੇ. ਐੱਲ. ਭਗਤ ਵੀ ਉਸ ਦੇ ਨਾਲ ਸੀ। ਇਕ ਭਾਰੀ ਇਕੱਠ "ਇੰਦਰਾ ਗਾਂਧੀ ਅਮਰ ਰਹੇ" ਦੇ ਨਾਅਰੇ ਲਾ ਰਿਹਾ ਸੀ ਅਤੇ ਉੱਚੀ- ਉੱਚੀ ਕਹਿ ਰਿਹਾ ਸੀ "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ"। 'ਰਿਪੋਰਟ ਆਫ ਨੇਸ਼ਨ ਟਰੁਥ ਅਬਾਉਟ ਦਿੱਲੀ ਵੀਓਲੈਂਸ' ਅਨੁਸਾਰ 'ਭਗਤ' ਬਾਹਰ ਆਇਆ ਅਤੇ ਉਸ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ "ਤੁਸੀਂ ਇਸ ਜਗ੍ਹਾ 'ਤੇ ਹੀ ਫੋਕੇ ਨਾਅਰੇ ਲਾ ਕੇ ਪ੍ਰਾਰਥਨਾ ਕਰਦੇ ਰਹੋਗੇ?"

ਬਸ ਫੇਰ ਕੀ ਸੀ, ਸੈਂਕੜੇ ਗੁਰਦੁਆਰੇ ਅੱਗ ਦੀ ਭੇਟਾ ਚਾੜ੍ਹ ਦਿੱਤੇ ਗਏ। ਗੁਰਦੁਆਰਾ ਰਕਾਬ ਗੰਜ ਅਤੇ ਚਾਂਦਨੀ ਚੌਂਕ 'ਤੇ ਵੀ ਹਮਲਾ ਕੀਤਾ ਗਿਆ। ਕੁਝ ਸਿੱਖਾਂ ਨਾਲ ਰੇਲਵੇ ਸਟੇਸ਼ਨ 'ਤੇ ਧੂਹ-ਘੜੀਸ ਕੀਤੀ ਗਈ ਅਤੇ ਉਨ੍ਹਾਂ 'ਤੇ ਪਥਰਾਉ ਕੀਤਾ ਗਿਆ।

ਮਾਰ-ਧਾੜ ਕਰਨ ਲਈ ਬਾਹਰਲੇ ਇਲਾਕਿਆਂ ਤੋਂ ਭਾੜੇ ਦੇ ਦੰਗਾਕਾਰੀਆਂ ਨੂੰ ਲਿਆਂਦਾ ਗਿਆ ਸੀ ਜਿਨ੍ਹਾਂ ਨੂੰ ਲੋਕਾਂ ਨੂੰ ਕਤਲ ਕਰਨ ਦਾ ੧੦.੦੦-੧੦੦੦/- ਰੁਪਇਆ ਅਤੇ ਸ਼ਰਾਬ ਦਿੱਤੀ ਗਈ। ਸਿਟੀਜ਼ਨ ਕਮਿਸ਼ਨ ਦੇ ਐੱਸ. ਐੱਮ. ਸੀਕਰੀ (ਜੋ ਭਾਰਤ ਦੇ ਰਿਟਾ: ਜੱਜ ਹਨ) ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ੪ ਨਵੰਬਰ ਤਕ ਦਿੱਲੀ ਵਿਚ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਦਿਆਂ ਹੋਇਆਂ ਕਿਸ ਤਰ੍ਹਾਂ ਤੋੜ-ਫੋੜ ਕੀਤੀ ਗਈ। ਇਸ ਵਿਚ ਉਨ੍ਹਾਂ ਨੇ ਬਹੁਗਿਣਤੀ ਵੱਲੋਂ ਪੀੜਤਾਂ ਨਾਲ ਕਾਨੂੰਨ ਦੀ ਉਲੰਘਣਾ, ਤੋੜ-ਫੋੜ, ਕਤਲ ਅਤੇ ਬਲਾਤਕਾਰਾਂ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਰਾਹਤ ਕਾਰਜਾਂ ਵਿਚ ਲੱਗੇ ਹੋਏ ਲੋਕਾਂ ਨਾਲ ਵੀ ਗੱਲ ਕੀਤੀ ਸੀ ਅਤੇ ਉਨ੍ਹਾਂ ਨੇ ਆਪਣੇ ਤਜ਼ਰਬੇ ਦੇ ਅਨੁਸਾਰ ਤੁਰੰਤ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਭੇਜੀ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਇਹੋ ਜਿਹੇ ਵਿਅਕਤੀਆਂ ਜਿਹੜੇ ਕਤਲੋਗਾਰਤ ਕਰ ਰਹੇ ਸਨ, ਨੂੰ ਕਿਸੇ ਵੀ ਕੀਮਤ 'ਤੇ ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ। ਇਨ੍ਹਾਂ ਵਿੱਚੋਂ ਪੁਲਿਸ ਨੇ ਕੁਝ ਕੁ ਨੂੰ ਫੜ ਲਿਆ ਸੀ ਪਰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਜੋ ਇਲਾਕੇ ਵਿਚ ਜਾ ਕੇ ਫਿਰ ਤੋਂ ਦਹਿਸ਼ਤ ਫੈਲਾਉਣ ਲੱਗ ਪਏ। ਸ੍ਰੀ ਸੀਕਰੀ ਨੇ ਆਪਣੀ ਰਿਪੋਰਟ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਭੇਜੀਆਂ ਸਨ ਪਰ ਅੱਜ ਤਕ ਇਸ 'ਤੇ ਕੋਈ ਕਾਰਵਾਈ ਨਹੀਂ ਹੋ ਸਕੀ ਅਤੇ ਨਾ ਹੀ ਕਿਸੇ ਦੰਗਾਕਾਰੀ ਨੂੰ ਸਜ਼ਾ ਹੋਈ ਹੈ। ਕਮਿਸ਼ਨ ਜ਼ਰੂਰ ਬਣਦੇ ਰਹੇ ਤੇ ਰਿਪੋਰਟਾਂ ਬਣਦੀਆਂ ਗਈਆਂ। ਇਨ੍ਹਾਂ ਨਾਲ ਸਿਰਫ਼ ਦਫ਼ਤਰਾਂ ਦੀਆਂ ਫਾਈਲਾਂ ਹੀ ਮੋਟੀਆਂ ਹੋਈਆਂ ਹਨ, ਹੋਰ ਠੋਸ ਨਤੀਜਾ ਕੁਝ ਨਹੀਂ ਨਿਕਲਿਆ।

ਸਿੱਖ ਕਤਲੇਆਮ ਦੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਅੱਗੇ ਸੰਸਾਰ ਪ੍ਰਸਿੱਧ ਜਰਨਲਿਸਟ ਸ. ਖੁਸ਼ਵੰਤ ਸਿੰਘ ਨੇ ਵੀ ਆਪਣੇ ਬਿਆਨ ਦਰਜ ਕਰਵਾਏ ਸਨ ਜਿਨ੍ਹਾਂ ਅਨੁਸਾਰ ੩੧ ਅਕਤੂਬਰ ਅਤੇ ੧ ਨਵੰਬਰ ਨੂੰ ਹੋਏ ਸਿੱਖ ਕਤਲੇਆਮ ਨਾਲ ਜਿਹੜੀਆਂ ਉਨ੍ਹਾਂ ਦੀਆਂ

ਭਾਵਨਾਵਾਂ ਦਰਦਨਾਕ ਰੂਪ ਵਿਚ ਜ਼ਖਮੀ ਹੋਈਆਂ ਹਨ, ਉਨ੍ਹਾਂ ਦੇ ਦਾਗ ਉਹ ਆਪਣੀ ਸਾਰੀ ਉਮਰ ਮਹਿਸੂਸ ਕਰਦੇ ਰਹਿਣਗੇ। ਉਨ੍ਹਾਂ ਅਨੁਸਾਰ ਉਨ੍ਹਾਂ ਨੇ ਆਪਣੀ ਅੱਖੀਂ ਦੇਖਿਆ ਕਿ ੩੧ ਅਕਤੂਬਰ ੧੯੮੪ ਦੀ ਦੁਪਹਿਰ ਨੂੰ ਕਨਾਟ ਸਰਕਲ ਵਿੱਚੋਂ ਕਾਲੇ ਧੂੰਏਂ ਦਾ ਇਕ ਸੰਘਣਾ ਬੱਦਲ ਉਭਰ ਰਿਹਾ ਸੀ। ਉਸ ਇਲਾਕੇ ਵਿਚ ਸਿੱਖਾਂ ਦੀਆਂ ਜਾਇਦਾਦਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਸ਼ਾਮ ਨੂੰ ਉਨ੍ਹਾਂ ਦੇਖਿਆ ਕਿ ਅੰਬੈਸਡਰ ਹੋਟਲ ਦੇ ਬਾਹਰ ਸਿੱਖਾਂ ਦੀਆਂ ਟੈਕਸੀਆਂ ਨੂੰ ਗੁੰਡਿਆਂ ਨੇ ਤੋੜ-ਭੰਨ ਦਿੱਤਾ ਸੀ। ਖਾਨ ਮਾਰਕੀਟ ਵਿਚ ਸਥਿਤ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ ਸਨ। ਉਨ੍ਹਾਂ ਨੇ ਉੱਥੇ ਸਾਹਮਣੇ ਸੜਕ ਉੱਪਰ ਇਕ ਅਫ਼ਸਰ ਅਧੀਨ ਦੋ ਕਤਾਰਾਂ ਵਿਚ ਪੁਲਿਸ ਕਰਮਚਾਰੀਆਂ ਨੂੰ ਵੀ ਖੜ੍ਹੇ ਦੇਖਿਆ ਸੀ ਜੋ ਕਿ ਹਥਿਆਰਬੰਦ ਸਨ ਪਰ ਉਹ ਖਾਮੋਸ਼ ਖੜ੍ਹੇ ਤਮਾਸ਼ਬੀਨ ਦੀ ਤਰ੍ਹਾਂ ਲੁੱਟ-ਮਾਰ ਦੇਖ ਰਹੇ ਸਨ। ਅੱਧੀ ਰਾਤ ਨੂੰ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਅਰੇ ਗੂੰਜਣ ਲੱਗ ਪਏ ਤਾਂ ਉਨ੍ਹਾਂ ਨੇ ਆਪਣੇ ਬਗ਼ੀਚੇ ਦੀ ਚਾਰ-ਦੀਵਾਰੀ ਰਾਹੀਂ ਦੇਖਿਆ ਕਿ ਇਕ ਟਰੱਕ ਵਿੱਚੋਂ ਲਾਠੀਆਂ ਅਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਉਤਾਰੀਆਂ ਜਾ ਰਹੀਆਂ ਸਨ। ਉਸ ਟਰੱਕ ਵਿਚ ਬਹੁਤ ਸਾਰੇ ਆਦਮੀ ਵੀ ਸਨ। ਇਨ੍ਹਾਂ ਲੋਕਾਂ ਨੇ ਸੁਜਾਨ ਸਿੰਘ ਪਾਰਕ ਦੇ ਗੁਰਦੁਆਰੇ ਉੱਤੇ ਹਮਲਾ ਕਰ ਦਿੱਤਾ। ਇਕ ਸਿੱਖ ਮਕੈਨਿਕ ਦੀ ਦੁਕਾਨ ਵਿਚ ਮੁਰੰਮਤ ਲਈ ਆਈਆਂ ਕਾਰਾਂ ਨੂੰ ਵੀ ਅੱਗ ਲਗਾ ਦਿੱਤੀ।

ਇਹ ਨਵੰਬਰ ੧੯੮੪ ਵਿਚ ਦਿੱਲੀ ਵਿਚ ਜੋ ਕੁਝ ਹੋਇਆ ਉਹ ਅਚਾਨਕ ਨਹੀਂ ਸੀ ਬਲਕਿ ਸੋਚ-ਸਮਝ ਕੇ ਕੀਤਾ ਗਿਆ ਸੀ। ਇਹ ਹਿੰਦੂ-ਸਿੱਖ ਫਿਰਕੂ ਦੰਗੇ ਨਹੀਂ ਸਨ, ਬਲਕਿ ਬਹੁਤ ਇਲਾਕਿਆਂ ਵਿਚ ਤਾਂ ਹਿੰਦੂ ਭਰਾਵਾਂ ਨੇ ਤਾਂ ਸਗੋਂ ਆਪਣੇ ਗੁਆਂਢੀਆਂ ਦੇ ਬਚਾਅ ਲਈ ਜਤਨ ਵੀ ਕੀਤੇ। ਇਸੇ ਤਰ੍ਹਾਂ ਪੰਜਾਬ ਵਿਚ ਵੀ ਸਿੱਖਾਂ ਨੇ ਬਦਲੇ ਦੀ ਭਾਵਨਾ ਨਾਲ ਕੁਝ ਨਹੀਂ ਕੀਤਾ। ਇਸ ਲਈ ਸ਼ੱਕ ਦੀ ਉਂਗਲੀ ਸਿੱਧੀ ਇੱਕੋ ਪਾਰਟੀ ਵੱਲ ਉੱਠਦੀ ਹੈ ਜਿਸ ਨੇ ਸੰਕੇਤ ਦਿੱਤਾ ਸੀ ਕਿ 'ਸਿੱਖਾਂ ਨੂੰ ਸਬਕ ਸਿਖਾ ਦਿਓ' ਅਤੇ ਪੁਲਿਸ ਨੂੰ ਇਹ ਹੁਕਮ ਦਿੱਤਾ ਸੀ ਕਿ ਜਦ ਉਹ ਸਿੱਖਾਂ ਨੂੰ ਸਬਕ ਸਿਖਾ ਰਹੇ ਹੋਣ, ਉਦੋਂ ਕਿਸੇ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਨਾ ਕੀਤੀ ਜਾਵੇ।

ਇਨ੍ਹਾਂ ਚਾਰ ਦਿਨਾਂ ਦੌਰਾਨ ਹੋਈਆਂ ਘਟਨਾਵਾਂ ਦੀ ਜਾਂਚ ਲਈ ਹੁਣ ਤਕ ਬਹੁਤ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਕਮਿਸ਼ਨ ਬਣਾਏ ਜਾ ਚੁੱਕੇ ਹਨ। ਇਸ ਵਿਸ਼ੇ ਉੱਤੇ ਕਿਤਾਬਾਂ ਵੀ ਲਿਖੀਆਂ ਜਾ ਚੁੱਕੀਆਂ ਹਨ। ਗੈਰ-ਸਰਕਾਰੀ ਕਮਿਸ਼ਨਾਂ ਵਿਚ ਸਾਡੇ ਦੇਸ਼ ਦੇ ਕਈ ਉੱਚ ਕੋਟੀ ਦੇ ਕਾਨੂੰਨਦਾਨ ਵੀ ਸ਼ਾਮਲ ਰਹੇ ਹਨ ਜਿਨ੍ਹਾਂ ਵਿਚ ਜਸਟਿਸ ਤਾਰਕੁੰਡੇ, ਡਾ. ਕੁਠਾਰੀ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਐੱਸ. ਐਮ. ਸੀਕਰੀ ਵਰਗਿਆਂ ਦੇ ਨਾਂ ਵਿਸ਼ੇਸ਼ ਹਨ। ਇਨ੍ਹਾਂ ਕਾਨੂੰਨਦਾਨਾਂ ਨੇ ਆਪਣੀਆਂ ਰਿਪੋਰਟਾਂ ਵਿਚ ਜਿੱਥੇ ਸਿੱਖ ਕਤਲੇਆਮ ਦੀ ਡੱਟ ਕੇ ਆਲੋਚਨਾ ਕੀਤੀ ਹੈ, ਉੱਥੇ ਉਨ੍ਹਾਂ ਨੇ ਬਹੁਤ ਸਾਰੇ ਤਤਕਾਲੀ ਕਾਂਗਰਸ ਸੰਸਦ ਮੈਂਬਰਾਂ ਉੱਤੇ ਵੀ ਕਾਤਲਾਂ ਨੂੰ ਭੜਕਾਉਣ ਦੇ ਦੋਸ਼ ਲਗਾਏ ਹਨ। ਇਨ੍ਹਾਂ ਕਾਨੂੰਨਦਾਨਾਂ ਨੇ ਆਖਿਆ ਕਿ ਕਈ ਸੰਸਦ ਮੈਂਬਰਾਂ ਨੇ ਇਕ ਨਿਰਦੋਸ਼ ਅਤੇ ਬਹੁਤ ਘੱਟ ਗਿਣਤੀ ਵਾਲੀ ਕੌਮ ਖਿਲਾਫ਼ ਹਿੰਸਾ ਭੜਕਾਈ ਸੀ, ਜੋ ਕਦੇ ਵੀ ਹਿੰਦੂ ਭਾਈਚਾਰੇ ਨਾਲ ਆਪਣੇ ਸੰਬੰਧਾਂ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਨਹੀਂ ਸੀ ਕਰਦੇ। ਸਰਕਾਰੀ ਕਮਿਸ਼ਨਾਂ ਨੇ ਕਾਂਗਰਸ ਪਾਰਟੀ ਨੂੰ ਅਤੇ ਸਰਕਾਰ ਨੂੰ ਦਿੱਲੀ ਵਿਚ ਲੱਗਭਗ ੩੫੦੦ ਤੋਂ ਵੱਧ ਅਤੇ ਉੱਤਰੀ ਭਾਰਤ ਦੇ ਹੋਰ ਸ਼ਹਿਰਾਂ ਵਿਚ ੧੦,੦੦੦

ਨਿਰਦੋਸ਼ ਸਿੱਖਾਂ ਦੇ ਕਤਲੇਆਮ ਦੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਇਹ ਵਿਸ਼ਾਲ ਪੈਮਾਨੇ 'ਤੇ ਕੀਤਾ ਗਿਆ ਇਕ ਵੱਡਾ ਅਪਰਾਧ ਸੀ ਜਿਸ ਲਈ ਸੈਂਕੜੇ ਅਪਰਾਧੀਆਂ ਨੂੰ ਫਾਂਸੀ ਉੱਪਰ ਚਾੜ੍ਹ ਦੇਣਾ ਚਾਹੀਦਾ ਸੀ।

ਹੈਰਾਨੀ ਦੀ ਗੱਲ ਇਹ ਹੈ ਕਿ ਹਾਲੇ ਤਕ ਇਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਗਈ ਜਦੋਂ ਕਿ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨਾਲ ਭਾਈ ਕੇਹਰ ਸਿੰਘ ਨੂੰ ਵੀ ਸਜ਼ਾ ਸੁਣਾ ਕੇ ਫਾਂਸੀ 'ਤੇ ਲਟਕਾ ਦਿੱਤਾ ਗਿਆ। ਫੇਰ ਇੱਕੋ ਦੇਸ਼ ਵਿਚ ਦੋ ਕਾਨੂੰਨ ਕਿਉਂ? ਕਿਉਂ ਨਹੀਂ ਲਟਕਾਇਆ ਜਾ ਰਿਹਾ ਫਾਂਸੀ 'ਤੇ ਸਿੱਖਾਂ ਦੇ ਕਾਤਲਾਂ ਨੂੰ?

ਇੰਨ੍ਹੇ ਸਾਲ ਬੀਤ ਜਾਣ ਤੋਂ ਬਾਅਦ ਵੀ ਦੋਸ਼ੀ ਅਜ਼ਾਦੀ ਨਾਲ ਘੁੰਮ ਰਹੇ ਹਨ ਅਤੇ ਪੀੜਤ ਪਰਵਾਰ ਇਨਸਾਫ ਲਈ ਕਚਿਹਰੀਆਂ ਵਿਚ ਧੱਕੇ ਖਾ ਰਹੇ ਹਨ:

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ....। *(ਸੁਰਜੀਤ ਪਾਤਰ)*

■

ਫਿਰ ਆਇਆ ਨਵੰਬਰ ਕੌੜੀਆਂ ਯਾਦਾਂ ਲੈ ਕੇ

-ਸ. ਜਸਵੰਤ ਸਿੰਘ 'ਅਜੀਤ'

ਹਰ ਸਾਲ ਵਾਂਗ ਇਸ ਵਾਰ ਫਿਰ ਨਵੰਬਰ ਦਾ ਮਹੀਨਾ ਆ ਰਿਹਾ ਹੈ, ਪੁਰਾਣੀਆਂ ਕੁੜੱਤਣ ਭਰੀਆਂ ਯਾਦਾਂ ਲੈ ਕੇ। ਇਸ ਤੋਂ ਨਾਲ ਹੀ ਉਸ ਤੋਂ ਅਗਲੇ ਮਹੀਨੇ ਦਸੰਬਰ ਦੀ ਪਹਿਲੀ ਨੂੰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵੀ ਹੋ ਰਹੀਆਂ ਹਨ। ਇਸ ਕਰ ਕੇ ਇਉਂ ਜਾਪਦਾ ਹੈ ਜਿਵੇਂ ਇਹ ਸਾਰਾ ਸਮਾਂ 'ਨਵੰਬਰ ੮੪ ਦੇ ਸਿੱਖ ਕਤਲੇਆਮ' ਦੀ ਯਾਦ ਨੂੰ ਮਨਾਉਂਦਿਆਂ ਹੀ ਬੀਤੇਗਾ। ਇਸ ਦੌਰਾਨ ਨਵੰਬਰ ੮੪ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਨ ਲਈ ਸਮਾਗਮ ਕੀਤੇ ਜਾਣਗੇ। ਚੋਣ ਜਲਸਿਆਂ ਵਿਚ ਨਵੰਬਰ ੮੪ ਦੀਆਂ ਦੁਖਦਾਈ ਘਟਨਾਵਾਂ ਨੂੰ ਬਹੁਤ ਹੀ ਭਾਵੁਕਤਾ ਨਾਲ ਵਾਰ ਵਾਰ ਬਿਆਨਿਆ ਜਾਵੇਗਾ। ਦੋਸ਼ੀਆਂ ਨੂੰ ਸਜ਼ਾ ਨਾ ਦਿੱਤੇ ਜਾਣ ਲਈ ਵਾਰ ਵਾਰ ਇਨਸਾਫ਼ ਦੇ ਅਮਲ ਨੂੰ ਕੋਸਿਆ ਜਾਏਗਾ, ਇਨਸਾਫ਼ ਦੁਆਉਣ ਦੇ ਹਵਾਈ ਵਾਅਦੇ ਵੀ ਦੁਹਰਾਏ ਜਾਣਗੇ।

ਪਰ ਸ਼ਾਇਦ ਹੀ ਨਵੰਬਰ ੮੪ ਦੇ ਪੀੜਤਾਂ ਦਾ ਅਜੇ ਤਕ ਇੱਜ਼ਤ ਭਰੇ ਢੰਗ ਨਾਲ ਮੁੜ ਵਸੇਬਾ ਨਾ ਹੋ ਸਕਣ ਦੀ ਕਿਧਰੇ ਚਰਚਾ ਕੀਤੀ ਜਾਏ। ਪੀੜਤਾਂ ਨੂੰ ਦਿੱਤੇ ਗਏ ਕਰਜ਼ਿਆਂ ਦੇ ਮੁਆਫ਼ ਨਾ ਹੋ ਸਕਣ ਦਾ ਵੀ ਸ਼ਾਇਦ ਹੀ ਕਿਧਰੇ ਜ਼ਿਕਰ ਹੋਵੇ। ਇਸ ਕਰ ਕੇ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਵੰਬਰ ੮੪ ਦੇ ਜ਼ਖ਼ਮ ਕੁਰੇਦਣ ਦਾ ਜੋ ਸਿਲਸਿਲਾ ਹਰ ਸਾਲ ਵੱਧ ਤੋਂ ਵੱਧ ਤਿੰਨ-ਚਾਰ ਦਿਨ ਹੀ ਚੱਲਦਾ ਸੀ, ਇਸ ਵਾਰ ਇਕ ਮਹੀਨੇ ਤੋਂ ਵੀ ਵੱਧ ਸਮੇਂ ਤਕ ਚਲੇਗਾ। ਜਿਉਂ ਹੀ ਚੋਣ ਦਾ ਇਕ ਦਸੰਬਰ ਦਾ ਦਿਨ ਬੀਤੇਗਾ, ਪੀੜਤਾਂ ਦੇ ਜ਼ਖ਼ਮ ਕੁਰੇਦਣ ਵਾਲੇ ਹਮੇਸ਼ਾ ਵਾਂਗ 'ਏਅਰਕੰਡੀਸ਼ਡ' ਕਮਰਿਆਂ ਵਿਚ ਜਾ ਬੈਠਣਗੇ ਅਤੇ ਗੱਪ-ਸ਼ੱਪ ਵਿਚ ਸਭ ਕੁਝ ਭੁੱਲ ਜਾਣਗੇ। ਉਹ ਇਹ ਸੋਚਣ ਦੀ ਲੋੜ ਵੀ ਨਹੀਂ ਸਮਝਣਗੇ ਕਿ ਮਹੀਨਾ ਭਰ ਉਹ ਜਿਨ੍ਹਾਂ ਦੇ ਪੁਰਾਣੇ ਜ਼ਖ਼ਮ ਕੁਰੇਦਦੇ ਰਹੇ ਅਤੇ ਆਪਣੀਆਂ ਰਾਜਸੀ ਰੋਟੀਆਂ ਸੇਕਦੇ ਰਹੇ, ਉਨ੍ਹਾਂ ਦਾ ਕੀ ਹਾਲ ਹੈ। ਇਧਰ ਉਹ ਪੀੜਤ ਜੋ ਵਰ੍ਹਿਆਂ ਤੋਂ ਆਪਣੇ ਜ਼ਖ਼ਮ ਸੰਭਾਲੀ ਬੈਠੇ ਹਨ, ਇਸ ਵਾਰ ਲੰਮੇ ਸਮੇਂ ਤਕ ਉਨ੍ਹਾਂ ਜ਼ਖ਼ਮਾਂ ਦੇ ਕੁਰੇਦੇ ਜਾਣ ਦੀਆਂ ਚੀਸਾਂ ਸਹਿੰਦੇ ਹਉਕੇ ਭਰਦੇ ਰਹਿਣਗੇ। ਪਤਾ ਨਹੀਂ ਇਹ ਚੀਸਾਂ ਉਨ੍ਹਾਂ ਨੂੰ ਕਦੋਂ ਤਕ ਸਹਿਣੀਆਂ ਪੈਣਗੀਆਂ!

ਉਹ ਮਾਸੂਮ ਬੱਚੇ ਜਿਨ੍ਹਾਂ ਨੇ ਆਪਣੇ ਪਿਤਾ, ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਤੜਫ ਤੜਫ ਕੇ ਮਰਦਿਆਂ ਵੇਖਿਆ ਸੀ ਅੱਜ ਜਵਾਨ ਹੋ ਗਏ ਹਨ। ਉਨ੍ਹਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਮਿਲਿਆ, ਵਿਧਵਾ ਮਾਵਾਂ ਪੇਟ ਦੀ ਅੱਗ ਬੁਝਾਉਣ ਲਈ ਦਰ-ਦਰ ਭਟਕਦੀਆਂ ਰਹੀਆਂ ਹਨ ਜਿਸ ਦਾ ਨਤੀਜਾ ਇਹ ਹੋਇਆ, ਇਨ੍ਹਾਂ ਵਿਚੋਂ ਬਹੁਤੇ ਨੌਜਵਾਨ ਭਟਕ ਗਏ, ਸਮਾਜ ਵਿਰੋਧੀ ਤੱਤਾਂ ਦੇ ਅੱਡੇ ਚੜ੍ਹ ਕੇ ਗੁੰਮਰਾਹ ਹੋ ਗਏ ਅਤੇ ਗ਼ਲਤ ਰਸਤੇ ਪੈ ਗਏ। ਉਹ ਸਮਾਜ ਅਤੇ ਪਰਵਾਰ ਲਈ ਭਾਰ ਬਣ ਗਏ। ਅੱਜ ਵੀ ਕਿਸੇ ਨੂੰ ਚਿੰਤਾ ਨਹੀਂ ਕਿ ਇਨ੍ਹਾਂ ਨੂੰ ਸੰਭਾਲਿਆ ਜਾਏ ਤੇ ਸਮਾਜ ਦਾ ਇਕ ਸੁਚੱਜਾ ਅੰਗ ਬਣਾਉਣ ਦੀ

ਕੋਸ਼ਿਸ਼ ਕੀਤੀ ਜਾਏ। ਜਦੋਂ ਵੀ ਨਵੰਬਰ ਆਉਂਦਾ ਹੈ ਅਤੇ ਜਦੋਂ ਵੀ ਚੋਣਾਂ ਦਾ ਮਾਹੌਲ ਬਣਦਾ ਹੈ, ਉਨ੍ਹਾਂ ਦੇ ਸਾਹਮਣੇ ਉਹੀ ਦਰਦਨਾਕ ਦ੍ਰਿਸ਼ ਪੇਸ਼ ਕੀਤੇ ਜਾਂਦੇ ਹਨ, ਜੋ ਉਨ੍ਹਾਂ ਨੇ ਆਪਣੀ ਮਾਸੂਮੀਅਤ ਦੇ ਦੌਰਾਨ ਵੇਖੇ ਸਨ, ਉਨ੍ਹਾਂ ਦੀ ਯਾਦ ਇਨ੍ਹਾਂ ਦੀਆਂ ਅੱਖਾਂ ਵਿਚ ਅੰਗਾਰੇ ਭਰ ਦਿੰਦੀ ਹੈ।

ਨਵੰਬਰ ੮੪ ਦੇ ਸਿੱਖ ਕਤਲੇਆਮ ਦੇ ਕਾਰਨਾਂ ਦੀ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਨਾਮਜ਼ਦ ਕਰਨ ਲਈ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਨਾਨਾਵਤੀ ਕਮਿਸ਼ਨ ਦੀ ਮਿਆਦ ਵਿਚ ਸਰਕਾਰ ਨੇ ਇਕ ਵਾਰ ਫਿਰ ਛੇ ਮਹੀਨੇ ਦਾ ਹੋਰ ਵਾਧਾ ਕਰ ਦਿੱਤਾ ਹੈ, ਜਦ ਕਿ ਕੁਝ ਸਮਾਂ ਪਹਿਲਾਂ ਹੀ ਇਹ ਦੱਸਿਆ ਗਿਆ ਸੀ ਕਿ ਇਸ ਮਾਮਲੇ ਵਿਚ ਨਾਨਾਵਤੀ ਕਮਿਸ਼ਨ ਨੇ ਸੁਣਵਾਈ ਪੂਰੀ ਕਰ ਲਈ ਹੈ ਤੇ ਉਹ ਆਪਣੀ ਰਿਪੋਰਟ ਤਿਆਰ ਕਰਨ ਵਿਚ ਰੁੱਝਾ ਹੋਇਆ ਹੈ। ਕਾਫੀ ਸਮਾਂ ਪਹਿਲਾਂ ਦਿੱਲੀ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਮਦਨ ਲਾਲ ਖੁਰਾਣਾ, ਪ੍ਰਦੇਸ਼ ਭਾਜਪਾ ਦੇ ਸਿੱਖ ਸੈੱਲ ਦੇ ਮੁਖੀਆਂ ਨੂੰ ਨਾਲ ਲੈ ਕੇ ਉਪ ਪ੍ਰਧਾਨ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਮਿਲੇ ਸਨ ਤੇ ਉਨ੍ਹਾਂ ਕੋਲੋਂ ਮੰਗ ਕੀਤੀ ਸੀ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਛੇਤੀ ਤਿਆਰ ਕਰਵਾਈ ਜਾਵੇ ਅਤੇ ਪ੍ਰਕਾਸ਼ਿਤ ਕਰਵਾਈ ਜਾਵੇ। ਇਸ ਮੁਲਾਕਾਤ ਤੋਂ ਬਾਅਦ ਸ੍ਰੀ ਖੁਰਾਣਾ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਸ੍ਰੀ ਅਡਵਾਨੀ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਹੈ ਕਿ ਉਹ ਛੇਤੀ ਹੀ ਰਿਪੋਰਟ ਸਰਕਾਰ ਨੂੰ ਦੇਣ ਅਤੇ ਪ੍ਰਕਾਸ਼ਿਤ ਕਰਵਾਉਣ ਲਈ ਜਸਟਿਸ ਨਾਨਾਵਤੀ ਕਮਿਸ਼ਨ ਨੂੰ ਕਹਿਣਗੇ।

ਪਰ ਇਸ ਗੱਲ ਨੂੰ ਕਈ ਮਹੀਨੇ ਬੀਤ ਗਏ ਹਨ, ਹੁਣ ਆਸ ਪ੍ਰਗਟ ਕੀਤੀ ਜਾ ਰਹੀ ਸੀ ਕਿ ਅੱਜਕਲ੍ਹ ਵਿਚ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਆ ਰਹੀ ਹੈ, ਜਿਸ ਨਾਲ ਨਵੰਬਰ ੮੪ ਦੇ ਕਾਂਡ ਦੀ ਤਸਵੀਰ ਸਪਸ਼ਟ ਹੋ ਜਾਏਗੀ ਕਿ ਇਸ ਕਾਂਡ ਦੇ ਕਾਰਨ ਕੀ ਸਨ? ਅਤੇ ਇਸ ਦੇ ਲਈ ਮੁੱਖ ਦੋਸ਼ੀ ਕੌਣ ਸਨ? ਪਰ ਇਸ ਆਸ ਦੇ ਪੂਰਿਆਂ ਹੋਣ ਦੀ ਥਾਂ ਕਮਿਸ਼ਨ ਦੀ ਮਿਆਦ ਵਿਚ ੬ ਮਹੀਨੇ ਹੋਰ ਵਾਧਾ ਕਰ ਦਿੱਤਾ ਗਿਆ ਹੈ, ਜਿਸ ਦਾ ਮਤਲਬ ਇਹ ਹੈ ਕਿ ਨਵੰਬਰ ੮੪ ਦੇ ਕਾਂਡ ਸੰਬੰਧੀ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਛੇ ਮਹੀਨੇ ਲਈ ਹੋਰ ਲਟਕ ਗਈ ਹੈ।

ਜਸਟਿਸ ਨਾਨਾਵਤੀ ਕਮਿਸ਼ਨ ਨੂੰ ਨਵੰਬਰ ੮੪ ਦੇ ਕਾਂਡ ਨਾਲ ਸੰਬੰਧਿਤ ਆਪਣੀ ਰਿਪੋਰਟ ਦੇਣ ਲਈ ੬ ਮਹੀਨੇ ਹੋਰ ਦੇ ਦਿੱਤੇ ਜਾਣ ਕਾਰਨ, ਕੁਝ ਸ਼ੰਕੇ ਪੈਦਾ ਹੋਣੇ ਕੁਦਰਤੀ ਹਨ। ਇਕ ਖਦਸ਼ਾ ਤਾਂ ਇਹ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਸਰਕਾਰ ਅਜਿਹੇ ਸਮੇਂ 'ਤੇ ਹਾਸਲ ਕਰਨਾ ਚਾਹੁੰਦੀ ਹੈ ਜਦੋਂ ਉਹ ਇਸ ਦੀ ਵਰਤੋਂ ਕਾਂਗਰਸ ਦੇ ਵਿਰੁੱਧ ਲੋਕ ਸਭਾ ਚੋਣਾਂ ਵਿਚ ਕਰ ਸਕੇ ਅਤੇ ਸਿੱਖ ਵੋਟਰਾਂ ਦੀਆਂ ਭਾਵਨਾਵਾਂ ਉਭਾਰ ਕੇ ਉਨ੍ਹਾਂ ਦਾ ਲਾਭ ਆਪਣੇ ਹੱਕ ਵਿਚ ਉਠਾ ਸਕੇ।

ਦੂਜਾ ਸ਼ੰਕਾ, ਜੋ ਪ੍ਰਗਟ ਕੀਤਾ ਜਾ ਰਿਹਾ ਹੈ, ਜੇ ਉਸ ਵਿਚ ਕੋਈ ਸੱਚਾਈ ਹੈ ਤਾਂ ਇਹ ਬਹੁਤ ਗੰਭੀਰ ਮਾਮਲਾ ਹੈ। ਇਸ ਸ਼ੰਕੇ ਅਧੀਨ ਇਹ ਕਿਹਾ ਜਾ ਰਿਹਾ ਹੈ ਕਿ ਜਸਟਿਸ ਨਾਨਾਵਤੀ ਕਮਿਸ਼ਨ, ਜੋ ਨਵੰਬਰ ੮੪ ਦੇ ਕਾਂਡ ਦੀ ਜਾਂਚ ਕਰ ਰਿਹਾ ਹੈ, ਉਹੀ ਕਮਿਸ਼ਨ ਗੁਜਰਾਤ ਵਿਖੇ ਗੋਧਰਾ ਕਾਂਡ ਤੋਂ ਬਾਅਦ ਵਾਪਰੀ ਹਿੰਸਾ ਦੀ ਜਾਂਚ ਵੀ ਕਰ ਰਿਹਾ ਹੈ। ਉਸ ਕਾਂਡ ਦੀ ਜਾਂਚ ਦੌਰਾਨ ਜਸਟਿਸ ਨਾਨਾਵਤੀ ਵੱਲੋਂ ਜੋ ਵਤੀਰਾ ਧਾਰਨ ਕੀਤਾ ਗਿਆ, ਉਸ ਦੀ

ਕਈ ਵਾਰ ਆਲੋਚਨਾ ਹੋਈ ਅਤੇ ਜਾਂਚ ਦਾ ਬਾਈਕਾਟ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਇਸੇ ਦੌਰਾਨ ਭਾਜਪਾ ਦੇ ਕਈ ਨੇਤਾਵਾਂ ਨੇ ਗੁਜਰਾਤ ਦੇ ਹਿੰਸਕ ਕਾਂਡ ਨੂੰ ਜਾਇਜ਼ ਕਰਾਰ ਦੇਣ ਲਈ ਨਵੰਬਰ ੮੪ ਦੇ ਕਤਲੇਆਮ ਦੀ ਉਦਾਹਰਣ ਦੇ ਕੇ ਦੋਵਾਂ ਦੀ ਆਪੋ ਵਿਚ ਤੁਲਨਾ ਵੀ ਕੀਤੀ ਜਿਸ ਤੋਂ ਇਹ ਸੰਕੇਤ ਲਿਆ ਗਿਆ ਕਿ ਭਾਜਪਾ ਨੇਤਾ ਕਾਂਗਰਸ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਸ ਨੇ ਨਵੰਬਰ ੮੪ ਦਾ ਕਾਂਡ ਵਰਤਾ ਕੇ ਰਾਜਸੀ ਲਾਭ ਉਠਾਇਆ ਅਤੇ ਭਾਜਪਾ ਨੇ ਗੁਜਰਾਤ ਦਾ ਕਾਂਡ ਵਰਤਾ ਕੇ ਲਾਭ ਉਠਾਇਆ। ਹਿਸਾਬ ਬਰਾਬਰ ਹੋਇਆ, ਇਸ ਕਰ ਕੇ ਉਹ (ਕਾਂਗਰਸ) ਗੁਜਰਾਤ ਦੇ ਹਿੰਸਕ ਕਾਂਡ ਨੂੰ ਭੁਲਾ ਦੇਵੇ ਤਾਂ ਉਹ ਨਵੰਬਰ ੮੪ ਦੇ ਸਿੱਖ ਕਤਲੇਆਮ ਨੂੰ ਭੁਲਾਉਣ ਲਈ ਤਿਆਰ ਹਨ। ਭਾਵ ਇਸ ਮਾਮਲੇ 'ਤੇ ਲੈਣ-ਦੇਣ ਕਰ ਲਿਆ ਜਾਵੇ। ਜੇ ਇਸ ਨੀਤੀ ਨੂੰ ਮੁੱਖ ਰੱਖਦਿਆਂ ਜਸਟਿਸ ਨਾਨਾਵਤੀ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਤਾਂ ਇਹ ਵਿਸ਼ਵਾਸ ਕਰਨਾ ਮੁਸ਼ਕਿਲ ਹੈ ਕਿ ਜਸਟਿਸ ਨਾਨਾਵਤੀ ਵੀ ਨਵੰਬਰ ੮੪ ਦੇ ਕਾਂਡ ਦੀ ਸੱਚਾਈ ਪੇਸ਼ ਕਰ ਸਕਣਗੇ। ਜੇ ਉਹ ਇਸ ਦੀ ਸੱਚਾਈ ਪੇਸ਼ ਕਰਦੇ ਹਨ ਤਾਂ ਉਹ ਗੁਜਰਾਤ ਦੇ ਹਿੰਸਕ ਕਾਂਡ ਦੀ ਸੱਚਾਈ 'ਤੇ ਵੀ ਪਰਦਾ ਨਹੀਂ ਪਾ ਸਕਣਗੇ। ਇਸ ਲਈ ਜੇ ਇਹ ਸ਼ੰਕਾ ਸੱਚ ਹੈ ਤਾਂ ਇਹ ਬਹੁਤ ਹੀ ਗੰਭੀਰ ਮਾਮਲਾ ਹੈ। ਇਸ ਸ਼ੰਕੇ ਵਿਚ ਸੱਚਾਈ ਹੈ ਜਾਂ ਸਿਰਫ ਸ਼ੰਕਾ ਹੈ? ਇਸ ਦਾ ਫੈਸਲਾ ਜਸਟਿਸ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਪ੍ਰਕਾਸ਼ਿਤ ਹੋਣ 'ਤੇ ਹੀ ਹੋ ਸਕੇਗਾ।

■

ਜਨਰਲ ਹਰਬਖ਼ਸ਼ ਸਿੰਘ : ਇੱਕ ਮੁਲਾਕਾਤ

-ਰਜਿੰਦਰ ਕੌਰ

'ਦੁਨੀਆਂ ਵਿਚ ਇਕ ਸਿੱਖ ਸਿਪਾਹੀ ਹੀ ਐਸਾ ਸਿਪਾਹੀ ਹੈ ਜੋ ਅਫ਼ਸਰ ਦੇ ਸਾਹਮਣੇ ਹੋ ਕੇ ਗੋਲੀ ਖਾਂਦਾ ਹੈ। ਆਪਣੀ ਜਾਨ ਦੇ ਕੇ ਦੂਜੇ ਦੀ ਜਾਨ ਬਚਾਉਂਦਾ ਹੈ।'

ਲੈਫਟੀਨੈਂਟ ਜਰਨਲ ਹਰਬਖ਼ਸ਼ ਸਿੰਘ ਦਾ ਅਖ਼ਬਾਰਾਂ ਵਿਚ ਛਪਿਆ ਸਟੇਟਮੈਂਟ, ਜੋ ਉਨ੍ਹਾਂ ਨੇ ਜਬਲਪੁਰ ਸਿੱਖ ਰੈਜੀਮੈਂਟ ਦੇ ਜੁਆਨ ਜੋ ਸ੍ਰੀ ਹਰਿਮੰਦਰ ਸਾਹਿਬ ਉੱਤੇ ਹੋਈ ਫ਼ੌਜੀ ਕਾਰਵਾਈ ਸਮੇਂ ਆਪਣੀਆਂ ਛਾਉਣੀਆਂ ਛੱਡ ਕੇ ਅੰਮ੍ਰਿਤਸਰ ਵੱਲ ਨੂੰ ਚੱਲ ਪਏ ਸਨ, ਉਨ੍ਹਾਂ ਉੱਤੇ ਹੋ ਰਹੇ ਕੋਰਟ ਮਾਰਸ਼ਲ ਵਿਚ ਦਿੱਤਾ ਸੀ, ਉਹ ਪੜ੍ਹ ਕੇ ਮੇਰਾ ਦਿਲ ਕੀਤਾ ਕਿ ਜਰਨਲ ਸਾਹਿਬ ਨੂੰ ਮਿਲ ਕੇ ਉਨ੍ਹਾਂ ਦੀ ਸਿੱਖ ਰੈਜੀਮੈਂਟ ਪ੍ਰਤੀ ਪੂਰੀ ਜਾਣਕਾਰੀ ਲਵਾਂ। ਜਰਨਲ ਸਾਹਿਬ ਨੂੰ ਲੱਭਣ ਲੱਗਿਆਂ ਬੜਾ ਔਖਾ ਹੋਇਆ। ਦਿੱਲੀ ਦੇ ਪੰਥਕ ਹਲਕਿਆਂ ਵਿਚ ਜਰਨਲ ਹਰਬਖ਼ਸ਼ ਸਿੰਘ ਦਾ ਕਿਸੇ ਨੂੰ ਐਡਰੈੱਸ ਹੀ ਨਹੀਂ ਪਤਾ। ਪਹਿਲਾਂ ਕਿਸੇ ਨੇ ਕਿਹਾ ਕਿ ਉਹ ਹਿਮਾਚਲ ਪ੍ਰਦੇਸ਼ ਚਲੇ ਗਏ ਹਨ, ਉੱਥੇ ਉਨ੍ਹਾਂ ਦਾ ਖੁੰਭਾਂ ਦਾ ਫਾਰਮ ਹੈ, ਉੱਥੇ ਨਾ ਲੱਭੇ ਤਾਂ ਫਿਰ ਕਸੌਲੀ ਗਏ। ਕਸੌਲੀ ਘਰ ਤਾਂ ਉਨ੍ਹਾਂ ਦਾ ਲੱਭ ਗਿਆ ਪਰ ਆਪ ਉਹ ਦਿੱਲੀ ਆਏ ਹੋਏ ਸਨ। ਅੰਤ ਸਰਦਾਰ ਖੁਸ਼ਵੰਤ ਸਿੰਘ ਹੋਰਾਂ ਕੋਲੋਂ ਉਨ੍ਹਾਂ ਦਾ ਪਤਾ ਮਿਲਿਆ ਤੇ ਘਰ ਵੀ ਤਿੰਨ ਘੰਟੇ ਦੀ ਮਿਹਨਤ ਬਾਅਦ ਮਿਲਿਆ। ਖ਼ੈਰ!

ਜਰਨਲ ਹਰਬਖ਼ਸ਼ ਸਿੰਘ ਜੀ ਸ਼ੁਰੂ ਤੋਂ ਅਖ਼ੀਰ ਤਕ ਇਕ ਫ਼ੌਜੀ ਜਰਨੈਲ ਹਨ। ਉਨ੍ਹਾਂ ਦਾ ਸਾਦਾ ਦਰਮਿਆਨੇ ਦਰਜੇ ਦੀ ਸ਼੍ਰੇਣੀ ਵਾਂਗੂੰ ਜੀਵਨ ਹੈ। ਆਪ ਰਿਟਾਇਰ ਹੋ ਕੇ ਉਨ੍ਹਾਂ ਨੇ ਕਿਸੇ ਪੈਸੇ ਕਮਾਉਣ ਦੇ ਧੰਦੇ ਵਿਚ ਪੈ ਕੇ ਆਪਣੀ ਜਰਨੈਲੀ ਦੀ ਸ਼ਾਨ ਰੋਲੀ ਨਹੀਂ ਤੇ ਆਪਣੇ ਸੀਮਿਤ ਸਾਧਨਾਂ ਵਿਚ ਹੀ ਆਪਣਾ ਗੁਜ਼ਾਰਾ ਚਲਾਉਣਾ ਯੋਗ ਸਮਝਿਆ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਸੰਪਤੀ ਉਨ੍ਹਾਂ ਦੀਆਂ ਫ਼ੌਜੀ ਜੀਵਨ ਦੀਆਂ ਯਾਦਾਂ ਤੇ ਉਸ ਵਕਤ ਦੀਆਂ ਫੋਟੋ ਤੇ ਮੋਮੈਂਟੋ ਆਦਿ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਬੈਠਣ ਦਾ ਕਮਰਾ ਭਰਿਆ ਹੋਇਆ ਹੈ। ਇਸ ਤੋਂ ਬਿਨਾਂ ਬੈਠਕ ਵਿਚ ਕਿਤਾਬਾਂ ਦੀ ਹਾਜ਼ਰੀ ਉਨ੍ਹਾਂ ਦਾ ਪੜ੍ਹਨ ਦਾ ਸ਼ੌਕ ਦਰਸਾਉਂਦੀ ਹੈ। ਉਨ੍ਹਾਂ ਦੇ ਦਿਲ ਵਿਚ ਆਪਣੇ ਸਿਪਾਹੀਆਂ ਵਾਸਤੇ ਪਿਆਰ ਫੁੱਟ-ਫੁੱਟ ਨਿਕਲਦਾ ਹੈ, ਇਸ ਕਰਕੇ ਉਹ ਰਿਟਾਇਰ ਹੋਣ ਤੋਂ ਬਾਅਦ ਵੀ ਜਬਲਪੁਰ ਵਿਚ ਅਖੌਤੀ ਭਗੌੜੇ ਸਿੱਖ ਫ਼ੌਜੀਆਂ ਦੇ ਸੰਬੰਧ ਵਿਚ ਗਵਾਹੀ ਦੇਣ ਗਏ ਸਨ। ਕੋਰਟ ਮਾਰਸ਼ਲ ਵਾਲਿਆਂ ਨੇ ਪਹਿਲਾਂ ਉਨ੍ਹਾਂ ਦੀ ਗਵਾਹੀ ਵਿਚ ਰੁਕਾਵਟ ਪਾਈ ਸੀ ਕਿ ਉਹ ਮੌਕੇ ਦੇ ਗਵਾਹ ਨਹੀਂ ਹਨ ਇਸ ਕਰਕੇ ਉਹ ਗਵਾਹੀ ਕਿਸ ਤਰ੍ਹਾਂ ਦੇ ਸਕਦੇ ਹਨ ਪਰ ਕੋਰਟ ਮਾਰਸ਼ਲ ਦੇ ਕਾਨੂੰਨ ਵਿਚ ਹੈ ਕਿ ਜੇ ਕੋਈ ਵਿਅਕਤੀ ਕਿਸੇ ਚੀਜ਼ ਦਾ ਮਾਹਿਰ ਹੋਵੇ ਤਾਂ ਉਸ ਮਾਹਿਰ ਦੀ ਰਾਏ ਕੋਰਟ ਮਾਰਸ਼ਲ ਲੈ ਸਕਦਾ ਹੈ। ਜਰਨਲ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਬਿਹਤਰੀਨ ਸਾਲ ਸਿੱਖ ਰੈਜੀਮੈਂਟ ਨਾਲ ਗੁਜ਼ਾਰੇ ਸਨ, ਇਸ ਕਰਕੇ ਉਨ੍ਹਾਂ ਨੂੰ ਗਵਾਹੀ ਦੇਣ ਦਾ ਮੌਕਾ ਮਿਲਿਆ ਜਿਸ ਨਾਲ ਸਹੀ ਤੱਥ ਜਨਤਾ ਦੇ ਸਾਹਮਣੇ ਆਏ। ਇਸ ਕੋਰਟ ਮਾਰਸ਼ਲ ਵਿਚ ਜਰਨਲ ਸਾਹਿਬ ਚਾਰ ਘੰਟੇ ਬਤੌਰ ਗਵਾਹ ਦੇ ਬੋਲੇ। ਇਹ ਗਵਾਹੀ ਜ਼ਬਾਨੀ ਦੇਣੀ ਸੀ ਤੇ ਉਸ ਦੀ ਜੋ ਸੰਖੇਪ ਰਿਪੋਰਟ ਸਾਨੂੰ ਮਿਲੀ ਉਹ ਸੰਤ-ਸਿਪਾਹੀ ਦੇ ਮੈਗਜ਼ੀਨ ਵਿਚ ਛਾਪੀ ਗਈ। ਜਰਨਲ ਸਾਹਿਬ ਦੇ ਜ਼ਾਤੀ ਤਜਰਬੇ ਦੇ ਆਧਾਰ ਉੱਤੇ ਜੋ

ਕੁਝ ਉਨ੍ਹਾਂ ਨੇ ਐਡੀਟਰ, ਸੰਤ ਸਿਪਾਹੀ ਨੂੰ ਕਿਹਾ, ਉਹ ਥੱਲੇ ਦਿੱਤਾ ਜਾ ਰਿਹਾ ਹੈ।

ਸੁਆਲ: ਆਪ ਫ਼ੌਜੀ ਭਗੌੜਿਆਂ ਦੇ ਸਿਲਸਿਲੇ ਵਿਚ ਜਬਲਪੁਰ ਗਵਾਹੀ ਕਿਸ ਤਰ੍ਹਾਂ ਦੇਣ ਗਏ ਸੀ ਤੇ ਆਪ ਦਾ ਮੂਲ ਮੁੱਦਾ ਕੀ ਸੀ?

ਜੁਆਬ: ਮੈਂ ਜ਼ਿੰਦਗੀ ਦੇ ਬਿਹਤਰੀਨ ਸਾਲ ਸਿੱਖ ਰੈਜੀਮੈਂਟ ਦੇ ਜੁਆਨਾਂ ਨਾਲ ਗੁਜ਼ਾਰੇ ਹਨ। ਮੈਂ ਬਤੌਰ ਇਕ ਸੈਕਿੰਡ ਲੈਫ਼ਟੀਨੈਂਟ ਦੇ ਸਿੱਖ ਰੈਜ਼ੀਮੈਂਟ ਵਿਚ ਗਿਆ ਸੀ, ਪੂਰੇ ਵੀਹ ਸਾਲ ਸਿੱਖ ਰੈਜੀਮੈਂਟ ਦਾ ਕਰਨਲ ਰਿਹਾ ਹਾਂ। ਇਤਨਾ ਸਮਾਂ ਕੋਈ ਵੀ ਵਿਅਕਤੀ ਸਿੱਖ ਰੈਜੀਮੈਂਟ ਦਾ ਕਰਨਲ ਨਹੀਂ ਰਿਹਾ। ਮੈਂ ਜਿਤਨਾ ਸਿੱਖ ਫ਼ੌਜੀਆਂ ਦੀ ਮਾਨਸਿਕ ਅਵਸਥਾ ਨੂੰ ਸਮਝਦਾ ਹਾਂ, ਉਤਨਾ ਕੋਈ ਹੋਰ ਨਹੀਂ ਸਮਝ ਸਕਦਾ। ਜਦੋਂ ਮੇਰੀ ਗਵਾਹੀ ਦੀ ਗੱਲ ਕੋਰਟ ਮਾਰਸ਼ਲ ਵਿਚ ਚੱਲੀ ਤਾਂ ਕਿਹਾ ਗਿਆ ਕਿ ਉਹ ਗਵਾਹੀ ਦੇਣ ਨਹੀਂ ਆ ਸਕਦਾ ਕਿਉਂਕਿ ਉਹ ਤੇ ਉੱਥੇ ਹਾਜ਼ਰ ਨਹੀਂ ਸੀ ਪਰ ਕੋਰਟ ਮਾਰਸ਼ਲ ਦੇ ਕਾਨੂੰਨ ਵਿਚ ਕਲਾਜ਼ ਹੈ ਕਿ ਮਾਹਿਰ ਦੀ ਰਾਏ ਕੋਰਟ ਮਾਰਸ਼ਲ ਵਿਚ ਲਈ ਜਾ ਸਕਦੀ ਹੈ। ਮੈਂ ਬਤੌਰ ਇਕ ਮਾਹਿਰ ਦੇ ਕੋਰਟ ਮਾਰਸ਼ਲ ਅੱਗੇ ਪੇਸ਼ ਹੋਇਆ ਸਾਂ।

ਸੁਆਲ: ਫਿਰ ਤੁਹਾਡੀ ਮਾਹਿਰ ਰਾਏ ਕੀ ਹੈ?

ਜੁਆਬ: ਕਿਸੇ ਹਾਲਤ ਵਿਚ ਵੀ ਫ਼ੌਜ ਦਰਬਾਰ ਸਾਹਿਬ ਅੰਦਰ ਨਹੀਂ ਭੇਜਣੀ ਚਾਹੀਦੀ ਸੀ। ਜੇ ਇਨ੍ਹਾਂ ਨੇ ਫੋਰਸ ਅੰਦਰ ਭੇਜਣੀ ਹੀ ਸੀ ਤਾਂ ਪੁਲਿਸ ਭੇਜ ਦਿੰਦੇ। ਸਿਰਫ਼ ਗੁਰਦੁਆਰੇ ਹੀ ਨਹੀਂ, ਕਿਸੇ ਮਸੀਤ ਜਾਂ ਮੰਦਰ ਅੰਦਰ ਵੀ ਫ਼ੌਜ ਨਹੀਂ ਭੇਜਣੀ ਚਾਹੀਦੀ। ਇਹ ਠੀਕ ਹੈ ਕਿ ਭਾਰਤੀ ਫ਼ੌਜ ਬਿਲਕੁਲ ਸੈਕੂਲਰ ਹੈ ਪਰ ਫ਼ੌਜੀ ਜੁਆਨਾਂ ਨੂੰ ਅਸੀਂ ਆਪਣੇ ਧਰਮਾਂ ਵਿਚ ਦ੍ਰਿੜ੍ਹ ਕਰਦੇ ਹਾਂ। ਧਰਮ ਵਿਚ ਦ੍ਰਿੜ੍ਹ ਕਰਕੇ ਹੀ ਅਸੀਂ ਲੜਾਈ ਵਿਚ ਉਨ੍ਹਾਂ ਦੀ ਜਾਨ ਲੈਂਦੇ ਹਾਂ। ਜਿਨ੍ਹਾਂ ਜੁਆਨਾਂ ਨੂੰ ਅਸੀਂ ਧਰਮ ਵਿਚ ਦ੍ਰਿੜ੍ਹ ਕਰਦੇ ਹਾਂ ਜੇ ਉਨ੍ਹਾਂ ਦੇ ਧਰਮ ਅਸਥਾਨਾਂ ਉੱਤੇ ਹਮਲਾ ਹੋਵੇਗਾ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਣਗੇ? ਕਿਹੜਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰਨਾ ਬਰਦਾਸ਼ਤ ਕਰ ਸਕਦਾ ਸੀ। ਫਿਰ ਉਨ੍ਹਾਂ ਨੂੰ ਖ਼ਬਰਾਂ ਮਿਲੀਆਂ ਕਿ ਫ਼ੌਜ ਪੰਜਾਬ ਦੇ ਪਿੰਡ-ਪਿੰਡ ਵਿਚ ਵੜ ਗਈ ਹੈ। ਇਹ ਉਹ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਜਿਨ੍ਹਾਂ ਸਿੱਖਾਂ ਨੂੰ ਅਸੀਂ ਧਰਮ ਵਿਚ ਪਰਪੱਕ ਕਰਦੇ ਹਾਂ, ਧਰਮ ਵਿਚ ਪਰਪੱਕ ਕਰਕੇ ਸਿੱਖ ਧਰਮ ਦੇ ਨਾਮ ਥੱਲੇ, ਉਨ੍ਹਾਂ ਦੀ ਜਾਨ ਲੈਂਦੇ ਹਾਂ। ਸਿੱਖ ਰੈਜੀਮੈਂਟ ਦਾ ਸਿੰਬਲ ਹੀ ਚੱਕਰ ਤੇ ਖੰਡਾ ਹੈ ਜੋ ਸਿੱਖ ਧਰਮ ਦਾ ਸਿੰਬਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਉਹ ਸਹੁੰ ਚੁੱਕਦੇ ਹਨ। ਸਾਡੇ ਸਿੱਖ ਰੈਜੀਮੈਂਟ ਦੇ ਚਾਰ ਜੰਗੀ ਮੈਮੋਰੀਅਲ ਉੱਤੇ ਵੀ ਇਹੋ ਖੰਡਾ ਚੱਕਰ ਲੱਗਾ ਹੁੰਦਾ ਹੈ। ਅਸੀਂ ਨੌਜੁਆਨਾਂ ਨੂੰ ਅਪੀਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਖ਼ਾਲਸਾ ਪੰਥ ਦੀ ਕਰਦੇ ਹਾਂ।

ਸੁਆਲ: ਤੁਹਾਡੀ ਰਾਏ ਅਨੁਸਾਰ ਸਰਕਾਰ ਨੂੰ ਸ੍ਰੀ ਦਰਬਾਰ ਸਾਹਿਬ ਫ਼ੌਜ ਭੇਜਣ ਤੋਂ ਰੋਕਣ ਦੀ ਸਲਾਹ ਦੇਣੀ ਕਿਸ ਦੀ ਜ਼ਿੰਮੇਵਾਰੀ ਸੀ?

ਜੁਆਬ: ਇਹ ਜ਼ਿੰਮੇਵਾਰੀ ਚੀਫ਼-ਆਫ-ਆਰਮੀ ਸਟਾਫ਼ ਦੀ ਸੀ। ਇਨ੍ਹਾਂ ਰਾਜਸੀ ਲੋਕਾਂ ਨੂੰ ਕੀ ਪਤਾ ਹੈ ਕਿ ਫ਼ੌਜ ਕੀ ਹੁੰਦੀ ਹੈ। ਚੀਫ਼-ਆਫ਼-ਸਟਾਫ ਨੂੰ ਸਪਸ਼ਟ ਸ਼ਬਦਾਂ

ਵਿਚ ਸਰਕਾਰ ਨੂੰ ਸਮਝਾਉਣਾ ਚਾਹੀਦਾ ਸੀ ਕਿ ਸ੍ਰੀ ਦਰਬਾਰ ਸਾਹਿਬ ਫ਼ੌਜ ਭੇਜਣ ਨਾਲ ਮੇਰੀ ਫ਼ੌਜ ਵਿਚ ਬਗਾਵਤ ਉੱਠੇਗੀ। ਮੇਰੀ ਫ਼ੌਜ ਖਰਾਬ ਹੋਵੇਗੀ। ਫ਼ੌਜੀਆਂ ਦੀ ਆਪਸ ਵਿਚ ਕਸ਼ੀਦਗੀ ਵਧੇਗੀ। ਜੋ ਫ਼ੌਜਾਂ ਸ੍ਰੀ ਦਰਬਾਰ ਸਾਹਿਬ ਅੰਦਰ ਗਈਆਂ ਹਨ, ਉਨ੍ਹਾਂ ਦੀਆਂ ਸਿੱਖ ਫ਼ੌਜਾਂ ਵਿਰੋਧੀ ਹੋ ਜਾਣਗੀਆਂ। ਜੇ ਕੋਈ ਜੁਰਅਤ ਵਾਲਾ ਚੀਫ਼ ਹੁੰਦਾ ਤਾਂ ਉਸ ਨੇ ਸਰਕਾਰ ਨੂੰ ਠੀਕ ਇਸ ਦੇ ਵਿਰੁੱਧ ਕਹਿਣਾ ਸੀ। ਜਦੋਂ ਇਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਫ਼ੌਜ ਨੂੰ ਭੇਜਣ ਦਾ ਫੈਸਲਾ ਕਰ ਹੀ ਲਿਆ ਸੀ ਤਾਂ ਉਨ੍ਹਾਂ ਨੇ ਕਿਸੇ ਸਿੱਖ ਰੈਜੀਮੈਂਟ ਦੀ ਯੂਨਿਟ ਕਮਾਂਡਰ, ਬਟਾਲੀਅਨ ਕਮਾਂਡਰ ਤੇ ਰੈਜੀਮੈਂਟ ਕਮਾਂਡਰ ਨੂੰ ਦੱਸਿਆ ਹੀ ਨਹੀਂ। ਉਨ੍ਹਾਂ ਨੂੰ ਭਰੋਸੇ ਵਿਚ ਲਿਆ ਜਾਂਦਾ ਤਾਂ ਯੂਨਿਟ ਕਮਾਂਡਰ ਆਪਣੇ ਥੱਲੇ ਜੁਆਨਾਂ ਦੀ ਕਿਸੇ ਤਰ੍ਹਾਂ ਤਸੱਲੀ ਕਰਵਾਉਣ ਦੀ ਕੋਸ਼ਿਸ਼ ਕਰਦੇ।

ਸੁਆਲ: ਕੀ ਤੁਹਾਡੇ ਵਿਚਾਰ ਅਨੁਸਾਰ ਯੂਨਿਟ ਕਮਾਂਡਰ ਆਪਣੇ ਜੁਆਨਾਂ ਦੀ ਤਸੱਲੀ ਕਰਵਾ ਕੇ ਉਨ੍ਹਾਂ ਨੂੰ ਛਾਉਣੀਆਂ ਛੱਡ ਕੇ ਦੌੜਨ ਤੋਂ ਰੋਕ ਸਕਦੇ ਸਨ?

ਜੁਆਬ: ਫ਼ੌਜ ਵਿਚ ਰਿਵਾਜ ਹੈ ਕਿ ਕਮਾਂਡਰ ਨੇ ਦਰਬਾਰ ਲਗਾ ਕੇ ਜੁਆਨਾਂ ਦੀਆਂ ਸ਼ਿਕਾਇਤਾਂ ਸੁਣਨੀਆਂ ਤੇ ਉਨ੍ਹਾਂ ਦੀ ਤਸੱਲੀ ਕਰਨੀ ਹੁੰਦੀ ਹੈ। ਫ਼ੌਜੀ ਰਵਾਇਤਾਂ ਹੀ ਹੋਰ ਹਨ। ਫ਼ੌਜੀ ਅਫ਼ਸਰ ਤੇ ਜੁਆਨਾਂ ਦਾ ਰਿਸ਼ਤਾ ਅਫ਼ਸਰ ਤੇ ਮਾਤਹਿਤ ਵਾਲਾ ਨਹੀਂ ਹੁੰਦਾ, ਮਾਈ-ਬਾਪ ਤੇ ਬੱਚੇ ਵਾਲਾ ਹੁੰਦਾ ਹੈ। ਜਵਾਨ ਆਪਣੇ ਮਾਂ-ਬਾਪ ਵਾਂਗੂੰ ਆਪਣੇ ਅਫ਼ਸਰ ਵੱਲ ਹਰ ਵੇਲੇ ਗਾਈਡੈਂਸ ਲਈ ਦੇਖਦਾ ਹੈ। ਜਵਾਨ ਤਾ ਆਪਣੇ ਅਫ਼ਸਰ ਕੋਲੋਂ ਆਪਣੇ ਜ਼ਾਤੀ ਮਸਲਿਆਂ ਬਾਰੇ ਵੀ ਹਰ ਕਦਮ ਉੱਤੇ ਸਲਾਹ ਲੈਂਦੇ ਹਨ। ਬੱਚਾ ਕਿੱਥੇ ਪੜ੍ਹਾਉਣਾ ਹੈ, ਵਿਆਹ ਕਿੱਥੇ ਕਰਨਾ ਹੈ ਆਦਿ। ਜਿੱਥੇ ਅਫ਼ਸਰ ਸਿਆਣੇ ਸਨ, ਉੱਥੇ ਉਨ੍ਹਾਂ ਹਾਲਾਤ ਉੱਤੇ ਕਾਬੂ ਪਾ ਲਿਆ। ਸਿੱਖ ਭੜਕੇ ਤਾਂ ਹਰ ਥਾਂ ਸਨ। ਅਫ਼ਸਰਾਂ ਨੇ ਸਰਕਾਰ ਨੂੰ ਚੰਗਾ-ਮੰਦਾ ਆਖਿਆ ਤੇ ਜੁਆਨਾਂ ਨੂੰ ਤਸੱਲੀ ਦਿੱਤੀ ਕਿ ਉਹ ਆਪਣੇ ਜੁਆਨਾਂ ਨਾਲ ਹਨ, ਉਨ੍ਹਾਂ ਨੂੰ ਵੀ ਬੜਾ ਦੁੱਖ ਹੋਇਆ ਹੈ। ਉਹ ਆਪ ਸਰਕਾਰ ਨਾਲ ਨਿਪਟਣਗੇ ਪਰ ਇਸ ਤਰ੍ਹਾਂ ਦੌੜਨ ਨਾਲ ਕੁਝ ਨਹੀਂ ਬਣਨਾ ਆਦਿ। ਜਿਸ ਤਰ੍ਹਾਂ ਵੀ ਹੋਇਆ, ਉਨ੍ਹਾਂ ਨੇ ਜੁਆਨਾਂ ਦੀ ਤਸੱਲੀ ਕਰਵਾ ਲਈ ਤੇ ਹਾਲਾਤ ਵਿਗੜਨ ਨਹੀਂ ਦਿੱਤੇ। ਪਰ ਬਹੁਤੀਆਂ ਥਾਵਾਂ ਉੱਤੇ ਤਾਂ ਅਫ਼ਸਰ ਹੀ ਦੌੜ ਗਏ। ਜੇ ਮਾਈ-ਬਾਪ ਹੀ ਦੌੜ ਜਾਣ ਤੇ ਜੇ ਬੱਚੇ ਕੋਈ ਗ਼ਲਤੀ ਕਰਨ ਤਾਂ ਉਨ੍ਹਾਂ ਦਾ ਕੀ ਕਸੂਰ ਹੈ। ਰਾਮਗੜ੍ਹ ਵਿਚ ੨੩ ਅਫ਼ਸਰਾਂ ਵਿੱਚੋਂ ੨੦ ਅਫ਼ਸਰ ਦੌੜ ਗਏ ਤੇ ੧੦ ਜੂਨ ਨੂੰ ਐਤਵਾਰ ਸੀ। ਸਿੱਖ ਫ਼ੌਜ ਵਿਚ ਐਤਵਾਰ ਦੇ ਐਤਵਾਰ ਇਕੱਠ ਹੁੰਦਾ ਹੈ। ਉਹ ਗੁਰਦੁਆਰੇ ਹੀ ਨਹੀਂ ਵੜੇ। ਉਨ੍ਹਾਂ ਦੀ ਡਿਊਟੀ ਬਣਦੀ ਸੀ ਕਿ ਉਹ ਗੁਰਦੁਆਰੇ ਆ ਕੇ ਜੁਆਨਾਂ ਨੂੰ ਠੰਡਿਆਂ ਕਰਨ ਦੀ ਕੋਸ਼ਿਸ਼ ਕਰਦੇ। ਕੋਰਟ ਮਾਰਸ਼ਲ ਤਾਂ ਇਨ੍ਹਾਂ ਅਫ਼ਸਰਾਂ ਦਾ ਚਾਹੀਦਾ ਹੈ, ਜੋ ਆਪਣੀਆਂ ਡਿਊਟੀਆਂ ਛੱਡ ਕੇ ਦੌੜੇ। ਸਿੱਖ ਜਵਾਨ ਤਾਂ ਡਿਊਟੀ ਛੱਡ ਕੇ ਨਹੀਂ ਦੌੜੇ।

ਸੁਆਲ: ਕਿਹਾ ਜਾਂਦਾ ਹੈ ਕਿ ਰਾਮਗੜ੍ਹ ਬ੍ਰਿਗੇਡੀਅਰ ਪੁਰੀ ਫ਼ੌਜ ਨੂੰ ਰੋਕਣ ਗਿਆ ਤਾਂ ਉਸ ਨੂੰ ਫ਼ੌਜੀਆਂ ਨੇ ਗੋਲੀ ਮਾਰ ਦਿੱਤੀ ਸੀ?

ਜੁਆਬ: ਫ਼ੌਜੀ ਜੁਆਨਾਂ ਨੇ ਜਾਣ-ਬੁੱਝ ਕੇ ਉਸ ਨੂੰ ਗੋਲੀ ਨਹੀਂ ਮਾਰੀ ਸੀ। ਇਹ ਤਾਂ ਗ਼ਲਤੀ ਨਾਲ ਵੱਜ ਗਈ। ਬ੍ਰਿਗੇਡੀਅਰ ਪੁਰੀ ਬੜੇ ਵਧੀਆ ਅਫ਼ਸਰ ਸਨ। ਮੇਰੇ ਥੱਲੇ ਉਸ ਨੇ ਬਤੌਰ ਸੈਕਿੰਡ ਲੈਫ਼ਟੀਨੈਂਟ ਦੇ ਵੀ ਕੰਮ ਕੀਤਾ ਸੀ। ਉਹ ਮੇਰਾ ਏ.ਡੀ.ਸੀ. ਵੀ ਰਿਹਾ ਸੀ। ਉਸ ਨੂੰ ਸਿੱਖ ਜਜ਼ਬਾਤਾਂ ਦੀ ਪੂਰੀ ਕਦਰ ਸੀ। ਜੁਆਨਾਂ ਨਾਲ ਉਸ ਦੇ ਬੜੇ ਚੰਗੇ ਸੰਬੰਧ ਸਨ। ਜਵਾਨ ਤਾਂ ਉਸ ਉੱਤੇ ਜਾਨ ਦਿੰਦੇ ਸਨ। ਉਹ ਤਾਂ ਗ਼ਲਤੀ ਨਾਲ ਮਾਰਿਆ ਗਿਆ। ਫ਼ੌਜੀ ਅਫ਼ਸਰ ਜਦੋਂ ਦੌੜ ਗਏ ਤਾਂ ਅਫਵਾਹ ਫੈਲ ਗਈ ਕਿ ਦੂਜੀ ਯੂਨਿਟ ਦੇ ਫ਼ੌਜੀਆਂ ਕੋਲੋਂ ਉਨ੍ਹਾਂ (ਸਿੱਖਾਂ) ਉੱਤੇ ਹਮਲਾ ਕੀਤਾ ਜਾਵੇਗਾ। ਫਿਰ ਉਹ ਵੀ ਆਰਮੀ ਵਿੱਚੋਂ ਹਥਿਆਰ ਕੱਢਣ ਲੱਗ ਪਏ। ਉਨ੍ਹਾਂ ਨੇ ਇਕ ਜੁਆਨ ਨੂੰ ਪਹਿਰੇ ਉੱਤੇ ਖੜ੍ਹਾ ਕਰ ਦਿੱਤਾ। ਬ੍ਰਿਗੇਡੀਅਰ ਪੁਰੀ ਆਪਣੀ ਕਾਰ ਲੈ ਕੇ ਗਿਆ। ਜੁਆਨ ਨੇ 'ਹਲਟ' ਕਿਹਾ। ਡਰਾਈਵਰ ਨੇ ਬੇਵਕੂਫੀ ਕੀਤੀ, ਉਸ ਨੇ ਸੱਜੇ ਪਾਸੇ ਗੱਡੀ ਮੋੜ ਲਈ। ਅਨਾੜੀ ਜੁਆਨ ਸੀ, ਉਹ ਚੱਲਦੀ ਕਾਰ ਵਿੱਚੋਂ ਬ੍ਰਿਗੇਡੀਅਰ ਨੂੰ ਪਛਾਣ ਨਾ ਸਕਿਆ ਤੇ ਉਸ ਨੇ ਬਰਸਟ ਮਾਰ ਦਿੱਤਾ, ਜਿਸ ਨਾਲ ਬ੍ਰਿਗੇਡੀਅਰ ਪੁਰੀ, ਉਸ ਦੇ ਨਾਲ ਇਕ ਹੋਰ ਸਿੱਖ ਅਫ਼ਸਰ ਤੇ ਉਸ ਦਾ ਡਰਾਈਵਰ ਜੋ ਸਿੱਖ ਸੀ, ਉਹ ਮਾਰੇ ਗਏ। ਜੇ ਕਾਰ ਖੜ੍ਹੀ ਕਰ ਲੈਂਦੇ ਤੇ ਬ੍ਰਿਗੇਡੀਅਰ ਪੁਰੀ ਆਪ ਬਾਹਰ ਆ ਜਾਂਦਾ ਤਾਂ ਕਦੀ ਸੁਆਲ ਹੀ ਨਹੀਂ ਉੱਠ ਸਕਦਾ ਸੀ ਕਿ ਕੋਈ ਜੁਆਨ ਉਸ ਨੂੰ ਗੋਲੀ ਮਾਰ ਦਿੰਦਾ। ਉਹ ਤਾਂ ਜਵਾਨਾਂ ਵਿਚ ਹੈ ਹੀ ਬੜਾ ਨੇਕ ਨਾਮ ਸੀ।

ਸੁਆਲ: ਪਰ ਜੁਆਨਾਂ ਨੇ ਆਰਮੀ ਵਿੱਚੋਂ ਹਥਿਆਰ ਕਿਉਂ ਕੱਢੇ?

ਜੁਆਬ: ਮੈਂ ਜੁਆਨਾਂ ਨੂੰ ਪੁੱਛਿਆ ਸੀ ਕਿ ਇਹ ਹਥਿਆਰ ਕੱਢਣ ਦੀ ਕਿਉਂ ਬੇਵਕੂਫੀ ਕੀਤੀ, ਇਸ ਨਾਲ ਤੁਸਾਂ ਕੀ ਸਰਕਾਰ ਉਲਟਾ ਲੈਣੀ ਸੀ? ਉਨ੍ਹਾਂ ਕਿਹਾ ਕਿ ਸਾਨੂੰ ਖ਼ਬਰ ਮਿਲੀ ਕਿ ਇੰਦਰਾ ਗਾਂਧੀ ਨੇ ਫੈਸਲਾ ਕਰ ਲਿਆ ਹੈ ਕਿ ਸਾਰੇ ਸਿੱਖ ਮਾਰ ਦੇਣੇ ਹਨ। ਨਾਲ ਦੀਆਂ ਫ਼ੌਜੀ ਯੂਨਿਟਾਂ ਨੇ ਆ ਕੇ ਮਸ਼ੀਨਗੰਨਾਂ ਨਾਲ ਤੁਹਾਨੂੰ ਭੁੰਨ ਦੇਣਾ ਹੈ। ਅਸਾਂ ਕਿਹਾ ਕੁੱਤਿਆਂ ਦੀ ਮੌਤ ਕਿਉਂ ਮਰੀਏ, ਅਸੀਂ ਵੀ ਹਥਿਆਰ ਕੱਢ ਲਈਏ। ਮਰਾਂਗੇ ਤੇ ਲੜ ਕੇ ਮਰਾਂਗੇ।

ਸੁਆਲ: ਜੇ ਫ਼ੌਜ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਜਾਣ ਦਾ ਹੁਕਮ ਮਿਲ ਗਿਆ ਸੀ ਤਾਂ ਕੀ ਫ਼ੌਜ ਦਾ ਚੀਫ਼ ਫ਼ੌਜ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਭੇਜਣ ਤੋਂ ਇਨਕਾਰ ਕਰ ਸਕਦਾ ਸੀ?

ਜੁਆਬ: ਕਿਉਂ ਨਹੀਂ? ਗ਼ੈਰ-ਕਾਨੂੰਨੀ ਹੁਕਮ ਜਿਸ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ, ਉਸ ਵਿਚ ਰੁਕਾਵਟ ਪਾਉਣੀ ਚੀਫ਼ ਦਾ ਫਰਜ਼ ਬਣਦਾ ਸੀ। ਜਰਨਲ ਦਿਆਲ ਮੈਨੂੰ ਮਿਲਿਆ ਸੀ ਤੇ ਮੈਂ ਉਸ ਨੂੰ ਕਿਹਾ ਕਿ ਤੈਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ ਸੀ। ਉਹ ਕਹਿਣ ਲੱਗਾ ਮੈਨੂੰ ਹੁਕਮ ਮਿਲਿਆ ਸੀ, ਮੈਂ ਕੀ ਕਰਦਾ? ਮੈਂ ਉਸ ਨੂੰ ਕਿਹਾ ਕਿ ਤੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਨਹੀਂ ਕਰਨਾ ਸੀ। ਜਿਹੜਾ ਹੁਕਮ ਦੇਸ਼ ਦੇ ਹਿਤ ਵਿਚ ਨਾ ਹੋਵੇ, ਉਸ ਤੋਂ ਇਨਕਾਰ ਕਰਨਾ ਕੋਈ ਗੈਰ-ਕਾਨੂੰਨੀ ਨਹੀਂ ਹੁੰਦਾ।

ਸੁਆਲ: ਜੇ ਤੁਸੀਂ ਇਨ੍ਹਾਂ ਦਿਨਾਂ ਵਿਚ ਚੀਫ਼-ਆਫ਼-ਸਟਾਫ਼ ਹੁੰਦੇ ਤਾਂ ਤੁਸੀਂ ਕੀ ਕਰਦੇ?

ਜੁਆਬ: ਮੈਂ ਕਦੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਫ਼ੌਜ ਲੈ ਕੇ ਨਹੀਂ ਜਾਣਾ ਸੀ। ਮੈਂ ਸਰਕਾਰ ਨੂੰ ਸਮਝਾ ਦੇਣਾ ਸੀ ਕਿ ਇਸ ਦੇ ਸਿੱਟੇ ਬਹੁਤ ਮਾੜੇ ਨਿਕਲਣਗੇ।

ਸੁਆਲ: ਕੀ ਸਾਰੇ ਰਾਜਸੀ ਲੀਡਰਾਂ ਨੂੰ ਫ਼ੌਜ ਦਾ ਕੋਈ ਪਤਾ ਨਹੀਂ ਹੁੰਦਾ?

ਜੁਆਬ: ਇਹ ਤਾਂ ਠੀਕ ਹੈ ਕਿ ਸਾਡੇ ਰਾਜਸੀ ਲੀਡਰਾਂ ਵਿੱਚੋਂ ਬਹੁਤ ਘੱਟ ਹਨ, ਜਿਨ੍ਹਾਂ ਨੂੰ ਫ਼ੌਜ ਬਾਰੇ ਪਤਾ ਹੈ ਜਾਂ ਉਨ੍ਹਾਂ ਦੇ ਪਰਵਾਰਾਂ ਵਿੱਚੋਂ ਫ਼ੌਜੀ ਹਨ, ਜਿਨ੍ਹਾਂ ਤੋਂ ਉਹ ਫ਼ੌਜ ਸੰਬੰਧੀ ਸਮਝ ਸਕਣ। ਪਰ ਕਈ ਰਾਜਸੀ ਲੀਡਰ ਵੀ ਇਤਨੇ ਸਿਆਣੇ ਹੁੰਦੇ ਹਨ ਕਿ ਗੱਲ ਫਟ ਸਮਝ ਜਾਂਦੇ ਹਨ। ਉਨ੍ਹਾਂ ਵਿੱਚੋਂ ਇਕ ਲਾਲ ਬਹਾਦਰ ਸ਼ਾਸਤਰੀ ਸੀ ਤੇ ਮੈਂ ਕਿਹਾ ਕਰਦਾ ਹਾਂ ਕਿ ਛੋਟੇ ਜਿਹੇ ਸਾਈਜ਼ ਵਿਚ ਬਹੁਤ ਵੱਡਾ ਆਦਮੀ ਰੱਬ ਨੇ ਸਮੇਟਿਆ ਹੋਇਆ ਸੀ। ਉਹ ਜਦੋਂ ਹੋਮ ਮਨਿਸਟਰ ਸੀ ਤਾਂ ਉਸ ਦਾ ਮੇਰੇ ਨਾਲ ਵਾਹ ਪਿਆ। ਫਿਰ ਜਦੋਂ ੧੯੬੪ ਈ: ਵਿਚ ਕਸ਼ਮੀਰ ਵਿਚ ਇੰਨਫਿਲਟਰੇਟਰ ਆਏ ਤਾਂ ਮੈਨੂੰ ਵੈਸਟਰਨ ਕਮਾਂਡ ਉੱਤੇ ਲਗਾਇਆ ਗਿਆ। ਮੈਨੂੰ ਕਿਹਾ ਗਿਆ ਕਿ ਮੈਂ ਇੰਨਫਿਲਟਰੇਟਰ ਦਾ ਸਫ਼ਾਇਆ ਕਰਾਂ। ਮੈਂ ਕਿਹਾ ਕਿ ਇਹ ਮੇਰਾ ਕੰਮ ਨਹੀਂ, ਤੁਸੀਂ ਪੁਲਿਸ ਨੂੰ ਕਹੋ, ਉਹ ਇਹ ਕੰਮ ਕਰੇ। ਮੈਂ ਤਾਂ ਜਿੱਥੋਂ ਇਹ ਇੰਨਫਿਲਟਰੇਟਰ ਆਉਂਦੇ ਹਨ, ਉਹ ਰਸਤਾ ਬੰਦ ਕਰ ਦਿਆਂਗਾ ਤਾਂ ਇਹ ਆਪੇ ਹੀ ਕਾਬੂ ਆ ਜਾਣਗੇ। ਇੰਨਫਿਲਟਰੇਟਰ ਆਉਂਦੇ ਹਨ ਤੇ ਲੋਕਾਂ ਦੇ ਘਰਾਂ ਵਿਚ ਵੜ ਜਾਂਦੇ ਹਨ, ਫ਼ੌਜ ਦਾ ਇਹ ਕੰਮ ਨਹੀਂ ਕਿ ਘਰਾਂ ਵਿੱਚੋਂ ਇੰਨਫਿਲਟਰੇਟਰ ਲੱਭਦੀ ਫਿਰੇ, ਇਹ ਪੁਲਿਸ ਦਾ ਕੰਮ ਹੈ। ਉਹ ਆਪਣਾ ਕੰਮ ਕਰੇ। ਮੈਂ ਹਾਜ਼ੀ ਪੀਰ ਪਾਸ ਉਨ੍ਹਾਂ ਉੱਤੇ ਕਾਬੂ ਪਾ ਲਿਆ। ਆਉਣ ਜਾਣ ਦਾ ਰਸਤਾ ਰੁਕ ਗਿਆ ਤੇ ਇੰਨਫਿਲਟਰੇਟਰ ਜਿੱਥੇ ਸਨ ਉੱਥੇ ਹੀ ਦੱਬ ਗਏ ਤੇ ਪੁਲਿਸ ਨੇ ਆਪਣਾ ਕੰਮ ਕੀਤਾ।

ਸੁਆਲ: ਕੀ ਕਦੀ ਐਸਾ ਵੀ ਹੋਇਆ ਹੈ ਕਿ ਫ਼ੌਜੀ ਹਾਲਾਤ ਅਨੁਸਾਰ ਤੁਸਾਂ ਕਦੀ ਉਤਲਿਆਂ ਦਾ ਹੁਕਮ ਬਦਲਵਾਇਆ ਹੋਵੇ?

ਜੁਆਬ: ੧੯੬੫ ਈ: ਦੀ ਲੜਾਈ ਵੇਲੇ ਪਾਕਿਸਤਾਨ ਨੇ ਕਸ਼ਮੀਰ ਦੇ ਛੰਭ ਜੋੜੀਆਂ ਸੈਕਟਰ ਵਿਚ ਹਮਲਾ ਕਰ ਦਿੱਤਾ। ਉੱਥੇ ਪਹਾੜੀ ਪੁਜ਼ੀਸ਼ਨ ਐਸੀ ਹੈ ਕਿ ਉੱਥੇ ਸਾਡੀ ਫ਼ੌਜ ਲਈ ਲੜਨਾ ਔਖਾ ਸੀ। ਮੈਂ ਕਿਹਾ, ਮੈਂ ਇੱਥੇ ਨਹੀਂ ਲੜ ਸਕਦਾ, ਮੈਨੂੰ ਸਿੱਧਾ ਲਾਹੌਰ 'ਤੇ ਹਮਲਾ ਕਰਨ ਦਿਓ ਤਾਂ ਕਿ ਪਾਕਿਸਤਾਨ ਨੂੰ ਲਾਹੌਰ ਬਚਾਉਣ ਵਾਸਤੇ ਇੱਥੋਂ ਫ਼ੌਜ ਪਿੱਛੇ ਬੁਲਾਉਣੀ ਪਵੇ। ਮੈਨੂੰ ਉਤਲੇ ਕਹਿਣ ਕਿ ਸਾਡੀ ਇਤਨੀ ਤਿਆਰੀ ਨਹੀਂ। ਮੈਂ ਕਿਹਾ ਕਿ ਇਹ ਮੇਰੀ ਜ਼ਿੰਮੇਵਾਰੀ ਹੈ, ਜਿੱਤਣਾ ਮੈਂ ਹੀ ਹੈ। ਅਖ਼ੀਰ ਲਾਲ ਬਹਾਦਰ ਸ਼ਾਸਤਰੀ ਨੇ ਕਿਹਾ ਕਿ ਜਿਸ ਨੇ ਲੜਨਾ ਹੈ, ਉਹ ਕਹਿੰਦਾ ਹੈ ਕਿ ਮੈਂ ਲਾਹੌਰ ਜਿੱਤ ਸਕਦਾ ਹਾਂ ਤਾਂ ਉਸ ਨੂੰ ਉੱਥੇ ਹੀ ਲੜਨ ਦਿਓ। ਮੇਰੀ ਸਲਾਹ ਮੰਨੀ ਗਈ ਤੇ ਨਤੀਜਾ ਸਾਰਿਆਂ ਦੇ ਸਾਹਮਣੇ ਹੈ।

ਸੁਆਲ: ਕੀ ੧੯੬੫ ਈ: ਦੀ ਲੜਾਈ ਵਿਚ ਤੁਹਾਨੂੰ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਤੁਸੀਂ ਫ਼ੌਜਾਂ ਬਿਆਸ ਤੋਂ ਉਰੇ ਬੁਲਾ ਲਵੋ?

ਜੁਆਬ: ਨਹੀਂ, ਸਰਕਾਰ ਵੱਲੋਂ ਮੈਨੂੰ ਐਸਾ ਨਹੀਂ ਕਿਹਾ ਗਿਆ ਸੀ।

ਸੁਆਲ: ਸਰਕਾਰ ਵੱਲੋਂ ਨਹੀਂ ਤੇ ਕਿਸੇ ਹੋਰ ਵੱਲੋਂ ਕਿਹਾ ਗਿਆ ਹੋਣਾ ਹੈ?

ਜੁਆਬ: ਮੈਂ ਇਕ ਫ਼ੌਜੀ ਹੋਣ ਦੇ ਨਾਤੇ ਰਿਟਾਇਰ ਹੋਣ ਤੋਂ ਬਾਅਦ ਵੀ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਹ ਫ਼ੌਜ ਦੀ ਅੰਦਰੂਨੀ ਗੱਲ ਹੈ।

ਸੁਆਲ: ਇਹ ਹੁਣ ਕੋਈ ਭੇਤ ਨਹੀਂ, ਇਹ ਸਾਰਿਆਂ ਨੂੰ ਪਤਾ ਹੈ। ਲਾਲਾ ਜਗਤ ਨਰਾਇਣ ਹਿੰਦ ਸਮਾਚਾਰ ਵਾਲੇ ਨੇ ਮੈਨੂੰ ਉਨ੍ਹਾਂ ਹੀ ਦਿਨਾਂ ਵਿਚ ਇਸ ਬਾਰੇ ਦੱਸਿਆ ਸੀ। ਹੁਣ ਤੁਸੀਂ ਕਿਹੜੀ ਗੱਲ ਹੈ ਜੋ ਵਾਧੂ ਦੱਸਣੀ ਹੈ? ਜਿਹੜੀ ਗੱਲ ਸਾਰਿਆਂ ਨੂੰ ਪਤਾ ਹੈ, ਉਹ ਭੇਤ ਤਾਂ ਰਹਿ ਹੀ ਕੋਈ ਨਾ ਗਿਆ, ਜੋ ਤੁਸੀਂ ਨਹੀਂ ਦੱਸ ਸਕਦੇ?

ਜੁਆਬ: ਸਰਕਾਰ ਨੇ ਮੈਨੂੰ ਇਸ ਬਾਰੇ ਕੁੱਝ ਨਹੀਂ ਕਿਹਾ ਸੀ। ਜਰਨਲ ਚੌਧਰੀ ਨੇ ਕਿਹਾ ਸੀ। ਪਰ ਮੈਂ ਕਿਹਾ ਕਿ ਮੈਂ ਸ੍ਰੀ ਹਰਿਮੰਦਰ ਸਾਹਿਬ ਤੇ ਤਰਨਤਾਰਨ ਦੇ ਗੁਰਦੁਆਰੇ ਛੱਡ ਕੇ ਪਿੱਛੇ ਆ ਜਾਵਾਂ, ਇਹ ਮੇਰੇ ਕੋਲੋਂ ਨਹੀਂ ਹੋ ਸਕਦਾ।

ਸੁਆਲ: ਤੁਸੀਂ ੧੯੩੫ ਈ: ਵਿਚ ਭਰਤੀ ਹੋਏ ਸੀ, ਫਿਰ ਤਾਂ ਕਸ਼ਮੀਰ ਵਿਚ ਜੋ ੧੯੪੭ ਈ: ਵਿਚ ਲੜਾਈ ਹੋਈ ਸੀ, ਤੁਹਾਨੂੰ ਤਾਂ ਉਸ ਬਾਰੇ ਵੀ ਜਾਣਕਾਰੀ ਹੋਣੀ ਹੈ?

ਜੁਆਬ: ਹਾਂ! ਕਸ਼ਮੀਰ ਉੱਤੇ ਜਦੋਂ ਪਾਕਿਸਤਾਨੀਆਂ ਨੇ ਹਮਲਾ ਕਰ ਦਿੱਤਾ ਸੀ ਤਾਂ ਸਭ ਤੋਂ ਪਹਿਲਾਂ ਉੱਥੇ ਚੌਥੀ ਸਿੱਖ ਰੈਜੀਮੈਂਟ ਗਈ ਸੀ। ਉਸ ਤੋਂ ਬਾਅਦ ਪਟਿਆਲਾ ਫ਼ਸਟ ਭੇਜੀ ਗਈ ਸੀ। ਸਿੱਖ ਰੈਜੀਮੈਂਟ ਦਾ ਪਹਿਲਾ ਕਮਾਂਡਰ ਮਾਰਿਆ ਗਿਆ ਸੀ ਤੇ ਮੈਂ ਉਸ ਤੋਂ ਜਾ ਕੇ ਕਮਾਂਡ ਸੰਭਾਲੀ ਸੀ।

ਸੁਆਲ: ਤੁਸੀਂ ਸਿੱਖ ਫ਼ੌਜ ਵਿਚ ਹੀ ਰਹੇ ਹੋ ਜਾਂ ਕਿਸੇ ਹੋਰ ਫ਼ੌਜ ਦਾ ਵੀ ਤੁਹਾਨੂੰ ਤਜ਼ਰਬਾ ਹੈ?

ਜੁਆਬ: ਸਾਡੇ ਵੇਲੇ ਜਿਹੜਾ ਅਫ਼ਸਰ ਬਣਦਾ ਸੀ, ਉਸ ਨੂੰ ਸਭ ਤੋਂ ਪਹਿਲਾਂ ਗੋਰਾ ਫ਼ੌਜ ਦੀ ਕਮਾਂਡ ਕਰਨੀ ਪੈਂਦੀ ਸੀ। ਮੈਨੂੰ ਵੀ ਪਹਿਲਾਂ ਸਕਾਟਲੈਂਡ ਦੇ ਹਾਈਲੈਂਡਰ ਦੀ ਫ਼ੌਜ ਦੀ ਕਮਾਂਡ ਕਰਨੀ ਪਈ ਸੀ। ਮੈਂ ਉਨ੍ਹਾਂ ਦੀ ਹਾਕੀ ਟੀਮ ਬਣਾਈ ਸੀ। (ਜਿਸ ਦੀ ਉਨ੍ਹਾਂ ਨੇ ਫੋਟੋ ਵੀ ਵਿਖਾਈ)। ਮੈਂ ਕੁਝ ਦੇਰ ਪੰਜਾਬੀ ਮੁਸਲਮਾਨਾਂ ਦੀ ਫ਼ੌਜ ਦੀ ਵੀ ਕਮਾਂਡ ਕੀਤੀ ਹੈ।

ਸੁਆਲ: ਸਿੱਖ ਫ਼ੌਜੀਆਂ ਤੇ ਦੂਜਿਆਂ ਵਿਚ ਤੁਹਾਨੂੰ ਕੀ ਫਰਕ ਮਹਿਸੂਸ ਹੋਇਆ ਸੀ?

ਜੁਆਬ: ਸਿੱਖ ਫ਼ੌਜੀਆਂ ਦੇ ਮੁਕਾਬਲੇ ਦੂਜੇ ਫ਼ੌਜੀ ਨਹੀਂ ਆਉਂਦੇ। ਸਿੱਖ ਭੋਲੇ-ਭਾਲੇ ਹੁੰਦੇ ਹਨ ਤੇ ਤੁਹਾਡੇ ਲਈ ਜਾਨ ਦਿੰਦੇ ਹਨ। ਦੁਨੀਆਂ ਵਿਚ ਇਕ ਸਿਰਫ਼ ਸਿੱਖ ਫ਼ੌਜੀ ਹੈ ਜੋ ਕਿ ਅਫ਼ਸਰ ਨੂੰ ਆਖਦਾ ਹੈ, "ਸਾਹਿਬ ਤੂੰ ਪਿੱਛੇ ਹੱਟ ਜਾ, ਤੈਨੂੰ ਗੋਲੀ ਨਾ ਲੱਗ ਜਾਏ।" ਮੇਰੇ ਨਾਲ ਆਪ ਹੋਇਆ ਹੈ ਕਿ ਲੜਾਈ ਦੇ ਮੈਦਾਨ ਵਿਚ ਇਕ ਜੇ.ਸੀ.ਓ. ਅੱਗੇ ਹੋ ਕੇ ਕਹਿਣ ਲੱਗਾ, "ਸਾਹਿਬ ਪਿੱਛੇ ਹਟੋ, ਅੱਗੋਂ ਗੋਲੀ ਆ ਰਹੀ ਹੈ।" ਆਪਣੇ ਅਫ਼ਸਰ ਦੀ ਜਾਨ ਲਈ ਜਾਨ ਕੁਰਬਾਨ ਕਰ ਦੇਣੀ ਕੋਈ ਮਾਮੂਲੀ ਗੱਲ ਨਹੀਂ। ਪ੍ਰਧਾਨ ਮੰਤਰੀ ਦੀ ਰੱਖਿਆ ਲਈ ਰੱਖੇ ਗਏ ਕਮਾਂਡੋ ਵੀ ਜਦੋਂ ਗੋਲੀ ਚੱਲੀ ਤਾਂ ਸਾਰੇ ਆਪਣੀ ਜਾਨ ਬਚਾ ਕੇ ਦੌੜ ਗਏ। ਕਿਸੇ ਇਕ ਬੰਦੇ ਨੇ ਅੱਗੇ ਹੋ ਕੇ ਆਪ ਗੋਲੀ ਖਾ ਕੇ ਪ੍ਰਧਾਨ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਸਿੱਖ ਫ਼ੌਜ ਦੇ ਜੁਆਨਾਂ ਨੂੰ ਪਿਆਰ ਨਾਲ ਰੱਖੋ, ਉਹ ਤੁਹਾਡੇ ਅੱਗੇ ਹੋ ਕੇ ਗੋਲੀ ਖਾਂਦੇ ਹਨ। ਇਨ੍ਹਾਂ ਨੂੰ ਮੌਤ ਤਾਂ ਕੀ ਕੋਈ ਚੀਜ਼ ਹੀ ਨਹੀਂ ਲੱਗਦੀ। ਮੇਰੀ ਰੈਜੀਮੈਂਟ ਦਾ ਕੋਈ ਜੁਆਨ ਜੇ ਹੁਣ ਵੀ ਆ ਜਾਵੇ ਤਾਂ ਮੈਂ ਉਸ ਨੂੰ ਪੂਰੇ ਪਿਆਰ ਨਾਲ ਮਿਲਦਾ

ਹਾਂ।

ਸੁਆਲ: ਕਦੋਂ ਤੇ ਕਿਸ-ਕਿਸ ਵੇਲੇ ਫ਼ੌਜੀ ਫਰੰਟ ਤੋਂ ਭਗੌੜੇ ਹੋਏ ਸਨ?

ਜੁਆਬ: ੧੯੬੨ ਈ: ਤੇ ੧੯੬੫ ਈ: ਦਾ ਤਾਂ ਮੈਨੂੰ ਪਤਾ ਹੈ ਕਿਉਂਕਿ ਮੈਂ ਉਸ ਵੇਲੇ ਫ਼ੌਜ ਵਿਚ ਸਾਂ ਤੇ ੧੯੭੧ ਈ: ਵਿਚ ਵੀ ਸੁਣਿਆ ਹੈ ਕਿ ਫ਼ੌਜਾਂ ਦੌੜੀਆਂ ਸਨ। ੧੯੬੨ ਈ: ਵਿਚ ਚੀਨ ਦੀ ਲੜਾਈ ਵੇਲੇ ਤਾਂ ਪੂਰਾ ਬ੍ਰਿਗੇਡ ਕਮਾਂਡਿੰਗ ਅਫ਼ਸਰ ਨਰਿੰਜਨ ਪ੍ਰਸਾਦਿ ਸਮੇਤ ਦੌੜ ਗਿਆ ਸੀ। ੧੯੬੫ ਈ: ਵਿਚ ਤਾਂ ਮੇਰੀ ਕਮਾਂਡ ਥੱਲੇ ਹੀ ਬਥੇਰੀਆਂ ਫ਼ੌਜਾਂ ਦੌੜੀਆਂ ਸਨ। ਮੇਰਾ ਹੁਣ ਹੋ ਰਹੇ ਕੋਰਟ ਮਾਰਸ਼ਲ ਵਾਲਿਆਂ ਨੂੰ ਕਹਿਣਾ ਹੀ ਇਹ ਸੀ ਕਿ ਦੇਸ਼ ਦੇ ਫ਼ੌਜੀਆਂ ਲਈ ਵੱਖਰੇ-ਵੱਖਰੇ ਮਿਆਰ ਨਾ ਰੱਖੋ। ਜੋ ਫ਼ੌਜੀ ਫਰੰਟ ਤੋਂ ਆਪਣੀ ਡਿਊਟੀ ਛੱਡ ਕੇ ਦੌੜੇ ਸਨ, ਉਨ੍ਹਾਂ ਨੂੰ ਤਾਂ ਕੋਈ ਸਜ਼ਾ ਨਹੀਂ ਦਿੱਤੀ ਗਈ ਸੀ। ਇਹ ਸਿੱਖ ਫ਼ੌਜ ਦੇ ਜੁਆਨ ਤਾਂ ਭੜਕੇ ਹੋਏ ਜਜ਼ਬਾਤਾਂ ਕਾਰਨ ਦੌੜੇ ਹਨ ਜਦੋਂ ਕਿ ਉਹ ਅਫ਼ਸਰ ਜਿਨ੍ਹਾਂ ਨੂੰ ਉਹ ਆਪਣਾ ਮਾਈ-ਬਾਪ ਸਮਝਦੇ ਸਨ, ਉਹ ਪਹਿਲਾਂ ਹੀ ਦੌੜ ਗਏ ਸਨ।

ਸੁਆਲ: ਸਿੱਖ ਫ਼ੌਜੀ ਤਾਂ ਸਿਰਫ਼ ਆਪਣੀਆਂ ਛਾਉਣੀਆਂ ਛੱਡ ਕੇ ਦੌੜੇ ਸਨ, ਇਸ ਹਿਸਾਬ ਨਾਲ ਉਨ੍ਹਾਂ ਦਾ ਕਸੂਰ ਸਿਰਫ਼ ਇਜਾਜ਼ਤ ਬਿਨਾਂ ਛਾਉਣੀ ਛੱਡਣਾ, (ਐਬਸੈਂਟ ਵਿਦਾਊਟ ਲੀਵ) ਹੀ ਹੋਇਆ। ਫ਼ੌਜੀ ਕਾਨੂੰਨ ਦੀ ਵੀ ਕੋਈ ਕਿਤਾਬ ਹੋਣੀ ਹੈ, ਜਿਸ ਵਿਚ ਫ਼ਰੰਟ ਉੱਤੇ ਡਿਊਟੀ ਛੱਡ ਕੇ ਦੌੜਨ ਵਾਲੇ ਤੇ ਬਿਨਾਂ ਇਜਾਜ਼ਤ ਦੇ ਛਾਉਣੀ ਛੱਡਣ ਵਾਲਿਆਂ ਲਈ ਸਜ਼ਾਵਾਂ ਮੁਕਰੱਰ ਹੋਣੀਆਂ ਹਨ?

ਜੁਆਬ: ਫਰੰਟ ਤੋਂ ਡਿਊਟੀ ਛੱਡ ਕੇ ਦੌੜਨ ਵਾਲਿਆਂ ਲਈ ਕਾਨੂੰਨ ਤਾਂ ਸਿੱਧਾ ਹੀ ਫਲਾਇੰਗ ਸਕੁਆਇਡ ਕੋਲੋਂ ਗੋਲੀ ਨਾਲ ਉਡਾ ਦੇਣਾ ਹੈ। ਇਹੀ ਤਾਂ ਮੇਰਾ ਕਹਿਣਾ ਹੈ ਕਿ ਉਨ੍ਹਾਂ ਭਗੌੜਿਆਂ ਨੂੰ ਤਾਂ ਕਿਸੇ ਕੁਝ ਕਿਹਾ ਨਹੀਂ ਸੀ। ਨਰਿੰਜਨ ਪ੍ਰਸ਼ਾਦਿ ਨੂੰ ਸਿਰਫ ਪੈਨਸ਼ਨ ਉੱਤੇ ਭੇਜ ਦਿੱਤਾ ਸੀ। ਦੂਜੇ ਫ਼ੌਜੀਆਂ ਵਿਰੁੱਧ ਕਿਉਂ ਕਾਰਵਾਈ ਨਹੀਂ ਹੋਈ ਸੀ ਇਹ ਤਾਂ ਫ਼ੌਜੀ ਹੈੱਡ ਕੁਆਰਟਰ ਵਾਲੇ ਹੀ ਦੱਸ ਸਕਦੇ ਹਨ। ਪਰ ਭਗੌੜੇ ਸਿੱਖ ਫ਼ੌਜੀਆਂ ਉੱਤੇ ਬਗਾਵਤ ਦਾ ਕੇਸ ਬਣਾਇਆ ਜਾ ਰਿਹਾ ਹੈ। ਇਹ ਇਕ ਵਿਤਕਰੇ ਭਰਿਆ ਸਲੂਕ ਹੈ। ਛੁੱਟੀ ਤੋਂ ਬਿਨਾਂ ਯੂਨਿਟ ਛੱਡ ਜਾਣਾ ਬਗਾਵਤ ਨਹੀਂ ਕਿਹਾ ਜਾ ਸਕਦਾ। ਆਰਮੀ ਐਕਟ ਅਨੁਸਾਰ ਇਸ ਦੀ ਸਜ਼ਾ ਹੋਰ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁਝ ਜੇ.ਸੀ.ਓਜ਼. ਨੇ ਇਨ੍ਹਾਂ ਨੂੰ ਭੜਕਾ ਕੇ ਬਗ਼ਾਵਤ ਕਰਵਾਈ ਹੈ।

ਸੁਆਲ: ਇਹ ਕਿਸ ਤਰ੍ਹਾਂ ਹੋ ਸਕਦਾ ਹੈ?

ਜੁਆਬ: ਇਹੀ ਤਾਂ ਮੇਰਾ ਕਹਿਣਾ ਹੈ ਕਿ ਹਰ ਥਾਂ ਫ਼ੌਜੀ ਉੱਠ ਖਲੋਤੇ, ਕਿਸੇ ਨੇ ਇਨ੍ਹਾਂ ਵਿਚਕਾਰ ਕੋਈ ਸਾਜ਼ਿਸ਼ ਨਹੀਂ ਕੀਤੀ। ਪਰ ਇਨ੍ਹਾਂ ਸਿੱਖ ਫ਼ੌਜੀਆਂ ਨੂੰ ਤਸੀਹੇ ਦੇ ਕੇ ਇਹ ਅਖਵਾਇਆ ਜਾ ਰਿਹਾ ਹੈ ਕਿ ਫਲਾਣੇ ਸੂਬੇਦਾਰ ਜਾਂ ਹਵਾਲਦਾਰ ਨੇ ਸਾਨੂੰ ਭੜਕਾਇਆ। ਉਨ੍ਹਾਂ ਨੂੰ ਤਸੀਹੇ ਦੇ ਕੇ ਬਿਆਨ ਲਿਖਵਾ ਕੇ ਦਸਤਖ਼ਤ ਵੀ ਕਰਵਾ ਲਏ। ਫ਼ੌਜੀ ਕੋਰਟ ਮਾਰਸ਼ਲ ਤੇ ਆਮ ਕਚਹਿਰੀਆਂ ਵਿਚ ਫ਼ਰਕ ਹੁੰਦਾ ਹੈ। ਕੋਰਟ ਮਾਰਸ਼ਲ ਵਾਲੇ ਸਿਰਫ਼ ਜੱਜ ਹੀ ਨਹੀਂ ਜਿਊਰੀ ਵੀ ਹੁੰਦੇ ਹਨ, ਜਿਨ੍ਹਾਂ ਨੇ ਮੁਲਜ਼ਮ ਦਾ ਭਲਾ ਵੀ ਸੋਚਣਾ ਹੁੰਦਾ ਹੈ ਤੇ ਇਨਸਾਨੀਅਤ ਨਾਤੇ ਫੈਸਲਾ ਦੇਣਾ ਹੁੰਦਾ ਹੈ।

ਪਰ ਇਨ੍ਹਾਂ ਫ਼ੌਜੀਆਂ ਨਾਲ ਹੋਰ ਹੀ ਸਲੂਕ ਕੀਤਾ ਗਿਆ ਹੈ। ਬਗਾਵਤ ਦਾ ਕੇਸ ਇਨ੍ਹਾਂ ਵਿਰੁੱਧ ਬਣਦਾ ਨਹੀਂ ਤੇ ਦੂਜਾ ਕੇਸ ਯੂਨਿਟ 'ਚੋਂ ਛੁੱਟੀ ਬਿਨਾਂ ਚਲੇ ਜਾਣ ਦੀ ਸਜ਼ਾ ਕੋਈ ਖ਼ਾਸ ਨਹੀਂ। ਇਸ ਕਰਕੇ ਤਾਂ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਫ਼ੌਜੀਆਂ ਦੇ ਘੱਟ ਕਸੂਰ ਕਾਰਨ ਇਨ੍ਹਾਂ ਨੂੰ ਵੱਧ ਸਜ਼ਾ ਦਿੱਤੀ ਜਾ ਰਹੀ ਹੈ।

ਸੁਆਲ: ਤੁਹਾਡੇ ਵਿਚਾਰ ਅਨੁਸਾਰ ਸਰਕਾਰ ਨੂੰ ਕੀ ਕਰਨਾ ਚਾਹੀਦਾ ਸੀ?

ਜੁਆਬ: ਮੇਰੇ ਵਿਚਾਰ ਅਨੁਸਾਰ ਤਾਂ ਇਸ ਫ਼ੌਜੀ ਗੜਬੜ ਨੂੰ ਬਹੁਤੀ ਹਵਾ ਨਹੀਂ ਦੇਣੀ ਚਾਹੀਦੀ ਸੀ। ਅੰਦਰ-ਅੰਦਰ ਹੀ ਗੱਲ ਖ਼ਤਮ ਕਰ ਦੇਣੀ ਚਾਹੀਦੀ ਸੀ। ਥੋੜ੍ਹੀਆਂ-ਬਹੁਤੀਆਂ ਸਜ਼ਾਵਾਂ ਦੇ ਕੇ ਗੱਲ ਰਫ਼ਾ-ਦਫ਼ਾ ਕਰ ਦਿੰਦੇ। ਗੱਲ ਵਧਾਉਣੀ ਦੇਸ਼ ਦੇ ਹਿੱਤਾਂ ਵਿਚ ਨਹੀਂ ਸੀ ਤੇ ਨਾ ਹੈ।

ਸੁਆਲ: ਹੁਣ ਕੀ ਹੋ ਸਕਦਾ ਹੈ?

ਜੁਆਬ: ਹੁਣ ਸਿੱਖ ਗੱਲ ਭੁਲਾ ਕੇ ਹੀ ਗੱਲ ਮੁਕਾ ਸਕਦੇ ਹਨ। ਖਾਲਿਸਤਾਨ ਕੋਈ ਵਾਇਬਲ-ਜਚਵਾਂ ਨਹੀਂ ਹੈ। ਸਿੱਖਾਂ ਨੂੰ ਆਪਣੇ ਅਧਿਕਾਰ ਲੈਣੇ ਚਾਹੀਦੇ ਹਨ ਤੇ ਇਸ ਦੇਸ਼ ਵਿਚ ਆਪਣੀ ਗੱਲ ਬਣਾਉਣੀ ਚਾਹੀਦੀ ਹੈ। ਗੱਲਾਂ ਵਿਸਾਰਿਆਂ ਹੀ ਕੁਝ ਬਣਨਾ ਹੈ, ਨਹੀਂ ਤਾਂ ਬਹੁਤ ਮੁਸ਼ਕਲ ਹੈ।

ਸੁਆਲ: ਦਿੱਲੀ ਦੇ ਫ਼ਸਾਦਾਂ ਸਮੇਂ ਤੁਸੀਂ ਏਥੇ ਹੀ ਸੋ। ਤੁਹਾਡੇ ਨਾਲ ਕੀ ਬੀਤੀ?

ਜੁਆਬ: ਇੱਥੇ ਬਥੇਰੇ ਝੁੱਗੀਆਂ-ਝੌਂਪੜੀਆਂ ਵਾਲੇ ਬਦਮਾਸ਼ ਇਕੱਠੇ ਹੋ ਕੇ ਆਏ ਸਨ। ਛੋਟੀਆਂ-ਛੋਟੀਆਂ ਸੋਟੀਆਂ ਤੇ ਸਰੀਏ ਚੁੱਕੇ ਹੋਏ "ਸਰਦਾਰੋਂ ਕੋ ਮਾਰ ਦੋ, ਸਰਦਾਰੋਂ ਕੋ ਮਾਰ ਦੋ।" ਗਿਆਰਾਂ-ਗਿਆਰਾਂ, ਬਾਰਾਂ-ਬਾਰਾਂ ਸਾਲ ਦੇ ਮੁੰਡੇ ਵੀ ਤੁਰੇ ਫਿਰਦੇ ਸਨ। ਮੇਰੇ ਘਰ ਦੇ ਨੇੜੇ ਕੋਈ ਨਹੀਂ ਆਇਆ। ਮੇਰੇ ਕੋਲ ਕਾਰਬਾਈਨ ਸੀ। ਮੈਂ ਕੋਠੇ 'ਤੇ ਚਲਾ ਗਿਆ। ਮੈਂ ਆਪਣੀ ਲੜਕੀ ਨੂੰ ਇਕ ਪਾਸੇ ਤੇ ਪਤਨੀ ਨੂੰ ਦੂਜੇ ਪਾਸੇ ਬੰਦੂਕਾਂ ਦੇ ਕੇ ਬਿਠਾ ਦਿੱਤਾ। ਮੈਨੂੰ ਬਥੇਰੇ ਫੋਨ ਆਏ ਕਿ ਗੋਲੀ ਨਾ ਚਲਾਇਓ। ਮੈਂ ਸੋਚਿਆ ਕਿ ਕੁੱਤੇ ਦੀ ਮੌਤ ਤਾਂ ਮਰਨਾ ਨਹੀਂ, ਪਰ ਮੇਰੇ ਕੋਲ ਹੀ ਕੋਈ ਨਹੀਂ ਆਇਆ। ਫਸਾਦਾਂ ਤੋਂ ਬਾਅਦ ਮੈਨੂੰ ਐਸਕਾਰਟ ਵਾਲੇ ਨੰਦੇ ਦਾ ਫੋਨ ਆਇਆ ਕਿ ਸਭ ਤੋਂ ਪਹਿਲਾਂ ਗੁਰਦੁਆਰੇ ਮੁਰੰਮਤ ਕਰੋ ਤਾਂ ਕਿ ਜੋ ਬੀਬੀਆਂ ਵਿਧਵਾ ਹੋਈਆਂ ਹਨ ਉਹ ਸਿਰ ਤਾਂ ਲੁਕੋ ਸਕਣ ਤੇ ਉਨ੍ਹਾਂ ਨੂੰ ਲੰਗਰ ਮਿਲ ਸਕੇ। ਮੈਂ ਪੰਦਰ੍ਹਾਂ ਲੱਖ ਰੁਪਿਆ ਇਸ ਕੰਮ ਲਈ ਦੇਣਾ ਹੈ, ਤੁਸੀਂ ਆਪਣੇ ਨਾਲ ਜਿਹੜਾ ਮਰਜ਼ੀ ਰੱਖ ਲਵੋ। ਮੈਂ ਇਕ ਕਮੇਟੀ ਬਣਾ ਲਈ, ਆਪਣੇ ਨਾਲ ਦੋ ਹਿੰਦੂ ਵੀ ਲੈ ਲਏ। ਅਸੀਂ ਇਕ ਹਫਤੇ ਵਿਚ ਪੰਦਰ੍ਹਾਂ ਲੱਖ ਰੁਪਿਆ ਵੰਡ ਦਿੱਤਾ। ਦਿੱਲੀ ਵਿਚ ੨੯੭ ਗੁਰਦੁਆਰੇ ਸਾੜੇ ਗਏ ਸਨ, ਅਸਾਂ ੧੦-੧੦ ਹਜ਼ਾਰ ਦੇ ਨੇੜੇ-ਤੇੜੇ ਦੇ ਕੇ ਕਿਹਾ ਕਿ ਸਿਰ ਲੁਕਾਉਣ ਦੀ ਤਾਂ ਥਾਂ ਬਣਾਓ।

■

ਲੇਖਕਾਂ ਦੇ ਪਤੇ

-ਸ. ਵਰਿਆਮ ਸਿੰਘ	ਡਾਇਰੈਕਟਰ, ਧਾਰਮਿਕ ਸਿੱਖਿਆ ਅਤੇ ਖੋਜ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਫ਼ਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ।
-ਸ. ਹਰਬੀਰ ਸਿੰਘ ਭੰਵਰ	# 194-ਸੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ।
-ਗਿਆਨੀ ਮੋਹਨ ਸਿੰਘ	ਸਾਬਕਾ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
-ਭਾਈ ਗੁਰਚਰਨ ਸਿੰਘ (ਰਾਗੀ)	ਕੋਠੀ ਨੰ: 27, ਗਲੀ ਨੰ: 6, ਅੰਤਰਯਾਮੀ ਕਾਲੋਨੀ, ਅੰਮ੍ਰਿਤਸਰ।
-ਭਾਈ ਜਸਵੰਤ ਸਿੰਘ	# 260, ਗਲੀ ਨੰ: 5, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ।
-ਸ. ਗੁਰਦਿਆਲ ਸਿੰਘ	ਮਕਾਨ ਨੰ: 2334, ਗਲੀ ਨੰ: 2, ਧਰਮਪੁਰਾ, ਜੌੜਾ ਫਾਟਕ, ਅੰਮ੍ਰਿਤਸਰ।
-ਗਿਆਨੀ ਸਾਹਿਬ ਸਿੰਘ	ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
-ਗਿਆਨੀ ਪ੍ਰੀਤਮ ਸਿੰਘ	ਸਾਬਕਾ ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
-ਗਿਆਨੀ ਮੋਹਨ ਸਿੰਘ	ਹਜ਼ੂਰੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।
-ਗਿਆਨੀ ਜੋਗਿੰਦਰ ਸਿੰਘ	ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।
-ਭਾਈ ਛੋਟਾ ਸਿੰਘ	ਸੇਵਾਦਾਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
-ਗਿਆਨੀ ਸੰਤੋਖ ਸਿੰਘ	ਆਸਟ੍ਰੇਲੀਆ।
-ਸ. ਕੁਲਵੰਤ ਸਿੰਘ	ਸਾਬਕਾ ਸਕੱਤਰ, ਸ਼੍ਰੋਮਣੀ ਗੁ: ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
-ਸਿਮਰਜੀਤ ਸਿੰਘ	ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ, ਸ਼੍ਰੋਮਣੀ ਗੁ: ਪ੍ਰ: ਕਮੇਟੀ। ਵਾਰਡ ਨੰ: 6, # 607, ਆਦਰਸ਼ ਕਲੋਨੀ, ਖੰਨਾ (ਲੁਧਿਆਣਾ)
-ਸ. ਗੁਰਦਰਸ਼ਨ ਸਿੰਘ	ਵਧੀਕ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
-ਭਾਈ ਹਰਪਾਲ ਸਿੰਘ	ਅਰਦਾਸੀਆ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ।
-ਭਾਈ ਜੱਸਾ ਸਿੰਘ ਜੌਹਰੀ	# ਕਵੀਸ਼ਰ, ਧਰਮ ਪ੍ਰਚਾਰ ਕਮੇਟੀ। ਗੁ. ਸਿੰਘ ਸਭਾ, ਦੋਰਾਹਾ ਮੰਡੀ, ਤਹਿ: ਪਾਇਲ, ਜ਼ਿਲ੍ਹਾ: ਲੁਧਿਆਣਾ।
-ਸ. ਕਰਤਾਰ ਸਿੰਘ ਨੀਲਧਾਰੀ	# 162-ਏ, ਗਰੇਨ ਮਾਰਕੀਟ, ਚੰਡੀਗੜ੍ਹ।
-ਸ. ਕਿਰਪਾਲ ਸਿੰਘ	ਟੋਰਾਂਟੋ।
-ਸ. ਰੂਪ ਸਿੰਘ	ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
-ਭਾਈ ਨਿਸ਼ਾਨ ਸਿੰਘ 'ਗੰਡੀਵਿੰਡ'	ਗ੍ਰੰਥੀ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਠੱਠਾ (ਤਰਨਤਾਰਨ)
-ਸ. ਜਸਵੰਤ ਸਿੰਘ 'ਅਜੀਤ'	# 64, ਮਾਰਫ਼ਤ ਵੀ/13, ਸ਼ਾਲੀਮਾਰ ਬਾਗ, ਦਿੱਲੀ।